# ਦਸਮ ਗ੍ਰੰਥ ਬਾਰੇ ਚੋਣਵੇਂ ਲੇਖ

# ਦਸਮ ਗ੍ਰੰਥ ਬਾਰੇ
# ਚੋਣਵੇਂ ਲੇਖ

**ਪ੍ਰਿੰ: ਹਰਿਭਜਨ ਸਿੰਘ (ਭਾਈ ਸਾਹਿਬ)**
ਮੈਂਬਰ, ਧਰਮ ਪ੍ਰਚਾਰ ਕਮੇਟੀ,
(ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ)

ਪ੍ਰਕਾਸ਼ਕ:
ਮੇਜਰ ਜਨਰਲ ਨਰਿੰਦਰ ਸਿੰਘ ਰਿਟਾਇਰਡ
124, ਸੇਕਟਰ 28, ਚੰਡੀਗੜ੍ਹ - 160 002

ਪ੍ਰਕਾਸ਼ਕ:
ਮੇਜਰ ਜਨਰਲ ਨਰਿੰਦਰ ਸਿੰਘ ਰਿਟਾਇਰਡ
124, ਸੈਕਟਰ 28, ਚੰਡੀਗੜ੍ਹ - 160 002

# ਦਸਮ ਗ੍ਰੰਥ ਬਾਰੇ ਚੋਣਵੇਂ ਲੇਖ

ਲੇਖਕ: ਪ੍ਰਿੰ: ਹਰਿਭਜਨ ਸਿੰਘ

1996
ਭੇਟਾ : 100/-

ਪ੍ਰਿੰਟਰ:
ਅਲਫਾ ਬੀਟਾ ਕੰਪਿਊਟਰਜ਼
ਐਸ ਸੀ ਐਫ 49, ਫੇਜ਼ 5,
ਮੁਹਾਲੀ ੍ 160059

# ਸਮਰਪਣ

ਮੇਰੇ ਬਜ਼ੁਰਗਵਾਰ ਪਰਮ-ਪਿਆਰੇ ਸੁਹਿਰਦ ਮਿੱਤਰ

**ਸਰਦਾਰ ਦਲਜੀਤ ਸਿੰਘ**
**ਨੂੰ**

ਜਿਨ੍ਹਾਂ ਦੇ ਹਿਰਦੇ ਵਿੱਚ ਸਿੱਖੀ ਨੂੰ ਨਿਰਮਲ ਤੇ ਨਿਰਾਲਮ ਰਖਣ ਲਈ
ਬੇਇੰਤਹਾ ਤੜਪ ਤੇ ਸੋਜ਼ ਸੀ ।

## ਏਸੇ ਕਲਮ ਤੋਂ :

1 ਗੁਰਮਤਿ ਵਿਆਖਿਆਨ

2 ਦਸ ਗੁਰ ਰਤਨਾਵਲੀ

3 ਵਿਸ਼ੇਸ਼ ਗੁਰਮਤਿ ਲੇਖ

4 ਅੰਮ੍ਰਿਤ ਤੇ ਆਤਮਾ

5 ਗੁਰਬਾਣੀ ਸੰਪਾਦਨ ਨਿਰਣੈ

6 ਗੁਰਬਾਣੀ ਦੀ ਲੋਅ ਵਿੱਚ

7 ਸਾਚੀ ਪ੍ਰੀਤਿ (ਅਰਥ ਤੇ ਵਿਆਖਿਆ: ਗਜ਼ਲਾਂ ਭਾਈ ਨੰਦ ਲਾਲ 'ਗੋਯਾ')

8 ਜਵਾਬ-ਉਲ-ਜਵਾਬ (ਗੁਰਬਾਣੀ ਲਿਖਣ-ਵਿਧੀ ਤੇ ਸ਼ੁੱਧ ਉਚਾਰਣ ਬਾਰੇ)

9 Gems of Thoughts from Guru Nanak

10 ਅਨਦੁ ਸੁਣਹੁ ਵਡਭਾਗੀਹੋ (ਅਰਥ ਤੇ ਵਿਆਖਿਆ)

11 ''ਮਹਲਾ'' ਪਦ ਦਾ ਸ਼ੁੱਧ ਉਚਾਰਣ

12 ਆਦਰਸ਼ਕ ਸਿੱਖ ਗੁਰਦੁਆਰਾ ਐਕਟ

13 ਗੁਰੂ ਨਾਨਕ ਨਿਰਮਲ ਪੰਥ ਨਾਲ ਧਰੋਹ ਤੇ ਧੱਕਾ

14 ਸਿੱਖ ਧਰਮ ਦੀਆਂ ਅਮਰ ਤੇ ਬੁਨਿਆਦੀ ਸਾਂਝਾਂ

15 ਸਿੱਖੀ ਤੇ ਸਮਾਜਵਾਦ

16 ਧਰਮ ਤੇ ਰਾਜਨੀਤੀ

17 ਸਭੇ ਸਾਂਝੀਵਾਲ ਸਦਾਇਨਿ...

18 ਟੈਗੋਰ ਡਰਾਮੇ (ਅਨੁਵਾਦ)

# ਤਤਕਰਾ

ਆਮੁਖ ਸ਼ਬਦ (ਲੇਖਕ ਵਲੋਂ) 9

ਦੋ ਸ਼ਬਦ (ਪ੍ਰਕਾਸ਼ਕ ਵਲੋਂ) 11

ਭੂਮਿਕਾ (ਸ੍ਰ: ਜਗਜੀਤ ਸਿੰਘ, 'ਸਿੱਖ ਇਨਕਲਾਬ' ਵਾਲੇ) 14

**ਲੇਖ ਲੜੀ**

1 ਅਵਤਾਰਵਾਦ ਅਤੇ ਗੁਰਮਤਿ 26

2 ਅਵਤਾਰਵਾਦ ਅਤੇ ਦਸਮ ਗ੍ਰੰਥ 33

3 ਮਹਾਂਕਾਲ ਨਿਰਣੈ 53

4 ਗੁਰਬਾਣੀ ਵਿੱਚ ਆਏ ਪੌਰਾਣਿਕ ਪ੍ਰਮਾਣ 65

5 ਦੇਵੀ ਨਿਰਣੈ 70

6 ਤੰਤੁ ਮੰਤੁ ਪਾਖੰਡ ਨਾ ਜਾਣਾ 75

7 ਬਚਿਤ੍ਰ ਨਾਟਕ ਦਾ 'ਰੱਬ' 81

8 ਹੇਮਕੁੰਟ ਦੀ ਮਨੌਤ 89

9 ਦਸਮ ਗ੍ਰੰਥ ਦੇ ਪ੍ਰਸੰਗ ਵਿੱਚ 'ਚੌਬੀਸ ਅਵਤਾਰ' 100

10 'ਠਾਕੁਰ ਛੋਡਿ, ਦਾਸੀ ਕਉ ਸਿਮਰਹਿ ....' 105

# ਅੰਤਿਕਾ

(i) ਕਬੀਰ, ਰਾਮ ਕਹਨ ਮਹਿ ਭੈਦੁ ਹੈ 141
–(ਗਿ: ਜਗਤਾਰ ਸਿੰਘ 'ਜਾਚਕ')

(ii) ਸਚੁ ਸੁਣਾਇਸੀ ਸਚ ਕੀ ਬੇਲਾ 146

(iii) ਸ਼ੰਕਾ-ਸਮਾਧਾਨ ਤੇ ਪ੍ਰਸ਼ੰਸਾ-ਪੱਤਰ 149

(iv) ਕੁਝ ਚਰਿਤ੍ਰੋਪਖਯਾਨ ਬਾਰੇ 165

# ਆਮੁਖ ਸ਼ਬਦ

ਦਸਮ ਗ੍ਰੰਥ ਦੀ ਪਰਖ-ਪੜਚੋਲ ਵਿਚ ਕਈ ਉਲਝਨਾਂ ਹਨ, ਜਿਸ ਕਾਰਨ ਹੁਣ ਤਕ ਇਸ ਦਾ ਕੋਈ ਨਿਰਣਾਇਕ ਪੰਥ-ਪ੍ਰਵਾਣਤ ਹਲ ਨਹੀਂ ਲਭਿਆ ਜਾ ਸਕਿਆ।

(1) ਪਹਿਲੀ ਉਲਝਨ ਇਹ ਕਿ ਦਸਵੇਂ ਸਤਿਗੁਰੂ ਜੀ ਦੀ ਹੀਨ ਹਯਾਤ ਵਿਚ ਵਰਤਮਾਨ ਰੂਪ ਵਿਚ ਇਸ ਦਾ ਕੋਈ ਵਜੂਦ ਨਹੀਂ ਸੀ। ਲੋੜੀਦੀ ਪ੍ਰਮਾਣਤਾ ਤਾਂ ਸ੍ਰੀ ਦਸ਼ਮੇਸ਼ ਜੀ ਹੀ ਦੇ ਸਕਦੇ ਹਨ।

(2) ਦੂਸਰਾ ਸਾਧਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਧੁਰ ਕੀ ਬਾਣੀ' ਦੀ ਕਸਵੱਟੀ ਤੇ ਜੋ ਲਿਖਤ ਸਿਧਾਂਤਕ ਤੌਰ ਉਤੇ ਗੁਰਬਾਣੀ ਨਾਲ ਮੇਲ ਖਾਂਦੀ ਹੈ, ਉਹ ਰਚਨਾ ਸ੍ਰੀ ਦਸ਼ਮੇਸ਼ ਜੀ ਦੀ ਆਪਣੀ ਕ੍ਰਿਤ ਹੈ। ਸ਼ਬਦਾਰਥ ਦਸਮ ਗ੍ਰੰਥ (ਛਾਪਕ-ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦੇ ਇਹ 70 ਕੁ ਪੰਨੇ ਮਲਦੀ ਹੈ। ਛਾਪੇ ਦੀ 1428 ਪੰਨਿਆ ਵਾਲੀ ਬੀੜ ਵਿਚ ਇਹ ਏਦੂੰ ਕਾਫ਼ੀ ਘੱਟ ਹੋਣਗੇ। ਬਾਕੀ ਸਭ ਰਚਨਾਵਾਂ ਕਾਲਪਨਿਕ, ਮਿਥਿਹਾਸ ਹਨ। ਗੁਰਬਾਣੀ ਨਾਲ ਤਾਂ ਕੀ ਆਪਸ ਵਿਚ ਦੀ ਵੀ ਨਹੀਂ ਮਿਲਦੀਆਂ। ਚਲਾਕ ਸ਼ਾਕਤ ਕਵੀਆਂ, ਖ਼ਾਸ ਕਰਕੇ ਸ਼ਿਆਮ ਨੇ, ਸ੍ਰੀ ਮੁਖ ਬਾਣੀ ਅਥਵਾ ਜਿਸ ਨੂੰ ਚਾਲਾਕੀ ਨਾਲ ਸ੍ਰੀ ਦਸ਼ਮੇਸ਼ ਬਾਣੀ ਜਣਾ ਕੇ ਆਪਣੇ ਇਸ਼ਟ ਦਾ ਪ੍ਰਚਾਰ ਕਰਨਾ ਚਾਹਿਆ, ਓਥੇ ਭੁਲੇਖਾ ਪਾਉਣ ਲਈ ਉਪਰ "ੴ ਵਾਹਿਗੁਰੂ ਜੀ ਕੀ ਫਤਹ" ਜਾਂ ਕੋਈ ਹੋਰ ਗੁਰਮਤਿ ਮੰਗਲਾਚਰਨ ਦੇ ਦਿੱਤਾ ਅਤੇ ਹੇਠਾਂ ਆਪਣੇ ਇਸ਼ਟ ਦਾ। ਉਦਾਹਰਣ ਵਜੋਂ ਵੇਖੋ:

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਭਗਉਤੀ ਜੀ ਸਹਾਇ

ਅਥ ਪਖਯਾਨ ਚਰਿਤ੍ਰ ਲਿਖਯਤੇ॥

ਏਥੇ ਪੁਛਿਆ ਜਾ ਸਕਦਾ ਹੈ ਕਿ ੴ ਦਾ ਮੰਗਲ ਕਰ ਲੈਣ ਉਪਰੰਤ 'ਸ੍ਰੀ ਭਗਉਤੀ ਜੀ ਸਹਾਇ' ਦੀ ਕੀ ਲੋੜ ਸੀ, ਜਦ ਕਿ ਇਹ ਗੁਰੂ ਸਾਹਿਬਾਨ ਦਾ ਇਸ਼ਟ ਨਹੀਂ।

(3) ਕਲਗੀਧਰ ਪਾਤਸ਼ਾਹ ਨੇ ਆਪਣੇ ਬਾਅਦ ਗੁਰਗੱਦੀ 'ਆਦਿ ਗ੍ਰੰਥ' ਨੂੰ ਹੀ ਦਿੱਤੀ।

(4) ਸ੍ਰੀ ਕਲਗੀਧਰ ਗੁਰੂ ਜੀ ਦੀ ਦਸਮ ਗ੍ਰੰਥ ਵਿਚਲੀ ਬਾਣੀ ਹੀ, ਕਵੀਆਂ ਦੀ ਬਾਣੀ ਵਿਚਲੇ ਸਿਧਾਂਤਾਂ ਦਾ ਸਪੱਸ਼ਟ ਖੰਡਨ ਕਰਦੀ ਹੈ।

ਸੋ ਇਹ ਵਾਦ ਵਿਵਾਦ ਇਕੋ ਤਰੀਕੇ ਨਾਲ ਹੀ ਮੁੱਕ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਬਾਣੀ ਦੀ ਕਸਵੱਟੀ ਤੇ ਪਰਖ ਕਰੀਏ ਅਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਈਏ।

ਆਸ ਹੈ ਕਿ ਇਸ ਦਾਸਰੇ ਵਲੋਂ ਲਿਆ ਤਰਲਾ ਪੰਥ ਦੀ ਯਕਜ਼ਹਿਤੀ ਤੇ ਚੜ੍ਹਦੀ ਕਲਾ ਲਈ ਪ੍ਰਵਾਨ ਕਰ ਲਿਆ ਜਾਵੇਗਾ; ਵਰਨਾ ਬਿਪਰਨ ਕੀ ਰੀਤਾਂ ਤੇ ਮਨੌਤਾ ਨੇ ਸਾਨੂੰ ਕਿਸੇ ਪਾਸੇ ਜੋਗਾ ਵੀ ਨਹੀਂ ਛੱਡਣਾ। ਬਸ ਸਮਝੋ–

"ਨ ਖੁਦਾ ਹੀ ਮਿਲਾ ਨ ਵਿਸਾਲਿ ਸਨਮ,

ਨ ਇਧਰ ਕੇ ਰਹੇ, ਨ ਉਧਰ ਕੇਂ ਰਹੇ।"

ਐ ਦੁਨੀਆਂ ਦੇ ਲੋਕੋ! ਸੁਣੋ, ਨਿਰੰਕਾਰੀ ਬਾਬੇ ਗੁਰੂ ਵਰਗੇ ਇਕ ਸੱਚਾ, ਸਾਂਝਾ ਤੇ ਵਿਸ਼ਵ–ਵਿਆਪੀ ਧਰਮ ਚਲਾਉਣ ਵਾਲੇ ਰੋਜ਼ ਰੋਜ਼ ਸੰਸਾਰ ਵਿਚ ਨਹੀਂ ਆਉਂਦੇ।

ਜਿਸ ਸੱਚ ਨੂੰ ਅੱਲਾਮਾ ਇਕਬਾਲ ਨੇ ਸਮਝਿਆ ਤੇ ਬਰਮਲਾ ਆਖ ਸੁਣਾਇਆ, ਉਹ ਤੁਹਾਡੇ ਜ਼ਿਹਨ ਵਿਚ ਨਹੀਂ ਬੈਠਦਾ:–

ਹੋਤਾ ਹੈ ਕੋਹੇ ਦਸ਼ਤ ਮੇਂ ਪੈਦਾ ਕਭੀ ਕਭੀ,

ਵੁਹ ਮਰਦ, ਜਿਸ ਕਾ ਫ਼ਿਕਰ ਕਰੇ ਖਜ਼ਫ ਕੋ ਨਗੀ"

(ਜਿਸ ਦਾ ਅਦੁਤੀ ਵਿਚਾਰ ਠੀਕਰਿਆਂ ਨੂੰ ਨਗੀਨਿਆਂ ਵਿਚ ਬਦਲ ਦੇਵੇ, ਮਾਨਸ ਤੋਂ ਦੇਵਤਿਆਂ, ਫਰਿਸ਼ਤਿਆਂ ਵਿਚ ਤਬਦੀਲ ਕਰ ਦੇਵੇ।)

ਹੁਣ ਹੋਰ ਵਗਰਨਾ ਮਹਸ਼ਰ ਨ ਹੋਗਾ, ਫਿਰ ਕਭੀ,

ਦੋੜੋ! ਜ਼ਮਾਨਾ ਚਾਲ ਕਿਆਮਤ ਕੀ ਚਲ ਗਿਆ। (ਇਕਬਾਲ)

ਨੋਟ:– ਕਿਉਂਕਿ ਹੱਥਲਾ ਸੰਗ੍ਰਹਿ ਵਖ ਵਖ ਸਮੇਂ ਲਿਖੇ ਲੇਖਾਂ ਦਾ ਮਜਮੂਆ ਹੈ (ਜਿਨ੍ਹਾਂ ਵਿਚੋਂ ਜ਼ਿਆਦਾਤਰ ਮਾਸਕ ਪੱਤਰ 'ਸਪੋਕਸਮੈਨ' ਵਿਚ ਪੰਜਾਬੀ ਤੇ ਅੰਗ੍ਰੇਜ਼ੀ ਵਿਚ ਛੱਪ ਚੁਕੇ ਹਨ), ਇਸ ਲਈ ਇਸ ਵਿਚ ਕਿਤੇ ਕਿਤੇ ਪ੍ਰਮਾਣਾਂ ਆਦਿ ਦਾ ਦੁਹਰਾਉ ਹੈ। ਇਸ ਦਾ ਲਾਭ ਵੀ ਹੈ ਅਤੇ ਵਾਧੂ Overlapping ਵੀ। ਪਾਠਕ ਜੀ ਖਿਮਾ ਕਰਨਗੇ।

ਗੁਰੂ ਪੰਥ ਦਾ ਦਾਸਨ ਦਾਸ

ਹਰਿਭਜਨ ਸਿੰਘ

31–3–1996 1186 ਸੈਕਟਰ 18–ਸੀ,

ਚੰਡੀਗੜ੍ਹ

# ਦੋ ਸ਼ਬਦ

ਗ੍ਰੰਥ, ਜੋ 'ਦਸਮ-ਗ੍ਰੰਥ' ਦੇ ਨਾਮ ਨਾਲ ਪ੍ਰਚੱਲਤ ਹੋ ਗਿਆ ਹੈ, ਅਜੇਹੇ ਅਨਿਸ਼ਚਿਤ ਹਾਲਾਤ ਅੰਦਰ ਹੋਂਦ ਵਿਚ ਆਇਆ, ਕਿ ਇਸ ਨਾਲ ਕਈ ਭੁਲੇਖੇ ਜੁੜ ਕੇ ਪ੍ਰਚੱਲਤ ਹੋ ਗਏ। ਪਰ ਜੇ ਉਨ੍ਹਾਂ ਗੁਣਾਤਮਕ ਫਰਕਾਂ, ਜੋ ਨਿਰੋਲ ਗੁਰਮਤਿ ਅਤੇ ਉਪ੍ਰੋਕਤ ਗ੍ਰੰਥ ਦੀਆਂ ਕਈ ਲਿਖਤਾਂ ਵਿਚਕਾਰ ਬੁਨਿਆਦੀ ਪਾੜਾ ਪਾਉਂਦੇ ਹਨ, ਨੂੰ ਸਪੱਸ਼ਟ ਕਰ ਲਿਆ ਜਾਏ, ਤਾਂ ਭੁਲੇਖਿਆਂ ਦੇ ਪੈਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਸੋ, ਭੁਲੇਖਿਆਂ ਨੂੰ ਦੂਰ ਕਰਨ ਲਈ ਲੋੜ ਪਾੜਾ ਪਾਉਣ ਵਾਲੇ ਗੁਣਾਤਮਕ ਫੈਸਲਾਕੁਨ ਫਰਕਾਂ ਉਤੇ ਧਿਆਨ ਕੇਂਦ੍ਰਤ ਕਰਨ ਦੀ ਹੈ।

### ਅਨਿਸ਼ਚਿਤ ਹਾਲਾਤ

'ਖਾਲਸਾ' ਆਪਣੀ 'ਸਿਰਜਣਾ' ਦੇ ਸਮੇਂ ਤੋਂ ਜੁਧਾਂ-ਜੰਗਾਂ ਵਿਚ ਇਤਨਾ ਰੁਝ ਗਿਆ ("ਖਾਲਸਾ ਸੋ ਜੋ ਕਰੇ ਨਿਤ ਜੰਗ") ਕਿ ਨਿਰੋਲ ਖਾਲਸਈ ਮਰਯਾਦਾ ਤੇ ਰਵਾਇਤੀ ਨੂੰ ਲਿਖਤੀ ਰੂਪ ਦੇ ਕੇ ਸਾਂਭਣ ਵੱਲ ਖੁਦ ਨਾ ਹੋਇਆਂ ਬਰਾਬਰ ਧਿਆਨ ਦੇ ਸਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਤੇ ਨੀਮ-ਸਮਕਾਲੀ ਪ੍ਰਮੁਖ ਇਤਿਹਾਸਕਾਰਾਂ ਵਿਚੋਂ 'ਸ੍ਰੀ ਗੁਰ ਸੋਭਾ' ਦੇ ਕਰਤਾ ਦਾ ਨਿਸ਼ਚਤ ਤੌਰ ਉਤੇ ਪਤਾ ਨਹੀਂ ਕਿ ਕੌਣ ਸੀ। 'ਪਰਚੀਆਂ ਸੇਵਾ ਦਾਸ' ਦਾ ਕਰਤਾ ਉਦਾਸੀ ਸੀ। 'ਗੁਰਬਿਲਾਸ ਪਾਤਸ਼ਾਹੀ 10' ਦਾ ਕਰਤਾ ਕੋਇਰ ਸਿੰਘ ਆਪਣੀ ਲਿਖਤ ਵਿਚ ਹੀ ਆਪ ਸਪੱਸ਼ਟ ਕਰਦਾ ਹੈ ਕਿ ਉਸ ਅੰਮ੍ਰਿਤ ਨਹੀਂ ਸੀ ਛਕਿਆ। ਬੰਦਾ ਬਹਾਦਰ ਪਿਛੋਂ ਹੋਏ ਸੰਕਟ ਦੇ ਸਮੇਂ ਬਾਰੇ ਫਾਰਸਟਰ (George Forster : A journey from Bengal to England, Vol.1,313, pp. 312-313) ਲਿਖਦਾ ਹੈ :- "ਤਸ਼ੱਦਦ ਇਤਨੀ ਤੁੰਦੀ ਨਾਲ ਕੀਤਾ ਗਿਆ, ਅਤੇ ਐਸੀ ਕਾਮਯਾਬੀ ਨਾਲ, ਕਿ ਮੁਗਲੀਆ ਸਲਤਨਤ ਅੰਦਰ ਸਿੱਖਾਂ ਦਾ ਨਾਮ-ਨਿਸ਼ਾਨ ਮਿਟ ਗਿਆ। ਜਿਹੜੇ ਲੋਕ ਨਾਨਕ ਦੇ ਮੱਤ ਨਾਲ ਅਜੇ ਵੀ ਜੁੜੇ ਹੋਏ ਸਨ, ਉਹ ਜਾਂ ਤਾਂ ਪੰਜਾਬ ਨਾਲ ਲਗਦੇ ਪਹਾੜਾਂ ਨੂੰ ਭੱਜ ਗਏ, ਜਾਂ ਉਨ੍ਹਾਂ ਆਪਣੇ ਕੇਸ ਕਟਵਾਕੇ ਆਪਣੇ ਧਰਮ ਦੇ ਬਾਹਰ-ਮੁਖੀ ਚਿੰਨ੍ਹ ਤਿਆਗ ਦਿੱਤੇ।" ਅਜੇ ਹੇ ਹਾਲਾਤ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਖਾਲਸੇ ਦੇ ਆਪਣੇ ਹੱਥ ਹੋਣ ਦਾ ਸਵਾਲ ਹੀ ਨਹੀਂ ਸੀ ਉਠ ਸਕਦਾ। ਗੁਰਦੁਆਰਿਆਂ ਦੀ ਸੇਵਾ ਉਦਾਸੀਆਂ ਆਦਿ ਉਨ੍ਹਾਂ ਸੇਵਕਾਂ ਨੇ ਨਿਭਾਹੀ, ਜਿਹੜੇ ਖਾਲੱਸਈ ਪਰੰਪਰਾ, ਖਾਸ ਕਰਕੇ ਕੇਸ ਰਖਣ ਦੇ ਨਿਯਮ, ਨਾਲ ਬਝੇ ਹੋਏ ਨਹੀਂ ਸਨ। ਸੰਕਟ ਸਮੇ ਇਹ ਸੇਵਾ ਬਹੁਮੁੱਲੀ ਸੀ, ਪਰ ਗੁਰਦੁਆਰੇ (ਜੋ ਸਿਖ ਧਰਮ ਦੇ ਕੇਂਦਰ ਸਨ) ਨਿਰੋਲ ਖਾਲਸਈ ਮਰਯਾਦਾ ਤੇ ਪਰੰਪਰਾ ਕਾਇਮ ਰਖਣ ਦਾ ਵਸੀਲਾ ਨਾ ਰਹੇ, ਕਿਉਂਕਿ ਇਹ ਸੇਵਕ ਨਿਰੋਲ ਗੁਰਮਤਿ ਸਿਧਾਂਤਾਂ ਤੇ ਪਰੰਪਰਾਵਾਂ ਵਿਚ ਪਰਪੱਕ ਨਿਸ਼ਚੈ ਰਖਣ ਜੀ ਬਜਾਏ ਢਿਲ ਮਿਲ ਜਾਂ ਮਿਲਗੋਭਾ ਵਿਚਾਰਧਾਰਾ ਵਾਲੇ ਸਨ। ਹੋਰ ਸਮਾਂ ਬੀਤਣ ਦੀ ਉਤੇ ਉਪ੍ਰੋਕਤ ਸੇਵਕ, ਨਿਸ਼ਕਾਮ ਸੇਵਕ ਵੀ ਨਾ ਰਹੇ ਤੇ ਪੁਜਾਰੀ ਬਣ ਗਏ। ਅਤੇ ਪੁਜਾਰੀ ਸ਼੍ਰੇਣੀ ਦੁਨੀਆ ਭਰ ਵਿਚ ਪਿਛਾਂਹ-ਖਿੱਚੂ ਮੰਨੀ ਗਈ ਹੈ, ਕਿਉਂਕਿ ਇਸ ਦਾ ਮੁੱਖ ਮਨੋਰਥ ਪੂਜਾ ਪ੍ਰਾਪਤ ਕਰਨਾ ਹੁੰਦਾ ਹੈ ਅਤੇ

ਪੂਜਾ ਨੂੰ ਆਪਣੇ ਵੱਲ ਖਿੱਚਣ ਦਾ ਗੁਰਦੁਆਰਿਆਂ ਵਿਚ ਉਹ ਹਿੰਦੂ-ਰੰਗਤ ਦੀਆਂ ਕਰਮਕਾਂਡ ਤੇ ਬਿਪਰ-ਰੀਤੀਆਂ ਘੁਸੜ ਗਈਆਂ ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਹਿੰਦੂ ਸਮਾਜ ਕੋਲੋਂ ਛੁਟਕਾਰਾ ਦਵਾਇਆ ਸੀ। ਏਥੋਂ ਤਕ ਕਿ ਸਿਖਾਂ ਦੇ ਪਰਮੁਖ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਦੀ ਪਰਕਰਮਾ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਹੋ ਗਈਆਂ। ਇੰਜ ਨਿਰੋਲ ਗੁਰਮਤਿ ਦੇ ਸਿਧਾਂਤਾਂ ਤੇ ਪਰੰਪਰਾਵਾਂ ਨੂੰ ਕਾਇਮ ਰਖਣ ਦਾ ਮੁੱਦਈ ਨਾ ਸਿਖ ਬੁੱਧੀਜੀਵੀ ਸ਼੍ਰੇਣੀ ਵਿਚ ਅਤੇ ਨਾ ਸਿਖ ਧਰਮ ਦੇ ਕੇਂਦਰਾਂ (ਗੁਰਦੁਆਰਿਆਂ) ਦੇ ਪ੍ਰਬੰਧਕਾਂ ਵਿਚ ਰਿਹਾ।

ਸਿਖ ਪਰੰਪਰਾ ਤੇ ਸਮਾਜ ਵਿਚ ਹਿੰਦੂ ਸਿਧਾਂਤਾਂ ਤੇ ਕਰਮਕਾਂਡਾਂ ਦੇ ਘੁਸੜ ਜਾਣ ਦਾ ਦੂਸਰਾ ਮੁੱਖ ਕਾਰਨ ਇਹ ਸੀ ਕਿ ਸਿੰਘ ਸਭਾ ਲਹਿਰ ਤੋਂ ਪਹਿਲੋਂ ਸਿੱਖ ਜਗਤ ਵਿਚ ਜੋ ਵੀ ਸਿਧਾਂਤ ਜਾਂ ਮਰਯਾਦਾ ਕਿਸੇ ਨੇ ਗੁਰੂ ਸਾਹਿਬਾਨ ਦੇ ਨਾਮ ਨਾਲ ਮਨਮਰਜ਼ੀ ਨਾਲ ਜੋੜਕੇ ਚਾਲੂ ਕਰ ਦਿੱਤੀ, ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਉਤੇ ਪਰਖੇ ਬਗੈਰ ਰਾਇਜ ਹੋਣ ਦਿਤਾ ਗਿਆ। ਬੰਦਾ ਬਹਾਦਰ ਨੇ ਵੀ ਸਿਖ ਪੰਥ ਵਿਚ ਹਿੰਦੂ ਰੀਤਾਂ ਮਿਲਾਉਣ ਦਾ ਯਤਨ ਕੀਤਾ ਸੀ, ਪਰ ਉਸ ਵੇਲੇ ਤੱਤ-ਖਾਲਸੇ ਨੇ ਇਨ੍ਹਾਂ ਰੀਤਾਂ ਨੂੰ ਪ੍ਰਵਾਨ ਨਾ ਕੀਤਾ। ਏਥੋਂ ਤਕ ਕਿ ਇਸ ਕਾਰਨ ਬੰਦਾ ਬਹਾਦਰ ਨਾਲੋਂ ਨਿਖੇੜਾ ਕਰਕੇ ਘੋਰ ਸੰਕਟ ਵਿਚੋਂ ਲੰਘਣ ਦੀ ਕੀਮਤ ਦੇਣੀ ਪਰਵਾਨ ਕੀਤੀ। ਪਰ ਹੁਣ ਸਿੰਘ ਸਭਾ ਲਹਿਰ ਤੋਂ ਪਹਿਲੋਂ ਸਿਵਾਏ ਬਾਬਾ ਦਿਆਲ ਜੀ ਨਿਰੰਕਾਰੀ ਦੇ ਕਿਸੇ ਨੇ ਖਤਰੇ ਦੀ ਘੰਟੀ ਵੀ ਨਾ ਵਜਾਈ।

## 'ਦਸਮ-ਗ੍ਰੰਥ' ਦੀ ਸਮੱਸਿਆ

'ਦਸਮ-ਗ੍ਰੰਥ' ਦੀ ਸਮੱਸਿਆ ਉਪਰ ਦੱਸੇ ਹਾਲਾਤ ਤੇ ਵਰਤਾਰਿਆਂ ਦੀ ਉਪਜ ਹੈ, ਕਿਉਂਕਿ ਇਨ੍ਹਾਂ ਦੇ ਕਾਰਨ ਇਸ ਨਾਲ ਸੰਬੰਧਤ ਪੈਦਾ ਹੋਏ ਗੁਰਮਤ-ਵਿਰੋਧੀ ਸ਼ਿਧਾਂਤਾਂ ਤੇ ਮਰਯਾਦਾ ਨਾਲ ਕਈ ਵੀਰਾਂ ਦੀ ਸ਼ਰਧਾ ਜੁੜ ਗਈ ਹੈ। ਚਾਹੀਦਾ ਤਾਂ ਇਹ ਸੀ ਕਿ ਉਹ ਲਿਖਾਰੀ ਤੇ ਸੰਸਥਾਵਾਂ, ਜੋ ਨਿਰੋਲ ਗੁਰਮਤਿ ਨੂੰ ਕਾਇਮ ਰਖਣ ਦੇ ਹਾਮੀ ਹਨ, ਸਭ ਇੱਕਠੇ ਹੋਕੇ ਇਸ ਸਮੱਸਿਆ ਨੂੰ ਸਨਮੁਖ ਹੁੰਦੇ। ਪਰ ਪ੍ਰਿੰਸੀਪਲ ਹਰਿਭਜਨ ਸਿੰਘ ਹੁਰਾਂ ਦੀ ਪੰਥ ਨੂੰ ਇਹ ਬਹੁਤ ਵੱਡੀ ਦੇਣ ਹੈ ਕਿ ਉਨ੍ਹਾਂ ਨੇ ਨਿਧੜਕ ਉਨ੍ਹਾਂ ਗੁਣਾਤਮਕ ਫਰਕਾਂ ਨੂੰ ਸਪੱਸ਼ਟ ਕੀਤਾ ਹੈ ਜਿਹੜੇ ਨਿਰੋਲ ਗੁਰਮਤਿ ਅਤੇ ਦਸਮ ਗ੍ਰੰਥ ਵਿਚ ਸ਼ਾਮਲ ਕਈ ਲਿਖਤਾਂ ਵਿਚਕਾਰ ਬੁਨਿਆਦੀ ਪਾੜਾ ਪਾਉਂਦੇ ਹਨ। ਪ੍ਰਿੰਸੀਪਲ ਸਾਹਿਬ ਨੇ ਸੱਪਸ਼ਟ ਕੀਤਾ ਹੈ ਕਿ

(ੳ) 'ਗੁਰੂ' ਦੀ ਪੱਦਵੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਨੂੰ ਪ੍ਰਾਪਤ ਹੈ। ਜਿਸ ਕਰਕੇ ਕੀ ਗੁਰਮਤ ਅਨੁਸਾਰੀ ਹੈ ਅਤੇ ਕੀ ਨਹੀਂ-ਇਹ ਸਿਰਫ਼ ਇਸ ਬਾਣੀ ਦੀ ਕਸਵੱਟੀ ਉਤੇ ਪਰਖ ਕੇ ਹੀ ਹੋ ਸਕਦਾ ਹੈ।

(ਅ) ਅਵਤਾਰਵਾਦ ਨਾਲ ਸੰਬੰਧਿਤ ਇਸ ਗ੍ਰੰਥ ਵਿਚਲੀਆਂ ਲਿਖਤਾਂ ਗੁਰਮਤਿ ਦੇ ਅਵਤਾਰਵਾਦ-ਵਿਰੋਧੀ ਬੁਨਿਆਦੀ ਅਸੂਲ ਦੇ ਉਲਟ ਹਨ।

(ੲ) ਦਸਮ ਗ੍ਰੰਥ ਦੀ ਸਮੁਚੀ ਲਿਖਤ ਦਸਵੇਂ ਗੁਰੂ ਜੀ ਦੀ ਆਪਣੀ ਕ੍ਰਿਤ ਨਹੀਂ।

(ੲ) ਦਸਮ ਗ੍ਰੰਥ ਦੀ ਸਮੁਚੀ ਲਿਖਤ ਦਸਵੇਂ ਗੁਰੂ ਜੀ ਦੀ ਆਪਣੀ ਕ੍ਰਿਤ ਨਹੀਂ।

(ਸ) ਚਰਿਤ੍ਰੋ ਪਾਖਯਾਨ ਤੇ ਹਕਾਇਤਾਂ-ਦਸਮ ਗ੍ਰੰਥ ਦੀਆਂ ਇਹ ਲਿਖਤਾਂ ਇਤਨੀਆਂ ਅਸ਼ਲੀਲ ਤੇ ਨਿਲੱਜ ਹਨ ਕਿ ਕੋਕ ਸ਼ਾਸਤ੍ਰ ਨੂੰ ਵੀ ਮਾਤ ਕਰਦੀਆਂ ਹਨ। ਇਨ੍ਹਾਂ ਨੂੰ ਗੁਰੂ ਜੀ ਦੀ ਕ੍ਰਿਤ ਮੰਨ ਲੈਣਾ ਗੁਰਮਤਿ ਤੇ ਵਾਮਮਾਰਗ ਦਾ ਸੁਮੇਲ ਕਰਨ ਦੇ ਤੁੱਲ ਹੋਵੇਗਾ।

**ਬੇਨਤੀ**

ਜਿਹੜੇ ਵੀਰ ਦਸਮ-ਗ੍ਰੰਥ ਦੀ ਸਮੁੱਚੀ ਲਿਖਤ ਨੂੰ ਗੁਰੂ ਸਾਹਿਬ ਦੀ ਆਪਣੀ ਕ੍ਰਿਤ ਸਮਝਦੇ ਇਸ ਨਾਲ ਆਪਣੀ ਸ਼ਰਧਾ ਜੋੜੀ ਬੈਠੇ ਹਨ, ਉਨ੍ਹਾਂ ਦੀ ਸੇਵਾ ਵਿੱਚ ਸਨਿਮ੍ਰ ਬੇਨਤੀ ਹੈ ਕਿ ਉਹ ਪ੍ਰਿੰਸੀਪਲ ਸਾਹਿਬ ਵਲੋਂ ਪ੍ਰਗਟ ਕੀਤੇ ਵੀਚਾਰਾਂ ਨੂੰ ਠੰਡੇ ਦਿਮਾਗ ਨਾਲ ਗੌਲਣ ਦੀ ਕ੍ਰਿਪਾ ਕਰਨ, ਕਿਉਂਕਿ ਇਸ ਗ੍ਰੰਥ ਦੀ ਸਮੁੱਚੀ ਲਿਖਤ ਨੂੰ ਗੁਰੂ ਸਾਹਿਬ ਦੀ ਆਪਣੀ ਕ੍ਰਿਤ ਮੰਨ ਲੈਣ ਦੇ ਪੰਥ ਲਈ ਘੋਰ ਹਾਨੀਕਾਰਕ ਨਤੀਜੇ ਨਿਕਲ ਸਕਦੇ ਹਨ। ਗੁਰੂ ਸਾਹਿਬ ਨੇ ਸਿੱਖ ਪੰਥ ਨੂੰ ਬ੍ਰਾਹਮਣਵਾਦ ਅਤੇ ਹਿੰਦੂ ਸਮਾਜ ਤੋਂ ਨਿਆਰਾ ਸਾਜਿਆ ਸੀ। ਦਸਮ ਗ੍ਰੰਥ ਵਿਚ ਅਵਤਾਰਵਾਦ ਨੂੰ ਸ਼ੈਹ ਦੇਂਦੀਆਂ ਲਿਖਤਾਂ ਗੁਰਮਤ ਅਤੇ ਸਿੱਖਾਂ ਨੂੰ ਬ੍ਰਾਹਮਣਵਾਦ ਦੀ ਮੁੜਕੇ ਲਪੇਟ ਵਿਚ ਲਿਆਉਣ ਦਾ ਰਾਹ ਖੋਲ੍ਹਦੀਆਂ ਹਨ। ਇਸ ਸਮੱਸਿਆ ਨੂੰ ਧਮਕੀਆਂ, ਜਾਂ ਰੈਲੀਆਂ ਕਰਕੇ ਜਾਂ ਵੋਟਾ ਰਾਹੀਂ ਨਹੀਂ ਸੁਲਝਾਇਆ ਜਾ ਸਕਦਾ। ਕਿਉਂਕਿ ਇਸ ਦਾ ਸੰਬੰਧ ਗੁਰਮਤਿ ਦੇ ਅਵਤਾਰਵਾਦ-ਵਿਰੋਧੀ ਬੁਨਿਆਦੀ ਅਸੂਲ ਨਾਲ ਹੈ, ਜਿਸ ਨੂੰ ਸਮੁੱਚਾ ਪੰਥ ਇਕ ਮਿਕ ਰਾਏ ਦਾ ਹੋ ਕੇ ਵੀ ਬਦਲਣ ਦਾ ਅਧਿਕਾਰ ਨਹੀਂ ਰੱਖਦਾ । ਸਾਡੇ ਸਾਹਮਣੇ ਇਕੋ-ਇਕ ਰਸਤਾ ਨਜ਼ਰ ਆਉਂਦਾ ਹੈ ਕਿ ਦਸਮ ਗ੍ਰੰਥ ਦੀ ਸਮੱਸਿਆ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਕਵੱਟੀ ਮੰਨਕੇ ਕੁੜੱਤਣ ਰਹਿਤ ਧੀਰਜ ਨਾਲ ਪੰਥ ਵਿੱਚ ਖੁੱਲ੍ਹੀ ਵੀਚਾਰ ਕੀਤੀ ਜਾਏ ਅਤੇ ਅੰਤਮ ਫੈਸਲਾ ਪੰਥ ਦੀ ਸਮੂਹਕ ਚੇਤੰਨਤਾ ਉਤੇ ਛੱਡ ਦਿੱਤਾ ਜਾਏ।

18 ਜਨਵਰੀ,1996 ਮੇਜਰ ਜਨਰਲ ਨਰਿੰਦਰ ਸਿੰਘ (ਰਿਟਾਇਰਡ)

124, ਸੈਕਟਰ 28, ਚੰਡੀਗੜ੍ਹ

# ਭੂਮਿਕਾ

ਸਿੱਖ ਜਗਤ ਲਈ 'ਦਸਮ ਗ੍ਰੰਥ' ਦੇ ਇਕ ਸਮੱਸਿਆ ਦੇ ਤੌਰ ਉਤੇ ਉਭਰ ਜਾਣ ਦੀ ਇਕ ਵਜ੍ਹਾ ਤਾਂ ਇਹ ਹੈ ਕਿ 'ਦਸਮ ਗ੍ਰੰਥ' ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਕ੍ਰਿਤਿ ਮੰਨਣ ਕਰਕੇ ਕਈ ਸਿੱਖ ਵੀਰਾਂ ਦੀ ਇਸ ਗ੍ਰੰਥ ਨਾਲ ਅਨਿੰਨ ਧਾਰਮਿਕ ਸ਼ਰਧਾ ਜੁੜ ਚੁਕੀ ਹੈ। ਪ੍ਰਿੰ ਹਰਿਭਜਨ ਸਿੰਘ ਜੀ ਨੇ ਆਪਣੇ ਲੇਖਾਂ ਵਿਚ ਸਪੱਸ਼ਟ ਕੀਤਾ ਹੈ, ਕਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਹੋਣ ਦੀ ਪਦਵੀ ਪ੍ਰਾਪਤ ਹੈ, ਹੋਰ ਕਿਸੇ ਵੀ ਗ੍ਰੰਥ ਨੂੰ ਨਹੀਂ। ਇਸ ਵਾਸਤੇ ਸਿੱਖਾਂ ਲਈ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਅਭੁੱਲ ("ਅਭੁਲੁ ਗੁਰੂ ਕਰਤਾਰੁ") ਇਸ਼ਟ-ਗ੍ਰੰਥ (infallible sacred scripture) ਹਨ, ਹੋਰ ਕੋਈ ਗ੍ਰੰਥ ਨਹੀਂ। ਇਸ ਕਰਕੇ ਸਿੱਖਾਂ ਦੀ ਅਨਿੰਨ ਸ਼ਰਧਾ ਕੇਵਲ 'ਗੁਰੂ ਗ੍ਰੰਥ ਸਾਹਿਬ' ਨਾਲ ਜੁੜਨੀ ਚਾਹੀਦੀ ਹੈ।

"ਹਾਥੀ ਦੇ ਪੈਰ ਵਿਚ ਸਭ ਦੇ ਪੈਰ" ਦੀ ਕਹਾਵਤ ਅਨੁਸਾਰ, ਉਪਰੋਕਤ ਸਿਧਾਂਤ (ਜਿਸ ਤੋਂ ਕੋਈ ਵੀ ਸਿੱਖ ਇਨਕਾਰੀ ਨਹੀਂ ਹੋਣਾ ਚਾਹੀਦਾ) ਦੀ ਰੌਸ਼ਨੀ ਵਿਚ ਵੇਖਿਆਂ 'ਦਸਮ ਗ੍ਰੰਥ' ਨਾਲ ਸੰਬੰਧਿਤ ਸਮੱਸਿਆ ਸਹਿਲੇ ਸੁਲਝ ਸਕਦੀ ਹੈ। ਕੁਥਾਂ ਲਾਈ ਅਨਿੰਨ ਸ਼ਰਧਾ ਦੇ ਖੋਪੇ ਨਾਲ ਕੇ ਵੇਖਿਆਂ ਪ੍ਰਤੱਖ ਦਿਸਦਾ ਹੈ ਕਿ 'ਚਰਿਤ੍ਰੋ ਪਾਖਿਆਨ' ਆਦਿ ਰਚਨਾਵਾਂ, ਸਿੱਖ ਧਰਮ ਨੂੰ ਸ਼ਾਕਤ ਵਾਮਮਾਰਗ ਨਾਲ ਜੋੜਨ ਦਾ ਵਸੀਲਾ ਬਣਦੀਆਂ ਹਨ, ਅਤੇ 'ਚੌਬੀਸ ਅਵਤਾਰ' ਆਦਿ ਰਚਨਾਵਾਂ ਗੁਰਮਤਿ ਦੇ ਬੁਨਿਆਦੀ ਅਵਤਾਰਵਾਦ-ਵਿਰੋਧੀ ਅਸੂਲ ਤੋਂ ਸਿੱਖਾਂ ਨੂੰ ਨਿਖੇੜਦੀਆਂ ਹਨ। ਅਸੀਂ ਪੁਲਾੜ ਵਿਚ ਨਹੀਂ ਬੈਠੇ ਕਿ ਮਨਮਰਜ਼ੀ ਦੀਆਂ ਦਲੀਲਾਂ ਘੜਕੇ ਤਸੱਲੀ ਨਾਲ ਮਗਨ ਹੋਕੇ ਬੈਠ ਜਾਈਏ। ਸਿੱਖ ਪੰਥ ਦੀ ਨਿਖੜਵੀ ਹੋਂਦ ਨੂੰ ਢਾਹ ਲਾਉਣ ਲਈ ਤੱਤਵਰ ਸ਼ਕਤੀਆਂ 'ਦਸਮ ਗ੍ਰੰਥ' ਦੀਆਂ ਅਜੇਹੀਆਂ ਲਿਖਤਾਂ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ ਅਤੇ ਅਗੋਂ ਨੂੰ ਵੀ ਉਠਾਉਣਗੀਆਂ।

ਪ੍ਰਿੰਸੀਪਲ ਸਾਹਿਬ ਗੁਰਮਤਿ ਦੇ ਕੋਈ ਸਾਧਾਰਨ ਵਿਦਵਾਨ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਏ ਜਾ ਰਹੇ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ (ਅੰਮ੍ਰਿਤਸਰ)' ਦੇ ਉਹ ਕਈ ਸਾਲ ਪ੍ਰਿੰਸੀਪਲ ਰਹੇ ਹਨ। ਵਾਹਿਗੁਰੂ ਨੇ ਉਹਨਾਂ ਨੂੰ ਜਮਾਦਰੂ-ਬੁਲਾਰਾ (born orator) ਹੋਣ ਦੀ ਦਾਤ ਬਖ਼ਸ਼ੀ ਹੈ; ਜਿਸ ਸਦਕਾ ਉਹਨਾਂ ਹਿੰਦ ਤੇ ਹਿੰਦ ਤੋਂ ਬਾਹਰ ਅਨੇਕ ਸਿੱਖ ਸੰਗਤਾਂ ਨੂੰ, ਗੁਰਮਤਿ ਸਿਧਾਂਤਾਂ ਦੀ ਸਹੀ ਪੇਸ਼ਕਾਰੀ ਰਾਹੀਂ ਪ੍ਰਭਾਵਤ ਕੀਤਾ ਹੈ। ਇਸੇ ਮਨੋਰਥ ਦੀ ਪੂਰਤੀ ਲਈ ਉਹ ਕਈ ਕਿਤਾਬਾਂ ਪ੍ਰਕਾਸ਼ਤ ਕਰ ਚੁਕੇ ਹਨ। ਸਿੱਖ ਧਰਮ ਦੇ ਸਿਧਾਂਤਾਂ ਦੀ ਨਿਰੋਲਤਾ ਨੂੰ ਕਾਇਮ ਰਖਣਾ ਉਹਨਾਂ ਲਈ ਜ਼ਿੰਦਗੀ ਦਾ ਮੁੱਖ ਮਿਸ਼ਨ ਰਿਹਾ ਹੈ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਇਸ ਤੋਂ ਬਿਨਾ ਨਾ ਤਾਂ ਸਿੱਖ ਸਿਧਾਂਤਾਂ ਦੀ ਅਤੇ ਨਾ ਹੀ ਸਿੱਖ ਪੰਥ ਦੀ ਨਿਵੇਕਲੀ ਹੋਂਦ ਤੇ ਯਕਤਾਈ ਕਾਇਮ ਰਹਿ ਸਕਦੀ ਹੈ।

ਬ੍ਰਾਹਮਣਵਾਦ ਆਪਣੇ ਵਿਰੁੱਧ ਉਠੇ ਸਭ ਧਰਮਾਂ ਨੂੰ ਹੜਪ ਕਰ ਗਿਆ। ਸਗੋਂ ਇਸਲਾਮ ਅਤੇ ਈਸਾਈਅਤ ਵਰਗੇ ਮਤਾਂ (ਜਿਨ੍ਹਾਂ ਨਾਲ ਹਿੰਦੂ ਮਤ ਦੀ ਦੂਰ-ਦੁਰਾਡੇ

ਦੀ ਵੀ ਸਾਂਝ ਨਹੀਂ) ਨੂੰ ਵੀ ਹਿੰਦ ਵਿਚ ਇਸ ਨੇ ਆਪਣੀ ਰੰਗਤ ਦੇ ਦਿੱਤੀ। ਬ੍ਰਾਹਮਣਵਾਦ ਦਾ ਇਹ ਕਾਰਗਰ ਹਥਿਆਰ ਰਿਹਾ ਹੈ, ਕਿ ਜਿਸ ਧਾਰਮਿਕ ਸਿਧਾਂਤ ਨੂੰ ਹੜਪ ਕਰਨਾ ਹੋਵੇ, ਉਸੇ ਦਾ ਬਾਹਰੋਂ ਦਿੱਸਣ ਵਾਲਾ ਬੁਰਕਾ ਪਾ ਕੇ, ਉਸ ਦੇ ਅੰਦਰ ਵੱਲ ਬ੍ਰਾਹਮਣਵਾਦ ਦੀ ਵਸਤੂ ਨੂੰ ਚੋਰੀ-ਛਿਪੇ ਵਾੜ ਦੇਣਾ। ਬੋਧੀਆਂ ਦਾ ਹਿੰਦ ਵਿਚੋਂ ਐਸੀ ਬੇਦਰਦੀ ਨਾਲ ਦੇਸ਼-ਨਿਕਾਲਾ ਕੀਤਾ ਗਿਆ, ਕਿ ਕੇਵਲ ਉੜੀਸਾ ਦੇ ਇਕ ਬੋਧ-ਮਠ ਵਿਚ ਦੋ ਹਜ਼ਾਰ ਦੇ ਕਰੀਬ ਆਦਿ-ਬੋਧੀ ਬਚੇ ਰਹਿ ਗਏ। ਪਰ ਜਦੋਂ ਹਿੰਦੂ ਧਰਮ ਨੂੰ ਬੋਧੀਆਂ ਤੋਂ ਖਤਰੇ ਦੀ ਗੁੰਜਾਇਸ਼ ਨਾ ਰਹੀ, ਤਾਂ 'ਮਹਾਤਮਾ ਬੁੱਧ' ਨੂੰ ਹੀ ਹਿੰਦੂ-ਅਵਤਾਰਾਂ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ। ਬੁੱਧ ਮਤ ਜੇ ਫੇਰ ਵੀ ਆਪਣੀ ਨਿਵੇਕਲੀ ਹੋਂਦ ਕਾਇਮ ਰਖ ਸਕਿਆ, ਤਾਂ ਇਸ ਕਰਕੇ ਕਿ ਇਸ ਨੇ ਆਪਣੇ ਧਾਰਮਿਕ ਸਿਧਾਂਤਾਂ ਦੇ ਨੇੜੇ-ਤੇੜੇ ਬ੍ਰਾਹਮਣਵਾਦ ਨੂੰ ਢੁਕਣ ਨਾ ਦਿੱਤਾ। ਸਿੱਖਾਂ ਲਈ ਵੀ ਆਪਣੇ ਧਰਮ ਅਤੇ ਸਮਾਜ ਦੀ ਨਿਵੇਕਲਤਾ ਕਾਇਮ ਰਖਣ ਦਾ ਇਕੋ-ਇਕ ਰਾਹ ਇਹ ਹੈ, ਕਿ ਬ੍ਰਾਹਮਣਵਾਦ ਨੂੰ ਲੁਕਵੇਂ-ਛਿਪੇ ਢੰਗ ਨਾਲ ਵੀ ਸਿੱਖ ਸਿਧਾਂਤਾਂ ਵਿਚ ਵੜਨ ਨਾ ਦਿੱਤਾ ਜਾਏ।

ਸਿੰਘ ਸਭਾ ਲਹਿਰ ਤੋਂ ਪਹਿਲੋਂ ਸਿੱਖ ਸਿਧਾਂਤਾਂ ਅਤੇ ਪਰੰਪਰਾਵਾਂ ਵਿਚ ਬਿਨਾ ਛਾਣ-ਬੀਣ ਕੀਤੇ ਤੇ ਬਗੈਰ ਰੋਕ ਟੋਕ ਦੇ ਬ੍ਰਾਹਮਣਵਾਦ ਦੀ ਮਿਲਾਵਟ ਹੋਣ ਦਿੱਤੀ ਗਈ। ਸਿੰਘ ਸਭਾ ਲਹਿਰ ਵੀ ਤਾਂ ਉਠੀ, ਜਦੋਂ ਈਸਾਈ ਮਿਸ਼ਨਰੀਆਂ ਅਤੇ ਆਰੀਆਂ ਸਮਾਜੀਆਂ ਦੀਆਂ ਖੁੱਲ੍ਹਮ-ਖੁਲ੍ਹਿਆਂ ਸਿੱਖ-ਵਿਰੋਧੀ ਕਾਰਵਾਈਆਂ ਨੇ ਘੋਰ ਨੀਂਦ ਵਿਚ ਸੁੱਤੇ ਸਿੱਖ ਜਗਤ ਨੂੰ ਹਲੂਣਾ ਦੇ ਕੇ ਇਸ ਦੀਆਂ ਅੱਖਾਂ ਖੋਲ੍ਹੀਆਂ। ਏਥੋਂ ਤਕ ਕਿ ਸਿੰਘ ਸਭਾ ਲਹਿਰ ਦੇ ਸਿਰਕੱਢ ਬਾਨੀ ਗਿਆਨੀ ਦਿੱਤ ਸਿੰਘ ਜੀ ਖੁਦ ਆਰੀਆ ਸਮਾਜ ਦੇ ਮੈਂਬਰ ਰਹਿ ਚੁਕੇ ਸਨ।

ਗੁਰੂ ਨਾਨਕ ਨਿਰਮਲ ਪੰਥ ਤੋਂ ਖਾਰ ਖਾਣ ਵਾਲੀ 'ਬਿਪਰ ਚੇਤਨਾ' ਦੀ ਸਾਜ਼ਿਸ਼ੀ ਮਿਲਾਵਟ ਦਾ ਹੀ ਨਤੀਜਾ ਸੀ ਕਿ 'ਸਿੱਖ ਚੇਤਨਾ' ਨੂੰ, ਉਪਲੱਬਧ 'ਦਸਮ-ਗ੍ਰੰਥ' ਰਾਹੀ, ਪੁਰਾਣਿਕ ਕਥਾ-ਨਾਇਕਾਂ ਦੇ ਭ੍ਰਮ-ਜਾਲ ਵਿਚ ਉਲਝਾਂ ਦਿੱਤਾ ਗਿਆ। ਪ੍ਰਿੰਸੀਪਲ ਸਾਹਿਬ ਨੇ ਆਪਣੇ ਲੇਖਾਂ ਵਿਚ ਬੜੀ ਯੋਗਤਾ ਨਾਲ ਗੁਰਬਾਣੀ ਦੀ ਕਸਵੱਟੀ ਲਾ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਪਰੋਕਤ 'ਭਰਮ-ਜਾਲ' ਕਿਸ ਹੱਦ ਤਕ ਗੁਰਮਤਿ ਵਿਰੋਧੀ ਹੈ। ਇਤਿਹਾਸਕਾਰੀ ਦੀ ਨਿਰੋਲ ਕਸਵੱਟੀ ਉਤੇ ਪਰਖਿਆਂ ਵੀ ਇਸੇ ਸਿੱਟੇ ਉਤੇ ਪੁੱਜੀਦਾ ਹੈ ਕਿ ਨਾ ਕੇਵਲ ਗੁਰੂ ਗੋਬਿੰਦ ਸਿੰਘ ਜੀ ਉਪਲੱਬਧ 'ਦਸਮ ਗ੍ਰੰਥ' ਦੇ ਕਰਤਾ ਨਹੀਂ ਸਨ ਬਲਕਿ ਇਸ ਗ੍ਰੰਥ ਦੇ ਮੁਢਲੇ ਖਰੜਿਆਂ ਦਾ ਆਪਣਾ ਇਤਿਹਾਸਕ ਖੁਰਾ-ਖੋਜ ਵੀ ਬਹੁਤ ਸ਼ੱਕੀ ਹੈ।

## 'ਦਸਮ ਗ੍ਰੰਥ' ਇਤਿਹਾਸਕ ਦ੍ਰਿਸ਼ਟੀਕੋਣ ਤੋਂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਤੇ ਅਰਧ-ਸਮਕਾਲੀ ਸਾਹਿਤ ਅਤੇ ਇਤਿਹਾਸ (ਪਰਚੀਆਂ ਸੇਵਾਦਾਸ, ਸ੍ਰੀ ਗੁਰ ਸੋਭਾ, ਗੁਰਬਿਲਾਸ ਪਾਤਸ਼ਾਹੀ 10 ਕ੍ਰਿਤ

ਕੋਇਰ ਸਿੰਘ) ਵਿਚ ਗੁਰੂ ਸਾਹਿਬ ਦੇ ਆਪਣੇ ਵਲੋਂ ਕਿਸੇ ਤਰ੍ਹਾਂ ਦਾ ਕੋਈ ਗ੍ਰੰਥ ਬਣਾਏ ਜਾਣ ਦਾ ਉੱਕਾ ਹੀ ਜ਼ਿਕਰ ਨਹੀਂ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾ ਜਾਣ ਤੋਂ 61 ਸਾਲ ਪਿਛੋਂ, ਕੇਸਰ ਸਿੰਘ ਛਿੱਬਰ ਸਭ ਤੋਂ ਪਹਿਲਾ ਲਿਖਾਰੀ ਹੈ ਜਿਸਨੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' (ਸੰਮਤ 1826) ਵਿਚ ਲਿਖਿਆ ਹੈ ਕਿ ਦਸ਼ਮੇਸ਼ ਪਿਤਾ ਜੀ ਨੇ 'ਸਮੁੰਦ੍ਰ ਸਾਗਰ' ਨਾਮਕ ਗ੍ਰੰਥ ਆਪਣੀ ਰਸਨਾ ਰਾਹੀਂ ਬਣਾਇਆ। ਛਿੱਬਰ ਤੋਂ 21 ਸਾਲ ਪਿਛੋਂ (ਭਾਸ਼ਾ ਵਿਭਾਗ ਦੀ ਹੱਥ ਲਿਖਤ ਅਨੁਸਾਰ) ਦੂਜੀ ਲਿਖਤ ਸਰੂਪਦਾਸ ਭੱਲਾ ਕ੍ਰਿਤ ''ਮਹਿਮਾ ਪ੍ਰਕਾਸ਼'' ਹੈ, ਜਿਸ ਵਿੱਚ ਜਾਂ ਤਾਂ ਇਹ ਜ਼ਿਕਰ ਹੈ ਕਿ ਦਸ਼ਮੇਸ਼ ਜੀ ਨੇ ਵੇਦ ਵਿਦਿਆ ਦੇ ਪੰਡਤ ਵਿਦਵਾਨ ਬਨਾਰਸ ਆਦਿਕ ਕਈ ਥਾਂਵਾਂ ਤੋਂ ਮੰਗਵਾ ਕੇ ਇਸ ਵਿਦਿਆ ਦਾ ਗੁਰਮੁਖੀ ਵਿਚ ਉਲਥਾ ਕਰਵਾ ਕੇ 'ਵਿਦਿਆ ਸਾਗਰ' ਨਾਮ ਦਾ ਇਕ ਗ੍ਰੰਥ ਬਣਾਇਆ, ਜਾਂ "ਨਨੂਆ ਬੈਰਾਗੀ, ਸਿਆਮ ਕਬਿ, ਬ੍ਰਹਮ ਭਾਟ' ਅਤੇ "ਅਵਰ ਕੇਤਕ ਤਿਨ ਨਤਾਮ ਨ ਜਾਨੋ" ਨੇ ਜੋ ਬਖਾਨਿਆ, ਉਹ ਲਿਖਿਆ ਗਿਆ। (ਮਹਿਮਾ ਪ੍ਰਕਾਸ਼, ਭਾਗ ਦੂਜਾ, ਪੰਨੇ 794-796) । ਪਰ ਗੁਰੂ ਸਾਹਿਬ ਦੇ ਖੁਦ ਆਪਣੇ ਵਲੋਂ ਕੋਈ ਰਚਨਾ ਉਚਾਰਣ ਦਾ ਕਤਈ ਇਸ਼ਾਰੇ ਮਾਤਰ ਵੀ ਜ਼ਿਕਰ ਨਹੀਂ। ਤੀਜੀ ਲਿਖਤ ਭਾਈ ਮਨੀ ਸਿੰਘ ਜੀ ਵਲੋਂ ਮਾਤਾ ਸੁੰਦਰੀ ਜੀ ਵੱਲ ਲਿਖੀ ਕਥਿਤ ਚਿੱਠੀ ਹੈ ਜੋ ਡਾ ਰਤਨ ਸਿੰਘ ਜੱਗੀ ਨੇ ਆਪਣੇ ਥੀਸਿਸ 'ਦਸਮ ਗ੍ਰੰਥ ਦਾ ਕਰਤ੍ਰਿਤਵ' ਵਿਚ ਸਰਾਸਰ ਜਾਅਲੀ ਹੋਣੀ ਸਾਬਤ ਕੀਤੀ ਹੈ। (ਪੰਨੇ 38-45)

ਅਸੀਂ ਏਥੇ ਕੋਈ ਥੀਸਿਸ ਨਹੀਂ ਲਿਖ ਰਹੇ ਕਿ ਬੇਲੋੜੇ ਵੇਰਵੇ ਦੇਣ ਵਿਚ ਪਈਏ। ਸਾਡਾ ਮੁੱਖ ਮੰਤਵ ਸਿੱਖ ਜਗਤ ਨੂੰ ਸੰਖੇਪ ਤੌਰ ਤੇ ਇਹ ਦਸਣਾ ਹੈ ਕਿ ਇਤਿਹਾਸਕ ਪਰਖ-ਪੜਚੋਲ ਅਨੁਸਾਰ ਅਖੌਤੀ 'ਦਸਮ ਗ੍ਰੰਥ' ਵਿਚਲੀ ਸਮੁੱਚੀ ਲਿਖਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਕ੍ਰਿਤਿ ਨਹੀਂ। ਇਸ ਮੰਤਵ ਦੇ ਦ੍ਰਿਸ਼ਟੀਕੋਣ ਤੋਂ ਭਾਈ ਮਨੀ ਸਿੰਘ ਜੀ ਵਾਲੀ ਕਥਿਤ ਚਿੱਠੀ ਵੀਚਾਰਨ ਦੀ ਲੋੜ ਹੀ ਨਹੀਂ, ਕਿਉਂਕਿ ਇਹ ਜਾਅਲੀ ਸਾਬਿਤ ਹੋਈ ਹੈ। ਅਤੇ 'ਮਹਿਮਾ ਪ੍ਰਕਾਸ਼' ਗ੍ਰੰਥ ਇਸ ਤੋਂ ਵੱਧ ਰੌਸ਼ਨੀ ਨਹੀਂ ਪਾਉਂਦਾ ਕਿ ਕੁਝ ਵੇਦ ਵਿਦਿਆ ਦਾ ਗੁਰਮੁਖੀ ਵਿਚ ਉਲਥਾ ਕਰਵਾ ਕੇ ਅਤੇ ਕੁਝ ਹੋਰ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕਰਕੇ ਇਕ 'ਵਿਦਿਆ ਸਾਗਰ' ਨਾਮਕ ਗ੍ਰੰਥ ਬਣਾਇਆ ਗਿਆ। ਗੁਰੂ ਸਾਹਿਬ ਵਲੋਂ ਖੁਦ ਕੋਈ ਰਚਨਾ ਉਚਾਰਣ ਦਾ ਤਾਂ ਭੋਰਾ ਕੁ ਵੀ ਜ਼ਿਕਰ ਨਹੀਂ ਮਿਲਦਾ। ਦੂਸਰੇ 'ਵਿਦਿਆ ਸਾਗਰ' ਗ੍ਰੰਥ ਦਾ ਕਦੇ ਵੀ ਖੁਰਾ-ਖੋਜ ਨਹੀਂ ਮਿਲਿਆ। ਇਕ ਰਵਾਇਤ ਇਹ ਹੈ ਕਿ ਅਨੰਦਪੁਰ ਸਾਹਿਬ ਦੇ ਜੁੱਧ ਵਿਚ ਗੁਰੂ ਸਾਹਿਬ ਤੇ ਉਹਨਾਂ ਦੇ ਲਸ਼ਕਰ ਦੇ ਸਰਸਾ ਨਦੀ ਪਾਰ ਕਰਨ ਸਮੇਂ ਇਹ ਗ੍ਰੰਥ ਪਾਣੀ ਵਿਚ ਰੁੜ੍ਹ ਗਿਆ। ਦੂਸਰੇ ਸ਼ਬਦਾਂ ਵਿਚ, ਉਪਰੋਕਤ ਗ੍ਰੰਥ ਨੂੰ ਇਤਿਹਾਸਕ ਪੜਚੋਲ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਇਸ ਵਾਸਤੇ ਲੈ ਦੇ ਕੇ ਸਾਡੇ ਪੱਲੇ ਕੇਵਲ ਛਿੱਬਰ ਦਾ "ਬੰਸਾਵਲੀਨਾਮਾ" ਹੀ ਰਹਿ ਜਾਂਦਾ ਹੈ ਜਿਸ ਬਾਰੇ ਕਿ ਇਤਿਹਾਸਕ ਪੜਚੋਲ ਹੋ ਸਕੇ।

### (1) ਬੰਸਾਵਲੀਨਾਮਾ:

ਬੰਸਾਵਲੀਨਾਮੇ ਦਾ ਉਹ ਹਿੱਸਾ, ਜਿਸ ਦਾ ਸਾਡੇ ਮੰਤਵ ਲਈ ਇਤਿਹਾਸਕ ਪੜਤਾਲ ਨਾਲ ਸਿੱਧਾ ਸੰਬੰਧ ਹੈ, ਇਹ ਹੈ:-

ਜਗੁ ਹੋਮ ਸਾਹਿਬ ਕਰਿ ਉਠੇ ਆਹੇ,
ਤਾਂ ਗ੍ਰੰਥ ਸੀ ਮੰਗਾ ਭਿਜਵਾਇਆ।
ਧੀਰ ਮਲ ਨੇ ਦਿਤਾ ਜਬਾਬੁ ਮੋੜ ਪਠਾਇਆ।(376)
ਸਾਹਿਬ ਰਸਨੀ ਲਗੇ ਹੋਰੁ ਉਚਾਰ ਕਰਨ।
ਸਮੁੰਦ੍ਰ ਸਾਗਰ ਗ੍ਰੰਥ ਜੀ ਰਸਨੀ ਸਾਹਿਬ ਦੀ ਹੋਰ ਲਗਾ ਬਣਨ।
ਸੋ ਬਡਾ ਗ੍ਰੰਥ ਜੀ ਦਾ ਬਣਿਆ।
ਇਕਾਨਵੇ ਸਤਰਾਂ ਤਿਸ ਦੀਆਂ ਮੈ ਭੀ ਗਣਿਆ।(377)
ਸੰਮਤੁ ਸਤਾਰਾਂ ਸੈ ਅਠਵੰਜੇ, ਸੋ ਗ੍ਰੰਥ ਜੀ ਨਦੀ ਪਵਾਇਆ।
ਕੋਈ ਕੋਈ ਪਤਰਾ ਤਿਸ ਗ੍ਰੰਥ ਜੀ ਦਾ,
ਸਿਖਾਂ ਨੂੰ ਹਥਿ ਆਇਆ।
ਅਤੇ ਦੂਜਾ ਗ੍ਰੰਥ ਜੀ ਹੋਰੁ ਸਾਹਿਬ ਉਚਾਰ ਕੀਤਾ।
ਉਸ ਵਿਚਿ ਬਾਣੀ ਹੋਰੁ ਇਸ ਵਿਚਿ ਹੋਰੁ,
ਵਖੋ ਵਖੀ ਕਰਿ ਲੀਤਾ।(378)
ਇਸ ਵਿਚਿ ਅਵਤਾਰ ਲੀਲਾ ਲਿਖੀ ਸੀ ਸਪੂਰਨੁ।
ਉਸ ਵਿਚਿ ਹੋਰ ਅਚਰਜ ਲਿਖ ਕੀਤਾ ਸੀ ਪੂਰਨੁ।
ਜਿਲਦ ਦੁਹਾਂ ਦੀ ਨਹੀ ਸੀ ਹੋਈ।(379)
ਸਤਿ ਪਤ੍ਰੇ ਲਹੌਰ ਇਕ ਸਿਖ ਪਾਸ ਭੀ ਆਹੇ।
ਅਠੂਣੀ ਤਹ ਕੀਤੀ ਬਧੇ ਰੁਮਾਲ ਮਾਹੇ।
ਇਸ ਗ੍ਰੰਥ ਦੂਜੇ ਦੀਆਂ ਪੀ ਸੰਚੀਆਂ ਖਿੰਡ ਗਈਆਂ।
**ਜੁਧ ਲੜਾਈ ਕਰਿ ਕੇ ਕਿਧਰੇ ਕਿਧਰੇ ਸੇ ਗਈਆਂ। (380)**
**ਏਹੁ ਗ੍ਰੰਥ ਅਉਤਾਰ ਲੀਲਾ ਦਾ ਜੋ ਹੈਸੀ ਬਣਾਇਆ।**
ਸੋ ਭਾਈ ਮਨੀ ਸਿੰਘ ਮਸੰਦੀ ਜਾਤਿ ਕੰਬੋਉ ਹੋਰਾ ਇਕਠਾ ਕਰਵਾਇਆ।
ਸੰਮਤ ਸਤਾਰਾਂ ਸੈ ਬਿਆਸੀ ਜਬ ਆਏ।
ਤਬ ਭਾਈ ਮਨੀ ਸਿੰਘ ਜੀ ਦੂਜੇ ਅੰਮ੍ਰਿਤਸਰ ਆਵਤ ਭਏ।(381)
ਦੂਜਾ ਅੰਮ੍ਰਤਸਰ ਜੀ ਚੋਲੇ ਬਾਗ ਵਿਚਿ ਹੈ ਸੁਣਿਆ।
ਭਾਈ ਮਨੀ ਸਿੰਘ ਜੀ ਸਿਖਾਂ ਵਿਚਿ ਗਣਿਆ।
ਸੋ ਸਿਖ ਬਹੁਤ ਹੀ ਮਾਇਆ ਲੈ ਕੇ ਹੈਸੀ ਆਇਆ।

ਸਿਖਾਂ ਨੂੰ ਦੇ ਖਰਚ ਬਾਣੀ ਢੂਢਾਇਆ। (382)
ਖਾਸ ਦਸਖਤੀ ਪੜ੍ਹੇ ਲਿਖੇ ਹਥਿ ਆਏ।
ਉਨਾਂ ਪਤ੍ਰਾ ਦੇ ਬਰੋਬਰ ਨਾਲਿ, ਸਭ ਬਾਣੀ ਹੋਰ ਲਈ ਲਿਖਾਇ।
ਇਤਨੀ ਵਧੀਕ ਉਸ ਪਾਸੋ ਹੋਈ।
ਜੋ ਭਗਤ ਬਾਣੀ ਆਦਿ ਗ੍ਰੰਥ ਦੀ ਜੁਦਾ ਕਰਿ ਲਿਖੀ ਸੋਈ। (383)
ਆਦਿ ਗ੍ਰੰਥ ਅਤੇ ਦਸਵੀਂ ਪਾਤਿਸ਼ਾਹੀ ਦਾ ਦੋਵੇ ਗ੍ਰੰਥ ਇਕ ਕਰਾਇਆ।
ਦੋਹਾਂ ਗ੍ਰੰਥਾਂ ਦੀ ਜਿਲਦ ਇਕ ਕਰਿ ਬੰਧਾਈ।
ਓਹੁ ਗ੍ਰੰਥ ਕਿਸੇ ਸਿਖ ਗਰੀਬ ਡਿਠਾ ਜਾਈ। (384)
ਦੇਖ ਕੇ ਸਿਖ ਐਸੇ ਬਚਨੁ ਕਰਿਆ।
ਕਹਿਆ ਭਾਈ ਸਿਖਾ ਤੁਧ ਭਗਤ ਜੁਦੇ ਕਿਉਂ ਕਰਿ ਧਰਿਆ।
ਤੁਧ ਬਧੀ ਮ੍ਰਿਜਾਦਾ ਗੁਰੂ ਦੀ ਕੀਤੀ ਹੈ ਤ੍ਰੋੜੀ।
ਤੇਰੇ ਅੰਗ ਜੁਦਾ ਜੁਦਾ ਕੀਤੇ ਚਾਹੀਅਨਿ ਛੋੜੀ। (385)
ਤਬ ਭਾਈ ਮਨੀ ਸਿੰਘ ਹੋਰਾਂ ਐਸੇ ਸਿਖ ਨੂੰ ਕਹਿਆ।
ਭਾਈ ਭਗਤ ਹੈਨ ਗੁਰੂ ਕੇ ਨਫਰ ਬਰੋਬਰ ਬੈਠੇ ਨ ਚਹਿਆ।
ਤਬ ਸਿਖ ਨੇ ਐਸੇ ਬਚਨ ਹੈਸੀ ਕੀਤਾ।
ਜੋ ਖਾਵੰਦ ਨਫਰ ਨੂੰ ਕੁਛੜ ਲੈ ਲੀਤਾ। (386)
ਅਤੇ ਵਧਾਇਆ ਅਪਨੇ ਪਾਸ ਬੈਠਾਇਆ।
ਤਾਂ ਤੂ ਖਾਵੰਦ ਪਾਸੋ ਨਫਰ ਨੂੰ ਦੇਸੀ ਉਠਾਇਆ।
ਭਾਈ ਮਨੀ ਸਿੰਘ ਜੀ ਚੁਪ ਕਰਿ ਗਏ।
ਕਹੇ ਜੀ ਬਚਨੁ ਤੁਸਾਡੇ ਅੰਗ ਅੰਗ ਮੇਰੇ ਜੁਦਾ ਹੋਇ ਰਹੇ। (387)
ਸਿਖੀ ਬਖਸੋ ਸਾਸਾਂ ਨਾਲ ਨਿਭੇ ਮੇਰੀ।
ਸਿਖ ਬਚਨ ਕੀਤਾ ਸਿਖੀ ਅਚਲ ਹੈ ਤੇਰੀ।
ਸੋ ਸਿਖ ਦੇ ਬਚਨ ਕਰੁ ਅੰਗੁ ਅੰਗੁ ਉਨ ਦੇ ਜੁਦਾ ਹੋਏ।
ਵਿਚਿ ਲਹੌਰ ਪਕੜੇ ਆਇ ਜਾਨਤ ਸਭ ਕੋਈ। (388)
**ਸੰਮਤ੍ਰ ਸਤਾਰਾਂ ਸੈ ਪਚਵੰਜੇ,** ਸਿਖਾਂ ਸਾਹਿਬ ਅਗੇ ਬਿਨਤੀ ਸੀ ਕੀਤੀ।
ਗਰੀਬ ਨਿਵਾਜ ਜੇ ਬਚਨ ਹੋਵੈ ਤਾਂ
ਦੋਹਾ ਗ੍ਰੰਥਾਂ ਦੀ ਜਿਲਦ ਇਕ ਚਾਹੀਐ ਕਰਿ ਲੀਤੀ।

ਸਾਹਿਬ ਬਚਨ ਕੀਤਾ ਏਹਿ ਆਦਿ ਗੁਰੂ ਹੈ ਗ੍ਰੰਥ।

ਉਹ ਅਸਾਡੀ ਖੇਡ ਹੈ ਜੁਦਾ ਰਹੇ ਮਨ ਮੰਥ।(389)

(ਛਿੱਬਰ ਕ੍ਰਿਤ 'ਬੰਸਾਵਲੀਨਾਮਾ' ਸੰਪਾਦਕ

ਡਾ ਰਤਨ ਸਿੰਘ ਜੱਗੀ, ਪੰਨੇ 135-136)

## (2) ਛਿੱਬਰ ਵਲੋਂ ਲਿਖੇ ਪ੍ਰਮੁਖ ਤੱਥ ਤੇ ਇਹਨਾਂ ਤੋਂ ਉਪਜਦੀਆਂ ਸੰਭਾਵਨਾਵਾਂ:

ਪਹਿਲਾ ਤੱਥ :-"ਸਮੁੰਦ੍ਰ ਸਾਗਰ ਗ੍ਰੰਥ ਜੀ ਰਸਨੀ ਸਾਹਿਬ ਦੀ ਹੋਰ ਲਗਾ ਬਣਨ ...... ਸੰਮਤੁ ਸਤਾਰਾਂ ਸੈ ਅਠਵੰਜੇ ਸੋ ਗ੍ਰੰਥ ਜੀ ਨਦੀ ਪਵਾਇਆ"---- ਇਥੇ ਸ਼ਬਦ ਸਪੱਸ਼ਟ ਤੌਰ ਉਤੇ ਪਵਾਇਆ ਹੈ, ਪਾਇਆ ਨਹੀਂ। ਕਿਉਂਕਿ ਗੁਰੂ ਸਾਹਿਬ ਉਸ ਸਮੇਂ ਜ਼ਾਹਰ ਜ਼ਹੂਰ ਸਨ, ਇਸ ਕਰਕੇ ਇਸ ਪੰਗਤੀ ਦੇ ਇਹੋ ਅਰਥ ਕਢੇ ਜਾ ਸਕਦੇ ਹਨ ਕਿ ਇਹ ਗ੍ਰੰਥ ਉਹਨਾਂ ਆਪਣੀ ਮਰਜ਼ੀ ਨਾਲ ਨਦੀ ਵਿਚ ਪਵਾਇਆ ਸੀ, ਕਿਉਂਜੋ ਉਹਨਾਂ ਦੀ ਮੌਜੂਦਗੀ ਵਿਚ ਅਜੇਹੀ ਵੱਡਮੁੱਲੀ ਰਚਨਾ (ਜੋ ਉਹਨਾਂ ਆਪ ਉਚਾਰੀ ਸੀ) ਨੂੰ ਉਹਨਾਂ ਦੀ ਮਰਜ਼ੀ ਤੋਂ ਬਗੈਰ ਨਦੀ ਵਿਚ ਪਾਉਣ ਦੀ ਕੋਈ ਸਿੱਖ ਗੁਸਤਾਖੀ ਨਹੀਂ ਸੀ ਕਰ ਸਕਦਾ। ਦੂਸਰੇ ਸ਼ਬਦਾਂ ਵਿਚ ਜਾਂ ਤਾਂ ਇਹ ਕਹਾਣੀ ਹੀ ਗਲਤ ਹੈ, ਜਾਂ ਫੇਰ ਗੁਰੂ ਸਾਹਿਬ ਨੇ 'ਸਮੁੰਦ੍ਰ ਸਾਗਰ ਗ੍ਰੰਥ' ਨੂੰ ਕਾਇਮ ਰਖੀ ਰਖਣਾ ਮੁਨਾਸਬ ਨਾ ਸਮਝਿਆ।

ਦੂਸਰਾ ਤੱਥ :- 'ਸਮੁੰਦ੍ਰ ਸਾਗਰ ਗ੍ਰੰਥ' ਤੋਂ ਇਲਾਵਾ ਗੁਰੂ ਸਾਹਿਬ ਨੇ ਇਕ ਹੋਰ ਗ੍ਰੰਥ 'ਉਚਾਰ ਕੀਤਾ' ਜਿਸ ਵਿਚ "ਅਵਤਾਰ ਲੀਲਾ ਲਿਖੀ ਸੀ ਸੰਪੂਰਨ"। ਪਰੰਤੂ, 'ਇਸ ਗ੍ਰੰਥ ਦੂਜੇ ਦੀਆਂ ਭੀ ਸੰਚੀਆਂ ਖਿੰਡ ਗਈਆਂ। ਜੁਧ ਲੜਾਈ ਕਰਿ ਕੇ ਕਿਧਰੇ -ਕਿਧਰੇ ਸੇ ਗਈਆਂ।"

ਤੀਸਰਾ ਤੱਥ :- "ਏਹੁ ਗ੍ਰੰਥ ਅਉਤਾਰ ਲੀਲਾ ਦਾ ਜੋ ਹੈਸੀ ਬਣਾਇਆ। ਸੋ ਭਾਈ ਮਨੀ ਸਿੰਘ ਮਸੰਦੀ ਜਾਤਿ ਕੰਬੋਉ ਹੋਰਾਂ (ਸਿੱਖਾਂ ਰਾਹੀਂ) ਇੱਕਠਾ ਕਰਵਾਇਆ।" ਅਤੇ ਫੇਰ "ਖਾਸ ਦਸਖਤੀ ਪੜ੍ਰੇ ਲਿਖੇ ਹਥਿ ਆਏ। ਉਨਾਂ ਪਤ੍ਰਾ ਦੇ ਬਰੋਬਰ ਨਾਲਿ ਸਭ ਬਾਣੀ ਹੋਰ ਲਈ ਲਿਖਾਇ।"

ਨੋਟ ਕਰਨ ਵਾਲੀ ਗੱਲ ਇਕ ਤਾਂ ਇਹ ਹੈ ਕਿ ਇੱਕਠੀ ਕੀਤੀ ਬਾਣੀ ਵਿਚੋਂ ਖਾਸ ਨਿਖਰਵਾਂ ਜ਼ਿਕਰ ਕੇਵਲ 'ਅਵਤਾਰ ਲੀਲਾ' ਤੇ 'ਖਾਸ ਦਸਖਤੀ ਪਤ੍ਰਾਂ' ਦਾ ਹੈ 'ਦਸਮ ਗ੍ਰੰਥ' ਵਿਚ ਦਿਤੀਆਂ ਹੋਰ ਲਿਖਤਾਂ ਦਾ ਨਹੀਂ। ਦੂਸਰੇ, ਭਾਈ ਮਨੀ ਸਿੰਘ ਜੀ ਨੇ ਖਾਸ ਪਤ੍ਰਾਂ ਦੇ ਬਰੋਬਰ ਹੋਰ ਸਭ ਬਾਣੀ ਲਈ ਲਿਖਾਇ: ਪਰ ਏਥੇ ਇਹ ਸਪੱਸਟ ਨਹੀਂ ਕੀਤਾ ਗਿਆ ਹੈ ਕਿ ਇਹ ਹੋਰ ਬਾਣੀ ਕਿਹੜੀ ਸੀ।

ਚੌਥਾ ਤੱਥ :- ਭਾਈ ਮਨੀ ਸਿੰਘ ਜੀ ਵਲੋਂ (ਦਸਮ ਗ੍ਰੰਥ ਸੰਬੰਧੀ) ਸਾਹਿਤ ਸੰਕਲਨ ਬਾਰੇ ਕੀਤੀ ਕਾਰਗੁਜ਼ਾਰੀ ਨੂੰ ਸਮਕਾਲੀ ਸਿੱਖਾਂ ਅਭੁੱਲ ਨਹੀਂ ਸੀ ਸਮਝਿਆ। ਸਗੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣੇ ਵਲੋਂ ਨਵੀ ਤਰਤੀਬ ਦੇਣ ਬਦਲੇ

ਭਾਈ ਮਨੀ ਸਿੰਘ ਜੀ ਨੂੰ ਸਰਾਪਿਆ ਗਿਆ।

ਪੰਜਵਾਂ ਤੱਥ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨਾਲ ਤੁੱਲਤਾ ਦੇਣੋਂ ਇਨਕਾਰ ਕਰ ਦਿੱਤਾ। ਉਹਨਾਂ ਸਪੱਸ਼ਟ ਕੀਤਾ ਕਿ "ਏਹਿ ਆਦਿ ਗੁਰੂ ਹੈ ਗ੍ਰੰਥ", ਜਦਕਿ ਉਹਨਾਂ ਦੀ ਆਪਣੀ ਰਚਨਾ ਇਕ 'ਖੇਡ' ਹੈ।

## (3) ਇਤਿਹਾਸਕ ਪਰੀਖਿਆ :-

ਇਤਿਹਾਸਕ ਪਰੀਖਿਆ ਦੇ ਪਖੋਂ ਇਕ ਤਾਂ ਇਹ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜੋ ਅਤੇ ਜੋ ਵੀ ਲਿਖਤੀ ਰੂਪ ਵਿਚ ਰਚਨਾ ਹੋਈ, ਉਹ ਜਾਂ ਤਾਂ ਪਾਣੀ ਵਿਚ ਅਲੋਪ ਹੋ ਗਈ, ਜਾਂ ਜੁੱਧ-ਜੰਗ ਕਰਕੇ (ਜਿਲਦ ਨਾ ਬੱਝੀ ਹੋਣ ਵਜੋਂ) ਅਣਬੱਝਵੀਂ ਹਾਲਤ ਵਿਚ ਦੂਰ ਦੁਰਾਡੇ ਖਿੰਡ-ਪੁੰਡ ਗਈ। ਏਥੋਂ ਤਕ ਕਿ ਸਮੁੰਦ੍ਰ ਸਾਗਰ ਗ੍ਰੰਥ ਦਾ ਕੋਈ ਕੋਈ ਪਤਰਾ ਸਿੱਖਾਂ ਦੇ ਹਥਿ ਆਇਆ, ਅਤੇ ਦੂਜੇ ਗ੍ਰੰਥ ਦੇ ਵੀ ਸੱਤ ਪਤ੍ਰੇ ਅਨੰਦਪੁਰ ਸਾਹਿਬ ਤੋਂ ਕਿਤੇ ਦੂਰ ਲਾਹੌਰ ਇਕ ਸਿੱਖ ਪਾਸ ਪੁਜੇ। ਇਸ ਵਾਸਤੇ ਇਹ ਨਿਸ਼ਚਤ ਨਹੀਂ ਕੀਤਾ ਜਾ ਸਕਦਾ ਕਿ ਯਕੀਨੀ ਤੌਰ ਤੇ ਕੀ ਕੀ ਰਚਨਾ ਸੀ ਅਤੇ ਕਿਸ ਕਿਸ ਦੀ ਕ੍ਰਿਤ ਸੀ?

ਦੂਸਰੇ, ਭਾਈ ਮਨੀ ਸਿੰਘ ਜੀ ਜਦੋਂ ਸੰਮਤ 1782 ਵਿਚ (ਅਰਥਾਤ ਗੁਰੂ ਸਾਹਿਬ ਦੇ ਜੋਤੀ ਜੋਤੀ ਸਮਾਉਣ ਦੇ 17 ਸਾਲ ਪਿਛੋਂ) ਅੰਮ੍ਰਿਤਸਰ ਆਏ, ਤਦ ਹੀ ਇਹ ਰਚਨਾ ਢੂੰਡਣ ਦਾ ਕਾਰਜ ਸ਼ੁਰੂ ਹੋਇਆ। ਇਹ 17 ਸਾਲ ਦਾ ਵਕਫ਼ਾ ਵੀ ਉਪਰੋਕਤ ਰਚਨਾਵਾਂ ਦੇ ਅਨਿਸ਼ਚਤ ਹੋਣ ਦਾ ਇਕ ਹੋਰ ਸੰਕੇਤ ਹੋ ਸਕਦਾ ਹੈ।

ਤੀਸਰੇ, ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕਿਹੜੀ ਕਿਹੜੀ ਰਚਨਾ, ਕਿਸ ਕਿਸ ਨੇ, ਕਿਸ ਕਿਸ ਪਾਸੋਂ ਇਕੱਠੀ ਕੀਤੀ। ਇਸ ਵਾਕਫ਼ੀਅਤ ਤੋਂ ਬਿਨਾ ਭਾਈ ਮਨੀ ਸਿੰਘ ਜੀ ਵਲੋਂ ਕਥਿਤ ਇਕਠੇ ਕਰਵਾਏ ਸਾਹਿਬ ਦੀ ਠੋਕਵੀਂ ਅਸਲੀਅਤ (ਪ੍ਰਮਾਣਿਕਤਾ) ਇਤਿਹਾਸਕਾਰੀ ਦੇ ਵਿਗਿਆਨਕ ਕਾਰਜ-ਢੰਗ ਅਨੁਸਾਰ ਕਾਇਮ ਨਹੀਂ ਕੀਤੀ ਜਾ ਸਕਦੀ।

ਚੌਥੇ, ਉਪਲਬਧ 'ਦਸਮ ਗ੍ਰੰਥ' ਵਿਚ ਸ਼ਾਮਲ ਰਚਨਾਵਾਂ ਵਿਚੋਂ ਜੁੱਧਾਂ-ਜੰਗਾਂ ਕਾਰਣ ਖਿੰਡ-ਪੁੰਡ ਜਾਣ ਤੋਂ ਪਹਿਲੋਂ ਦੇ ਸਮੇਂ ਦੇ ਸਾਹਿਤ ਬਾਰੇ ਨਿਖਰਵਾਂ ਜ਼ਿਕਰ ਛਿੱਬਰ ਕੇਵਲ 'ਅਵਤਾਰ ਲੀਲਾ' ਦਾ ਕਰਦਾ ਹੈ: ਅਤੇ ਭਾਈ ਮਨੀ ਸਿੰਘ ਜੀ ਵਲੋਂ ਕਥਿਤ ਇਕੱਠੇ ਕਰਵਾਏ ਸਾਹਿਤ ਬਾਰੇ ਕੇਵਲ 'ਅਵਤਾਰ ਲੀਲਾ' ਤੇ 'ਖ਼ਾਸ ਦਸਤਖਤੀ ਪਤ੍ਰਾਂ' ਦਾ ਇਸ ਤੋਂ ਬਿਨਾ ਬਾਕੀ ਦੀਆਂ ਰਚਨਾਵਾਂ ਬਾਰੇ ਅਸਿੱਧਾ ਜ਼ਿਕਰ ਕੇਵਲ ਇਸ ਇਕ ਪੰਗਤੀ ਵਿਚ ਮੁਕਾ ਦੇਂਦਾ ਹੈ ਕਿ- "ਉਨ੍ਹਾਂ ਪਤ੍ਰਾਂ ਦੇ ਬਰੋਬਰ ਨਾਲਿ, ਸਭ ਬਾਣੀ ਹੋਰ ਲਈ ਲਿਖਾਇ।" ਛਿੱਬਰ ਦੇ ਇਸ ਤਰ੍ਹਾਂ ਲਿਖਣ ਦੀ ਸ਼ੈਲੀ ਅਜੇਹੀ ਹੈ ਕਿ ਪਾਠਕ ਨੂੰ ਸਪੱਸ਼ਟ ਤੌਰ ਉਤੇ ਕੁਝ ਪੱਲੇ ਪਾਉਣ ਦੀ ਥਾਂ, ਸਗੋਂ ਉਸ ਨੂੰ ਭੰਬਲ ਭੂਸਿਆਂ ਵਿਚ ਪਾ ਦੇਂਦੀ ਹੈ। 'ਸਭ ਬਾਣੀ ਹੋਰ' ਤੋਂ ਭਾਵ ਕਿਹੜੀ ਬਾਣੀ ਦਾ ਹੈ ? ਅਤੇ 'ਲਿਖਾਇ' ਤੋਂ ਭਾਵ ਮੁਢਲੀ (ਪਹਿਲਾਂ ਹੀ ਲਿਖੀ ਹੋਈ) ਲਿਖਤ ਦਾ ਹੈ, ਜਾਂ ਆਪਣੇ ਵਲੋਂ ਬਣਾਈ

ਕਿਸੇ ਨਵੀਂ ਲਿਖਤ ਦਾ? ਮੂਲ ਮੁੱਦਾ ਇਹ ਹੈ ਕਿ ਉਪਲਬਧ 'ਦਸਮ ਗ੍ਰੰਥ' ਵਿਚ ਸ਼ਾਮਲ ਰਚਨਾਵਾਂ ਵਿਚੋਂ 'ਅਵਤਾਰ ਲੀਲਾ' ਅਤੇ 'ਖ਼ਾਸ ਦਸਤਖ਼ਤੀ ਪਤ੍ਰਾਂ' ਤੋਂ ਇਲਾਵਾਂ ਬਾਕੀਆਂ ਦਾ ਛਿੱਬਰ ਨੇ ਕੋਈ ਸਪੱਸ਼ਟ ਨੋਟਿਸ ਲਿਆ ਹੀ ਨਹੀਂ। ਦੂਸਰੇ ਸ਼ਬਦਾਂ ਵਿਚ ਉਹਨਾਂ ਰਚਨਾਵਾਂ ਬਾਰੇ ਛਿੱਬਰ ਦੀ ਲਿਖਤ ਦੇ ਆਧਾਰ ਤੇ ਕੋਈ ਨਿਸ਼ਚਤ ਇਤਿਹਾਸਕ ਰਾਏ ਕਾਇਮ ਨਹੀਂ ਕੀਤੀ ਜਾ ਸਕਦੀ।

## (4) ਸਾਰ ਅੰਸ਼

ਸਾਰ ਅੰਸ਼ ਇਹ ਹੈ ਕਿ ਨਾ ਤਾਂ ਭਾਈ ਮਨੀ ਸਿੰਘ ਜੀ ਵਲੋਂ ਸਾਹਿਤ ਇਕੱਠਾ ਕਰਨ ਦੇ ਵਰਤਾਰੇ (ਪ੍ਰਕਿਰਿਆ) ਦੀ ਠੋਕਵੀਂ ਅਸਲੀਅਤ (ਪ੍ਰਮਾਣਿਕਤਾ) ਕਾਇਮ ਹੋ ਸਕਦੀ ਹੈ: ਅਤੇ ਨਾ ਹੀ, ਸਿਵਾਏ 'ਅਵਤਾਰ ਲੀਲਾ' ਰਚਨਾ ਦੇ, ਉਹਨਾਂ ਵਲੋਂ ਕਥਿਤ ਇਕੱਠਾ ਕਰਵਾਏ ਸਾਹਿਤ ਦੀ। ਕਿਉਂਕਿ 'ਖ਼ਾਸ ਦਸਤਖ਼ਤੀ ਪਤ੍ਰਾਂ ਦਾ ਜ਼ਿਕਰ ਵੀ ਕੇਵਲ ਮਨੀ ਸਿੰਘ ਜੀ ਵਲੋਂ ਇਕੱਠੇ ਕਰਵਾਏ ਸਾਹਿਤ ਦੇ ਸੰਬੰਧ ਵਿਚ ਆਇਆ ਹੈ, ਗੁਰੂ ਸਾਹਿਬ ਦੇ ਸਮਕਾਲੀ ਸਾਹਿਤ ਦੇ ਸੰਬੰਧ ਵਿਚ ਨਹੀਂ; ਇਸ ਵਾਸਤੇ 'ਬੰਸਾਵਲੀਨਾਮੇ' ਦੇ ਆਧਾਰ ਉਤੇ, ਸਿਵਾਏ 'ਅਵਤਾਰ ਲੀਲਾ' ਰਚਨਾ ਦੇ, ਕਿਸੇ ਵੀ ਹੋਰ ਰਚਨਾ ਨੂੰ ਗੁਰੂ ਸਾਹਿਬ ਦੇ ਸਮਕਾਲੀ ਸਾਹਿਤ ਨਾਲ ਜੋੜਨ ਦਾ ਠੋਸ ਇਤਿਹਾਸਕ ਵਸੀਲਾ ਨਹੀਂ ਮਿਥਿਆ ਜਾ ਸਕਦਾ। ਗੁਰੂ ਸਾਹਿਬ ਨੂੰ ਉਪਰੋਕਤ ਰਚਨਾਵਾਂ ਦਾ ਕਰਤਾ ਸਿੱਧ ਕਰਨ ਦੀ ਸਮੱਸਿਆ ਤਾਂ ਹੋਰ ਦੂਰ ਦਾ ਮਸਲਾ ਹੈ। ਇਸ ਮਨੋਰਥ ਲਈ ਅੱਜ ਤਕ ਜੋ ਵੀ ਜਤਨ ਕੀਤੇ ਗਏ ਹਨ, ਉਹ ਸਭ ਖਿੱਚ-ਧੂਹ ਕੇ ਲਾਏ ਗਏ ਅਨੁਮਾਨਾਂ ਉਤੇ ਹੀ ਆਧਾਰਤ ਹਨ, ਠੋਸ ਇਤਿਹਾਸਕ ਤੱਥਾਂ ਉਤੇ ਨਹੀਂ। ਅਨੁਮਾਨ ਆਪੋ ਆਪਣੀ ਰੁਚੀ ਅਨੁਸਾਰ ਜੋ ਜੀਅ ਚਾਹੇ ਲਾਏ ਜਾ ਸਕਦੇ। ਇਸ ਵਾਸਤੇ ਜੇ ਕੋਈ ਬਾਕੀ ਸਵਾਲ ਵੀਚਾਰਨਯੋਗ ਹੈ ਤਾਂ ਉਹ 'ਅਵਤਾਰ ਲੀਲਾ' ਰਚਨਾ ਦਾ ਹੈ।

## (5) 'ਅਵਤਾਰ ਲੀਲਾ' ਰਚਨਾ

'ਅਵਤਾਰ ਲੀਲਾ' ਰਚਨਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੱਸਣ ਵਾਲਾ ਇਕੋ ਇਕ ਅਰਧ-ਸਮਕਾਲੀ ਇਤਿਹਾਸਕਾਰ 'ਛਿੱਬਰ' ਹੈ। 'ਅਵਤਾਰ ਲੀਲਾ' ਰਚਨਾ ਦਾ ਦੂਸਰਾ ਜ਼ਿਕਰ 'ਮਹਿਮਾ ਪ੍ਰਕਾਸ਼' ਗ੍ਰੰਥ ਵਿਚ ਹੈ, ਜਿਥੇ ਇਸ ਨੂੰ 'ਵਿਦਿਆ ਸਾਗਰ' ਗ੍ਰੰਥ ਦਾ ਹਿੱਸਾ ਹੋਣਾ ਦਸਿਆ ਗਿਆ ਹੈ। ਪਰ ਅਸੀਂ ਵੇਖ ਚੁਕੇ ਹਾਂ ਕਿ 'ਮਹਿਮਾ ਪ੍ਰਕਾਸ਼' ਅਨੁਸਾਰ ਹੀ 'ਵਿਦਿਆ ਸਾਗਰ' ਵਿਚਲੀਆਂ ਰਚਨਾਵਾਂ ਦਾ ਸ੍ਰੋਤ ਜਾਂ ਤਾਂ ਵੇਦ ਵਿਦਿਆ ਦੇ ਪੰਜਾਬੀ (ਗੁਰਮੁਖੀ) ਉਲਥੇ ਸਨ, ਜਾਂ ਫੇਰ ਨਨੂਆ, ਸਿਆਮ ਆਦਿ ਕਵੀ। 'ਵਿਦਿਆ ਸਾਗਰ' ਵਿਚਲੀ ਕਿਸੇ ਰਚਨਾ ਦਾ ਕਰਤਾ ਗੁਰੂ ਸਾਹਿਬ ਦੇ ਹੋਣ ਦਾ ਕਤਈ ਜ਼ਿਕਰ ਨਹੀਂ।

ਇਕ ਗੱਲ ਤਾਂ ਇਹ ਕਿ ਛਿੱਬਰ ਨੂੰ ਬਹੁਤਾ ਭਰੋਸੇਯੋਗ ਇਤਿਹਾਸਕਾਰ ਨਹੀਂ ਮੰਨਿਆ ਜਾ ਸਕਦਾ। ਉਹ 'ਬੰਸਾਵਲੀਨਾਮਾ' ਦੇ ਸ਼ੁਰੂ ਵਿਚ ਹੀ ਆਪ ਸਪੱਸ਼ਟ ਕਰਦਾ ਹੈ ਕਿ ਉਸ ਲਿਖਤ ਦੀ ਸਮੱਗਰੀ "ਸੁਨੀ ਸੁਨਾਈ ਜੋਇ ਰਹੀ ਹੈ ਯਾਦ" ਉਤੇ ਆਧਾਰਤ ਹੈ (ਬੰਸਾਵਲੀਨਾਮਾ, ਸੰਪਾਦਕ: ਡਾ ਰਤਨ ਸਿੰਘ ਜੱਗੀ, ਪੰਨਾ 1)। ਏਹੋ

ਸਪੱਸ਼ਟੀਕਰਣ ਉਹ 'ਬੰਸਾਵਲੀਨਾਮਾ' ਵਿਚ ਫੇਰ ਕਈ ਵਾਰ ਦੁਹਰਾਉਂਦਾ ਹੈ (ਪੰਨੇ 2,7,11,122,135)। ਉਸ ਨੇ 'ਬੰਸਾਵਲੀਨਾਮਾ' ਬਹੱਤਰ ਸਾਲ ਦੇ ਕਰੀਬ ਉਮਰ ਵਿਚ ਲਿਖਿਆ, ਜਿਸ ਕਾਰਣ ਬਚਪਨ ਵਿਚ ਸੁਣੀਆਂ ਗੱਲਾ (ਪੰਨਾ 11) ਬਾਰੇ ਬੁਢੇਪੇ ਵਿਚ ਭੁਲੇਖਾ ਖਾ ਜਾਣਾ ਐਨ ਸੰਭਵ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਛਿੱਬਰ ਬ੍ਰਾਹਮਣਵਾਦ ਤੋਂ ਬਹੁਤ ਪ੍ਰਭਾਵਤ ਹੈ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਵਿਸ਼ਨੂੰ ਦਾ ਅਵਤਾਰ ਸਿੱਧ ਕਰਨ ਦਾ ਜਤਨ ਕੀਤਾ ਹੈ।

**"ਵਿਸ਼ਨ ਅਉਤਾਰ ਸਹੀ ਤੂ ਜਗ ਮਹਿ ਆਇਆ।"**

(ਪੰਨ। 119, 120,121)

ਬ੍ਰਾਹਮਣਾਂ ਦੀ ਮਨੌਤੀ ਕਰਨ ਦੀ ਉਹ ਬਾਰਬਾਰ ਪ੍ਰੇਰਨਾ ਕਰਦਾ ਹੈ (ਪੰਨੇ 100,103,116,118,121,132 ਆਦਿ)। ਏਥੋਂ ਤਕ ਕਿ ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਡੇਰੇ ਜਾਇ ਤਿਨਾ ਦਿਜਨ (ਬ੍ਰਾਹਮਣਾਂ) ਦੇ ਚਰਨ ਧੁਆਏ। ਚਰਨ ਧੁਆਏ ਚਰਨਾਮ੍ਰਤ ਲੀਤਾ' (ਪੰਨਾ 103)

ਇਤਿਹਾਸਕਾਰੀ ਦਾ ਇਕ ਮੰਨਿਆ-ਪ੍ਰਮੰਨਿਆ ਬੁਨਿਆਦੀ ਅਸੂਲ (postulate) ਹੈ ਕਿ ਇਤਿਹਾਸਕਾਰ ਦੇ ਹਾਂ-ਪੱਖੀ ਤੇ ਨਾਂਹ-ਪੱਖੀ ਤਰਕ (Biases and prejudices) ਉਸ ਦੀ ਲਿਖਤ ਵਿਚ ਅਣਭੋਲ ਵੜ ਸਕਦੇ ਹਨ। ਕਈ ਵਿਦਵਾਨ ਤਾਂ ਏਥੋਂ ਤਕ ਮੰਨਦੇ ਹਨ ਕਿ ਕੋਈ ਵੀ ਇਤਿਹਾਸਕਾਰ ਅਜਿਹੇ ਸੰਸਕਾਰਾਂ ਤੋਂ ਨਿਰਲੇਪ ਹੋ ਕੇ ਲਿਖ ਹੀ ਨਹੀਂ ਸਕਦਾ। ਇਸ ਵਾਸਤੇ ਐਨ ਸੰਭਵ ਹੈ ਕਿ ਛਿੱਬਰ ਨੇ ਆਪਣੇ ਅਵਤਾਰਵਾਦੀ ਅਤੇ ਬ੍ਰਾਹਮਣਵਾਦੀ ਸੰਸਕਾਰਾਂ ਦੇ ਅਸਰ ਹੇਠ, ਇਤਿਹਾਸਕਾਰੀ ਦੀ ਪੁਖਤਾ ਸੀਤਾ-ਰੇਖਾ ਨੂੰ ਟੱਪ ਕੇ, **ਗੁਰੂ ਸਾਹਿਬ ਨੂੰ ਅਖੌਤੀ 'ਅਵਤਾਰ ਲੀਲਾ' ਰਚਨਾ ਦਾ ਕਰਤਾ ਥਾਪਿਆ।**

ਗੁਰੂ ਸਾਹਿਬ ਦੇ 'ਅਵਤਾਰ ਲੀਲਾ' ਰਚਨਾ ਦਾ ਕਰਤਾ ਨਾ ਹੋਣਾ, ਕੇਵਲ ਉਪਰੋਕਤ ਅਨੁਮਾਨ ਉਤੇ ਹੀ ਨਿਰਭਰ ਨਹੀਂ। ਠੋਸ ਤੱਥ ਵੀ ਹਨ ਜੋ ਇਸ ਸਿਧਾਂਤ ਦੀ ਪੁਸ਼ਟੀ ਕਰਦੇ ਹਨ। ਇਕ ਤਾਂ ਇਹ ਹੈ ਕਿ 'ਦਸਮ ਗ੍ਰੰਥ' ਵਿਚਲੀ ਚੌਬੀਸ ਅਵਤਾਰ ਦੀ ਰਚਨਾ (ਅਰਥਾਤ 'ਅਵਾਤਰ ਲੀਲਾ' ਰਚਨਾ) ਦੇ ਕਵੀਆਂ ਨੇ ਆਪਣੀਆਂ ਕਵੀ-ਛਾਪਾਂ ਰਾਮ, ਸਿਆਮ, ਕਾਲ ਆਦਿ ਦਿੱਤੀਆਂ ਹਨ। ਗੁਰੂ ਸਾਹਿਬ ਦਾ ਕਿਧਰੇ ਨਾਮ ਨਹੀਂ। ਕਈ ਵਿਦਵਾਨਾਂ ਨੇ ਖਿੱਚ ਧੂਹ ਕੇ ਲਾਏ ਅਨੁਮਾਨਾਂ ਰਾਹੀਂ ਇਹਨਾਂ ਕਵੀ-ਛਾਪਾਂ ਨੂੰ ਗੁਰੂ ਸਾਹਿਬ ਨਾਲ ਜੋੜਨ ਦਾ ਜਤਨ ਕੀਤਾ ਹੈ, ਪਰ ਡਾ ਜੱਗੀ ਨੇ ਇਹਨਾਂ ਅਨੁਮਾਨਾਂ ਦਾ ਪੋਲ ਭਲੀ ਪ੍ਰਕਾਰ ਖੋਲ੍ਹ ਦਿਤਾ ਹੈ। (ਕਰਤ੍ਰਿਤਵ, ਪੰਨੇ 47-58)।

ਦੂਸਰਾ ਪੱਕਾ ਤੱਥ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਬਾਣੀ ਅਵਤਾਰਵਾਦ ਦੀ ਸਪੱਸ਼ਟ ਤੌਰ ਤੇ ਨਿਖੇਧੀ ਕਰਦੀ ਹੈ। (ਵੇਖੋ ਪ੍ਰਿੰਸੀਪਲ ਸਾਹਿਬ ਦਾ ਇਸ ਸੰਬੰਧੀ ਲੇਖ)।

ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ (ਛਿੱਬਰ ਮੁਤਾਬਕ ਹੀ) ਗੁਰੂ ਸਾਹਿਬ

ਨੇ ਦੋਹਾਂ ਗ੍ਰੰਥਾਂ ਨੂੰ ਇਕੱਠਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ, ਕਿਉਂਕਿ "ਸਾਹਿਬ ਬਚਨ ਕੀਤਾ, ਏਹਿ ਆਦਿ ਗੁਰੂ ਹੈ ਗ੍ਰੰਥ। ਓਹੁ ਅਸਾਡੀ ਖੇਡ ਹੈ, ਜੁਦਾ ਰਹੇ ਮਨ ਮੰਥ" (ਪੰਨਾ 136)। ਦੂਸਰੇ ਸ਼ਬਦਾਂ ਵਿਚ ਗੁਰੂ ਹੋਣ ਕਰਕੇ ਧਾਰਮਿਕ ਸਿਧਾਂਤਾਂ ਦੀ ਕੇਵਲ ਇਕ (ਇਕੋ ਇਕ) ਕਸਵੱਟੀ ਹੈ- ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ। ਦੂਸਰੇ ਕਥਿਤ ਗ੍ਰੰਥ ਨੂੰ ਤਾਂ ਗੁਰੂ ਸਾਹਿਬ ਨੇ ਆਪਣੀ 'ਖੇਡ' ਦਸਿਆ ਹੈ। ਅਰਥਾਤ ਸਿੱਖ ਮਤ ਦਾ ਪੂਜਨੀਕ ਗ੍ਰੰਥ (Scripture) ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਹੜਾ ਸਿੱਖਾਂ ਲਈ ਅਭੁੱਲ ("ਅਭੁਲੁ ਗੁਰੂ ਕਰਤਾਰ") ਅਤੇ ਅਨਿੰਨ ਸ਼ਰਧਾਯੋਗ ਹੈ। ਹੋਰ ਕੋਈ ਵੀ ਗ੍ਰੰਥ ਸਿੱਖਾ ਦੀ ਅਨਿੰਨ ਸ਼ਰਧਾ ਦਾ ਹੱਕਦਾਰ ਨਹੀਂ।

ਇਸ ਵਾਸਤੇ ਜੇ 'ਅਵਤਾਰ ਲੀਲਾ' ਰਚਨਾ ਨੂੰ ਢੀਠ ਦਲੀਲਬਾਜੀ ਵਜੋਂ ਗੁਰੂ ਸਾਹਿਬ ਦੀ ਆਪਣੀ ਰਚਨਾ ਹੋਣਾ ਮੰਨ ਵੀ ਲਿਆ ਜਾਏ, ਤਾਂ ਵੀ ਇਸ ਨੂੰ ਇਕ 'ਖੇਡ' ਵਜੋਂ ਹੀ ਮੰਨਿਆ ਜਾ ਸਕਦਾ ਹੈ, ਧਾਰਮਿਕ ਸਿਧਾਂਤਾਂ ਦੀ ਪ੍ਰਮਾਣਿਕ ਕਸਵੱਟੀ ਵਜੋਂ ਨਹੀਂ। ਚੌਬੀਸ ਅਵਤਾਰ ਅਰਥਾਤ 'ਅਵਤਾਰ ਲੀਲਾ' 'ਬਚਿਤ੍ਰ ਨਾਟਕ ਦਾ ਹੀ ਹਿੱਸਾ ਹੈ, ਅਤੇ ਨਾਟਕ ਦੇ ਅਰਥ ਹਨ 'ਡਰਾਮਾ'। ਅਤੇ ਡਰਾਮੇ ,'ਖੇਡ' ਵਜੋਂ ਕਈ ਤਰ੍ਹਾਂ ਦੇ ਮਨੋਰਥਾਂ ਨੂੰ ਮੁਖ ਰਖਕੇ ਲਿਖੇ ਜਾਂਦੇ ਹਨ, ਮਹਿਜ਼ ਮਨੋਰੰਜਨ ਲਈ ਵੀ।

## (6) ਉਪਲੱਬਧ 'ਦਸਮ ਗ੍ਰੰਥ' :

ਇਤਿਹਾਸਕਾਰੀ ਦਾ ਇਹ ਪੱਕਾ ਨਿਯਮ ਹੈ ਕਿ ਕਿਸੇ ਵੀ ਇਤਿਹਾਸਕ ਰਚਨਾ ਦੀ ਠੋਕਵੀਂ ਅਸਲੀਅਤ (ਪ੍ਰਮਾਣਿਕਤਾ) ਨੂੰ ਪਹਿਲ ਦੇ ਕੇ ਕੋਈ ਨਿਰਣੈ ਕੀਤਾ ਜਾਏ। ਕਿਉਂਕਿ ਜਿਸ ਇਤਿਹਾਸਕ ਰਚਨਾ ਦੀ ਪ੍ਰਮਾਣਿਕਤਾ (authenticity) (ਸ਼ੱਕੀ ਹੋਵੇ, ਉਸ ਉਪਰ ਆਧਾਰਤ ਸਾਰੀ ਇਤਿਹਾਸਕ ਵਿਆਖਿਆ ਵੀ ਸ਼ੱਕੀ ਹੋ ਜਾਂਦੀ ਹੈ।

ਉਪਲੱਬਧ 'ਦਸਮ ਗ੍ਰੰਥ' ਦੀਆਂ ਮੰਨੀਆਂ-ਪ੍ਰਮੰਨੀਆਂ ਚਾਰ ਮੁਢਲੀਆਂ ਬੀੜਾਂ ਹਨ। ਡਾਕਟਰ ਜੱਗੀ ਲਿਖਦੇ ਹਲ ਕਿ "ਉਪਰੋਕਤ ਬੀੜਾਂ ਦੇ ਬਾਣੀ-ਕ੍ਰਮ, ਬਾਣੀ ਸੰਖਿਆ, ਅਤੇ ਛੰਦ ਸੰਖਿਆ ਵਿਚ ਅਸਮਾਨਤਾ; ਮੰਗਲਿਕ, ਆਰੰਭਕ ਤੇ ਕਰਤ੍ਰਿੱਤਵ-ਸੂਚਕ ਉਕਤੀਆਂ ਵਿਚ ਭੇਦ ਤੇ ਪਾਠਾਂਤਰ; ਅਤੇ ਕੁਝ ਰਚਨਾਵਾਂ ਦੇ ਕ੍ਰਮ ਜਾਂ ਖੰਡਾਂ ਦੀ ਵੰਡ ਵਿਚ ਫਰਕ; ਆਦਿ ਗੱਲਾਂ ਵੇਖਣਯੋਗ ਹਨ।" (ਦਸਮ ਗ੍ਰੰਥ ਦਾ ਕਰਤ੍ਰਿੱਤਵ ਪੰਨਾ 91) ਅਰਥਾਤ ਇਹ ਚਾਰ ਪ੍ਰਾਚੀਨ ਬੀੜਾਂ ਉਪਰੋਕਤ ਫਰਕਾਂ (ਜੋ ਮਾਮੂਲੀ ਨਹੀਂ) ਕਾਰਣ ਆਪਸ ਵਿਚ ਮਿਲਦੀਆਂ ਨਹੀਂ।

ਪ੍ਰਾਚੀਨ ਬੀੜਾਂ ਦਾ ਇਤਿਹਾਸਕ ਪੁਰਾ-ਖੋਜ ਲੱਭਣ ਦੀ ਵੀ ਡਾਕਟਰ ਜੱਗੀ ਨੇ ਬੜੀ ਕੋਸ਼ਿਸ਼ ਕੀਤੀ ਹੈ। ਉਹਨਾਂ ਦੀ ਖੋਜ ਮੁਤਾਬਕ :-

ਭਾਈ ਮਨੀ ਸਿੰਘ ਵਾਲੀ ਬੀੜ ਮਹਾਰਾਜਾ ਰਣਜੀਤ ਸਿੰਘ ਦੇ ਮੁਲਤਾਨ ਜਿੱਤਣ ਵੇਲੇ (1818 ਈ) ਕਿਸੇ ਸਿੱਖ-ਸੈਨਿਕ ਨੂੰ ਲੁੱਟ ਵਿਚ ਪ੍ਰਾਪਤ ਹੋਈ ਸੀ। ਇਸ ਤੋਂ ਪਹਿਲੋਂ ਦੇ ਇਤਿਹਾਸ ਦੀ ਕੋਈ ਜਾਣਕਾਰੀ ਨਹੀਂ ਮਿਲ ਸਕੀ। (ਪੰਨਾ 92)

ਮੋਤੀ ਬਾਗ (ਪਟਿਆਲਾ) ਵਾਲੀ ਬੀੜ ਦੇ ਲਿਖੇ ਜਾਣ ਦਾ ਸਮਾਂ ਗਿਆਨੀ

ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' (ਪੰਨਾ 306) ਮੁਤਾਬਕ ਸੰਮਤ 1832 ਬਿਕਰਮੀ ਦੇ ਬਾਅਦ ਦਾ ਹੈ, ਅਤੇ ਇਸ ਨੂੰ ਲਿੱਖਣ ਵਾਲਾ ਸੁਖਾ ਸਿੰਘ ਗ੍ਰੰਥੀ ਦਾ ਪੁੱਤਰ ਚੜ੍ਹਤ ਸਿੰਘ ਸੀ। (ਕਰਤ੍ਰਿੱਤਵ, ਪੰਨਾ 94) 'ਪੰਥ ਪ੍ਰਕਾਸ਼' ਵਿਚ ਹੀ ਲਿਖਿਆ ਹੈ ਕਿ:-

ਸੁਖਾ ਸਿੰਘ ਗ੍ਰੰਥੀ ਔਰ। ਰਚੀ ਬੀੜ ਪਟਨੇ ਮੇਂ ਗੌਰ।

---- ----- ------

ਪੁਨਾ ਚੜਤ ਸਿੰਘ ਤਾਕੇ ਪੂਤ। ਅਖਰ ਦਸਮ ਗੁਰੂ ਸਮਸੂਤ।<br>
ਕਰ ਕੇ ਪਾਂਚ ਪਤ੍ਰੇ ਔਰ। ਗੁਰ ਤਰਫੋ ਲਿਖ ਪਾਏ ਗੌਰ।<br>
ਔਰ ਗ੍ਰੰਥ ਇਕ ਵੈਸਾ ਕੀਓ। ਸੋ ਬਾਬੇ ਹਾਕਮ ਸਿੰਘ ਲੀਓ।<br>
ਸੋ ਗੁਰਦਵਾਰੇ ਮੋਤੀ ਬਾਗ। ਹੈ ਅਬ ਹਮਨੇ ਪਿਖਿਓ ਵਿਲਾਗ।<br>
ਔਰੈਂ ਗ੍ਰੰਥ ਕਈ ਉਨ ਲਿਖੇ। ਅਖਰ ਗੁਰ ਸਮ ਹੈ ਹਮ ਪਿਖੈ।<br>
ਦਸਖਤ ਦਸਮ ਗੁਰੂ ਕੇ ਕਹਿਕੇ। ਕੀਮਤ ਲਈ ਚੌਗਨੀ ਚਹਿਕੇ।

- (ਪੰਥ ਪ੍ਰਕਾਸ਼, ਪੰਨਾ 306 ਤੇ 'ਕਰਤ੍ਰਿੱਤਵ' ਪੰਨਾ 130)

ਸੋ ਇਹ ਹੈ ਮੋਤੀਬਾਗ ਵਾਲੀ ਬੀੜ ਦੀ ਵਿਥਿਆ, ਜਿਸ ਵਿਚ ਪੈਸੇ ਬਟੋਰਨ ਖਾਤਰ ਜਾਅਲਸਾਜ਼ੀ ਨਾਲ ਕੀਤੀ ਗਈ ਮਿਲਾਵਟ ਦੀਆਂ ਨਿਸ਼ਾਨੀਆ ਹਨ।

ਸੰਗਰੂਰ ਵਾਲੀ ਬੀੜ:- 1857 ਈਸਵੀ ਦੇ ਗਦਰ ਸਮੇਂ ਜਦ ਅੰਗਰੇਜ਼ਾ ਨੇ ਦਿੱਲੀ ਉੱਤੇ ਮੁੜ ਕਬਜਾ ਕੀਤਾ, ਤਾਂ ਇਕ ਪਠਾਣ ਨੇ ਜੀਂਦ-ਨਰੇਸ਼ ਰਾਜਾ ਸਰੂਪ ਸਿੰਘ ਨੂੰ ਇਹ ਬੀੜ ਦਿੱਤੀ। ('ਕਰਤ੍ਰਿੱਤਵ', ਪੰਨਾ 95)

ਪਟਨੇ ਵਾਲੀ ਬੀੜ ਦਾ ਪਿਛਲਾ ਇਤਿਹਾਸ ਡਾਕਟਰ ਜੱਗੀ ਨੂੰ ਪਟਨੇ ਕੋਈ ਵੀ ਨਹੀਂ ਦੱਸ ਸਕਿਆ। ('ਕਰਤ੍ਰਿੱਤਵ', ਪੰਨਾ 97)

ਸਪੱਸ਼ਟ ਹੈ ਕਿ ਇਹਨਾਂ ਬੀੜਾਂ ਦਾ ਇਤਿਹਾਸ ਬਹੁਤ ਹੀ ਸ਼ੱਕੀ ਹੈ। ਭਾਈ ਮਨੀ ਸਿੰਘ ਵਾਲੀ ਬੀੜ, ਸਿੱਖ ਧਰਮ ਦੇ ਕੇਂਦ੍ਰਾਂ ਅੰਨਦਪੁਰ ਸਾਹਿਬ ਅਤੇ ਅੰਮ੍ਰਿਤਸਰ ਤੋਂ ਬਹੁਤ ਦੂਰ, ਮੁਲਤਾਨ ਵਿਖੇ ਮਿਲੀ, ਅਤੇ ਸੰਗਰੂਰ ਵਾਲੀ ਬੀੜ ਇਕ ਪਠਾਣ ਨੇ ਦਿੱਤੀ। ਇਹ ਕਿਤਨੀ ਅਨਹੋਣੀ ਗੱਲ ਜਾਪਦੀ ਹੈ ਕਿ ਉਪਲੱਬਧ 'ਦਸਮ ਗ੍ਰੰਥ' ਦੇ ਮੁਢਲੇ ਖਰੜੇ ਭਾਈ ਮਨੀ ਸਿੰਘ ਜੀ ਦੇ ਸਮਕਾਲੀ ਜਾਂ ਨੀਮ-ਸਮਕਾਲੀ ਸਿੱਖਾਂ ਤਾਂ ਸਾਂਭੇ ਨਾ (ਜੇ ਉਹ ਇਹਨਾਂ ਨੂੰ ਦਸਮ ਗੁਰੂ ਜੀ ਦੀ ਆਪਣੀ ਰਚਨਾ ਸਮਝਦੇ ਸਨ, ਤਾ ਉਹਨਾਂ ਲਈ ਇਹ ਦੁਰਲਭ ਹੋਣੇ ਚਾਹੀਦੇ ਸਨ), ਸਗੋਂ ਇਹਨਾਂ ਖਰੜਿਆਂ ਨੇ ਐਸੀ ਚੁੱਭੀ ਮਾਰੀ ਕਿ ਭਾਈ ਮਨੀ ਸਿੰਘ ਜੀ ਦੀ 1738 ਈਸਵੀ ਵਿਚ ਸ਼ਹਾਦਤ ਤੋਂ 80 ਸਾਲ ਪਿਛੋਂ ਇਕ ਨੇ 1818 ਈਸਵੀ ਵਿਚ ਮੁਲਤਾਨ ਦੀ ਲੁੱਟ-ਖਸੁੱਟ ਵਿਚ ਇਤਫ਼ਾਕੀਆ ਜਾ ਸਿਰ ਕਢਿਆ ਅਤੇ ਦੂਸਰੇ ਖਰੜੇ ਨੇ 118 ਸਾਲ ਪਿਛੋਂ 1857 ਈਸਵੀ ਦੇ ਗਦਰ ਸਮੇਂ ਦਿੱਲੀ ਇਕ ਪਠਾਣ ਪਾਸ ਇਤਫ਼ਾਕੀਆ ਜਾ ਸਿਰ ਕਢਿਆ। ਪਟਨੇ ਵਾਲੀ ਬੀੜ ਦੇ ਇਤਿਹਾਸ ਦਾ ਕੋਈ ਥਹੁ-ਪਤਾ ਨਹੀਂ ਲਗ ਸਕਿਆ

ਅਤੇ ਮੋਤੀ ਬਾਗ ਵਾਲੀ ਬੀੜ ਦੇ ਲਿਖੇ ਜਾਣ ਦਾ ਸਮਾਂ 1832 ਬਿਕਰਮੀ ਤੋਂ ਬਾਅਦ ਦਾ ਹੈ। ਭਾਈ ਮਨੀ ਸਿੰਘ ਜੀ ਦੀ ਸਹਾਦਤ ਸੰਮਤ 1795 ਬਿਕਰਮੀ ਅਰਥਾਤ ਸੰਨ 1738 ਈਸਵੀ ਵਿਚ ਹੋਈ। ਜੇਕਰ ਉਹਨਾਂ ਨੇ ਉਪਲੱਬਧ 'ਦਸਮ ਗ੍ਰੰਥ' ਨਾਲ ਮੇਲ ਖਾਂਦੀ ਕਿਸੇ ਲਿਖਤੀ ਸਮੱਗਰੀ ਦਾ ਕੋਈ ਸੰਕਲਨ ਕੀਤਾ ਵੀ ਹੋਵੇ, ਤਾਂ (ਆਪਣੀ ਸ਼ਹਾਦਤ) ਸੰਮਤ 1795 ਬਿ ਤੋਂ ਪਹਿਲੋਂ ਹੀ ਕੀਤਾ ਹੋਵੇਗਾ।

ਮੂਲ ਮੁੱਦਾ ਇਹ ਹੈ ਕਿ ਚਾਰੇ ਬੀੜਾਂ ਵਿਚੋਂ ਤਿਨ ਦਾ, ਸੰਮਤ 1875 ਤੋਂ ਪਹਿਲੋਂ ਦਾ ਇਤਿਹਾਸਕ ਖੁਰਾ-ਖੋਜ ਨਹੀਂ। ਮੋਤੀ ਬਾਗ ਵਾਲੀ ਬੀੜ ਵੀ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਦੇ 37 ਸਾਲ ਪਿਛੋਂ ਲਿਖੀ ਗਈ ਅਤੇ ਇਸ ਦੀ ਸੋਭਾ ਅਸੀਂ ਪਿਛੇ ਵੇਖ ਆਏ ਹਾਂ। ਇਸ ਵਾਸਤੇ ਓਬਪਲੱਬਧ 'ਦਸਮ ਗ੍ਰੰਥ' ਨੂੰ ਭਾਈ ਮਨੀ ਸਿੰਘ ਜੀ ਦੇ ਕਥਿਤ ਸੰਕਲਨ ਨਾਲ ਜੋੜਨ ਦਾ ਕੋਈ ਨਿਸ਼ਚਤ ਆਧਾਰ ਨਹੀਂ ਬਣਦਾ।

ਅਸੀਂ ਪਹਿਲੇ ਪੜਾਂ ਉਤੇ ਵੇਖ ਚੁੱਕੇ ਹਾਂ ਕਿ ਭਾਈ ਮਨੀ ਸਿੰਘ ਦੇ ਕਥਿਤ ਸੰਕਲਨ ਨੂੰ ਗੁਰੂ ਸਾਹਿਬ ਦੇ ਸਮਕਾਲੀ ਸਾਹਿਤ ਨਾਲ ਜੋੜਨ ਵਾਲੀ, ਸਿਵਾਏ 'ਅਵਤਾਰ ਲੀਲਾ' ਦੇ, ਕੋਈ ਕੜੀ ਨਹੀਂ। ਦੂਸਰੇ ਪੜਾਂ ਉਤੇ ਅਸੀਂ ਦੇਖਦੇ ਹਾਂ ਕਿ ਉਪਲੱਬਧ 'ਦਸਮ ਗ੍ਰੰਥ' ਨੂੰ ਭਾਈ ਮਨੀ ਸਿੰਘ ਜੀ ਦੇ ਕਥਿਤ ਸੰਕਲਨ ਨਾਲ ਜੋੜਨ ਦਾ ਵੀ ਕੋਈ ਪ੍ਰਮਾਣਿਕ ਆਧਾਰ ਨਹੀਂ ਬਣਦਾ। ਇਸ ਵਾਸਤੇ ਅਸੀਂ ਜਾਣਨਾ ਚਾਹਾਂਗੇ ਕਿ ਉਪਲੱਬਧ 'ਦਸਮ ਗ੍ਰੰਥ' ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜੋੜਨਾ ਤਾਂ ਕਿਧਰੇ ਰਿਹਾ; ਗੁਰੂ ਸਾਹਿਬ ਦੇ ਸਮਕਾਲੀ ਸਾਹਿਤ ਨਾਲ ਦੋ ਪੜਾਂ ਟੱਪ ਕੇ ਜੋੜਨ ਦਾ ਵੀ (ਸਿਵਾਏ ਮਨ-ਮਰਜ਼ੀ ਨਾਲ ਲਾਏ ਅਨੁਮਾਨਾਂ ਦੇ) ਕੀ ਕੋਈ ਠੋਸ ਇਤਿਹਾਸਕ ਆਧਾਰ ਹੈ?

ਸੋ ਸਾਡੀ ਸਿੱਖ ਵੀਚਾਰਵਾਨਾਂ ਅਤੇ ਸੰਗਤਾਂ ਦੀ ਸੇਵਾ ਵਿਚ ਨਿਮਰ ਬੇਨਤੀ ਹੈ ਕਿ ਉਹ ਪ੍ਰਿੰਸੀਪਲ ਸਾਹਿਬ ਵਰਗੇ ਵਿਦਵਾਨ ਅਤੇ ਪੰਥ-ਦਰਦੀ ਦੇ ਲੇਖਾਂ ਨੂੰ ਗਹੁ ਨਾਲ ਵੀਚਾਰਨ ਕੀ ਕਿਰਪਾ ਕਰਨ। ਚੇਤੇ ਰਹੇ ਕਿ ਅਵਤਾਰਵਾਦ-ਵਿਰੋਧੀ ਸਿਧਾਂਤ ਸਿੱਖੀ ਦੇ ਮੁਢਲੇ ਅਸੂਲਾਂ ਵਿਚੋਂ ਉਹ ਅਸੂਲ ਹੈ ਜਿਸ ਨੂੰ ਸਾਰਾ ਪੰਥ ਇਕ ਰਾਏ ਦਾ ਹੋਕੇ ਵੀ ਨਹੀਂ ਬਦਲ ਸਕਦਾ। ਸੋ, ਹਰ ਇਕ ਸਿਖ ਵੀਚਾਰਵਾਨ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਕੇ ਆਪਣੇ ਲਈ ਆਪ ਨਿਰਣਾ ਕਰੇ ਕਿ 'ਦਸਮ ਗ੍ਰੰਥ' ਵਿਚ ਸ਼ਾਮਲ ਕਈ ਲਿਖਤਾਂ ਗੁਰਮਤਿ ਦੇ ਅਨਸਾਰੀ ਹਨ ਜਾਂ ਵਿਰੋਧੀ?

28-1-1996 — ਜਗਜੀਤ ਸਿੰਘ

ਚੰਡੀਗੜ੍ਹ — (ਲੇਖਕ- 'ਸਿੱਖ ਇਨਕਲਾਬ')

# ਅਵਤਾਰਵਾਦ ਅਤੇ ਗੁਰਮਤਿ

ਅਵਤਾਰਵਾਦ ਤੋਂ ਮੁਰਾਦ ਉਸ ਵਿਸ਼ਵਾਸ ਤੋਂ ਹੈ ਜਿਸ ਅਨੁਸਾਰ, ਧਰਮ ਦੀ ਗਿਲਾਨੀ ਹੋਣ ਪੁਰ ਉਸਦੀ ਮੁੜ-ਸਥਾਪਨਾ ਲਈ, ਰੱਬ ਧਰਤੀ 'ਤੇ ਜਨਮ ਲੈਂਦਾ ਹੈ। "ਅਵਤਾਰ" ਮੂਲ ਤੌਰ ਤੇ ਸੰਸਕ੍ਰਿਤ ਦਾ ਲਫ਼ਜ਼ ਹੈ, ਜਿਸ ਦੇ ਮਹਾਨ ਕੋਸ਼ ਅਨੁਸਾਰ ਅਰਥ ਹਨ- ਉਤਰਨਾ, ਜਨਮ ਗ੍ਰਹਿਣ ਕਰਨਾ ਜਾਂ ਸਰੀਰ ਧਾਰਨਾ। ਸੰਸਕ੍ਰਿਤ ਮੂਲ (root) ਦੇ ਇਸ ਸ਼ਬਦ ਤੋਂ ਹੀ ਇਸ ਦਾ ਕਿਰਦੰਤਕ (past participle) ਬਣਦਾ ਹੈ: 'ਅਵਤਰਿ' ਜਿਸ ਦੇ ਅਰਥ ਹਨ- ਜਨਮ ਲੈ ਕੇ, ਸਰੀਰ ਧਾਰ ਕੇ; ਜਿਵੇਂ-

"ਅਵਤਰਿ" ਆਇ ਕਹਾ ਤੁਮ ਕੀਨਾ।।(ਸੂਹੀ ਕਬੀਰ ਜੀ, ਪੰਨਾ 792)

ਅਰਥ ਹਨ- ਹੇ ਬੰਦੇ! ਇਸ ਸੰਸਾਰ ਵਿਚ ਆ ਕੇ ਜਨਮ ਲੈ ਕੇ ਤੂੰ ਕੀ ਕੀਤਾ ਹੈ, ਕੀ ਸਵਾਰਿਆ ਹੈ?

ਗੁਰਬਾਣੀ ਦੇ ਹੇਠ ਲਿਖੇ ਪ੍ਰਮਾਣਾਂ ਤੋਂ ਵੀ 'ਅਵਤਾਰ' ਪਦ ਦੀ ਇਸ ਅਰਥ ਵਿਚ ਕੀਤੀ ਗਈ ਵਰਤੋਂ ਦੀ ਪੁਸ਼ਟੀ ਹੁੰਦੀ ਹੈ:

(ੳ) ਕਬੀਰ, ਹਰਿ ਕਾ ਸਿਮਰਨੁ ਛਾਡਿ ਕੈ, ਰਾਤਿ ਜਗਾਵਨ ਜਾਇ॥

ਸਰਪਨਿ ਹੋਇ ਕੈ "ਅਉਤਰੈ", ਜਾਏ ਅਪੁਨੇ ਖਾਇ॥

(ਸਲੋਕ ਕਬੀਰ ਜੀ, ਪੰਨਾ 1370)

(ਭਾਵਾਰਥ- ਜੋ ਇਸਤਰੀ ਹਰੀ ਦਾ ਸਿਮਰਨ ਛੱਡ ਕੇ ਰਾਤ ਨੂੰ ਮੰਤਰਾਂ ਦੇ ਜ਼ੋਰ ਨਾਲ ਮੁਰਦਿਆਂ ਨੂੰ ਜਗਾਉਣ ਜਾਂਦੀ ਹੈ, ਉਹ ਸਪਣੀ ਬਣ ਜਨਮ ਲੈਂਦੀ ਹੈ ਅਤੇ ਆਪਣੇ ਜਣੇ ਬੱਚੇ ਹੀ ਖਾਂਦੀ ਹੈ।)

(ਅ) ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਅਹੋਈ ਰਾਖੈ ਨਾਰਿ।।

ਗਦਹੀ ਹੋਇ ਕੈ 'ਅਉਤਰੈ', ਭਾਰੁ ਸਹੈ ਮਨ ਚਾਰਿ।।(ਉਹੀ)

(ਭਾਵਰਥ- ਜੋ ਇਸਤਰੀ ਪਰਮਾਤਮਾ ਦੀ ਭਗਤੀ ਤਿਆਗ ਕੇ 'ਅਹੋਈ' (ਕੱਤਕ ਮਾਹ ਵਿਚ ਰਖਿਆ ਜਾਣ ਵਾਲਾ ਸੀਤਲਾ ਦੇਵੀ ਦੀ ਪੂਜਾ ਦਾ ਵਰਤ) ਰਖਦੀ ਹੈ, ਉਹ ਖੋਤੀ ਹੋ ਕੇ ਜਨਮ ਲੈਂਦੀ ਹੈ ਅਤੇ ਚਾਰ ਮਣ ਦੀ ਛੱਟ ਦਾ ਭਾਰ ਢੋਂਦੀ ਹੈ।)

(ੲ) ਮਹਾ ਮਾਈ ਕੀ ਪੂਜਾ ਕਰੈ।।

ਨਰ ਸੈ ਨਾਰਿ ਹੋਇ 'ਅਉਤਰੈ'।। (ਗੌਂਡ ਨਾਮਦੇਵ ਜੀ, ਪੰਨਾ 874)

(ਭਾਵਾਰਥ- ਜੋ ਮਹਾਂਮਈ ਅਰਥਾਤ ਕਾਲੀ ਦੇਵੀ ਦੀ ਪੂਜਾ ਕਰਦਾ ਹੈ, ਉਹ ਮਰਦ ਤੋਂ ਇਸਤਰੀ ਹੋ ਕੇ ਜਨਮ ਲੈਂਦਾ ਹੈ।) ਗੁਰਬਾਣੀ ਦਾ ਪ੍ਰਮਾਣ 'ਜੈਸਾ ਸੇਵੈ, ਤੈਸਾ ਹੋਵੈ' ਏਥੇ ਡਾਢਾ ਢੁਕਦਾ ਹੈ। ਭਾਵ - ਜੋ ਜਿਸਦੀ ਪੂਜਾ ਕਰਦਾ ਹੈ, ਗੁਣਾ-ਔਗਣਾਂ ਕਰਕੇ ਉਸੇ ਵਰਗਾ ਹੋ ਜਾਂਦਾ ਹੈ।

ਸੋ, ਉਪਰੋਕਤ ਹਵਾਲਿਆਂ ਤੋਂ ਇਹ ਤੱਥ ਸੂਰਜ–ਵਾਂਗ ਸਪੱਸ਼ਟ ਹੋ ਜਾਂਦਾ ਹੈ ਕਿ ‘ਅਵਤਾਰ ਧਾਰਨ’ ਦੇ ਅਰਥ ਕੇਵਲ ਜਨਮ ਲੈਣਾ ਅਥਵਾ ਸਰੀਰ ਧਾਰਨਾ ਹੈ ਤੇ ਪਰਮਾਤਮਾ ਦਾ ਖੁਦ ਸਰੀਰ ਧਾਰ ਕੇ ਜਨਮ–ਮਰਨ ਦੇ ਗੇੜ ਵਿਚ ਪੈਣਾ ਕਤਈ ਨਹੀਂ ਅਤੇ ਨਾ ਹੀ ਅਵਤਾਰ ਧਾਰਨ ਵਿਚ ਕਿਸੇ ਪ੍ਰਕਾਰ ਦੀ ਸ੍ਰੇਸ਼ਟਤਾਈ ਹੈ। ਸਗੋਂ, ਗੁਰਬਾਣੀ ਵਿਚ ਤਾਂ ਸੰਤ ਦੇ ਨਿੰਦਕ ਨੂੰ ਵਾਰ ਵਾਰ ਜੰਮਣ–ਮਰਣ ਦਾ ਸਰਾਪ ਦਿੱਤਾ ਗਿਆ ਹੈ; ਜਿਵੇਂ:

ਸੰਤ ਸਰਨਿ ਜੋ ਜਨੁ ਪਰੈ, ਸੋ ਜਨੁ ਉਧਰਨਹਾਰੁ॥

ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਾਤਰ।। (ਸੁਖਮਨੀ, ਪੰਨਾ 279)

“ਹਿੰਦੂ ਮਿਥਿਹਾਸ ਕੋਸ਼” (ਭਾਸ਼ਾ ਵਿਭਾਗ, ਪੰਜਾਬ) ਅਨੁਸਾਰ, ਵੇਦਾਂ ਵਿਚ ਕਿਸੇ ਅਵਤਾਰ ਦਾ ਕੋਈ ਜ਼ਿਕਰ ਨਹੀਂ, ਪੁਰਾਣਾਂ ਵਿਚ ਹੈ। 18 ਪੁਰਾਣਾਂ ਵਿਚੋਂ ‘ਵਾਯੂ ਪੁਰਾਣ’ ਸਭ ਤੋਂ ਪ੍ਰਾਚੀਨ ਜਾਪਦਾ ਹੈ, ਅਤੇ ਇਸ ਦੀ ਰਚਨਾ ਦਾ ਸਮਾਂ ਛੇਵੀਂ ਸਦੀ ਈਸਵੀ ਤਕ ਲਿਜਾਇਆ ਜਾ ਸਕਦਾ ਹੈ। (ਪੰਨਾ 354)

ਇਸ ਕੋਸ਼ ਅਨੁਸਾਰ ਇਹ ਤੱਥ ਵੀ ਨੋਟ ਕਰਨ ਯੋਗ ਹੈ ਕਿ ਭਾਰਤ ਵਿਚ ਜਦ ਪਹਿਲੇ–ਪਹਿਲ ਮੱਧ ਏਸ਼ੀਆ ਤੋਂ ਆਰੀਆ ਆਬਾਦਕਾਰ ਆਏ ਤਾਂ ਉਹਨਾਂ ਨੇ ਆਪਣੀਆਂ ਸੰਸਾਰਕ ਲੋੜਾਂ ਨੂੰ ਪੂਰਿਆਂ ਕਰਨ ਵਿਚ ਸਹਾਇਕ ਹੋਣ ਜਾਂ ਵਿਘਨਕਾਰੀ ਬਣਨ ਵਾਲੀਆਂ, ਵੱਖ ਵੱਖ ਕੁਦਰਤੀ ਸ਼ਕਤੀਆਂ ਨੂੰ, ਚੇਤੰਨ ਹਸਤੀਆਂ ਕੱਲਪ ਕੇ, ਪੂਜਾ ਕਰਨੀ ਆਰੰਭ ਦਿੱਤੀ। ਉਹਨਾਂ ਦਾ ਕੋਈ ਇਕ ਵੱਡਾ ਵਿਸ਼ੇਸ਼ ਦੇਵਤਾ ਨਹੀਂ ਸੀ, ਜੋ ਸਾਰੇ ਛੋਟੇ ਦੇਵਤਿਆਂ ਨੂੰ ਨਿਯੰਤ੍ਰਣ (ਜ਼ਬਤ) ਵਿੱਚ ਰੱਖ ਸਕਦਾ। ਸਮਾਂ ਗੁਜ਼ਰਨ ਦੇ ਨਾਲ ਨਾਲ ਜਿਵੇਂ ਮਨੁੱਖੀ ਸੂਝ–ਬੂਝ ਵਿਚ ਵਿਕਾਸ ਹੋਇਆ, ਇਹਨਾਂ ਸ਼ਕਤੀਆਂ ਨੂੰ ਤ੍ਰਿਮੂਰਤੀ (ਅਗਨੀ, ਸੂਰਜ ਤੇ ਵਾਯੂ/ਇੰਦਰ) ਦਾ ਨਾਮ ਤੇ ਅਸਥਾਨ ਦੇ ਦਿੱਤਾ ਗਿਆ।

ਮਗਰੋਂ, ਇਹਨਾਂ ਤਿੰਨਾ ਦੇਵਤਿਆਂ (ਤ੍ਰਿਮੂਰਤੀ) ਦੀ ਥਾਂ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਦੀ ਕਲਪਨਾ ਕਰ ਲਈ ਗਈ, ਜੋ ਇਹਨਾਂ ਤਿੰਨਾਂ ਦੇਵਤਿਆਂ ਦੀ ਗਿਣਤੀ ਤੇ ਪੂਜਾ ਉਤੇ ਹੀ ਸਮਾਪਤ ਨਾ ਹੋਈ, ਸਗੋਂ ‘ਵਿਸ਼ਨੂ’ ਦੇ ਪਹਿਲਾਂ ਦਸ ਤੇ ਫੇਰ ਵਧਾ ਕੇ 24 ਅਵਤਾਰ ਕੱਲਪ ਲਏ ਗਏ, ਇਥੋਂ ਤਕ ਕਿ ਵਿਸ਼ਨੂ ਨੂੰ ਅੱਗੇ ਮੱਛ, ਕੱਛੂ ਤੇ ਸੂਅਰ ਦੀਆਂ ਜੂਨਾਂ ਵਿਚ ਵੀ ਫੇਰਿਆ ਗਿਆ ਅਤੇ ‘ਸ਼ਿਵ’ ਦੇ ‘ਲਿੰਗ’ ਦੀ ਪੂਜਾ ਲਈ 12 ਵਿਸ਼ੇਸ਼ ਰੂਪ ਤੇ ਥਾਂ ਥਾਪੇ ਗਏ, ਜਿਵੇਂ (1) ਸੋਮਨਾਥ (2) ਮਹਾਂਕਾਲ (ਉਜੈਨ ਵਿਚ ਹੈ), 1234–35 ਈ ਵਿਚ ਅਲਤੁਤਮਿਸ਼ ਦੇ ਰਾਜ ਦੌਰਾਨ ਉਜੈਨ ਤੇ ਕਬਜ਼ੇ ਸਮੇਂ ਇਸ ਪੱਥਰ ਦੇ ਦੇਵਤੇ ਨੂੰ ਦਿੱਲੀ ਲਿਜਾ ਕੇ ਤੋੜ ਦਿੱਤਾ ਗਿਆ ਸੀ। (3) ਵਿਸ਼ਵੇਸ਼ਵਰ (ਬਨਾਰਸ ਵਿਚ ਹੈ); (4) ਕੇਦਾਰ (ਇਹ ਹਿਮਾਲੀਆ ਦੀ ਇੱਕ ਚੋਟੀ ਤੇ ਸਥਿਤ ਹੈ), (5) ਵੈਦ ਨਾਥ (ਵੇਦਾ ਦਾ ਈਸ਼ਵਰ), ਦੇਉਗੜ੍ਹ (ਬੰਗਾਲ) ਵਿਚ, (6) ਰਾਮੇਸ਼ਵਰ (ਰਾਮ ਦਾ ਈਸ਼ਵਰ), ਰਾਮੇਸ਼ਵਰ ਜਜ਼ੀਰੇ ਉਤੇ; ਇਤਿਆਦਿਕ।

ਆਖਰ, ਸ਼ਿਵ ਜੀ ਦੀ ਪਤਨੀ ਪਾਰਬਤੀ ਨੂੰ 16 ਦੇਵੀਆਂ ਦੇ ਅਵਤਾਰਾਂ ਦਾ

ਹੇਤੂ (ਕਾਰਨ) ਮੰਨ ਲਿਆ ਗਿਆ। "ਹਿੰਦੂ ਮਿਥਿਹਾਸ ਕੋਸ਼" ਅਨੁਸਾਰ ਪਾਰਬਤੀ ਦੇ ਦਰਜਨਾਂ ਹੀ ਨਾਮ ਤੇ ਰੂਪ ਹਨ; ਜਿਵੇਂ- ਦੇਵੀ ਜਾਂ ਮਹਾਂਦੇਵੀ, ਉਮਾ, ਗੌਰੀ, ਹੇਮਸੁਤਾ, ਜਗਤਮਾਤਾ, ਭਵਾਨੀ, ਦੁਰਗਾ, ਕਾਲੀ, ਚੰਡੀ ਜਾਂ ਚੰਡਿਕਾ, ਭੈਰਵੀ (ਵਿਕਰਾਲ), (ਇਸ ਦੇ ਇਸ ਰੂਪ ਲਈ ਹੀ ਖ਼ੂਨੀ ਬਲੀਦਾਨ ਦਿੱਤੇ ਜਾਂਦੇ ਹਨ। ਇਸ ਦੀ ਰਹਿਮਤ ਦੀ ਪ੍ਰਾਪਤੀ ਅਤੇ ਸ਼ਕਤੀ ਦੀ ਅਰਾਧਨਾ ਕਰਨ ਲਈ ਤਾਂਤ੍ਰਿਕ ਅਸ਼ਲੀਲ ਅੱਯਾਸ਼ੀਆਂ ਵੀ ਕਰਦੇ ਹਨ।) ਅੰਬਿਕਾ, ਪਿੰਗਲੀ, ਕਾਲੀ ਜਾਂ ਕਾਲਕਾ, ਸ਼ਿਵਾ, ਭਗਤੀ, ਅਦ੍ਰਿਜਾ, ਗਿਰਿਜਾ, ਅਪਰਣਾ, ਕਾਤਿਆਯਨੀ, ਭੂਤ-ਨਾਇਕਾ, ਰਕਤਦੰਤੀ (ਖ਼ੂਨੀ ਦੰਦਾਂ ਵਾਲੀ), ਭਦ੍ਰਕਾਲੀ ਆਦਿਕ, ਆਦਿਕ। (ਹਿੰਦੂ ਮਿਥਿਹਾਸ ਕੋਸ਼, ਪੰਨਾ 298-300)

ਅੱਜ ਵੀ ਹਿੰਦੂ ਸਮਾਜ ਦਾ ਵੱਡਾ ਭਾਗ ਇਹਨਾਂ ਮਿਥਿਹਾਸਕ (ਪੁਰਾਣਿਕ) ਦੇਵੀ-ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਵਿਚ, ਇਕ ਜਾਂ ਦੂਸਰੀ ਭਾਂਤਿ, ਗਲਤਾਨ ਤੇ ਸੰਤੁਸ਼ਟ ਹੈ।

## ਗੁਰਮਤਿ-ਦ੍ਰਿਸ਼ਟੀਕੋਣ :

ਗੁਰਮਤਿ ਵਿਚਾਰਧਾਰਾ ਦੀ ਤਾਂ ਗੱਲ ਹੀ ਪ੍ਰਭੂ ਦੀ ਇਕਾਈ (ਏਕਤਤਾ) ਤੇ ਨਿਰਾਕਾਰਤਾ ਤੋਂ ਤੁਰਦੀ ਹੈ। ਭਾਰਤੀ ਸਾਹਿਤ ਦੀ ਇਹ ਪਰੰਪਰਾ ਰਹੀ ਹੈ ਕਿ ਲੇਖਕ ਆਪਣੀ ਰਚਨਾ ਨੂੰ ਆਰੰਭ ਕਰਨ ਤੋਂ ਪਹਿਲਾਂ, ਆਦਿ ਵਿਚ ਆਪਣੇ ਇਸ਼ਟ ਦੀ ਉਪਾਸਨਾ ਕਰਦਾ ਹੈ, ਜਿਸ ਨੂੰ ਮੰਗਲ ਜਾਂ ਮੰਗਲਾਚਰਨ ਦਾ ਨਾਮ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਪੁਜੀ ਦਾ ਆਰੰਭ ਹੀ, ਆਦਿ ਵਿਚ ਅੰਕਿਤ ਇਸ ਇਸ਼ਟ-ਮੰਗਲ ਤੋਂ ਹੁੰਦਾ ਹੈ:

"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥"

ਗੁਰੂ ਸਾਹਿਬ ਨੇ ਏਥੇ ਅਤਿ ਸੰਖੇਪਤਾ ਨਾਲ ਥੋੜੇ ਸ਼ਬਦਾਂ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਪਰਮਾਤਮਾ ਇੱਕ ਤੇ ਕੇਵਲ ਇੱਕ ਹੈ, ਉਹ ਹੋਂਦ ਵਾਲਾ ਹੈ (ਕਲਪਨਾ ਨਹੀਂ), ਉਹ ਕੁਲ ਦਿਸਦੇ ਤੇ ਅਣਦਿਸਦੇ ਸੰਸਾਰ ਦਾ ਕਰਤਾ ਹੀ ਨਹੀਂ, ਸਗੋਂ ਇਸ ਵਿਚ ਵਿਆਪਕ ਵੀ ਹੈ, ਕਾਲਾਤੀਤ (ਅਕਾਲ) ਹੈ, ਅਜੂਨੀ (ਜੂਨਾਂ ਤੋਂ ਰਹਿਤ) ਅਤੇ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਉਸ ਦੀ ਲਖਤਾ ਸਤਿਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ। ਅੱਗੇ ਜਾ ਕੇ ਗੁਰਬਾਣੀ ਵਿਚ ਇਸ ਸੱਚ ਨੂੰ ਬਾਰ ਬਾਰ ਦੁਹਰਾਇਆ ਤੇ ਦ੍ਰਿੜ੍ਹ ਕਰਾਇਆ ਗਿਆ ਹੈ। ਜਿਵੇਂ:

(ੳ) ਸਾਹਿਬ ਮੇਰਾ ਏਕੋ ਹੈ। ਇਕੋ ਹੈ ਭਾਈ ਏਕੋ ਹੈ।

(ਆਸਾ ਮ 1, ਪੰਨਾ 350)

(ਮੇਰਾ ਪ੍ਰਭੂ ਇਕੋ ਹੈ। ਹੇ ਭਾਈ! ਉਹ ਪਰਮਾਤਮਾ ਇੱਕ ਤੇ ਕੇਵਲ ਇੱਕ ਹੈ)

(ਅ) "ਏਕਮ ਏਕੰਕਾਰੁ ਨਿਰਾਲਾ।

ਅਮਰੁ ਅਜੋਨੀ ਜਾਤਿ ਨ ਜਾਲਾ। (ਬਿਲਾਵਲ ਮ ਪੰਨਾ 838)

(ਪਰਮਾਤਮਾ ਇੱਕ ਹੈ, ਉਸ ਵਰਗਾ ਹੋਰ ਕੋਈ ਨਹੀਂ। ਉਹ ਕਦੇ ਜੂਨਾਂ ਵਿੱਚ ਨਹੀਂ ਆਉਂਦਾ ਅਤੇ ਨਾ ਹੀ ਕਦੇ ਮਰਦਾ ਹੈ। ਉਸ ਦੀ ਕੋਈ ਜਾਤਿ ਨਹੀਂ ਅਤੇ ਨਾ ਹੀ ਉਸ ਨੂੰ ਕੋਈ ਮਾਇਕ ਬੰਧਨ ਹੈ।)

(ੲ) "ਨਾਨਕ, ਭੰਡੈ ਬਾਹਰਾ, ਏਕੋ ਸਚਾ ਸੋਇ।"

(ਵਾਰ ਆਸਾ ਮ 1, ਪੰਨਾ 473)

(ਇੱਕ ਪ੍ਰਭੂ-ਪਰਮਾਤਮਾ ਹੀ ਹੈ ਜੋ ਇਸਤਰੀ ਤੋਂ ਨਹੀਂ ਜੰਮਿਆ ।)

ਗੁਰੂ ਸਾਹਿਬਾਨ ਦੇ ਇਕ ਓਅੰਕਾਰੀ, ਨਿਰੰਕਾਰੀ ਅਥਵਾ ਏਕਤਾਵਾਦੀ ਸਿਧਾਂਤ ਨੂੰ ਹੋਰ ਵਧੇਰੇ ਸਪੱਸ਼ਟ ਕਰਨ ਲਈ ਗੁਰਬਾਣੀ ਅਵਤਾਰਵਾਦ ਦਾ ਜ਼ੋਰਦਾਰ ਤੇ ਸਪੱਸ਼ਟ ਸ਼ਬਦਾ ਵਿੱਚ ਖੰਡਨ ਕਰਦੀ ਹੈ:

(ੳ) "ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ।

ਜਨਮਿ ਨ ਮਰੈ ਨ ਆਵੈ ਨ ਜਾਇ।

ਨਾਨਕ ਕਾ ਪ੍ਰਭੂ ਰਹਿਓ ਸਮਾਇ। (ਭੈਰਉ ਮ 5,ਪੰਨਾ 1136)

(ਅਰਥ- ਉਹ ਮੂੰਹ ਸੜ ਜਾਏ ਜਿਹੜਾ ਕਹਿੰਦਾ ਹੈ ਕਿ ਪ੍ਰਭੂ, ਅਵਤਾਰ ਬਣਨ ਹਿਤ, ਜੂਨਾਂ ਵਿੱਚ ਪੈਂਦਾ ਹੈ। ਨਾਨਕ ਦਾ ਪ੍ਰਭੂ ਜੋ ਸਭ ਥਾਈਂ ਵਿਆਪਕ ਹੈ, ਨਾ ਜੰਮਦਾ ਹੈ ਨਾ ਮਰਦਾ ਹੈ, ਨਾ ਆਉਂਦਾ ਹੈ ਨ ਜਾਂਦਾ ਹੈ।)

(ਅ) "ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ।"

(ਵਾਰ ਮਾਰੂ ਮ 5, ਪੰਨਾ 1095)

(ਭਾਵਾਰਥ- ਵਾਹਿਗੁਰੂ ਜਨਮ-ਮਰਨ ਦੇ ਗੇੜ ਵਿਚ ਨਹੀਂ ਆਉਂਦਾ।)

(ੲ) "ਸੰਕਟਿ ਨਹੀ ਪਰੈ ਜੋਨਿ ਨਹੀ ਆਵੈ, ਨਾਮੁ ਨਿਰੰਜਨੁ ਜਾ ਕੋ ਰੇ।

ਕਬੀਰ ਕੋ ਸੁਆਮੀ ਐਸੋ ਠਾਕੁਰ, ਜਾ ਕੈ ਮਾਈ ਨ ਬਾਪੋ ਰੇ।"

(ਗਉੜੀ ਕਬੀਰ ਜੀ, ਪੰਨਾ 339)

(ਭਾਵ- ਪਰਮਾਤਮਾ ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਸੰਕਟ ਵਿਚ ਨਹੀਂ ਪੈਂਦਾ, ਉਹ ਕਿਸੇ ਜੂਨ ਵਿੱਚ ਨਹੀਂ ਆਉਂਦਾ। ਕਬੀਰ ਦਾ ਮਾਲਕ ਉਹ ਪ੍ਰਭੂ ਤਾਂ ਅਜਿਹਾ ਹੈ ਜਿਸ ਦੀ ਨਾ ਕੋਈ ਮਾਂ ਹੈ ਅਤੇ ਨਾ ਹੀ ਕੋਈ ਪਿਓ।)

(ਸ) "ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ।

ਪਾਹਣੁ ਨੀਰੀ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ।"

(ਸੋਰਠਿ ਮ 1, ਪੰਨਾ 637)

(ਭਾਵਾਰਥ– ਹੇ ਭਾਈ! ਦੇਵੀ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤਾਂ ਨੂੰ ਪੂਜੀਏ ਤਾਂ ਇਹ ਕੁਝ ਵੀ ਨਹੀਂ ਦੇ ਸਕਦੀਆਂ, ਇਹਨਾਂ ਪਾਸੋਂ ਮੰਗਣਾ ਫਜ਼ੂਲ ਹੈ। ਪਾਣੀ ਨਾਲ ਧੋਣ ਪੁਰ ਜੋ ਪੱਥਰ ਦੇ ਬਣਾਏ ਹੋਏ ਦੇਵੀ ਦੇਵਤੇ ਖੁਦ ਪਾਣੀ ਵਿਚ ਡੁੱਬ ਜਾਂਦੇ ਹਨ, ਉਹ ਹੋਰਨਾਂ ਨੂੰ ਕਿਵੇਂ ਤਾਰ ਸਕਦੇ ਹਨ?)

ਇਹੀ ਨਹੀਂ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ – ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਵਤਾਰਾਂ ਦੀ ਪ੍ਰਸ਼ੰਸਾ ਤੇ ਪੂਜਾ ਕਰਦੇ ਅਤੇ ਦੇਵੀਆਂ ਅੱਗੇ ਲਿਲਕੜੀਆਂ ਲੈਂਦੇ ਵਿਖਾਇਆ ਜਾਂਦਾ ਹੈ ਅਤੇ ਐਸੀਆਂ ਲਿਖਤਾਂ ਨੂੰ ਸ੍ਰੀ ਦਸ਼ਮੇਸ਼ ਜੀ ਦੀ ਕ੍ਰਿਤ ਦੱਸਿਆ ਜਾਂਦਾ ਹੈ; ਉਹ ਖੁਦ ਕੇਵਲ ਇਕ ਅਕਾਲ ਦੀ ਪੂਜਾ ਲਈ ਤਾਕੀਦ ਕਰਦੇ ਅਤੇ ਇਹਨਾਂ ਅਵਤਾਰਾਂ ਤੇ ਦੇਵੀ ਦੇਵਤਿਆ ਦੀ ਤੁੱਛਤਾ ਤੇ ਅਸਲੀਅਤ ਇਸ ਸਾਫ਼ਗੋਈ ਨਾਲ ਬਿਆਨ ਕਰਦੇ ਹਨ:

(ੳ) "ਕਾਹੂੰ ਲੈ ਠੋਕਿ ਬੱਧੇ ਉਰਿ ਠਾਕੁਰ, ਕਾਹੂੰ ਮਹੇਸ ਕੋ ਏਸ ਬਖਾਨਿਓ।

ਕਾਹੂੰ ਕਹਿਓ ਹਰਿ ਮੰਦਰ ਮੈ, ਹਰਿ ਕਾਹੂੰ ਮਸੀਤ ਕੇ ਬੀਚ ਪ੍ਰਮਾਨਿਓ।

ਕਾਹੂੰ ਨੇ ਰਾਮ ਕਹਿਓ, ਕ੍ਰਿਸ਼ਨਾ ਕਾਹੂੰ, ਕਾਹੂੰ ਮਨੈ ਅਵਤਾਰਨ ਮਾਨਿਓ।

ਫੋਕਟ ਧਰਮ ਬਿਸਾਰ ਸਭੈ, ਕਰਤਾਰ ਹੀ ਕਉ ਕਰਤਾ ਜਿਯ ਜਾਨਿਓ।"

(33 ਸਵੈਯੇ,ਪਾਤਸ਼ਾਹੀ 10)

(ਭਾਵਾਰਥ– ਕੋਈ ਪੱਥਰ ਦੇ ਠਾਕੁਰ ਨੂੰ ਗਲੇ ਵਿਚ ਲਟਕਾਈ ਫਿਰਦਾ ਹੈ ਤਾਂ ਕੋਈ ਮਹੇਸ਼ ਨੂੰ ਹੀ ਪਰਮਾਤਮਾ ਦੱਸ ਰਿਹਾ ਹੈ। ਕੋਈ ਰੱਬ ਨੂੰ ਮੰਦਰ ਵਿਚ ਤੇ ਕੋਈ ਮਸੀਤ ਵਿਚ ਸਾਬਤ ਕਰਨ ਦੇ ਆਹਰ ਵਿਚ ਹੈ। ਕੋਈ ਰੱਬ ਨੂੰ ਰਾਮ ਤੇ ਕੋਈ ਕ੍ਰਿਸ਼ਨ ਕਹਿੰਦਾ ਹੈ, ਅਤੇ ਕੋਈ ਅਖੌਤੀ ਅਵਤਾਰਾਂ ਨੂੰ ਹੀ ਪਰਮਾਤਮਾ ਮੰਨ ਰਿਹਾ ਹੈ। ਪਰ ਸਾਰੇ ਫੋਕਟ ਧਰਮਾਂ ਨੂੰ ਤਿਆਗ ਕੇ, ਹਿਰਦੇ ਵਿਚ ਕੇਵਲ ਇਕ ਕਰਤਾਰ ਨੂੰ ਹੀ ਮੰਨਣਾ ਚਾਹੀਦਾ ਹੈ।)

(ਅ) "ਬਿਨ ਕਰਤਾਰ ਨ ਕਿਰਤਮ ਮਾਨੋ।

ਆਦਿ, ਅਜੋਨਿ, ਅਜੈ, ਅਬਿਨਾਸੀ, ਤਿਹੁ ਪਰਮੇਸੁਰ ਜਾਨੇ।"

(ਸ਼ਬਦ ਹਜ਼ਾਰੇ, ਪਾਤਸ਼ਾਹੀ 10)

(ਅਰਥ– ਇੱਕ ਕਰਤਾਰ ਤੋਂ ਛੁੱਟ ਹੋਰ ਕਿਸੇ ਬਣਾਉਟੀ ਦੇਵੀ ਦੇਵਤੇ ਨੂੰ ਨਾ ਮੰਨੋ। ਜੋ ਆਦਿ, ਅਜੂਨੀ, ਅਜੈ ਤੇ ਅਵਿਨਾਸ਼ੀ ਹੈ, ਉਸੇ ਨੂੰ ਹੀ ਪਰਮਾਤਮਾ ਸਮਝੋ।)

(ੲ) ਇਕ ਬਿਨ ਦੂਸਰ ਸੋ ਨ ਚਿਨਾਰ।

ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ।(ਓਹੀ)

(ਸ) ਸੋ ਕਿਮ ਮਾਨਸ ਰੂਪ ਕਹਾਏ।

ਸਿਧ ਸਮਾਧ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ। (ਓਹੀ)

(ਹ) ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ।
ਕਉਨ ਕਾਜ ਕਹਾਹਿੰਗੇ ਤੇ ਆਨਿ ਦੇਵਕਿਨੰਦ।
ਰਾਮ ਰਹੀਮ ਉਬਾਰ ਨ ਸਕਿ ਹੈ ਜਾਕਰ ਨਾਮ ਰਟੈ ਹੈ।
ਬ੍ਰਹਮਾ ਬਿਸ਼ਨ ਰੁਦ੍ਰ ਸੂਰ ਸਸਿ ਤੇ ਬਸਿ ਕਾਲ ਸਭੈ ਹੈ।
ਬੇਦ ਪੁਰਾਨ  ਕੁਰਾਨ ਸਭੈ ਮਤ ਜਾਕਰ ਨੇਤਿ ਕਹੈ ਹੈ।
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਯਾਵਤ ਧਯਾਨ ਨ ਐਹੈ।
ਜਾਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਯਾਮ ਕਹੈ ਹੈ।
ਛੁਟਹੋ ਕਾਲ ਜਾਲ ਤੇ ਤਬਹੀ ਤਾਹਿ ਚਰਨ ਲਪਟੈ ਹੈ। (ਓਹੀ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉੱਪਰ ਦਰਸਾਇਆ ਦ੍ਰਿਸ਼ਟੀਕੋਨ ਐਨ ਉਹੀ ਹੈ, ਜੋ ਆਦਿ ਗੁਰੂ ਤੇ ਬਾਕੀ ਗੁਰੂ ਸਾਹਿਬਾਨ ਦਾ ਹੈ । ਫੇਰ ਉਹਨਾਂ ਨੂੰ ਅਵਤਾਰਾਂ ਤੇ ਦੇਵੀ ਦੇਵਤਿਆਂ ਅੱਗੇ ਸਿਰ ਝੁਕਾਉਂਦੇ ਵਿਖਾਉਣਾ, ਗੁਰੂ ਸਾਹਿਬ ਨਾਲ ਕਿਤਨਾ ਅਨੱਰਥ ਤੇ ਅਨਿਆਏ ਹੈ, ਅਤੇ ਉਹ ਵੀ ਉਹਨਾਂ ਦੇ ਨਾਮ ਲੇਵਾ ਸਿੱਖਾਂ ਵਲੋਂ ?

## ਇਤਿਹਾਸਕ ਗਵਾਹੀਆਂ :

(ੳ) ਮੋਹਸਿਨ ਫਾਨੀ ਜੋ ਛੇਵੇ ਗੁਰੂ ਸਾਹਿਬ ਦਾ ਸਮਕਾਲੀ ਸੀ, ਆਪਣੀ ਪੁਸਤਕ 'ਦਬਿਸਤਾਨ-ਇ-ਮਜ਼ਾਹਬ' ਵਿੱਚ ਸਿੱਖਾਂ ਬਾਰੇ ਲਿਖਦਾ ਹੈ ਕਿ

"ਗੁਰੂ ਨਾਨਕ ਸਾਹਿਬ ਦੇ ਸਿੱਖ ਮੂਰਤੀ- ਪੂਜਾ ਨੂੰ ਨਿੰਦਦੇ  ਹਨ। ਉਹ ਹਰ ਗੁਰੂ ਸਾਹਿਬ ਨੂੰ ਗੁਰ ਨਾਨਕ ਸਾਹਿਬ ਦਾ ਰੂਪ ਹੀ ਸਮਝਦੇ ਹਨ। ਉਹ ਹਿੰਦੂਆਂ ਦੇ (ਵੈਦਿਕ ਤੇ ਪੁਰਾਣਿਕ) ਮੰਤਰਾਂ ਨੂੰ ਨਹੀਂ ਪੜ੍ਹਦੇ। ਉਹ ਹਿੰਦੂ ਅਵਤਾਰਾਂ ਵਿਚ ਸ਼ਰਧਾ ਨਹੀਂ ਰਖਦੇ ਅਤੇ ਨਾ ਹੀ ਉਹਨਾਂ ਦੀਆਂ ਮੂਰਤੀਆਂ ਵਾਲੇ ਮੰਦਰਾਂ ਦਾ ਸਤਿਕਾਰ ਕਰਦੇ ਹਨ।"

(ਅ) 1699 ਈ ਦੀ ਵਿਸਾਖੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ 'ਖੰਡੇ ਦੀ ਪਾਹੁਲ' ਛਕਾਉਣ ਉਪਰੰਤ ਜੋ ਆਦੇਸ਼ ਸੰਗਤਾਂ ਨੂੰ ਦਿੱਤਾ ਅਤੇ ਜਿਸ ਦੀ ਸਰਕਾਰੀ ਰਿਪੋਰਟਰ ਵਲੋਂ ਦਿੱਲੀ ਭੇਜੀ ਰਿਪੋਰਟ ਨੂੰ ਇਤਿਹਾਸਕਾਰ ਗੁਲਾਮ ਮੁਹਾਈ-ਉਦ-ਦੀਨ ਨੇ ਫਾਰਸੀ ਵਿਚ ਅੰਕਿਤ ਕੀਤਾ ਹੈ, ਉਸ ਦਾ ਤਰਜਮਾ ਮੈਕਾਲਿਫ ਨੇ ਐਉਂ ਕੀਤਾ ਹੈ:

....Let none pay heed to Gangas and other places of pilgrimage, which are spoken of with reverence in Shastras, or adore incarnations such as Ram, Krishan or Durga. But believe in Guru Nanak and other Gurus…

(ਨੋਟ- ਉਪਰੋਕਤ ਰਿਪੋਰਟ ਵਿਚ ਗੁਰੂ ਗੁਬਿੰਦ ਸਿੰਘ ਜੀ ਵਲੋਂ ਸਪੱਸ਼ਟ ਤੌਰ ਉਤੇ ਰਾਮ, ਕ੍ਰਿਸ਼ਨ ਅਦਿ ਅਵਤਾਰਾਂ ਅਤੇ ਦੁਰਗਾ ਆਦਿ ਦੇਵੀਆਂ ਨੂੰ ਮੰਨਣ ਦੀ

ਮਨਾਹੀ ਹੈ।)

(ੲ) ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ', ਜਿਸ ਦਾ ਖਰੜਾ 60 ਕੁ ਸਾਲ ਪਹਿਲਾਂ ਪੰਥ ਦੇ ਮੁਖੀ ਵਿਦਵਾਨਾਂ ਨੇ ਪਰਸਪਰ ਵੀਚਾਰ ਉਪਰੰਤ ਪ੍ਰਵਾਨ ਕੀਤਾ ਅਤੇ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਦੇ ਲਾਭ ਹਿਤ ਛਾਪਿਆ, ਵਿੱਚ (ਅੰਮ੍ਰਿਤ ਸੰਸਕਾਰ ਸਿਰਲੇਖ ਹੇਠ) ਅੰਮ੍ਰਿਤ ਅਭਿਲਾਖੀ ਲਈ ਸਿੱਖ ਧਰਮ ਦੇ ਅਸੂਲ ਸਮਝਾਉਂਦੇ ਹੋਏ ਲਿਖਿਆ ਹੈ:

"ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ।"

ਸੋ ਸਪੱਸ਼ਟ ਹੈ ਕਿ, ਸਿੱਖ ਧਰਮ ਵਿਚ 'ਅਵਤਾਰਵਾਦ' ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ। 'ਅਵਤਾਰ' ਧਾਰਨ ਦਾ ਅੱਖਰੀ ਅਰਥ ਜਨਮ ਲੈਣਾ ਹੈ। ਗੁਰਬਾਣੀ ਵਿੱਚ ਵੀ 'ਅਵਤਾਰ' ਧਾਰਨ ਦਾ ਇਹੀ ਅਰਥ ਲਿਆ ਗਿਆ ਹੈ। ਚੰਗੇ ਅਤੇ ਮਾੜੇ ਦੋਹਾਂ ਤਰ੍ਹਾਂ ਦੇ ਲੋਕਾਂ ਦੇ 'ਅਵਤਾਰਾਂ' ਨੂੰ ਜਨਮ ਲੈਣਾ ਕਿਹਾ ਗਿਆ ਹੈ। ਵੇਦਾਂ ਵਿਚ ਕਿਸੇ ਅਵਾਤਰ ਦਾ ਕੋਈ ਜ਼ਿਕਰ ਨਹੀਂ, ਪਰ ਪੁਰਾਣਾਂ ਵਿਚ 'ਅਵਤਾਰਾਂ' ਦੀ ਕਲਪਨਾ ਕੀਤੀ ਗਈ ਹੈ। ਇਹਨਾਂ 'ਅਵਤਾਰਾਂ' ਦੀ ਹਸਤੀ ਨੂੰ ਮੰਨਣਾ ਗੁਰਮਤਿ ਵਿਚ ਵਰਜਿਤ ਹੈ ਤੇ ਇਹਨਾਂ ਮਿਥਿਹਾਸਕ ਤੇ ਝੂਠ-ਮੂਠ ਹਸਤੀਆਂ ਦੀ ਉਸਤਤ ਵਿਚ ਲਿਖਣਾ ਤਾਂ ਉੱਕਾ ਹੀ ਕੁਫ਼ਰ (blasphemy) ਹੈ। ਫੇਰ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ 'ਅਵਤਾਰ-ਪੂਜਾ' ਜਾਂ 'ਅਵਾਤਰ-ਪ੍ਰਸ਼ੰਸਾ' ਨਾਲ ਜੋੜ ਕੇ ਕੁਝ ਲੋਕ ਕਿਉਂ ਸੱਚ ਨੂੰ ਫਾਹੇ ਲਾ ਰਹੇ ਹਨ ਅਤੇ ਜਨਤਾ ਨਾਲ ਛਲ ਕਰ ਰਹੇ ਹਨ?

(ਸਪੋਕਸਮੈਨ ਤੋਂ ਧੰਨਵਾਦ ਸਹਿਤ)

# ਅਵਤਾਰਵਾਦ ਅਤੇ ਦਸਮ ਗ੍ਰੰਥ

ਅਵਤਾਰਵਾਦ, ਦਰਅਸਲ, ਪੁਰਾਣਾਂ ਦਾ ਮੁੱਖ ਲੱਛਣ ਹੈ। ਤਕਰੀਬਨ ਸਾਰੇ ਹੀ ਪੁਰਾਣ ਅਤਵਾਰ -ਕਥਾਵਾਂ ਨਾਲ ਭਰੇ ਪਏ ਹਨ। ਸਭ ਤੋਂ ਵੱਧ ਵਿਸ਼ਨੂੰ ਦੇ ਅਵਤਾਰਾਂ ਦਾ ਵਰਨਣ ਹੈ। ਜਿਥੇ ਭਾਗਵਤ ਆਦਿ ਵੈਸ਼ਨਵ ਪੁਰਾਣ ਵਿਸ਼ਨੂੰ ਦੇ ਅਨੇਕਾਂ ਅਵਤਾਰਾਂ ਦਾ ਜ਼ਿਕਰ ਕਰਦੇ ਹਨ, ਓਥੇ ਮਾਰਕੰਡੇ ਆਦਿ ਸ਼ਾਕਤ ਪੁਰਾਣਾਂ ਵਿੱਚ ਦੇਵੀ ਦੇ ਅਵਤਾਰਾਂ ਦਾ ਵਰਨਣ ਕੀਤਾ ਹੋਇਆ ਹੈ। ਗੁਰਮਤਿ ਅਵਤਾਰਵਾਦ ਦਾ ਸਾਫ਼ ਤੌਰ ਤੇ ਖੰਡਨ ਕਰਦੀ ਹੈ ਅਤੇ ਪਰਮਾਤਮਾ ਨੂੰ 'ਅਜੂਨੀ' (ਜਨਮ-ਮਰਨ ਤੋਂ ਰਹਿਤ) ਮੰਨਦੀ ਹੈ। ਗੁਰਮਤਿ ਵਿੱਚ ਤਾਂ ਕੇਵਲ ਇੱਕ ਅਕਾਲ-ਪੁਰਖ ਦੀ ਹੀ ਪ੍ਰੇਮਾ ਭਗਤੀ ਤੇ ਉਪਾਸ਼ਨਾ ਕਰਨ ਦਾ ਉਪਦੇਸ਼ ਹੈ। ਪਰ ਜਿਹੜਾ ਗ੍ਰੰਥ ਹੁਣ "ਦਸਮ-ਗ੍ਰੰਥ" ਦੇ ਸਿਰਲੇਖ ਹੇਠ ਪ੍ਰਚਲਤ ਹੋ ਗਿਆ ਹੈ, ਉਸ ਦਾ ਬਹੁਤਾ ਹਿੱਸਾ ਪੁਰਾਣਾਂ ਦੀ ਤਰਜ਼ ਉਤੇ ਅਵਤਾਰਵਾਦ ਨੂੰ ਵਡਿਆਉਂਦਾ ਹੈ ਅਤੇ ਇੰਜ ਗੁਰਮਤਿ ਵਿਚਾਰਧਾਰਾ ਨਾਲ ਮੇਲ ਨਹੀ ਖਾਂਦਾ। ਜੇ ਦਸਮ ਗ੍ਰੰਥ ਵਿਚ ਮੌਜੂਦ ਉਹਨਾਂ ਰਚਨਾਵਾਂ ਨੂੰ, ਜੋ ਅਵਤਾਰਵਾਦ ਨਾਲ ਸੰਬੰਧਿਤ ਹਨ, ਗੁਰੂ ਗੋਬਿੰਦ ਸਿੰਘ ਜੀ ਕ੍ਰਿਤ ਮੰਨ ਲਿਆ ਜਾਏ ਤਾ ਸਪੱਸ਼ਟ ਜਾਪੇਗਾ ਕਿ ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪਹਿਲੇ ਗੁਰੂ ਸਾਹਿਬਾਨ ਵਲੋਂ ਚਲਾਈ ਰੀਤ ਅਥਵਾ ਨਿਰਮਲ ਤੇ ਨਿਰਾਲਾ ਧਰਮ ਪਸੰਦ ਨਹੀਂ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ "ਆਦਿ ਗ੍ਰੰਥ ਸਾਹਿਬ" ਨੂੰ ਗੁਰੂ ਦਾ ਦਰਜਾ ਦਿੱਤਾ ਸੀ। 'ਆਦਿ ਗ੍ਰੰਥ' ਨੂੰ ਗੁਰੂ ਹੋਣ ਦਾ ਮਾਣ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਕਿਵੇਂ ਅਜਿਹੀ ਰਚਨਾ ਰੱਚ ਸਕਦੇ ਸਨ ਜੋ ਗੁਰਬਾਣੀ ਦੇ ਆਸ਼ੇ ਨਾਲ ਮੇਲ ਨਾ ਖਾਂਦੀ ਹੋਵੇ ਅਤੇ ਨੌਂ ਗੁਰੂਆਂ ਵਲੋਂ ਚਲਾਈ ਪਰਪਾਟੀ ਦੀ ਉਲੰਘਣਾ ਕਰਨ ਵਾਲੀ ਹੋਵੇ?

ਪਾਠਕਾਂ ਦੀ ਜਾਣਕਾਰੀ ਲਈ 'ਦਸਮ ਗ੍ਰੰਥ' ਦੀਆਂ ਅਵਤਾਰਵਾਦ ਨਾਲ ਸੰਬੰਧਿਤ ਰਚਨਾਵਾਂ ਵਿਚੋਂ ਕੁਝ ਵੰਲਗੀਆਂ ਨਮੂਨੇ ਵਜੋਂ ਹੇਠਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਜੇ ਇਹਨਾਂ ਤੁਕਾਂ ਦੇ ਰਚਣਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਵਾਨ ਕਰ ਲਿਆ ਜਾਏ, ਤਾਂ ਸਾਫ਼ ਤੌਰ ਤੇ ਗੁਰੂ ਸਾਹਿਬ ਇਹਨਾਂ ਦੇਵੀ-ਦੇਵਤਿਆਂ ਦਾ ਜੱਸ ਗਾਉਂਦੇ ਅਤੇ ਉਹਨਾਂ ਅੱਗੇ ਅਰਦਾਸਾਂ-ਬੇਨਤੀਆਂ ਕਰਦੇ ਭਾਸਦੇ ਹਨ।

ੳ) "ਜੈ ਜੈ ਹੋਸੀ, ਮਹਿਖਾਸੁਰ ਮਰਦਨ, ਭੂਮਿ ਅਕਾਸ਼ ਪਾਤਾਲ ਜਲੰ।"

ਭਾਵ- ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਚੰਡਿਕਾ ਦੇਵੀ! ਤੂੰ ਜੋ ਅਕਾਸ਼, ਪਤਾਲ ਅਤੇ ਜਲ, ਥਲ, ਵਿਚ ਵਿਆਪਕ ਹੈ, ਤੇਰੀ ਜੈ ਹੋਵੇ!

(ਨੋਟ - ਉਪਰੋਕਤ ਤੁਕ ਉਹਨਾਂ 20 ਛੰਦਾਂ ਵਿੱਚੋਂ ਹੈ ਜੋ ਕਿਸੇ ਦੇਵੀ-ਪੂਜਕ ਕਵੀ ਨੇ -211 ਤੋਂ 230 ਨੰਬਰ ਤਕ- "ਅਕਾਲ ਉਸਤਤਿ'' ਵਿਚ ਪਾ ਛੱਡੇ ਹਨ, ਅਤੇ ਜੋ ਗੁਰਮਤਿ ਸਿਧਾਂਤ ਅਥਵਾ "ਅਕਾਲ ਉਸਤਤਿ" ਦੀ ਬਾਕੀ ਸਾਰੀ ਗੁਰਬਾਣੀ ਨਾਲ ਮੇਲ ਨਹੀਂ ਖਾਂਦੇ।)

ਅ) "ਚੰਡੀ ਚਰਿਤ੍ਰ ਕਵਿੱਤਰ ਮੈਂ, ਬਰਨਿਓ ਸਭਹੀ ਰਸ ਰੁਦ੍ਰਮਈ ਹੈ।

ਏਕ ਤੇ ਏਕ ਰਸਾਲ ਭਇਓ ਨਖ ਤੇ ਸ਼ਿਖ ਲਉ, ਉਪਮਾ ਸੁ ਨਈ ਹੈ।

ਕਉਕਤ ਹੇਤੁ ਕਰੀ ਕਵਿ ਨੇ, ਸਤਿਸਯ ਕੀ ਕਥਾ ਇਹ ਪੂਰੀ ਭਈ ਹੈ।

ਜਾਹਿ ਨਮਿੱਤ ਪੜ੍ਹੈ ਸੁਨਿ ਹੈ ਨਰ, ਸੋ ਨਿਸਚੈ ਕਰਿ ਤਾਹਿ ਦਈ ਹੈ।"

(232, ਚੰਡੀ ਚਰਿਤ੍ਰ ਉਕਤਿ ਬਿਲਾਸ)

ਭਾਵ– ਚੰਡੀ ਚਰਿਤ੍ਰ ਦਾ ਮੈਂ ਕਵਿਤਾ ਵਿਚ ਰੌਦ੍ਰ ਰਸਮਈ ਬਿਆਨ ਕੀਤਾ ਹੈ। ਪੈਰ ਦੇ ਨਹੁੰ ਤੋਂ ਸ਼ਿਖਾ ਤੀਕਰ ਇੱਕ ਤੋਂ ਇੱਕ ਰਸਮਈ ਉਪਮਾਵਾਂ ਭਰੀਆਂ ਹਨ। ਕਵੀ ਨੇ ਸਿਰਫ਼ ਕੌਤਕ ਹਿਤ ਦੁਰਗਾ ਸਪਤਸ਼ਤੀ ਦੀ ਇਹ ਕਥਾ ਪੂਰੀ ਕੀਤੀ ਹੈ। ਜੋ ਇਸ ਨੂੰ ਪੜ੍ਹੇਗਾ ਜਾਂ ਸੁਣੇਗਾ, ਉਸ ਨੂੰ ਉਸ ਨੂੰ ਉਸ ਦਾ ਮਨ–ਇੱਛਤ ਫਲ ਪ੍ਰਾਪਤ ਹੋਵੇਗਾ। (ਇਹ ਕੌਤਕ ਵਜੋਂ ਲਿਖੀ ਹੈ। ਵਾਸਤਵਿਕਤਾ ਨਾਲ ਇਸ ਦਾ ਕੋਈ ਸੰਬੰਧ ਨਹੀ। ਇਹ ਮਿਥ ਹੈ, ਕਲਪਨਾ ਹੈ।)

(ਨੋਟ – ਕਿਸੇ ਕਵੀ ਨੇ ਮਾਰਕੰਡੇ ਪੁਰਾਣ ਦੀ 700 ਸਲੋਕਾਂ ਵਾਲੀ ਚੰਡੀ ਕਥਾ ਵਿਚੋਂ ਇਹ ਪ੍ਰਸੰਗ ਲਿਆ ਹੈ।)

ੲ) "ਇਹ ਬਿਧਿ ਦੈਂਤ ਸੰਘਾਰ ਕਰ, ਧਵਲਾ ਚਲੀ ਅਵਾਸ।

ਜੋ ਯਹ ਕਥਾ ਪੜ੍ਹੈ ਸੁਨੈ, ਰਿੱਧੀ ਸਿੱਧੀ ਗ੍ਰਿਹ ਤਾਸ।"

(65, ਚੰਡੀ ਚਰਿਤ੍ਰ ਦੂਜਾ)

ਭਾਵ – ਇਸ ਤਰ੍ਹਾਂ ਦੈਂਤਾਂ ਨੂੰ ਮਾਰ ਕੇ ਗੌਰੀ (ਦੁਰਗਾ ਦੇਵੀ) ਆਪਣੇ ਘਰ ਚਲੀ ਗਈ। ਜੋ ਵੀ ਇਸ ਕਥਾ ਨੂੰ ਪੜ੍ਹੇਗਾ ਜਾਂ ਸੁਣੇਗਾ; ਰਿੱਧੀਆਂ, ਸਿੱਧੀਆਂ ਉਸਦੇ ਘਰ ਆ ਜਾਣਗੀਆਂ।

(ਨੋਟ – ਇਸ ਦਾ ਆਧਾਰ ਵੀ ਮਾਰਕੰਡੇ ਪੁਰਾਣ ਦਾ ਦੇਵੀ ਮਹਾਤਮ ਹੈ।)

ਸ) "ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।

ਫੇਰ ਨ ਜੂਨੀ ਆਇਆ, ਜਿਨਿ ਇਹ ਗਾਇਆ।"

(55, ਵਾਰ ਦੁਰਗਾ ਕੀ)

ਭਾਵ – ਇਹਨਾਂ ਸਭ ਪਉੜੀਆਂ ਵਿਚ ਦੁਰਗਾ ਮਹਾਤਮ ਦਾ ਪਾਠ ਰਚਿਆ ਗਿਆ ਹੈ। ਜਿਸਨੇ ਵੀ ਦੁਰਗਾ ਦੀ ਇਸ ਜੱਸਮਈ ਵਾਰ ਦਾ ਗਾਇਨ ਕੀਤਾ ਹੈ, ਉਹ ਜਨਮ–ਮਰਨ ਦੇ ਗੇੜ ਤੋਂ ਮੁਕਤ ਹੋ ਗਿਆ ਹੈ।

(ਨੋਟ– ਇਹਨਾਂ ਤੁਕਾਂ ਵਿਚ, ਦਰਅਸਲ, ਮਾਰਕੰਡੇ ਪੁਰਾਣ ਵਿਚਲੀ ਦੁਰਗਾ ਸਪਤਸ਼ਤੀ, ਅਧਿਆਇ 93 ਸ਼ਲੋਕ 5, ਦੀ ਹੀ ਪ੍ਰਤਿਧੁਨੀ ਹੈ।)

ਹ) "ਰਾਮ ਕਥਾ ਜੁਗ ਜੁਗ ਅਟਲ, ਸਭ ਕੋਈ ਭਾਖਤ ਨੇਤ।

ਸੁਰਗਿ ਬਾਸ ਰਘੁਬਰ ਕਰਾ, ਸਗਰੀ ਪੂਰੀ ਸਮੇਤ।"

(858, ਰਾਮਾਤਵਾਰ)

ਅਰਥ– ਨਿੱਤ ਕਹੀ ਜਾਣ ਵਾਲੀ ਇਹ ਰਾਮਇਣ ਦੀ ਕਥਾ ਜੁਗਾਂ–ਜੁਗਾਂ ਤਕ ਅਟਲ ਹੈ। ਰਘੁਵੀਰ ਰਾਮ ਨੇ ਸਾਰੇ ਸ਼ਹਿਰ ਸਮੇਤ ਸੁਰਗਵਾਸ ਕੀਤਾ।

(ਨੋਟ: – ਰਾਮ ਪਦ ਦਾ ਨਿਰਣਾ ਅਗੇ ਇਕ ਵਖਰੇ ਲੇਖ ਵਿਚ ਕਰ ਦਿੱਤਾ ਹੈ।)

"ਜੋ ਇਹ ਕਥਾ ਸੁਨੈ ਅਰੁ ਗਾਵੈ।

ਦੂਖ ਪਾਪ ਤਿਹ ਨਿਕਟਿ ਨ ਆਵੈ।

ਬਿਸ਼ਨੁ ਭਗਤਿ ਕੀਏ ਫਲ ਹੋਈ।

ਆਧਿ ਬਿਆਧਿ ਛਵੈ ਸਕੈ ਨ ਕੋਈ।" (859, ਰਾਮਾਵਤਾਰ)

ਅਰਥ– ਜੋ ਵਿਸ਼ਨੂ ਦੇ ਅਵਤਾਰ ਰਾਮ ਦੀ ਕਥਾ ਨੂੰ ਸੁਣੇਗਾ ਜਾਂ ਗਾਏਗਾ, ਦੂਖ ਤੇ ਪਾਪ ਉਸਦੇ ਨੇੜੇ ਨਹੀਂ ਢੁੱਕਣਗੇ। ਵਿਸ਼ਨੂ ਦੀ ਭਗਤੀ ਦਾ ਇਹ ਫਲ ਹੋਵੇਗਾ ਕਿ ਕੋਈ ਵੀ ਮਾਨਸਿਕ ਜਾਂ ਸਰੀਰਕ ਕਸ਼ਟ ਉਸ ਨੂੰ ਛੂਹ ਨਹੀਂ ਸਕੇਗਾ।

"ਗ੍ਰੰਥ ਸਕਲ ਪੂਰਣ ਕੀਓ, ਭਗਵਤਿ (ਦੇਵੀ) ਕ੍ਰਿਪਾ ਪ੍ਰਸਾਦਿ।"

(862, ਰਾਮਾਵਤਾਰ)

ਹੈਰਾਨੀ ਦੀ ਗੱਲ ਇਹ ਹੈ ਕਿ ਰਾਮਾਵਤਾਰ ਕਥਾ ਦਾ ਇਹ ਗ੍ਰੰਥ ਆਰੰਭ ਤਾਂ ਹੁੰਦਾ ਹੈ "ੴ ਵਾਹਿਗੁਰੂ ਜੀ ਕੀ ਫਤਹਿ" ਦੇ ਇਸ਼ਟ–ਮੰਗਲ ਨਾਲ, ਪਰ ਇਸ ਦਾ ਭੋਗ ਪੈਂਦਾ (ਅਥਵਾ ਸੰਪੂਰਨਤਾ ਹੁੰਦੀ) ਹੈ ਦੇਵੀ ਦੀ ਪੂਜਾ–ਪ੍ਰਤਿਸ਼ਠਾ ਤੇ ਕ੍ਰਿਪਾ ਨਾਲ, ਜਿਵੇਂ ਕਿ ਅਕਾਲ ਪੁਰਖ ਅਤੇ ਦੇਵੀ ਵਿਚ ਕੋਈ ਫਰਕ ਹੀ ਨਾ ਹੋਵੇ। ਅਸਲ ਵਿਚ ਇਸ ਕਥਾ ਦਾ ਦੇਵੀ–ਭਗਤ ਸ਼ਾਕਤ ਕਵੀ, ਸਿੱਖ ਸੰਗਤਾਂ ਨੂੰ ਟਪਲਾ ਦੇਣ ਲਈ, ਆਦਿ ਵਿਚ 'ੴ ਵਾਹਿਗੁਰੂ' ਦਾ ਮੰਗਲ ਵੀ ਕਰ ਲੈਂਦਾ ਹੈ; ਪਰ ਕਵੀ ਸ਼ਾਮ ਭਗਤ ਅਸਲ ਵਿਚ ਆਪਣੇ ਇਸ਼ਟ ਭਗਉਤੀ (ਦੁਰਗਾ) ਦੇਵੀ ਦਾ ਹੀ ਹੈ। (ਇਹ ਦੋਵੇਂ ਮਨੌਤਾਂ ਇਕਦਮ ਪ੍ਰਤਿਕੂਲ ਹਨ।)

2) 'ਦਸਮ ਗ੍ਰੰਥ' ਵਿਚ ਦੂਜੀ ਵੱਡ–ਆਕਾਰੀ (494 ਪੰਨੇ, ਸ਼ਬਦਾਰਥ) ਰਚਨਾ ਹੈ– ਕ੍ਰਿਸ਼ਨਾਵਤਾਰ। ਇਸ ਰਚਨਾ ਦੇ ਅੰਤ ਵਿਚ, ਕਵੀ ਨੇ 6 ਕੁ ਵੇਰ ਆਪਣਾ ਨਾਮ 'ਸਯਾਮ' ਸਪੱਸ਼ਟ ਤੌਰ ਤੇ ਦੱਸਿਆ ਹੈ। ਇਸ ਰਚਨਾ ਨੂੰ, ਸ੍ਰੀ ਦਸਮੇਸ਼ ਜੀ ਨਾਲ ਜੋੜਿਆ ਗਿਆ ਹੈ ਅਤੇ ਆਪ ਜੀ ਤੋਂ ਗ੍ਰੰਥ ਦੇ ਆਰੰਭ ਵਿਚ ਇਹ ਵਾਕ ਅਖਵਾਏ ਗਏ ਹਨ:

॥ਸਵੈਯਾ॥

"ਹੋਇ ਕ੍ਰਿਪਾ ਤੁਮਰੀ ਹਮ ਪੈ, ਤੁ ਸਭੈ ਸਗੁਨੰ ਗੁਨ ਹੀ ਧਰਿਹੋਂ।

ਜੀਅ ਧਾਰਿ ਬਿਚਾਰ ਤਬੈ, ਬਰ ਬੁੱਧਿ, ਮਹਾਂ ਅਗੁਨੰ ਗੁਨ ਕੋ ਹਰਿਹੋਂ।

ਬਿਨ ਚੰਡਿ ਕ੍ਰਿਪਾ ਤੁਮਰੀ, ਕਬਹੂੰ ਮੁਖ ਤੇ ਨਹੀਂ ਅੱਛਰ ਹਉਂ ਕਰਿਹੋ।
ਤੁਮਰੋ ਕਰਿ ਨਾਮੁ ਕਿਯੋ ਤੁਲਹਾ, ਜਿਮ ਬਾਕ-ਸਮੁੰਦ੍ਰ ਬਿਖੈ ਤਰਿਹੋਂ। (5)

॥ਦੋਹਰਾ॥

ਰੇ ਮਨ ਭਜ ਤੂੰ ਸਾਰਦਾ, ਅਨਗਨ ਗੁਨ ਹੈਂ ਜਾਹਿ।
ਰਚੌਂ ਗ੍ਰੰਥ ਇਹ ਭਾਗਵਤ, ਜਉ ਵੈ ਕ੍ਰਿਪਾ ਕਰਾਹਿ। (6)

॥ਕਵਿਤੁ॥

ਸੰਕਟ ਹਰਨ ਸਭ ਸਿਧਿ ਕੀ ਕਰਨ ਚੰਡਿ,
ਤਾਰਨ ਤਰਨ ਸ਼ਰਨ ਲੋਚਨ ਬਿਸਾਲ ਹੈ।
ਆਦਿ ਜਾਕੋ ਆਹਮ ਹੈ, ਅੰਤ ਕੋ ਨ ਪਾਰਾਵਾਰ,
ਸ਼ਰਨ ਉਬਾਰਨ, ਕਰਨ ਪ੍ਰਤਿਪਾਲ ਹੈ।
ਅਸੁਰ ਸੰਘਾਰਨ ਅਨਿਕ ਦੁਖ ਜਾਰਨ,
ਸੋ ਪਤਿਤ ਉਧਾਰਨ ਛਡਾਏ ਜਮਜਾਲ ਹੈ।
ਦੇਵੀ ਬਰ ਲਾਇਕ, ਸੁਬੁਧਿ ਕੀ ਦਾਇਕ,
ਸੁ ਦੇਹ ਬਰ ਪਾਇਕ, ਬਨਾਵੈ ਗ੍ਰੰਥ ਹਾਲ ਹੈ। (7)

॥ਸਵੈਯਾ॥

ਅਦ੍ਰਸੁਤਾ ਹੂੰ ਕੀ ਜੋ ਤਨਯਾ,
ਮਹਿਖਾਸੁਰ ਕੀ ਮਰਤਾ ਫੁਨਿ ਜੋਊ।
ਇੰਦ੍ਰ ਕੋ ਰਾਜਹਿ ਕੀ ਦਿਵਯਾ,
ਕਰਤਾ ਬਧ ਸੁੰਭ ਨਿਸੁੰਭਹਿ ਦੋਊ।
ਜੋ ਜਪ ਕੈ ਇਹ ਸੇਵ ਕਰੈ,
ਬਰ ਕੋ ਸੁ ਲਹੈ ਮਨ ਇੱਛਤ ਸੋਊ।
ਲੋਕ ਬਿਖੈ ਉਹ ਕੀ ਸਮਤੁੱਲ,
**ਗਰੀਬਨਿਵਾਜ਼ ਨ ਦੂਸਰ ਕੋਊ। (8)**

ਅਰਥ- (ਹੇ ਦੇਵੀ!) ਜੇ ਮੇਰੇ 'ਤੇ ਤੇਰੀ ਕ੍ਰਿਪਾ ਹੋ ਜਾਏ, ਤਾਂ ਮੈ ਸਾਰੇ ਸਦਗੁਣਾਂ ਨੂੰ ਧਾਰਨ ਕਰਾਂਗਾ। ਹਿਰਦੇ ਵਿਚ ਤੇਰਾ ਵਿਚਾਰ ਕਰਕੇ ਫੇਰ ਬੁੱਧੀ ਦੇ ਵਰ ਨਾਲ ਮਹਾਂ ਔਗੁਣਾਂ ਦਾ ਨਾਸ਼ ਕਰਾਂਗਾ। ਹੇ ਚੰਡੀ! ਬਗੈਰ ਤੇਰੀ ਕ੍ਰਿਪਾ ਦੇ ਮੈਂ ਮੂਹੋਂ ਇੱਕ ਅੱਖਰ ਵੀ ਨਹੀਂ ਕੱਢ ਸਕਦਾ। ਤੇਰੇ ਨਾਮ ਦੀ ਬੇੜੀ ਰਾਹੀਂ ਹੀ ਮੈਂ ਵਾਕ-ਸਮੁੰਦਰ ਵਿਚ ਤਰ ਸਕਦਾ ਹਾਂ। (5)

ਹੇ ਮਨ! ਤੂੰ ਅਣਗਿਣਤ ਗੁਣਾਂ ਵਾਲੀ ਸ਼ਾਰਦਾ (ਦੁਰਗਾ ਦੇਵੀ) ਦਾ ਸਿਮਰਨ ਕਰ। ਤਾ ਜੋ ਉਹ ਕਿਰਪਾ ਕਰੇ ਤੇ ਮੈਂ ਭਾਗਵਤ (ਪੁਰਾਣ) ਦਾ ਇਹ ਗ੍ਰੰਥ ਰੱਚ ਸਕਾਂ। (6)

ਹੇ ਵਿਸ਼ਾਲ ਨੇਤਰਾਂ ਵਾਲੀ ਚੰਡੀ ਦੇਵੀ! ਤੂੰ ਸਾਰੇ ਸੰਕਟਾਂ ਨੂੰ ਹਰਨ ਵਾਲੀ, ਸਿੱਧੀਆਂ ਬਖਸ਼ਣ ਵਾਲੀ ਅਤੇ ਸ਼ਰਨਾਗਤਾਂ ਦੀ ਤਾਰਨਹਾਰ ਹੈ। ਜਿਸਦਾ ਆਦਿ ਅਗੰਮ ਹੈ ਤੇ ਅੰਤ ਦਾ ਕੋਈ ਪਾਰਾਵਾਰ (ਹੱਦ-ਬੰਨਾ) ਨਹੀਂ, ਉਹ ਸ਼ਰਨ ਆਇਆਂ ਨੂੰ ਉਬਾਰਨ ਵਾਲੀ ਤੇ ਉਹਨਾਂ ਦੀ ਪਾਲਣਹਾਰ ਹੈ। ਉਹ ਦੈਂਤਾਂ ਦਾ ਸੰਘਾਰ ਕਰਨ ਵਾਲੀ, ਅਨੇਕਾਂ ਦੂਖਾਂ ਨੂੰ ਦੂਰ ਕਰਨ ਵਾਲੀ, ਪਤਿਤਾਂ ਦਾ ਉੱਧਾਰ ਕਰਨ ਵਾਲੀ ਤੇ ਮੌਤ ਦੇ ਜਾਲ ਤੋਂ ਛੁਡਾਉਣ ਵਾਲੀ ਹੈ। **ਸੁਬੁੱਧੀ ਦਾ ਵਰ ਬਖਸ਼ਣ ਵਾਲੀ ਉਹ ਦੇਵੀ ਜੇਕਰ ਕਿਰਪਾ ਦਾ ਵਰ ਦੇ ਦੇਵੇ ਤਾਂ ਇਹ ਗ੍ਰੰਥ ਬਣ ਸਕਦਾ ਹੈ। (7)**

ਅਦ੍ਰਿਸੁਤਾ (ਪਾਰਬਤੀ) ਦਾ ਜੋ ਅਵਤਾਰ ਹੈ ਅਤੇ ਜੋ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਹੈ। ਸ਼ੁੰਭ ਤੇ ਨਿਸ਼ੁੰਭ ਦੋਹਾਂ ਦਾ ਕਤਲ ਕਰਕੇ ਜੋ ਇੰਦਰ ਨੂੰ ਰਾਜ ਦਿਵਾਉਣ ਵਾਲੀ ਹੈ। ਸਾਰੇ ਸੰਸਾਰ ਵਿਚ ਜਿਸ ਦੇ ਤੁੱਲ ਗਰੀਬਨਿਵਾਜ਼ ਹੋਰ ਕੋਈ ਨਹੀਂ, ਉਸ ਦੇਵੀ ਦੀ ਜੋ, ਜਾਪ ਕਰਕੇ, ਪੂਜਾ ਕਰਦਾ ਹੈ, ਉਸ ਨੂੰ ਮਨ-ਇੱਛਤ ਵਰ ਮਿਲਦਾ ਹੈ ।(8)

(ਨੋਟ- ਚੇਤੇ ਰਹੇ ਕਿ ਜਿਵੇਂ ਵਿਸ਼ਨੂ ਦੇ 24 ਅਵਤਾਰ ਮੰਨੇ ਜਾਂਦੇ ਹਨ, ਤਿਵੇਂ ਪਾਰਬਤੀ (ਸ਼ਿਵਾ) ਵੀ ਚੰਡੀ, ਭਗਉਤੀ, ਦੁਰਗਾ, ਅੰਬਿਕਾ, ਕਾਲੀ, ਭੈਰਵੀ, ਕਾਲਕਾ, ਮਹਾਂਮਾਇਆ, ਸ਼ਿਵਦੂਤੀ, ਸ਼ਾਰਦਾ, ਆਦਿ 16 ਦੇਵੀ-ਅਵਤਾਰਾਂ ਦੀ ਹੇਤੂ /ਕਾਰਨ ਹੈ।) (ਨੋਟ :- ਜਿਹੜੇ ਗੁਰਮੁਖ ਉਪਰੋਕਤ ਕਥਾਵਾਂ ਨੂੰ ਸੱਚ ਕਰਕੇ ਮੰਨਦੇ ਹਨ, ਕਿਥੇ ਗਈ ਉਹਨਾਂ ਦੀ ਗੁਰਮਤਿ-ਸੂਝ ਤੇ ਇਕ ਅਕਾਲ-ਪੂਜਾ?)

ਜਿਹੜੇ ਮੇਰੇ ਭੋਲੇ ਵੀਰ, ਦੇਵੀ ਨੂੰ ਪ੍ਰਭੂ ਦੀ ਕੋਈ ਵਖਰੀ ਸ਼ਕਤੀ ਕਰਕੇ ਪੂਜਣ ਦੀ ਭੁੱਲ ਕਰਦੇ ਹਨ, ਉਹਨਾਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਉਹ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਇਹ ਨੋਟ ਵਾਚਣ ਦੀ ਕ੍ਰਿਪਾਲਤਾ ਕਰਨ:

"ਪਿਆਰੇ ਗੁਰੂ ਨਾਨਕ ਪੰਥੀਓ! ਸਭ ਤੋਂ ਪਹਿਲਾਂ ਆਪ ਇਹ ਵਿਚਾਰੋ ਕਿ ਦੇਵੀ ਕੌਣ ਹੋਈ ਹੈ ਅਤੇ ਉਸ ਨੇ ਸੰਸਾਰ ਦਾ ਕੀ ਉਪਕਾਰ ਕੀਤਾ ਹੈ? ਪੁਰਾਣਾਂ ਤੋਂ ਪਤਾ ਲੱਗਦਾ ਹੈ ਕਿ ਉਹ ਹਿਮਾਲਯ (ਪਰਬਤ) ਦੀ ਬੇਟੀ ਸੀ, ਇਸੀ ਵਾਸਤੇ ਉਸ ਦਾ ਨਾਉਂ ਪਾਰਬਤੀ, ਗਿਰਿਜਾ ਅਤੇ ਭਵਾਨੀ ਆਦਿ ਹਨ। ਉਸ ਨੇ ਦੇਵਤਿਆਂ ਦੀ ਹਿਮਾਯਤ ਵਿੱਚ ਦੈਂਤਾਂ ਨਾਲ ਯੁੱਧ ਕੀਤਾ ਅਤੇ ਇੰਦ੍ਰ ਨੂੰ ਕਈ ਵੇਰ (ਸੁਰਗਾ ਦੀ) ਰਾਜ-ਗੱਦੀ ਮੁੜ ਦਿੱਤੀ; ਅਰ ਇੰਦਰ ਉਹ ਦੇਵਤਾ ਹੈ, ਜੋ ਸਾਰਾ ਦਿਨ (ਦਿਨ ਰਾਤ) ਅੱਪਸਰਾਂ (ਸਵਰਗੀ ਨਾਚੀਆਂ) ਦਾ ਨਾਚ ਔਰ ਤਮਾਸ਼ਾ ਦੇਖਦਾ ਹੋਇਆ ਐਸ਼-ਆਰਾਮ ਨਾਲ ਸਮਾਂ ਬਿਤਾਉਂਦਾ ਹੈ, ਔਰ ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ ਜਿਸ ਦੇ ਭਜਨ ਅਤੇ ਤਪ ਵਿਚ ਵਿਘਨ ਪਾਉਣ ਵਾਸਤੇ ਇੰਦਰ ਨੇ ਲੁੱਚੀਆਂ ਤੀਮੀਆਂ ਨਾ ਭੇਜੀਆਂ ਹੋਣ, ਔਰ ਉਹ ਖੁਦ ਰਿਸ਼ੀਆਂ ਦੀਆਂ ਇਸਤਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ, ਜਿਹਾ ਕਿ ਅਹਿਲਿਆ ਦੀ ਕਥਾ ਹੈ; ਐਸੇ ਵਿਭਚਾਰੀ ਅਤੇ ਕੁਕਰਮੀ ਦੀ ਸਹਾਇਤਾ ਕਰਕੇ ਦੇਵੀ ਨੇ ਜਗਤ ਨੂੰ ਕੀ

ਸੁਖ ਦਿੱਤਾ? ਅਰ ਇੰਦਰ ਨੇ ਰਾਜ ਲੈ ਕੇ ਸੰਸਾਰ ਦਾ ਕੇਹੜਾ ਸੁਧਾਰ ਕੀਤਾ?... ਕਈ ਮੰਤਕੀ ਇਹ ਆਖਦੇ ਹਨ ਕਿ ਅਸੀਂ ਹਿਮਾਲਯ ਦੀ ਬੇਟੀ ਅਥਵਾ ਅਸ਼ਟ-ਭੁਜੀ ਆਦਿਕ ਸਰੂਪ ਵਾਲੀ ਦੇਵੀ ਨੂੰ ਨਹੀਂ ਪੂਜਦੇ, ਅਸੀਂ ਤਾਂ ਅਕਾਲ ਪੁਰਖ ਦੀ ਜੋ ਸ਼ਕਤੀ ਉਸ ਤੋਂ ਭਿੰਨ ਹੈ ਜਾ ਅਭਿੰਨ ਹੈ? ਜੜ੍ਹ ਹੈ ਵਾ ਚੇਤਨ? ਔਰ ਅਨਿੱਤ ਹੈ ਵਾ ਨਿੱਤ? ਜੇ ਦੇਵੀ ਅਕਾਲ ਪੁਰਖ ਤੋਂ ਭਿੰਨ ਚੇਤਨ ਔਰ ਨਿੱਤ ਤੁਸੀਂ ਮੰਨਦੇ ਹੋ ਅਰ ਉਸ ਨੂੰ ਪੂਜਦੇ ਹੋ, ਤਾਂ ਨਿਸ਼ਚਯ ਕਰੋ ਕਿ ਗੁਰੂ ਸਾਹਿਬ ਨੇ ਜੋ 'ਓਅੰਕਾਰ' ਦੇ ਆਦਿ ਵਿਚ 'ਏਕਾ' (੧) ਲਾਇਆ ਹੈ, ਤੁਸੀਂ ਉਸ ਉੱਪਰ ਹੜਤਾਲ (ਫੇਰਨ) ਦੇ ਫਿਕਰ ਵਿਚ ਹੋ ਔਰ ਸਿੱਖੀ ਤੋਂ ਪਤਿਤ ਹੈ। ਔਰ ਜੇ ਦਵੀ ਅਕਾਲ ਪੁਰਖ ਤੋਂ ਭਿੰਨ ਨਹੀਂ, ਕੇਵਲ ਉਸ ਦੀ ਸ਼ਕਤੀ ਮਾਤ੍ਰ ਦਾ ਨਾਉ ਹੈ ਤਾਂ ਉਸ ਦਾ 'ਦੇਵੀ' ਨਾਮ ਲੈ ਕੇ ਪੂਜਣਾ ਭੀ ਮਹਾਂ ਅਗਿਆਨ ਅਤੇ ਮੂਰਖਤਾ ਹੈ। ਜੇ ਦੇਵੀ ਕੋਈ ਜੜ੍ਹ ਔਰ ਅਨਿੱਤ ਪਾਦਰਥ ਹੈ ਤਾਂ ਭੀ ਉਸ ਦੀ ਪੂਜਾ ਸਿੱਖ ਧਰਮ ਅਨੁਸਾਰ ਨਹੀਂ ਬਣਦੀ। ਸਿੱਧਾਂਤ ਇਹ ਹੈ ਕਿ ਕਿਸੀ ਤਰ੍ਹਾਂ ਭੀ ਦੇਵੀ ਦੀ ਪੂਜਾ ਸਿੱਖ ਧਰਮ ਵਿਚ ਯੋਗ ਸਿੱਧ ਨਹੀਂ ਹੋ ਸਕਦੀ।"

(ਗੁਰਮਤ ਮਾਰਤੰਡ, ਪੰਨਾ 597-598, ਛਾਪਕ : ਸ਼੍ਰੋ: ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ)

ਗੁਰਸਿੱਖੀ ਦਾ "ਇਕ ਓਅੰਕਾਰੀ" ਸਿਧਾਂਤ ਅਤੇ ਅਵਤਾਰਵਾਦ ਨਾ ਕੇਵਲ ਵੱਖਰੇ -ਵੱਖਰੇ ਧਾਰਮਿਕ ਸਿਧਾਂਤ ਹਨ, ਸਗੋਂ ਪਰਸਪਰ ਇਤਨੇ ਵਿਰੋਧੀ ਹਨ ਕਿ ਦੋਵੇਂ ਸਿਧਾਂਤ ਇਕੋ ਥਾਂ ਸਮੋਏ ਨਹੀਂ ਜਾ ਸਕਦੇ। ਦੂਸਰੇ, ਗੁਰੂ ਸਾਹਿਬਾਨ ਦਾ ਥਾਪਿਆ ਵਾਹਦਾਨੀਅਤ, ਪ੍ਰਭੂ-ਏਕਤਾ ਦਾ ਸਿਧਾਂਤ, ਸਿੱਖ-ਮਤ ਦਾ ਉਹ ਬੁਨਿਆਦੀ ਧਾਰਮਿਕ ਸਿਧਾਂਤ ਹੈ, ਜਿਸ ਨੂੰ ਪਲਟਣ (ਬਦਲਣ) ਦਾ ਅਧਿਕਾਰ ਸਮੁੱਚੇ ਸਿੱਖ ਪੰਥ ਨੂੰ ਵੀ ਨਹੀਂ। ਅਤੇ ਸਿੱਖ-ਮਤ ਦੇ ਬੁਨਿਆਦੀ ਸਿਧਾਂਤਾਂ ਨੂੰ ਪਰਖਣ ਦੀ ਕੇਵਲ ਇੱਕ (ਇਕੋ ਇੱਕ) ਕਸਵੱਟੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੀਸ ਨਿਵਾ 'ਸ਼ਬਦ-ਗੁਰੂ' ਥਾਪ ਗਏ ਹਨ।

ਇਹ ਇੱਕ ਮੰਨੀ-ਪ੍ਰਮੰਨੀ ਅਤੇ ਵਾਦ-ਵਿਵਾਦ ਤੋਂ ਰਹਿਤ ਹਕੀਕਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ, 1708 ਈ ਵਿਚ, ਜੋਤੀ ਜੋਤ ਸਮਾਉਣ ਵੇਲੇ ਵਰਤਮਾਨ ਰੂਪ-ਰੇਖਾ ਵਾਲੇ "ਦਸਮ ਗ੍ਰੰਥ" ਦੇ ਨਾਂ ਹੇਠ ਪ੍ਰਚਲਤ ਕਿਸੇ ਸੰਚੈ ਦਾ ਇਤਿਹਾਸ ਕੋਈ ਜ਼ਿਕਰ ਨਹੀਂ ਕਰਦਾ। ਗੁਰੂ ਸਾਹਿਬ ਦੀਆਂ ਆਪਣੀਆਂ ਅਥਵਾ ਉਹਨਾਂ ਦੇ ਦਰਬਾਰੀ ਕਵੀਆਂ ਦੀਆਂ ਜੋ ਰਚਨਾਵਾਂ ਵੱਖਰੇ ਜਾਂ ਅਖੌਤੀ "ਵਿਦਿਆ ਸਾਗਰ" ਨਾਮਕ ਗ੍ਰੰਥ ਦੇ ਰੂਪ ਵਿਚ ਦੱਸੀਆਂ ਜਾਂਦੀਆਂ ਹਨ; ਉਹ ਸ੍ਰੀ ਅਨੰਦਪੁਰ ਸਾਹਿਬ ਦੇ ਜੁੱਧ ਸਮੇਂ ਵੈਰੀਆਂ ਵਲੋਂ ਸਾੜ ਦਿੱਤੀਆਂ ਗਈਆਂ ਜਾਂ ਸਰਸਾ ਨਦੀ ਵਿਚ ਰੁੜ੍ਹ ਗਈਆਂ। ਸੋ ਕਿਸੇ ਵੀ ਹੱਠ ਜਾਂ ਭਾਵੁਕਤਾ ਰਹਿਤ ਸੱਚ ਦੇ ਖੋਜੀ ਲਈ, "ਦਸਮ ਗ੍ਰੰਥ" ਸੰਬੰਧੀ ਯਥਾਰਥ ਪਰਖ-ਪੜਚੋਲ ਤੇ ਸੁਵੀਚਾਰ ਕਰਨ ਸਮੇਂ ਹੇਠ ਲਿਖੇ ਕੁਝ ਕੁ ਤੱਥ ਸਾਹਮਣੇ ਰੱਖ ਕੇ ਹੀ ਹੱਕੀ ਨਤੀਜੇ ਕੱਢ ਸਕਣੇ ਸੰਭਵ ਹਨ।

### 1) ਗੁਰੂ ਮਾਨਿਓ ਗ੍ਰੰਥ

ਸਿੱਖ ਮੱਤ ਵਿਚ ‘ਗੁਰੂ’ ਦੀ ਪਦਵੀ ਕਿਤਨੀ ਉਚੀ, ਸੁੱਚੀ ਤੇ ਪਰਮ ਪਾਵਨ ਹੈ, ਇਹ ਇਸ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਭਾਈ ਲਹਿਣਾ ਨੂੰ ਗੁਰਿਆਈ ਸੌਂਪ ਕੇ ਗੁਰੂ ਅੰਗਦ ਥਾਪ ਦਿੱਤਾ, ਤਾਂ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉਤੇ ਆਪਣਾ ਸੀਸ ਰੱਖ ਕੇ ਮੱਥਾ ਟੇਕਿਆ (ਪਰਚੀਆਂ ਸੇਵਾ ਦਾਸ, ਪੰਨੇ 63–64) ਅਤੇ ਉਸ ਸਮੇਂ ਤੋਂ ਗੁਰੂ ਅੰਗਦ ਜੀ ਨੂੰ ਇਕ ਤਰ੍ਹਾਂ ਆਪਣਾ ਗੁਰੂ ਵੀ ਪਰਵਾਨਿਆ।

“ਮੈਂ ਅਪਨਾ ਗੁਰ ਤੁਮ ਕੋ ਧਾਰਾ।

ਮੈਂ ਤੇਰਾ ਗੁਰੂ ਤੂੰ ਮੇਰਾ ਗੁਰੂ।

ਭਏ ਏਕ ਮੇਕ ਨਿਕਟਿ ਨਹੀਂ ਦੂਰਿ।”

(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਪਹਿਲਾ, ਪੰਨਾ 314)

“ਗੁਰੂ ਹਰਿ ਗੋਬਿੰਦ ਸਾਹਿਬ ਨੇ ਗੁਰੂ ਹੁੰਦਿਆਂ ਸੁੰਦਿਆਂ ਬਾਬਾ ਬੁਢਾ ਜੀ ਦੇ ‘ਚਰਨ ਗਹੈ।” (ਗੁਰ ਬਿਲਾਸ ਛੇਵੀਂ ਪਾਤਸ਼ਾਹੀ, ਪੰਨੇ 349–350)

ਇੰਞ ਕੀਤਾ ਗਿਆ ਕੇਵਲ ਸਤਿਕਾਰ ਵਜੋਂ। ਪਰ ‘ਗੁਰੂ’ ਜੀ ਦੀ ਪਦਵੀ ਗੁਰੂ ਹਰਿਗੋਬਿੰਦ ਪਾਸ ਹੀ ਰਹੀ। ਬਾਬਾ ਬੁਢਾ ਜੀ ਇਕ ਛਿਨ ਮਾਤਰ ਲਈ ਵੀ ਕਦੇ ‘ਗੁਰੂ’ ਨਹੀਂ ਬਣੇ, ਜਾਂ ਸਿੱਖ ਪੰਥ ਵਿਚ ਸਮਝੇ ਗਏ। ਇਹ ਤਾਂ ਹੀ ਸੰਭਵ ਹੋ ਸਕਿਆ, ਕਿਉਂਕਿ ਸਮੇਂ ਦੀਆਂ ਹੋਰ ਉਘੀਆਂ ਹਸਤੀਆਂ ਨਾਲੋ ਨਿਖੜ ਕੇ ਜਿਸ ਹਸਤੀ ਨੂੰ ਗੁਰਗਦੀ ਉਤੇ ਸਥਾਪਤ ਕੀਤਾ ਜਾਂਦਾ ਰਿਹਾ, ਉਸ ਦੀ ਸਥਾਪਨਾ ਸਿੱਖ ਸੰਗਤ ਵਿਚ ਪ੍ਰਗਟ ਤੌਰ ਉਤੇ ਐਸੇ ਢੰਗ ਨਾਲ ਕੀਤੀ ਜਾਂਦੀ ਰਹੀ ਕਿ ਭੁਲੇਖਾ ਪੈਣ ਦੀ ਗੁੰਜਾਇਸ਼ ਨਾ ਰਹੇ। (ਮਹਿਮਾ ਪ੍ਰਕਾਸ਼, ਭਾਗ ਪਹਿਲਾ, ਪੰਨੇ 340–341, ਅਤੇ ਭਾਗ ਦੂਜੇ ਵਿਚ ਪੰਨੇ 85–92 ਤੇ ਹੋਰ ਗੁਰੂਆਂ ਦੀ ਸਥਾਪਨਾ ਬਾਰੇ ਦਿੱਤੀਆਂ ਸਾਖੀਆਂ)

ਪਹਿਲਾ ਪੰਥ ਪ੍ਰਵਾਨਿਤ ਸੱਚ ਤਾਂ ਇਹ ਹੈ ਕਿ ਸ੍ਰੀ ਦਸਮੇਸ਼ ਜੀ ਨੇ, ਪੰਥ ਦੀ ਸਦੀਵੀ ਅਗਵਾਈ ਲਈ, **ਗੁਰਗੱਦੀ ਉਤੇ “ਸ੍ਰੀ ਗੁਰੂ ਗ੍ਰੰਥ ਸਾਹਿਬ”** ਨੂੰ ਹੀ ਸਥਾਪਿਤ ਕੀਤਾ। ਉਸ ਸਮੇਂ ਤੋਂ **“ਆਦਿ ਗ੍ਰੰਥ ਸਾਹਿਬ”, “ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ”** ਹੋ ਗਏ। ਦੂਸਰੇ, ਗੁਰੂ ਸਾਹਿਬ ਨੇ ਨਾ ਤਾਂ ‘ਦਸਮ ਗ੍ਰੰਥ’ ਜੈਸਾ ਕੋਈ ਗ੍ਰੰਥ ਤਿਆਰ ਕੀਤਾ ਜਾਂ ਕਰਵਾਇਆ, ਅਤੇ ਨਾ ਹੀ ਆਪਣੀ ਕਿਸੇ ਬਾਣੀ ਨੂੰ, ਗੁਰਬਾਣੀ ਤੁੱਲ ਹੁੰਦਿਆਂ ਹੋਇਆ ਵੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਸ਼ਾਮਲ ਕਰਨਾ ਪ੍ਰਵਾਨ ਕੀਤਾ। ਨੇੜੇ ਤੋਂ ਨੇੜੇ ਦਾ ਪ੍ਰਾਪਤ ਪ੍ਰਾਚੀਨ ਇਤਿਹਾਸ ਉਪਰੋਕਤ ਇਨ੍ਹਾਂ ਦੋਹਾਂ ਤੱਥਾਂ ਦੀ ਭਰਵੀਂ ਗਵਾਹੀ ਇਸ ਤਰ੍ਹਾਂ ਦਿੰਦਾ ਹੈ:

ੳ) ਭਾਈ ਨਰਬੁਦ ਸਿੰਘ ਭੱਟ ਦੀ ਵਹੀ ਅਨੁਸਾਰ, ਦਸਮ ਗੁਰੂ ਜੀ ਨੇ ਜੋਤੀ–ਜੋਤ ਸਮਾਉਣ ਤੋਂ ਤਿੰਨ ਦਿਨ ਪਹਿਲੋਂ, 1765 ਬਿ: ਕੱਤਕ ਸੁਦੀ ਦੂਜ (ਮੁਤਾਬਕ 4 ਅਕਤੂਬਰ, 1708 ਈ:) ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, “ਪੰਥ ਗੁਰੂ” ਨੂੰ ਸਦੀਵ ਕਾਲ ਲਈ ਇਸ ਦੀ ਤਾਬਿਆ ਕਰ ਦਿੱਤਾ।

ਅ) ਕੋਇਰ ਸਿੰਘ ਕ੍ਰਿਤ ਗੁਰ ਬਿਲਾਸ ਪਾਤਸ਼ਾਹੀ 10 (ਰਚਣਕਾਲ ਸੰਮਤ 1802 ਬਿ: ਮੁਤਾਬਕ 1745 ਈ:) ਦੇ ਅਧਿਆਇ 21 ਵਿਚ ਲਿਖਿਆ ਹੈ।

"ਦਰਸਨ ਗੁਰ ਕਾ ਹੈ ਸਾਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।

ਲੈ ਆਵੋ ਤਾ ਕੋ ਯਾ ਥਾਨਾ। ਲੈ ਆਏ ਗੁਰ ਦਸਮ ਸੁਜਾਨਾ।

ਸੁਨ ਕੈ ਕਹਾ ਏਹੁ ਇਤਿਹਾਸ। ਚਲੋ ਆਦਿ ਸਤਿਗੁਰ ਕੇ ਪਾਸ।

ਤਬ ਪੁਨਿ ਆਪ ਉਠੇ ਸਭ ਸੰਗਾ। ਪੈਸੇ ਪਾਂਚ ਨਲੀਏਰ ਸੁ ਅੰਗਾ।

ਲੈ ਕੇ ਤਾਹਿ ਅਰਪ ਕੀ ਬੰਦਨ। ਪ੍ਰਦੱਖਨ ਕਰਤੇ ਮਨ ਰੰਗਨ।

**ਕਾਹ, ਜੋਇ ਬਚ ਕੀਨਾ ਚਾਹੇ। ਪਾਠ ਕਰੈ ਗੁਰ ਕੋ ਸੁਖ ਪਾਏ।**

ਯਾ ਸਮ ਔਰ ਕੋਈ ਗੁਰ ਨਾਹੇ। ਬਿਨਾ ਕਾਨ ਸਚੁ ਬਾਕ ਭਨਾਹੀ।"

ਨੋਟ :- 'ਗੁਰੂ' ਥਾਪਣ ਵੇਲੇ ਨਲੀਏਰ ਭੇਟਾ ਕਰਨ ਦੀ ਰਸਮ ਪਹਿਲਾਂ ਵੀ ਹੋਈ। (ਮਹਿਮਾ ਪ੍ਰਕਾਸ਼, ਭਾਗ ਦੂਜਾ, ਪੰਨੇ 263, 655, 738)

ੲ) ਇਸ ਸਮੇਂ ਦੇ ਪਿਛੋਂ ਦੇ ਸਿੱਖ ਇਤਿਹਾਸਕਾਰ ਵੀ ਉਪਰੋਕਤ ਤੱਥ ਦੀ ਪ੍ਰੋੜਤਾ ਕਰਦੇ ਹਨ। ਮਿਸਾਲ ਵਜੋਂ, ਕੇਸਰ ਸਿੰਘ ਛਿੱਬਰ: ਬੰਸਾਵਲੀ ਨਾਮਾ ਦਸਾਂ ਪਤਾਸ਼ਾਹੀਆਂ ਕਾ, ਪੰਨੇ 389,680 (ਰਚਨਕਾਲ ਸੰਮਤ 1826): ਸਰੂਪ ਦਾਸ ਭੱਲਾ: ਮਹਿਮਾ ਪ੍ਰਕਾਸ਼, ਪੰਨਾ 459 (ਰਚਨ ਕਾਲ ਸੰਮਤ 1833)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਜਿਸ ਨੂੰ 'ਗੁਰੂ' ਦੀ ਪਦਵੀ ਹਾਸਲ ਹੈ, ਅਤੇ ਇਸ ਤੋਂ ਪਰਬਾਹਰੀ ਬਾਣੀ (ਜੋ ਸਿੱਖਾਂ ਦੇ ਸਤਿਕਾਰਯੋਗ ਰਹੀ ਹੈ ਅਤੇ ਹੁਣ ਵੀ ਹੈ) ਵਿਚ ਬਹੁਤ ਅੰਤਰਾ ਹੈ। ਇਹ ਅੰਤਰਾ ਉਸੇ ਤਰ੍ਹਾਂ ਦੇ ਅੰਤਰੇ ਨਾਲ ਮੇਲ ਖਾਂਦਾ ਹੈ ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਹੁੰਦਿਆ ਬਾਬਾ ਬੁੱਢਾ ਜੀ ਦੇ ਚਰਨ ਫੜੇ, ਪਰ ਬਾਬਾ ਬੁੱਢਾ ਜੀ ਕਦੇ ਵੀ ਗੁਰੂ ਨਹੀਂ ਮੰਨੇ ਗਏ। ਸਤਿਕਾਰਯੋਗ ਹੋਣਾ ਹੋਰ ਪਦਵੀ ਹੈ ਅਤੇ 'ਗੁਰੂ' ਪਦਵੀ ਹਾਸਲ ਹੋਣੀ ਹੋਰ ਗੱਲ। ਸਿੱਖ ਪਰੰਪਰਾ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮਝਣ ਹਿਤ 'ਕੁੰਜੀ' ਦੀ ਪਦਵੀ ਦਿੱਤੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤਾ। ਏਥੇ ਤਕ ਕਿ ਜਦ ਕੁਝ ਦਰਬਾਰੀਆਂ ਨੇ ਬੇਨਤੀ ਕੀਤੀ ਕਿ ਉਨ੍ਹਾਂ (ਗੁਰੂ ਜੀ) ਦੀ ਆਪਣੀ ਬਾਣੀ ਨੂੰ 'ਆਦਿ ਗ੍ਰੰਥ' ਦੀ ਬਾਣੀ ਨਾਲ ਇਕੱਠਾ ਕਰਕੇ ਇਕੋ ਗ੍ਰੰਥ ਬਣਾ ਦਿਤਾ ਜਾਵੇ, ਤਾਂ ਦਸਮ ਪਾਤਸ਼ਾਹ ਨੇ ਇਨਕਾਰ ਕਰਦਿਆਂ ਸਪੱਸ਼ਟ ਕੀਤਾ ਕਿ:

ਸਿਖਾਂ ਕੀਤੀ ਅਰਦਾਸ ਜੀ ਨਾਲ ਚਾਹੀਏ ਮਿਲਾਯਾ।

ਬਚਨ ਕੀਤਾ ਗ੍ਰੰਥ ਹੈ ਉਹ, ਇਹ ਅਸਾਡੀ ਹੈ ਖੇਡ।

ਨਾਲ ਨਾ ਮਿਲਾਇਆ ਆਹਾ ਪਿਆਰਾ ਕਉਨ ਜਾਨੈ ਭੇਦ।।

(ਕੇਸਰ ਸਿੰਘ ਛਿਬਰ ਕ੍ਰਿਤ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ', ਐਡੀਟਰ ਡਾ ਜੱਗੀ, ਪੰਨਾ 136)

ਦਸਮ ਗੁਰੂ ਜੀ ਨੇ ਨਾ ਕੇਵਲ 'ਆਦਿ ਗ੍ਰੰਥ' ਵਿਚ ਆਪਣੀ ਬਾਣੀ ਮਿਲਾ ਕੇ ਇਕੱਠਿਆਂ ਕਰਨ ਤੋਂ ਨਾਂਹ ਕਰ ਦਿੱਤੀ, ਸਗੋਂ 'ਆਦਿ ਗ੍ਰੰਥ' ਦੀ ਬਾਣੀ ਦੇ ਮੁਕਾਬਲੇ ਆਪਣੀ ਰਚਨਾ ਨੂੰ ਇਕ ਖੇਡ ਦੱਸਿਆ। ਇਸ ਤੱਥ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਦਸਮ ਗੁਰੂ ਜੀ ਨੇ ਜਿਸ ਵੇਲੇ 'ਆਦਿ ਗ੍ਰੰਥ' ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕੀਤੀ ਸੀ, ਉਸ ਵੇਲੇ ਨਾਲ ਲਗਵੇਂ ਆਪਣੀ ਬਾਣੀ ਸ਼ਾਮਲ ਨਹੀਂ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਉਹ ਬਾਣੀ ਜਿਸ ਨੂੰ 'ਗੁਰੂ' ਦੀ ਪਦਵੀ ਹਾਸਲ ਹੈ, ਅਤੇ ਇਸ ਤੋਂ ਪਰਬਾਹਰੀ ਬਾਣੀ (ਜੋ ਸਿੱਖਾਂ ਲਈ ਸਤਿਕਾਰਯੋਗ ਹੈ, ਪਰ ਜਿਸਨੂੰ 'ਗੁਰੂ' ਦੀ ਪਦਵੀ ਹਾਸਲ ਨਹੀਂ ਹੋਈ), ਇਨ੍ਹਾਂ ਦੋਵਾਂ ਵਿਚਕਾਰ ਨਿਖੇੜਾ ਕਰ ਲੈਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਸ ਨਿਖੇੜੇ ਨਾਲ ਬਹੁਤ ਸਾਰੇ ਪਏ ਭੁਲੇਖੇ ਆਪਣੇ ਆਪ ਦੂਰ ਹੋ ਜਾਂਦੇ ਹਨ। ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਨੂੰ 'ਗੁਰੂ' ਦੀ ਪਦਵੀ ਉਦੋਂ ਹੀ ਪ੍ਰਦਾਨ ਹੋਈ ਜਦੋਂ ਦਸਵੇਂ ਪਾਤਸ਼ਾਹ ਨੇ ਆਪ ਪ੍ਰਦਾਨ ਕੀਤੀ। ਇਸ ਤੋਂ ਪਹਿਲੋਂ 'ਆਦਿ ਗ੍ਰੰਥ' ਵਿਚ ਸ਼ਾਮਲ ਬਾਣੀ ਤਾਂ ਉਹ ਸੀ, ਪਰ ਇਸ ਨੂੰ 'ਗੁਰੂ' ਦੀ ਪਦਵੀ ਹਾਸਲ ਨਹੀਂ ਸੀ। ਉਸੇ ਤਰ੍ਹਾਂ ਅਸੀਂ ਦੁਹਰਾਉਂਦੇ ਹਾਂ, ਜਿਵੇਂ ਗੁਰੂ ਥਾਪੇ ਜਾਣ ਤੋਂ ਪਹਿਲਾਂ ਭਾਈ ਲਹਿਣਾ ਜੀ ਸਤਿਕਾਰਯੋਗ ਸਨ, ਪਰ ਗੁਰੂ ਅੰਗਦ ਨਹੀਂ ਸਨ।

ਸੋ ਜਿਹੜਾ ਗ੍ਰੰਥ ਹੁਣ 'ਦਸਮ ਗ੍ਰੰਥ' ਦੇ ਨਾਮ ਹੇਠ ਪ੍ਰਚਲਤ ਹੋ ਗਿਆ ਹੈ, ਇਸ ਨੂੰ ਗੁਰਿਆਈ ਦਿਤੇ ਜਾਣ ਬਾਰੇ ਸਿੱਖ ਇਤਿਹਾਸ ਜਾਂ ਸਿੱਖ ਪਰੰਪਰਾ ਵਿਚ ਨਾਮੋ-ਨਿਸ਼ਾਨ ਤਕ ਨਹੀਂ। ਸਗਵੀਂ ਗੁਰਿਆਈ ਦੀ ਪਦਵੀ ਤਾਂ ਕਿਧਰੇ ਰਹੀ, ਇਸ ਗ੍ਰੰਥ ਦੇ ਬਣਨ ਦਾ ਇਤਿਹਾਸ, ਇਸ ਵਿਚ ਸ਼ਾਮਲ ਲਿਖਤੀ ਸਮੱਗਰੀ ਅਤੇ ਇਸ ਦੀ ਬਣਤਰ, ਸਭ ਸਪੱਸ਼ਟ ਕਰਦੇ ਹਨ ਕਿ ਦਸਵੇਂ ਪਾਤਸ਼ਾਹ ਦੇ ਸਮੇਂ ਹੁਣ ਵਾਲਾ ਉਪਲੱਬਧ 'ਦਸਮ ਗ੍ਰੰਥ' ਇਹ ਸਰੂਪ ਤੇ ਇਕ-ਇਕਾਈ ਗ੍ਰੰਥ ਵੀ ਨਹੀਂ ਸੀ।

## (2) 'ਉਪਲਬਧ ਦਸਮ ਗ੍ਰੰਥ' ਦੇ ਬਣਨ ਦਾ ਇਤਿਹਾਸ :

ਇਹ ਇਕ ਇਤਿਹਾਸਕ ਹਕੀਕਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਵੇਲੇ ਵਰਤਮਾਨ ਰੂਪ-ਰੇਖਾ ਵਾਲੇ 'ਦਸਮ ਗ੍ਰੰਥ' ਦੇ ਨਾਮ ਹੇਠ ਪ੍ਰਚਲਤ ਕਿਸੇ ਸੰਚੈ ਦਾ ਇਤਿਹਾਸ ਜ਼ਿਕਰ ਨਹੀਂ ਕਰਦਾ। ਗੁਰੂ ਜੀ ਦੇ ਸਮਕਾਲੀ ਜਾਂ ਨੀਮ-ਸਮਕਾਲੀ ਸਿੱਖ-ਸਾਹਿਤ ਵਿਚ ਇਸ ਬਾਰੇ ਭਿਣਕ ਤਕ ਨਹੀਂ। ਕੇਸਰ ਸਿੰਘ ਛਿੱਬਰ ਪਹਿਲਾ ਲਿਖਾਰੀ ਹੈ ਜਿਸ ਨੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ 61 ਸਾਲ ਪਿੱਛੋਂ ਆਪਣੀ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਨਾਮਕ ਰਚਨਾ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਸੰਮਤ 1755 ਬਿਕਰਮੀ (1698 ਈਸਵੀਂ) ਦੇ ਕਰੀਬ ਦੋ ਗ੍ਰੰਥ ਬਣਾਏ ਜਾਂ ਬਣਵਾਏ, ਇਕ ਵੱਡਾ ਅਤੇ ਇਕ 'ਛੋਟਾ ਗ੍ਰੰਥ'। ਛਿੱਬਰ ਤੋਂ ਵੀ ਪਿਛੋਂ ਲਿਖੇ 'ਮਹਿਮਾ ਪ੍ਰਕਾਸ਼' ਗ੍ਰੰਥ ਵਿੱਚ ਗੁਰੂ ਜੀ ਦੇ ਸਮੇਂ ਕਵੀਆਂ ਦੀਆਂ ਰਚਨਾਵਾਂ ਦੇ ਸੰਗ੍ਰਹਿ ਤੋਂ ਬਣੇ ਇੱਕ 'ਵਿਦਿਆ ਸਾਗਰ' ਨਾਮਕ ਗ੍ਰੰਥ ਦਾ ਜ਼ਿਕਰ ਹੈ, ਜੋ ਸਰਸਾ ਨਦੀ ਪਾਰ ਕਰਦਿਆਂ ਅਲੋਪ ਹੋ ਗਿਆ।

'ਸਭ ਸਹੰਸਕ੍ਰਿਤ ਭਾਖਾ ਕਰੀ। ਬਿਦਿਆ ਸਾਗਰ ਗ੍ਰੰਥ ਪਰ ਚੜੀ।

ਬਿਦਿਆ ਸਾਗਰ ਭਏ ਤਿਆਰ। ਕਛ ਸੋਭਾ ਅੰਤ ਨਾ ਪਾਰਾਵਾਰ।(9)

(ਮਹਿਮਾ ਪ੍ਰਕਾਸ਼, ਭਾਗ ਦੂਜਾ ਪੰਨੇ 411-412)

ਛਿੱਬਰ ਹੀ ਲਿਖਦਾ ਹੈ ਕਿ, 'ਸੰਮਤੁ ਸਤਾਰਾ ਸੈ ਅਠਵੰਜੇ, ਸੋ ਗ੍ਰੰਥ ਸੀ ਨਦੀ ਪਵਾਇਆ" ਅਤੇ ਅੱਗੇ ਜਾ ਕੇ ਓਸੇ ਪੰਨੇ ਉਤੇ ਦੂਜੀ ਥਾਂ ਲਿਖਦਾ ਹੈ ਕਿ 'ਇਸ ਗ੍ਰੰਥ ਦੂਜੇ ਦੀਆਂ ਭੀ ਸੰਚੀਆਂ ਖਿੰਡ ਗਈਆ। ਯੁਧ ਲੜਾਈ ਕਰਿ ਕੇ ਕਿਧਰੇ ਕਿਧਰੇ ਸੋ ਗਈਆਂ। (ਬੰਸਾਵਲੀਨਾਮਾ, ਸੰਪਾਦਕ ਡਾ ਰਤਨ ਸਿੰਘ ਜੱਗੀ, ਪੰਨਾ 135)

ਸਾਰੰਸ਼ ਇਹ ਹੈ ਕਿ ਦਸਮ ਗੁਰੂ ਜੀ ਦੇ ਸਮੇਂ ਰਚੇ ਗਏ ਸਾਹਿਤ ਦਾ ਇਤਿਹਾਸ ਨਿਸ਼ਚਤ ਨਹੀਂ, ਅਰਥਾਤ ਕਿਹੜੇ ਗ੍ਰੰਥ ਰਚੇ ਗਏ ਅਤੇ ਉਹ ਕਿਸ-ਕਿਸ ਦੀ ਕ੍ਰਿਤ ਸਨ? ਜਿਹੜੀ ਸਥਿਤੀ ਸਪੱਸ਼ਟ ਹੈ, ਉਹ ਇਹ ਹੈ ਕਿ ਦਸਮ ਗੁਰੂ ਜੀ ਦੇ ਸਮੇਂ ਰਚਿਆ ਗਿਆ ਸਾਹਿਤ ਜਾਂ ਤਾਂ ਅਲੋਪ ਹੀ ਹੋ ਗਿਆ, ਜਾਂ ਫੇਰ ਅੱਡ ਅੱਡ ਸੰਚੀਆਂ ਵਿਚ ਵੰਡਿਆ ਹੋਣ ਕਰਕੇ ਖਿੰਡ-ਪੁੰਡ ਗਿਆ। ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੇ ਸਮੇਂ ਤਕ ਉਪਲਬਧ 'ਦਸਮ ਗ੍ਰੰਥ' ਵਰਗੇ ਇਕ-ਇਕਾਈ ਸ਼ਕਲ ਵਿਚ ਗ੍ਰੰਥ ਹੋਣ ਦਾ ਕਿਤੇ ਉਲੇਖ ਨਹੀਂ। ਛਿੱਬਰ ਹੀ ਇਹ ਲਿਖਦਾ ਹੈ (ਬੰਸਾਵਲੀਨਾਮਾ ਪੰਨਾ 135) ਕਿ ਖਿੰਡੀਆਂ-ਪੁੰਡੀਆਂ ਸੰਚੀਆਂ ਨੂੰ ਭਾਈ ਮਨੀ ਸਿੰਘ ਜੀ ਨੇ ਸੰਮਤ 1782 ਬਿਕਰਮੀ (ਂA.D.1725) ਅਰਥਾਤ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੇ ਸਤਾਰਾਂ ਸਾਲ ਉਪਰੰਤ) ਇੱਕਠਾ ਕਰਵਾਇਆ।

ਇਸ ਤੋਂ ਇਲਾਵਾ 'ਦਸਮ ਗ੍ਰੰਥ' ਦੇ ਸੰਕਲਨ-ਕਾਲ ਬਾਰੇ ਦੋ ਹੀ ਵਰਨਣਯੋਗ ਇਤਿਹਾਸਕ ਸੰਕੇਤ ਮਿਲਦੇ ਹਨ। ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਜੋੜੀ ਜਾਂਦੀ ਸਭ ਤੋਂ ਪੁਰਾਣੀ ਉਪਲਬਧ ਬੀੜ ਦੇ ਅੰਤ ਵਿਚ ਉਤਾਰੇ ਦਾ ਸੰਮਤ 1770 ਬਿਕਰਮੀ ਦਿੱਤਾ ਹੋਇਆ ਹੈ, ਅਤੇ ਗਿਆਨੀ ਗਿਆਨ ਸਿੰਘ ਨੇ ਆਪਣੇ 'ਪੰਥ ਪ੍ਰਕਾਸ਼' ਗ੍ਰੰਥ ਵਿਚ ਲਿਖਿਆ ਹੈ ਕਿ ਪੰਥ ਦਾ ਸਮੰਤ 1778 ਬਿ: ਵਿਚ ਅਕਾਲ ਤਖਤ 'ਤੇ ਇੱਕਠ ਹੋਇਆ ਅਤੇ ਪੰਥ ਦੀ ਆਗਿਆ ਪਾ ਕੇ ਭਾਈ ਮਨੀ ਸਿੰਘ ਜੀ ਨੇ ਦਸਮ ਗ੍ਰੰਥ ਦੀ ਸਮੱਗਰੀ ਇੱਕਠੀ ਕੀਤੀ।

ਉਪਰੋਕਤ ਸੰਕੇਤਾਂ ਵਿਚ ਦਿੱਤੇ ਦਸਮ ਗ੍ਰੰਥ ਦੇ ਸੰਕਲਨ-ਕਾਲ ਆਪਸ ਵਿਚ ਮਿਲਦੇ ਨਹੀਂ। ਪਰ ਮਹੱਤਵਪੂਰਨ ਨਿਸ਼ਕਰਸ਼ ਇਹ ਨਿਕਲਦਾ ਹੈ ਕਿ ਦਿੱਤੇ ਗਏ ਇਹ ਸਭ ਸੰਕਲਨ-ਕਾਲ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਦੇ ਸਮੇਂ ਦੇ ਹਨ। ਅਰਥਾਤ ਇੱਕ ਵੀ ਸੰਕੇਤ ਨਹੀਂ ਜੋ ਦਸਮ ਗ੍ਰੰਥ ਦੇ ਸੰਕਲਨ ਨੂੰ ਗੁਰੂ ਜੀ ਦੇ ਸਮੇਂ ਨਾਲ ਜੋੜਦਾ ਹੋਵੇ।

ਵਿਚਾਰ ਅਧੀਨ 'ਦਸਮ ਗ੍ਰੰਥ' ਨੂੰ ਆਪਣੀ ਮਰਜ਼ੀ ਅਨੁਸਾਰ ਬਦਲ-ਬਦਲ ਕੇ ਨਾਮ ਦਿੱਤੇ ਜਾਂਦੇ ਰਹੇ ਹਨ, ਜਿਵੇਂ ਕਿ- 'ਦਸਮੇ ਪਾਤਸ਼ਾਹ ਦਾ ਗ੍ਰੰਥ', 'ਦਸਮ ਗ੍ਰੰਥ', ਸ੍ਰੀ ਦਸਮ ਗ੍ਰੰਥ ਸਾਹਿਬ'। ਹੁਣੇ ਵਰਤਮਾਨ ਸਮੇਂ ਵਿਚ ਇਕ ਪਬਲਿਸ਼ਰ ਨੇ ਇਸ ਗ੍ਰੰਥ ਨੂੰ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸਿਰਲੇਖ ਦੇ ਕੇ ਛਾਪ ਦਿੱਤਾ ਹੈ।

ਦਰਅਸਲ ਇਹ ਆਪੋ ਆਪਣੀ ਮਰਜ਼ੀ ਨਾਲ ਬਦਲ-ਬਦਲ ਕੇ ਗ੍ਰੰਥ ਨੂੰ ਦਿੱਤੇ ਸਿਰਲੇਖ, ਇਹ ਭੁਲੇਖਾ ਪਾਉਣ ਦਾ ਇੱਕ ਵੱਡਾ ਕਾਰਨ ਬਣੇ ਹਨ ਕਿ ਇਹ ਸਮੁੱਚਾ ਗ੍ਰੰਥ ਦਸਮ ਸਤਿਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਦਾ ਸੰਗ੍ਰਹਿ ਹੈ। ਪਰੰਤੂ, ਖੋਜ ਕੀਤਿਆਂ ਇਸ ਗ੍ਰੰਥ ਦੀ ਅੰਦਰੂਨੀ ਗਵਾਹੀ ਹੀ ਸੰਕੇਤ ਦਿੰਦੀ ਹੈ ਕਿ ਇਸ ਦਾ ਪਹਿਲੇ -ਪਹਿਲ ਰਖਿਆ ਨਾਮ **'ਬਚਿਤ੍ਰ ਨਾਟਕ'** ਸੀ।

ਦਸਮ ਗ੍ਰੰਥ ਵਿਚਲੇ 14 ਅਧਿਆਇ ਵਾਲੇ 'ਬਚਿਤ੍ਰ ਨਾਟਕ' ਸਿਰਲੇਖ ਹੇਠ ਦਿੱਤੇ ਭਾਗ ਵਿਚ, ਹਰ ਇੱਕ ਅਧਿਆਇ ਉਪਰੰਤ 14 ਵਾਰ ਹੀ "**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ**" ਦਰਜ ਕੀਤਾ ਗਿਆ ਹੈ।

ਦਸਮ ਗ੍ਰੰਥ ਵਿਚ ਵੱਡੇ ਆਕਾਰ ਵਾਲੀ ਰਚਨਾ 'ਕ੍ਰਿਸ਼ਨਾਵਤਾਰ' ਦੇ ਲਗਭਗ ਸਾਰੇ ਪ੍ਰਸੰਗਾਂ ਦੇ ਅੰਤ ਵਿਚ 67 ਵੇਰ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ' ਦੇ ਸੰਕੇਤ ਲਿਖੇ ਹੋਏ ਹਨ, ਅਤੇ 'ਰਾਮਾਵਤਾਰ' ਵਿਚ 19 ਵੇਰ। ਇਸ ਤਰ੍ਹਾਂ ਹੋਰ ਪ੍ਰਸੰਗਾਂ ਦੇ ਅੰਤ ਵਿਚ ਆਈ ਇਹ ਗਿਣਤੀ ਕੁਲ 151 ਕੁ ਬਣਦੀ ਹੈ।

ਡਾ ਰਤਨ ਸਿੰਘ ਜੱਗੀ ਆਪਣੇ ਥੀਸਿਸ ਵਿਚ ਏਸੇ ਸਿੱਟੇ ਉਤੇ ਪੁੱਜਦੇ ਹੋਏ ਲਿਖਦੇ ਹਨ- "ਉਸ (ਭਾਈ ਮਨੀ ਸਿੰਘ ਜੀ ਵਾਲੀ) ਬੀੜ ਬਾਰੇ ਇਤਿਹਾਸਕਾਰਾਂ ਵਿਚ ਏਕਤਾ ਨਹੀਂ ਹੈ। ਫਿਰ ਵੀ, ਭਾਈ ਮਨੀ ਸਿੰਘ ਦੇ ਦਿਹਾਂਤ (ਸੰਨ 1738 ਈ:) ਤੋਂ ਪਹਿਲਾਂ ਇਸ ਕਾਰਜ ਦਾ ਸਿਰੇ ਚੜ ਚੁੱਕਾ ਹੋਣਾ ਨਿਸ਼ਚਿਤ ਹੈ। ਭਾਈ ਮਨੀ ਸਿੰਘ ਤੋਂ ਪਿਛੋ ਭਾਈ ਦੀਪ ਸਿੰਘ, ਭਾਈ ਸੁੱਖਾਂ ਸਿੰਘ ਆਦਿ ਸਿੱਖ ਵਿਦਵਾਨਾਂ ਅਤੇ ਧਾਰਮਿਕ ਆਗੂਆਂ ਨੇ, ਹੋਰ ਪ੍ਰਾਪਤ ਹੋਈ ਸਮੱਗਰੀ ਨੂੰ ਰਲਾ ਕੇ, ਆਪਣੀ-ਆਪਣੀ ਰੁਚੀ ਅਨੁਸਾਰ, ਇਸ ਗ੍ਰੰਥ ਦੇ ਵੱਖ-ਵੱਖ ਸੰਸਕਰਣ ਤਿਆਰ ਕੀਤੇ। ਉਸ ਵੇਲੇ ਤਕ ਇਸ ਗ੍ਰੰਥ ਨੂੰ 'ਬਚਿੱਤ੍ਰ ਨਾਟਕ' ਦਾ ਨਾਮ ਦਿੱਤਾ ਜਾਂਦਾ ਸੀ, ਪਰ ਬਾਅਦ ਵਿਚ ਇਸਨੂੰ 'ਦਸਮੇ ਪਾਤਸ਼ਾਹ ਦਾ ਗ੍ਰੰਥ' ਆਖਿਆ ਜਾਣ ਲਗ ਪਿਆ, ਅਤੇ ਹੁਣ ਇਹੋ ਹੀ 'ਦਸਮ ਗ੍ਰੰਥ' ਦੇ ਨਾਮ ਨਾਲ ਪ੍ਰਸਿੱਧ ਹੈ।" (ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਨਾ 13)

ਸੋ ਵਿਚਾਰ ਅਧੀਨ 'ਦਸਮ ਗ੍ਰੰਥ' ਦੇ ਬਣਨ ਦਾ ਇਤਿਹਾਸ ਇਹੋ ਸੰਕੇਤ ਦੇਂਦਾ ਹੈ ਕਿ ਭਾਈ ਮਨੀ ਸਿੰਘ ਤੋਂ ਪਹਿਲੇਂ ਦੇ ਸਮੇਂ ਤਕ 'ਦਸਮ ਗ੍ਰੰਥ' ਦੇ ਸਿਰਲੇਖ ਵਾਲੇ ਇਕ-ਇਕਾਈ ਦੀ ਸ਼ਕਲ ਵਿਚ ਕਿਸੇ ਗ੍ਰੰਥ ਦਾ ਕੋਈ ਥਹੁ-ਪਤਾ ਨਹੀਂ ਸੀ।

### 3) ਉਪਲਬਧ 'ਦਸਮ ਗ੍ਰੰਥ' ਦੇ ਇਕ-ਇਕਾਈ ਨਾ ਹੋਣ ਬਾਰੇ ਹੋਰ ਸੰਕੇਤ

ੳ) ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਰਚਿਤ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਦੇ ਪੰਨਾ 616 ਉਤੇ (ਦਸਮ ਗ੍ਰੰਥ ਬਾਰੇ) ਲਿਖਿਆ ਹੈ ਕਿ ਭਾਈ ਮਨੀ ਸਿੰਘ ਜੀ ਨੇ ਜਿਥੋਂ ਕਿਥੋਂ ਵੱਡੇ ਜਤਨ ਨਾਲ ਦਸਮ ਸਤਿਗੁਰੂ ਦੀ ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਏਕਤ੍ਰ ਕਰਕੇ ਇੱਕ ਜਿਲਦ, "**ਦਸਵੇਂ ਪਾਤਸ਼ਾਹ ਦਾ ਗ੍ਰੰਥ**" ਨਾਮ ਕਰਕੇ ਲਿਖੀ। ਇਹਨਾਂ (ਭਾਈ ਮਨੀ ਸਿੰਘ ਜੀ) ਦੇ ਦਿਹਾਂਤ ਪੁਰ 'ਦਸਮ ਗ੍ਰੰਥ' ਨੂੰ ਦਮਦਮੇ ਸਾਹਿਬ, ਜੋ ਉਸ ਸਮੇਂ ਵਿਦਿਆ ਦੀ ਟਕਸਾਲ (ਸਿੱਖਾਂ ਦੀ ਕਾਸ਼ੀ ਕਰਕੇ ਪ੍ਰਸਿੱਧ) ਸੀ, ਪੰਥ ਪਾਸ

ਵਿਚਾਰ ਲਈ ਭੇਜ ਦਿੱਤਾ ਗਿਆ। ਖਾਲਸਾ ਦੀਵਾਨ ਵਿਚ ਚਿਰ ਤੋੜੀ ਇਸ ਬੀੜ ਤੇ ਚਰਚਾ ਹੋਈ, ਕਿਤਨਿਆਂ ਨੇ ਕਿਹਾ ਕਿ ਜੁਦੀ ਜੁਦੀ ਪੋਥੀਆਂ ਵਿੱਚ ਬਾਣੀ ਦਾ ਰਹਿਣਾ ਯੋਗ ਨਹੀਂ, ਇੱਕ ਜਿਲਦ ਵਿੱਚ ਹੀ ਸਭ ਦਾ ਏਕਤ੍ਰ ਰਹਿਣਾ ਠੀਕ ਹੈ। ਕਈਆਂ ਨੇ ਆਖਿਆ ਕਿ ਇਸ ਬੀੜ ਦੀਆਂ ਜੁਦੀਆਂ ਜੁਦੀਆਂ ਪੋਥੀਆਂ ਰਹਿਣ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ ਗਿਆਨੀ ਵਿਦਿਆਰਥੀ ਪਠਨ ਪਾਠਨ ਕਰ ਸਕਣ, ਬਹੁਤਿਆਂ ਨੇ ਆਖਿਆ ਕਿ ਇਸ ਦੀਆਂ ਦੋ ਜਿਲਦਾ ਬਣਾਈਆਂ ਜਾਣ; ਇੱਕ ਵਿਚ ਉਹ ਬਾਣੀ ਹੋਵੇ ਜੋ ਕਲਗੀਧਰ ਦੀ ਸ੍ਰੀ ਮੁੱਖਵਾਕ ਰਚਨਾ ਹੈ, ਅਰ ਦੂਜੀ ਵਿਚ ਇਤਿਹਾਸ ਆਦਿਕ ਲਿਖੇ ਜਾਵਨ। ਬਹੁਤਿਆਂ ਨੇ ਰਾਇ ਦਿੱਤੀ ਕਿ ਹੋਰ ਸਭ ਬਾਣੀਆਂ ਤਾਂ ਭਾਈ ਮਨੀ ਸਿੰਘ ਜੀ ਦੀ ਲਿਖੀਆਂ ਜਿਉਂ ਦੀ ਤਿਉਂ ਰਹਿਣ, ਪਰ ਚਰਿਤ੍ਰ ਅਤੇ ਜ਼ਫਰਨਾਮੇ ਦੇ ਨਾਲ ਜੋ 11 ਹਕਾਯਤਾਂ ਲਿਖੀਆਂ ਹਨ, ਇਹ ਬੀੜ ਤੋਂ ਅਲਗ ਕੀਤੀਆਂ ਜਾਣ।

(ਨੋਟ – 'ਦਸਮ ਗ੍ਰੰਥ' ਦੀ 1428 ਪੰਨੀਆਂ ਵਾਲੀ ਛਪੀ ਬੀੜ ਦਾ ਚਰਿਤ੍ਰੋ ਪਖਿਆਨ ਤੇ ਫਾਰਸੀ ਹਕਾਯਤਾਂ ਵਾਲਾ ਭਾਗ 615 ਪੰਨੇ ਬਣਦਾ ਹੈ।)

'ਮਹਾਨ ਕੋਸ਼' ਦੇ ਏਸੇ ਪੰਨੇ 616 ਉਤੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਜਦੋਂ ਭਾਈ ਮਤਾਬ ਸਿੰਘ ਜੀ, ਮੱਸੇ ਰੰਘੜ ਦੇ ਹੱਥੋਂ (ਸੰਮਤ 1797 ਬਿ ਵਿੱਚ) ਦਰਬਾਰ ਸਾਹਿਬ ਜੀ ਦੀ ਬੇਅਦਬੀ ਦਾ ਹਾਲ ਸੁਣ ਕੇ ਬੀਕਾਨੇਰ ਤੋਂ ਅੰਮ੍ਰਿਤਸਰ ਜੀ ਅਪੜਨ ਲਈ ਰਾਹ ਜਾਂਦੇ, ਦਮਦਮੇ ਸਾਹਿਬ ਆ ਪੁੱਜੇ, ਉਦੋਂ ਤਕ ਪੰਥ ਦਾ ਦਮਦਮੇ ਸਾਹਿਬ ਵਾਲਾ ਇਕੱਠ ਭਾਈ ਮਨੀ ਸਿੰਘ ਜੀ ਦੇ ਬਣਾਏ ਉਪਰੋਕਤ ਗ੍ਰੰਥ ਬਾਰੇ ਕੋਈ ਫ਼ੈਸਲਾ ਨਹੀਂ ਸੀ ਕਰ ਸਕਿਆ। ਦੂਸਰੇ ਲਫ਼ਜ਼ਾਂ ਵਿਚ ਘਟੋਂ-ਘਟੋਂ ਸੰਮਤ 1797 ਬਿ: ਤਕ ਪੰਥ ਵਿਚ ਦੁਬਿਧਾ ਸੀ ਕਿ ਉਪਰੋਕਤ ਗ੍ਰੰਥ ਨੂੰ ਸਮੁੱਚੀ ਇਕ-ਇਕਾਈ ਵਜੋਂ ਪ੍ਰਵਾਨ ਕੀਤਾ ਜਾਏ ਜਾਂ ਨਾ ਕੀਤਾ ਜਾਏ।

ਅ) ਦਸਮ ਗ੍ਰੰਥ ਦੀਆਂ ਚਾਰ ਇਤਿਹਾਸਕ ਤੇ ਸਭ ਤੋਂ ਪ੍ਰਾਚੀਨ ਬੀੜਾਂ ਮੌਜੂਦ ਹਨ। ਇੱਕ ਜਿਸਦਾ ਨਾਮ ਭਾਈ ਮਨੀ ਸਿੰਘ ਜੀ ਨਾਲ ਜੋੜਿਆ ਜਾਂਦਾ ਹੈ। ਦੂਸਰੀ, ਮੋਤੀ ਬਾਗ (ਪਟਿਆਲਾ) ਗੁਰਦਵਾਰੇ ਵਾਲੀ: ਤੀਸਰੀ, ਸੰਗਰੂਰ ਦੀਵਾਨਖਾਨੇ ਵਾਲੀ: ਅਤੇ ਚੌਥੀ ਪਟਨੇ ਵਾਲੀ। **ਇਹਨਾਂ ਚੌਹਾਂ ਬੀੜਾਂ ਵਿਚ ਦਿੱਤੀ ਬਾਣੀ ਦੀ ਤਰਤੀਬ ਅਤੇ ਗਿਣਤੀ ਆਪਸ ਵਿਚ ਮੇਲ ਨਹੀਂ ਖਾਂਦੀ।** ਡਾਕਟਰ ਜੱਗੀ ਨੇ ਇਹਨਾਂ ਬੀੜਾਂ ਦਾ ਤੁਲਨਾਤਮਿਕ ਅਧਿਐਨ ਕਰਕੇ ਇਹ ਸਿੱਟਾ ਕੱਢਿਆ ਹੈ ਕਿ 'ਦਸਮ ਗ੍ਰੰਥ' ਦੀਆਂ ਪ੍ਰਾਚੀਨ ਅਤੇ ਇਤਿਹਾਸਕ ਬੀੜਾਂ ਵਿਚ ਬਾਣੀਆਂ ਦਾ ਕ੍ਰਮ ਅਤੇ ਸੰਖਿਆ ਸਮਾਨ ਨਹੀਂ ਹੈ। ਅਜਿਹੀ ਹਾਲਤ ਵਿੱਚ ਇਹ ਦ੍ਰਿੜ੍ਹਤਾਪੂਰਵਕ ਕਿਹਾ ਜਾ ਸਕਦਾ ਹੈ ਕਿ ਉਪਲਬਧ 'ਦਸਮ ਗ੍ਰੰਥ' ਦਾ ਇੰਨ-ਬਿੰਨ ਸੰਕਲਨ ਦਸਮ ਗੁਰੂ ਜੀ ਦੇ ਸਮੇਂ ਨਹੀਂ ਹੋਇਆ ਸੀ, ਨਹੀਂ ਤਾਂ ਇਤਨੀਆਂ ਅਸਮਾਨਤਾਵਾਂ (ਫਰਕ) ਨਾ ਹੁੰਦੀਆਂ। ('ਕਰਤ੍ਰਿਤਵ', ਪੰਨਾ 98-99)

ਜਿਸ ਗ੍ਰੰਥ ਦੇ ਮੁੱਢਲੇ ਖਰੜੇ ਹੀ ਆਪਸ ਵਿਚ ਨਾ ਮੇਲ ਖਾਣ ਕਾਰਨ ਅਨਿਸ਼ਚਿਤ ਹੋਣ, ਉਸ ਨੂੰ ਗੁਰੂ-ਕਾਲ ਦਾ ਸਮੁੱਚੀ ਇਕ-ਇਕਾਈ ਦੇ ਸਰੂਪ ਵਾਲਾ

ਗ੍ਰੰਥ ਮੰਨਣਾ ਹੋਰ ਵੀ ਸ਼ੱਕੀ ਹੋ ਜਾਂਦਾ ਹੈ।

ੲ) ਦਸਮ ਗ੍ਰੰਥ ਦੀ ਵਸਤੂ ਮਿਲਗੋਭਾ ਜਿਹੀ ਹੈ। ਇੱਕ ਉਪਲਬਧ ਜਿਲਦ ਵਿਚ, ਜਿਥੇ ਚਰਿਤ੍ਰੋਪਾਖਿਆਨ ਤੇ ਹਕਾਯਤਾ ਹਨ, ਓਥੇ ਸ੍ਰੀ ਗੁਰੂ ਸਾਹਿਬ ਦੀ ਬਾਣੀ ਨਾਲ ਮੇਲ ਖਾਂਦੀ ਰੂਹਾਨੀ ਮਾਹੌਲ ਦੀ ਬਾਣੀ ਵੀ ਹੈ। ਜਿਥੇ ਚੌਬੀਸ ਅਵਤਾਰ ਆਦਿਕ ਗ੍ਰੰਥ ਦੇ ਆਕਾਰ ਦਾ ਅੱਧ ਤੋਂ ਵੱਧ ਹਿੱਸਾ ਘੇਰੀ ਬੈਠੇ ਹਨ, ਓਥੇ ਅਵਤਾਰਵਾਦ ਦੀ ਨਿਖੇਧੀ ਕਰਨ ਵਾਲੀ ਬਾਣੀ ਵੀ ਦਰਜ ਹੈ। ਇਸ ਕਰਕੇ ਇਹ ਸਵੈ-ਵਿਰੋਧੀ ਰਚਨਾਵਾਂ 'ਦਸਮ ਗ੍ਰੰਥ' ਨੂੰ ਇਕ-ਇਕਾਈ ਗ੍ਰੰਥ ਵਜੋਂ ਵਿਉਂਤੇ ਹੋਏ ਗ੍ਰੰਥ ਦਾ ਸੰਕੇਤ ਨਹੀਂ ਦੇਂਦੀਆਂ।

4) ਕੀ 'ਦਸਮ ਗ੍ਰੰਥ', ਦਸਮ ਗੁਰੂ ਜੀ ਦੀ ਆਪਣੀ ਰਚਨਾ ਹੈ?

ਜਿਵੇਂ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ (ਪੰਨਾ 616) ਵਿਚੋ 'ਦਸਮ ਗ੍ਰੰਥ' ਸੰਬੰਧੀ ਦਿੱਤੀ ਜਾ ਚੁੱਕੀ ਸੂਚਨਾ ਤੋਂ ਹੀ ਜ਼ਾਹਿਰ ਹੈ ਕਿ ਪੰਥ ਵਿਚ ਉਪਰੋਕਤ ਸਵਾਲ ਸੰਬੰਧੀ ਸ਼ੁਰੂ ਤੋਂ ਹੀ ਦੁਬਿਧਾ ਰਹੀ ਹੈ। ਇਸ ਸਵਾਲ ਦੇ ਜਵਾਬ ਵਿਚ ਜੋ ਹਾਂ-ਪੱਖੀ ਅਤੇ ਨਾਂਹ-ਪੱਖੀ ਵਿਚਾਰ ਪੇਸ਼ ਕੀਤੇ ਗਏ ਹਨ, ਅਸੀਂ ਏਥੇ ਉਹਨਾਂ ਦੀ ਤਫ਼ਸੀਲ ਵਿਚ ਨਹੀਂ ਪੈ ਸਕਦੇ, **ਕਿਉਂਕਿ ਦਸਮ ਗ੍ਰੰਥ ਨਾਲ ਸੰਬੰਧਿਤ ਜੋ ਸਮੱਸਿਆ ਪੈਦਾ ਹੋਈ ਹੈ, ਉਸ ਨੂੰ ਸਮੁੱਚੇ ਪੰਥ ਨੇ ਨਜਿੱਠਣਾ ਹੈ,** ਇਸ ਲਈ ਇਹ ਜ਼ਰੂਰੀ ਹੈ ਕਿ ਪੰਥ ਦਾ ਵੱਧ ਤੋਂ ਵੱਧ ਹਿੱਸਾ ਪਹਿਲੋਂ ਇਸ ਸਮੱਸਿਆ ਦੇ ਬਾਹਰਲੇ ਘੇਰੇ (outline) ਦੀ ਰੂਪ-ਰੇਖਾ ਦੇ ਪ੍ਰਮੁਖ ਨੁਕਤਿਆਂ ਤੋਂ ਜਾਣੂ ਹੋਵੇ।

ਅਸੀਂ ਡਾ ਜੱਗੀ ਵਲੋਂ ਕੱਢੇ ਸਿੱਟਿਆਂ ਵਿਚੋਂ ਕੁਝ ਜ਼ਰੂਰੀ ਸੰਖੇਪ ਰੂਪ ਵਿਚ ਪੇਸ਼ ਕਰਦੇ ਹਾਂ:-

ੳ) ਛਿੱਬਰ ਕ੍ਰਿਤ ਬੰਸਾਵਲੀਨਾਮਾ ਉਤੇ ਆਧਾਰਿਤ ਤਰਕ :

ਭਾਈ ਕੇਸਰ ਸਿੰਘ ਛਿੱਬਰ ਨੇ ਆਪਣੀ ਕ੍ਰਿਤਿ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਲਿਖਿਆ ਹੈ-

i) "ਛੋਟਾ ਗ੍ਰੰਥ ਜੀ ਜਨਮੇ ਸਾਹਿਬ ਦਸਵੇਂ ਪਾਤਿਸ਼ਾਹ ਕੇ ਧਾਮ।

ਸੰਮਤ ਸਤਰਾਂ ਸੈ ਪਚਵੰਜਾ ਬਹੁਤ ਖਿਡਾਵੇ ਲਿਖਾਰੇ ਨਾਮ।"

ii) ਸਾਹਿਬਾਂ ਨੂੰ ਸੀ ਪਿਆਰਾ, ਅਪਣੀ ਹੱਥੀ ਲਿਖਿਆ ਤੇ ਖਿਡਾਯਾ।"

iii) "ਅਤੇ ਆਪ ਰਸਨਾ ਥੀ ਉਚਰ ਬਨਾਯਾ।"

ਪਰੀਖਿਆ :- ਛਿੱਬਰ ਵਲੋਂ ਆਪਣੀ ਪੁਸਤਕ ਵਿਚ ਦਿੱਤੇ ਤੱਥ, ਸੰਮਤ ਅਤੇ ਹੋਰ ਇਤਿਹਾਸਕ ਵਿਵਰਣ ਕਈ ਵੇਰ ਭਰੋਸੇਯੋਗ ਨਹੀਂ ਹੁੰਦੇ। ਜਿਵੇਂ, ਉਸ ਨੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਜਨਮ ਸੰਮਤ 1658 ਦਿੱਤਾ ਹੈ, ਹਾਲਾਂਕਿ ਇਹ ਸੰਮਤ 1661 ਚਾਹੀਦਾ ਹੈ। ਇਸੇ ਤਰ੍ਹਾਂ 'ਦਸਮ ਗ੍ਰੰਥ' ਦੀ ਸਮਾਪਤੀ ਦਾ ਛਿੱਬਰ ਵੱਲੋਂ ਦਿੱਤਾ 1755 ਸੰਮਤ ਵੀ ਠੀਕ ਨਹੀਂ ਹੋ ਸਕਦਾ। 'ਜ਼ਫ਼ਰਨਾਮਾ' ਇਕ ਇਤਿਹਾਸਕ ਪੱਤਰ

ਹੈ ਅਤੇ ਇਸ ਦੀ ਰਚਨਾ ਦਾ ਸੰਮਤ 1763 ਬਿ: ਬਿਲਕੁਲ ਨਿਸ਼ਚਿਤ ਹੈ। ਕਿਉਂਕਿ 'ਜ਼ਫ਼ਰਨਾਮਾ' ਦੀ ਰਚਨਾ ਦਸਮ ਗ੍ਰੰਥ ਸ਼ਾਮਲ ਹੈ, ਇਸ ਵਾਸਤੇ ਇਸ ਗ੍ਰੰਥ ਦੀ ਸਮਾਪਤੀ ਦਾ ਸੰਮਤ 1755 (ਬੀ:) ਨਹੀਂ ਹੋ ਸਕਦਾ।"

"ਛਿੱਬਰ ਲਿਖਦਾ ਹੈ ਕਿ ਉਸ ਨੇ ਆਪਣੀ 'ਬੰਸਾਵਲੀਨਾਮਾ' ਪੋਥੀ ਦਾ ਭੋਗ ਸੰਮਤ 1826 ਅੱਸੂ ਸੁਦੀ 11 ਨੂੰ ਪਾਇਆ। ਪਰ ਮਹਾਨ ਕੋਸ਼ (ਪੰਨਾ 616) ਮੁਤਾਬਕ ਪੰਥ ਦੇ ਉਸ ਇਕੱਠ, ਜਿਸ ਨੇ 'ਦਸਮ ਗ੍ਰੰਥ' ਨਾਲ ਸੰਬੰਧਿਤ ਪੋਥੀਆਂ ਨੂੰ ਇਕ ਥਾਂ ਇੱਕਠਿਆਂ ਕਰਨ ਜਾਂ ਨਾ ਕਰਨ ਬਾਰੇ ਦਮਦਮੇ ਸਾਹਿਬ ਵਿਚ ਵਿਚਾਰ ਕੀਤੀ, ਦਾ ਇਜਲਾਸ ਸੰਮਤ 1797 ਵਿਚ ਹੋਇਆ। ਅਰਥਾਤ ਉਪਰੋਕਤ ਇਕੱਠ ਤੋਂ ਤਕਰੀਬਨ 29 ਸਾਲ ਪਿਛੋਂ 'ਬੰਸਾਵਲੀਨਾਮਾ' ਸੰਪੂਰਨ ਹੋਇਆ। ਇਸ ਦੀਵਾਨ ਵਿਚ ਬਹੁਤਿਆਂ ਨੇ ਆਖਿਆਂ ਕਿ ਇਸ ਦੀਆਂ ਦੋ ਜਿਲਦਾਂ ਬਣਾਈਆਂ ਜਾਣ; ਇੱਕ ਵਿੱਚ ਉਹ ਬਾਣੀ ਹੋਵੇ ਜੋ ਕਲਗੀਧਰ ਦੀ ਸ੍ਰੀ ਮੁਖਵਾਕ ਰਚਨਾ ਨੌ ਸਤਿਗੁਰਾਂ ਦੀ ਅਕਾਲੀ ਬਾਣੀ ਤੁੱਲ ਹੈ ਅਰ ਦੂਜੀ ਵਿੱਚ ਇਤਿਹਾਸ ਆਦਿਕ ਲਿਖੇ ਜਾਵਨ। ਦੂਸਰੇ ਲਫ਼ਜਾਂ ਵਿਚ ਛਿੱਬਰ ਤੋ 29 ਸਾਲ ਪਹਿਲਾਂ ਵੀ ਪੰਥ ਵਿਚ ਇਹ ਸਵਾਲ ਵਿਚਾਰ ਅਧੀਨ ਸੀ ਕਿ 'ਦਸਮ ਗ੍ਰੰਥ' ਨਾਲ ਸੰਬੰਧਿਤ ਲਿਖਤ ਨੂੰ ਇਕੋ ਜਿਲਦ ਵਿਚ ਇੱਕਠਿਆਂ ਰਖਿਆ ਜਾਵੇ ਜਾਂ ਨਾ? ਇਸ ਦੁਬਿਧਾ ਦਾ ਕਾਰਨ ਵੀ ਸਪੱਸ਼ਟ ਕੀਤਾ ਹੋਇਆ ਹੈ। ਕੁਝ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਮੁਖਵਾਕ ਜੱਚਦੀ ਸੀ ਅਤੇ ਕੁਝ ਨਹੀਂ। **ਜੋ ਉਸ ਵੇਲੇ ਪੰਥ ਨੂੰ ਸਾਰੀ ਰਚਨਾ ਸ੍ਰੀ ਮੁਖਵਾਕ ਹੋਣ ਦਾ ਪੂਰਨ ਵਿਸ਼ਵਾਸ ਹੁੰਦਾ, ਤਾਂ ਇਸ ਬਾਰੇ ਦੁਬਿਧਾ ਪੈਦਾ ਹੋਣ ਦਾ ਸਵਾਲ ਹੀ ਨਹੀਂ ਸੀ ਉਠ ਸਕਦਾ।"**

ਅ) ਭਾਈ ਮਨੀ ਸਿੰਘ ਜੀ ਦੀ ਤਥਾਕਥਿਤ ਚਿੱਠੀ ਉਤੇ ਆਧਾਰਤ ਤਰਕ:

ਗੁਰੂ ਗੋਬਿੰਦ ਸਿੰਘ ਜੀ ਨੂੰ 'ਦਸਮ ਗ੍ਰੰਥ' ਦਾ ਕਰਤਾ ਮੰਨਣ ਵਾਲਿਆਂ ਦੀ ਦੂਜੀ ਵੱਡੀ ਓਟ, ਭਾਈ ਮਨੀ ਸਿੰਘ ਜੀ ਵਲੋਂ ਮਾਤਾ ਜੀ ਨੂੰ ਲਿਖੀ ਤਥਾਕਥਿਤ ਚਿੱਠੀ ਹੈ। ਇਸ ਚਿੱਠੀ ਦਾ ਉਹ ਹਿੱਸਾ, ਜਿਸ ਦਾ ਸਾਡੇ ਮਜ਼ਮੂਨ ਨਾਲ ਸੰਬੰਧ ਹੈ ਇਸ ਪ੍ਰਕਾਰ ਹੈ–

.... ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀ। ਉਨਾ ਵਿਚਿ ਸਾਹਿਬਾਂ ਦੇ 303 ਚਰਿਤਰ ਉਪਖਿਆਨ ਦੀ ਪੋਥੀ ਜੋ ਹੈ ਸੋ ਸੀਹਾ ਸਿੰਘ ਨੂੰ ਮਹਲ ਵਿਚ ਦੇਨਾ ਜੀ। ਨਾਮ ਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ। ਕਰਿਸਨਾਵਤਾਰ ਪੂਰਬਾਰਧ ਤੋ ਮਿਲਾ, ਉਤਰਾਰਧ ਨਹੀਂ। ਜੋ ਮਿਲਾ ਅਸੀਂ ਭੇਜ ਦੇਵਾਂਗੇ....

"ਸ਼ੁਰੂ ਵਿਚ ਹੀ ਇਹ ਨੋਟ ਕੀਤਾ ਜਾ ਸਕਦਾ ਹੈ ਕਿ ਤਥਾਕਥਿਤ ਚਿੱਠੀ ਵਿਚ ਵੀ ਅੱਡ-ਅੱਡ ਪੋਥੀਆ ਦਾ ਜ਼ਿਕਰ ਹੈ। 'ਛੋਟਾ ਗ੍ਰੰਥ' ਜਾਂ 'ਦਸਮ ਗ੍ਰੰਥ' ਆਦਿਕ ਕਿਸੇ ਵੀ ਸਮੁਚੇ ਗ੍ਰੰਥ ਦਾ ਜ਼ਿਕਰ ਨਹੀਂ।

ਡਾਕਟਰ ਜੱਗੀ ਨੇ ਉਪਰੋਕਤ ਚਿੱਠੀ ਨੂੰ ਅਸਲੋਂ ਜਾਅਲੀ ਚਿੱਠੀ ਕਰਾਰ ਦੇਂਦਿਆਂ ਹੋਇਆ ਇਹ ਦਲੀਲਾਂ ਦਿੱਤੀਆਂ ਹਨ :-

i) "ਉਸ ਸਮੇਂ ਦੀਆਂ ਚਿੱਠੀਆਂ ਦੇ ਲਿਖਣ ਦਾ ਢੰਗ ਸੰਜੋਗਾਤਮਕ (ਸਾਂਝੀ ਸਤਰ) ਹੁੰਦਾ ਸੀ, ਵਿਜੋਗਾਤਮਕ ਅਥਵਾ ਪਦ-ਛੇਦ ਨਹੀਂ। ਅਰਥਾਤ ਇੱਕ ਦੂਜੇ ਦੇ

ਨਾਲ ਸ਼ਬਦ ਜੋੜ ਕੇ ਲਿਖੇ ਜਾਂਦੇ ਸਨ। ਵਿਚਾਲੇ, ਅੱਜ ਕਲ੍ਹ ਵਾਂਗ, ਖਾਲੀ ਥਾਂ ਨਹੀਂ ਸੀ ਛੱਡੀ ਜਾਂਦੀ। ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ ਦੇ ਹੁਕਮਨਾਮਿਆਂ ਅਤੇ ਉਸ ਵੇਲੇ ਦੇ ਹੋਰ ਹੱਥ-ਲਿਖਤ ਗ੍ਰੰਥਾਂ ਵਿੱਚ ਸੰਜੋਗਾਤਮਕ ਢੰਗ ਨਾਲ ਲਿਖਣ ਦੀ ਵਿਧੀ ਨੂੰ ਹੀ ਅਪਣਾਇਆ ਗਿਆ ਸੀ। ਭਾਈ ਮਨੀ ਸਿੰਘ ਜੀ ਦੀ ਕਥਿਤ ਚਿੱਠੀ ਵਿੱਚ ਲਿਖਣ ਦੀ ਵਿਜੋਗਾਤਮਕ (ਪਦ-ਛੇਦ) ਅਪਣਾਈ ਹੋਈ ਵਿਧੀ, ਇਸ ਚਿੱਠੀ ਦੀ ਨਵੀਨਤਾ ਦੀ ਸੂਚਕ ਹੈ।"

"ਸੰਨ 1867 ਈਸਵੀ ਵਿਚ ਪ੍ਰਕਾਸ਼ਤ ਹੋਣ ਵਾਲੇ ਇੱਕ ਸਮਾਚਾਰ ਪੱਤਰ" ਅਖਬਾਰ ਸ੍ਰੀ ਦਰਬਾਰ ਸਾਹਿਬ" (ਗੁਰਮੁਖੀ ਲਿਪੀ) ਵਿੱਚ ਛਪੇ ਸ਼ਬਦਾ ਦੇ ਸੰਜੋਗਾਤਮਕ ਰੂਪ (ਬਿਨਾ ਪਦ-ਛੇਦ) ਤੋਂ ਇਹ ਚੰਗੀ ਤਰ੍ਹਾਂ ਪ੍ਰਤੱਖ ਹੋ ਜਾਂਦਾ ਹੈ ਕਿ ਉਸ ਵੇਲੇ (1867 ਈ: ਤਕ) ਸੰਜੋਗਾਤਮਕ ਲਿਖਣ ਦੀ ਵਿਧੀ ਦੀ ਪਰੰਪਰਾ ਲਗਾਤਾਰ ਚਲੀ ਆ ਰਹੀਂ ਸੀ"।

ii) ਭਾਈ ਮਨੀ ਸਿੰਘ ਜੀ ਦੀ ਕਥਿਤ ਚਿੱਠੀ ਨਿੱਬ ਨਾਲ ਲਿਖੀ ਪ੍ਰਤੀਤ ਹੁੰਦੀ ਹੈ। ਉਸ ਸਮੇਂ ਵਿਚ ਭਾਈ ਮਨੀ ਸਿੰਘ ਜੀ ਦੁਆਰਾ ਨਿੱਬ ਦੀ ਵਰਤੋਂ ਨੂੰ ਸਿੱਧ ਕਰਨਾ ਸਰਨ ਨਹੀਂ ਹੈ।"

iii) "ਇਸ ਚਿੱਠੀ ਵਿਚ ਬਿੰਦੀ ਦੀ ਵਰਤੋਂ ਅਧਿਕਤਾ ਨਾਲ ਕੀਤੀ ਗਈ ਹੈ। ਪਰ ਜਿਥੇ ਹੁਣ ਬਿੰਦੀ ਦੀ ਵਰਤੋਂ ਹੁੰਦੀ ਹੈ, ਭਾਈ ਮਨੀ ਸਿੰਘ ਜੀ ਦੇ ਸਮੇਂ ਇਸ ਦੀ ਬਹੁਤ ਘੱਟ ਵਰਤੋਂ ਹੁੰਦੀ ਸੀ।"

"ਇਸ ਚਿੱਠੀ ਵਿਚ ਪੂਰਨ-ਵਿਸ਼੍ਰਾਮ ਚਿਨ੍ਹਾਂ ਦੀ ਵੀ ਬਹੁਤ ਵਾਰ ਵਰਤੋਂ ਕੀਤੀ ਗਈ ਹੈ। ਉਸ ਵੇਲੇ ਦੀਆਂ ਚਿੱਠੀਆਂ, ਜਿਵੇਂ ਦਸਮ ਗੁਰੂ ਜੀ ਅਤੇ ਬਾਬਾ ਬੰਦਾ ਬਹਾਦਰ ਦੇ ਹੁਕਮਨਾਮਿਆਂ ਤੋਂ ਪ੍ਰਗਟ ਹੁੰਦਾ ਹੈ, ਵਿਚ ਪੂਰਨ-ਵਿਸ਼ਰਾਮ ਚਿੰਨ੍ਹਾਂ ਦੀ ਬਹੁਤ ਘੱਟ ਵਰਤੋਂ ਹੁੰਦੀ ਸੀ, ਜਾਂ ਲਗਭਗ ਨਹੀਂ ਸੀ ਹੁੰਦੀ। ਇਸ ਚਿੰਨ੍ਹ ਦੀ ਅਧਿਕ ਵਰਤੋਂ ਦੀ ਪ੍ਰਵਿਰਤੀ ਬਾਅਦ ਦੀ ਹੈ।"

ਇਹਨਾਂ ਤੱਥਾਂ ਦੁਆਰਾ ਵੀ ਇਸ ਚਿੱਠੀ ਦੀ ਪ੍ਰਮਾਣਿਕਤਾ ਅਤੇ ਪ੍ਰਾਚੀਨਤਾ ਉਤੇ ਸੱਟ ਵਜਦੀ ਹੈ।

iv) "ਇਸ ਚਿੱਠੀ ਵਿਚ ਵਰਤੇ ਅੱਖਰਾਂ ਅਤੇ ਮਾਤਰਾਵਾਂ ਦੇ ਸਰੂਪ ਬਹੁਤ ਨਵੇਂ ਹਨ। ਸਿੱਟਾ ਇਹ ਕਿ ਲਿਪੀ ਦੇ ਦ੍ਰਿਸ਼ਟੀਕੋਣ ਤੋਂ ਵੀ ਇਹ ਚਿੱਠੀ ਇਤਨੀ ਪੁਰਾਣੀ ਸਿੱਧ ਨਹੀਂ ਹੁੰਦੀ ਕਿ ਇਸ ਨੂੰ ਭਾਈ ਮਨੀ ਸਿੰਘ ਜੀ ਦੀ ਹੱਥ-ਲਿਖਤ ਮੰਨ ਲਿਆ ਜਾਵੇਂ।"

ਡਾਕਟਰ ਜੱਗੀ ਵਲੋਂ ਇਸ ਬਾਰੇ ਦਿੱਤੀ ਸਾਰੀ ਤਫ਼ਸੀਲ ਅਸੀਂ ਨਹੀਂ ਦੇ ਸਕਦੇ। ਹਾਂ ਸਿਰਫ ਜੋ ਉਹਨਾਂ ਸਿੱਟਾ ਕੱਢਿਆ ਹੈ, ਦੇਂਦੇ ਹਾਂ:-

"ਇਸ ਵਿਸ਼ਲੇਸ਼ਣ ਤੋ ਬਾਅਦ ਸਰਲਤਾਪੂਰਵਕ ਇਹ ਕਿਹਾ ਜਾ ਸਕਦਾ ਹੈ ਕਿ ਇਹ ਚਿੱਠੀ ਇੱਕਦਮ ਜਾਅਲੀ ਹੈ ਅਤੇ ਇਸ ਦੇ ਆਧਾਰ ਤੇ 'ਦਸਮ ਗ੍ਰੰਥ' ਦੇ ਕਰਤ੍ਰਿਤਵ ਬਾਰੇ ਕੋਈ ਨਿਰਣਾ ਦੇਣਾ ਅਨੁਚਿਤ ਅਤੇ ਅਸੰਗਤ ਹੈ।"

('ਕਰਤ੍ਰਿਤਵ' ਪੰਨਾ 45)

ੲ) ਬਾਣੀ ਦੀਆਂ ਆਰੰਭਿਕ ਕਰਤ੍ਰਿਤਵ-ਸੂਚਕ ਉਕਤੀਆਂ ਉਤੇ ਆਧਾਰਤ ਤਰਕ:

"ਸ੍ਰੀ ਮੁਖਵਾਕ ਪਾਤਿਸ਼ਾਹੀ 10" ਜਾਂ "ਪਾਤਸ਼ਾਹੀ 10" ਆਦਿ ਉਕਤੀਆਂ (ਸਿਰਲੇਖ) ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਦ੍ਰਿੜ੍ਹ ਪ੍ਰਮਾਣ ਨਹੀ ਹੋ ਸਕਦੀਆਂ, ਕਿਉਂਕਿ ਇਹ ਉਕਤੀਆਂ ਸੰਪਾਦਕਾਂ, ਸੰਗ੍ਰਹਿ-ਕਰਤਿਆਂ, ਲਿਖਾਰੀਆਂ ਅਤੇ ਉਤਾਰਾਕਾਰਾਂ ਦੁਆਰਾ ਆਪਣੀ ਮਨਮਰਜ਼ੀ ਅਨੁਸਾਰ ਦਿਤੀਆਂ ਹੋਇਆਂ ਹਨ, ਅਤੇ ਪ੍ਰਾਚੀਨ ਹੱਥ-ਲਿਖਤ ਬੀੜਾਂ ਵਿਚ ਇਸ ਪ੍ਰਕਾਰ ਦੀਆਂ ਉਕਤੀਆਂ ਪਰਸਪਰ ਬਹੁਤ ਭਿੰਨਤਾ ਰਖਦੀਆਂ ਹਨ। ਇਸ ਤੋਂ ਛੁੱਟ, ਅੱਜ ਤਕ ਮਿਲੇ ਹੱਥ-ਲਿਖਤ ਅਤੇ ਪ੍ਰਕਾਸ਼ਿਤ 'ਦਸਮ ਗ੍ਰੰਥਾਂ' ਵਿਚ ਸੰਕਲਿਤ ਬਾਣੀਆਂ ਤੋਂ ਇਲਾਵਾ, ਸੰਗਰੂਰ ਅਤੇ ਪਟਨੇ ਵਾਲੀਆਂ ਪ੍ਰਾਚੀਨ ਹੱਥ-ਲਿਖਤ ਬੀੜਾਂ ਵਿਚ, ਕੁਝ ਵਾਧੂ ਬਾਣੀਆਂ ਦੀ 'ਪਾਤਸ਼ਾਹੀ 10' ਦੀ ਉਕਤੀ ਹੇਠ ਦਰਜ਼ ਹਨ। ਇਥੇ ਹੀ ਬੱਸ ਨਹੀਂ, ਕੁਝ ਅਜਿਹੇ ਗ੍ਰੰਥ ਵੀ ਮਿਲੇ ਹਨ ਜਿਨ੍ਹਾਂ ਦੇ ਸ਼ੁਰੂ ਵਿਚ 'ਦਸਮ ਗ੍ਰੰਥ' ਦੀ ਪਰੰਪਰਾ ਵਾਂਗ" ਸ੍ਰੀ ਮੁਖਵਾਕ ਪਾਤਿਸ਼ਾਹੀ 10" ਜਾਂ 'ਪਾਤਸ਼ਾਹੀ 10" ਆਦਿ ਉਕਤੀਆਂ ਲਿਖੀਆਂ ਹੋਈਆਂ ਹਨ।

ਸ) ਕਵੀ-ਛਾਪਾਂ ਤੇ ਆਧਾਰਿਤ ਤਰਕ :

ਦਸਮ ਗ੍ਰੰਥ ਦੀਆਂ ਬਾਣੀਆਂ ਵਿਚ 'ਰਾਮ', 'ਸਿਆਮ', 'ਕਾਲ' ਆਦਿ ਕੁਝ ਕਵੀ-ਛਾਪਾ ਵਰਤੀਆਂ ਮਿਲਦੀਆਂ ਹਨ। ਕਈ ਵਿਦਵਾਨ 'ਦਸਮ ਗ੍ਰੰਥ' ਨੂੰ ਗੁਰੂ ਜੀ ਦੀ ਰਚਨਾ ਮੰਨਦਿਆਂ ਹੋਇਆ, ਇਹਨਾਂ ਕਵੀ-ਛਾਪਾਂ ਨੂੰ ਗੁਰੂ ਜੀ ਦੀਆਂ ਆਪਣੀਆ ਕਵੀ-ਛਾਪਾਂ ਦੱਸਣ ਦੀ ਕੋਸ਼ਿਸ਼ ਕਰਦੇ ਹਨ। ਪਰ ਉਹ ਠੋਸ ਤੱਥਾਂ ਦਾ ਆਸਰਾ ਲੈਣ ਦੀ ਬਜਾਏ, ਆਪਣੇ ਮਨੋ ਘੜੇ ਕਿਆਸਾਂ ਜਾਂ ਅਨੁਮਾਨਾਂ ਦਾ ਆਸਰਾ ਲੈਂਦੇ ਹਨ। ਡਾਕਟਰ ਜੱਗੀ ਕਵੀ ਛਾਪਾਂ ਉੱਤੇ ਆਧਾਰਿਤ ਤਰਕ ਦੀ ਲੰਮੀ-ਚੌੜੀ ਤੁਲਨਾਤਮਕ ਪਰਖ ਕਰਕੇ ਇਸ ਸਿੱਟੇ ਉਤੇ ਪੁਜਦੇ ਹਨ-

**"ਅਸਲ ਵਿੱਚ, ਇਹ ਸਾਰਾ ਤਰਕ ਇਕ ਪ੍ਰਕਾਰ ਦੀ ਪੂਰਵ-ਨਿਸ਼ਚਿਤ ਧਾਰਨਾ ਨਾਲ ਗ੍ਰਸਤ ਹੈ। ਇਹ ਵਿਦਵਾਨ ਪਹਿਲਾਂ ਹੀ ਮੰਨ ਲੈਂਦੇ ਹਨ ਕਿ 'ਦਸਮ ਗ੍ਰੰਥ' ਗੁਰੂ ਜੀ ਦੀ ਕ੍ਰਿਤੀ ਹੈ। ਫਲਸਰੂਪ ਆਪਣੇ ਮੰਤਵ ਦੀ ਪੁਸ਼ਟੀ ਵਿੱਚ ਵਿਅਰਥ ਦੀ ਖਿਚੋਂ-ਤਾਣ ਅਤੇ ਸਭ ਤੋਂ ਵੱਧ, ਅਰਥ ਦਾ ਅਨਰਥ ਕਰ ਦਿੰਦੇ ਹਨ।"**

## (5) ਵਿਚਾਰ ਕਰਨ ਦੀ ਲੋੜ ਹੈ :

ਇਹ ਸਵਾਲ ਹੀ ਨਹੀਂ ਹੈ ਅਤੇ ਨਾ ਹੋ ਸਕਦਾ ਹੈ ਕਿ ਸਿੱਖ ਧਰਮ ਸਿਧਾਂਤਕ ਤੌਰ ਉਤੇ ਅਵਤਾਰਵਾਦ ਦੇ ਵਿਰੁੱਧ ਹੈ ਜਾਂ ਨਹੀਂ? 'ਅਵਤਾਰਵਾਦ ਤੇ ਗੁਰਮਤਿ' ਲੇਖ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਦਸਮ ਗ੍ਰੰਥ ਵਿਚ ਸ਼ਾਮਲ ਦਸਮ ਗੁਰੂ ਜੀ ਦੀ ਨਿਜੀ ਬਾਣੀ' ਵਿਚੋਂ ਪ੍ਰਮਾਣ ਦਿੱਤੇ ਜਾ ਚੁਕੇ ਹਨ, ਜੋ ਅਵਤਾਰਵਾਦ ਦੇ ਸਿਧਾਂਤ ਦੀ ਸਪੱਸ਼ਟ ਤੌਰ ਉਤੇ ਨਿਖੇਧੀ ਕਰਦੇ ਹਨ। ਸਗੋਂ, ਅਵਤਾਰਵਾਦ-ਵਿਰੋਧੀ ਸਿੱਖ-ਸਿਧਾਂਤ ਤਾਂ ਸਿੱਖ ਧਰਮ ਦੇ ਉਹਨਾਂ ਬੁਨਿਆਦੀ ਅਸੂਲਾਂ ਵਿਚੋਂ ਇੱਕ ਹੈ, ਜਿਨ੍ਹਾਂ ਨੂੰ ਸਿੱਖ-ਪੰਥ ਸਰਬ-ਸੰਮਤੀ ਨਾਲ ਵੀ ਨਹੀਂ ਬਦਲ ਸਕਦਾ।

ਸੋ ਵਿਚਾਰਗੋਚਰੇ ਸਵਾਲ ਕੇਵਲ ਇਹ ਰਹਿ ਜਾਂਦੇ ਹਨ:

(ੳ) ਕੀ ਅਵਤਾਰਵਾਦ ਸੰਬੰਧੀ ਦਸਮ ਗ੍ਰੰਥ ਵਿਚ ਦਿੱਤੇ ਕੁਝ ਸੰਕੇਤ, ਜਿਨ੍ਹਾਂ ਦੀਆਂ ਵੰਨਗੀਆਂ ਨਮੂਨੇ ਵਜੋਂ ਲੇਖ ਦੇ ਸ਼ੁਰੂ ਵਿਚ ਦੇ ਆਏ ਹਾਂ, ਵਾਸਤਵ ਵਿਚ ਅਵਤਾਰਵਾਦ ਸਿਧਾਂਤ ਦੀ ਸਿੱਧੇ ਤੌਰ ਉਤੇ ਹਾਮੀ ਭਰਦੇ ਹਨ ਜਾਂ ਨਹੀਂ? ਦੂਜੇ ਸ਼ਬਦਾ ਵਿੱਚ, ਕੀ ਅਕਾਲ ਪੁਰਖ 'ਅਜੂਨੀ ਹੈ ਜਾਂ ਜੂਨੀ?

(ਅ) ਜੇ ਸਿੱਧੇ ਤੌਰ 'ਤੇ ਨਹੀਂ, ਤਾਂ ਅਸਿੱਧੇ ਤੌਰ 'ਤੇ ਕਿਸ ਹੱਦ ਤਕ ਹਾਮੀ ਭਰਦੇ ਹਨ?

(ੲ) ਕੀ ਅਜਿਹੇ ਸੰਕੇਤਾਂ ਦਾ, ਅਵਤਾਰਵਾਦ-ਵਿਰੋਧੀ ਸਿੱਖੀ-ਅਸੂਲ ਨੂੰ ਧੁੰਧਲਾਉਣ ਵਾਲਾ ਪਰਛਾਵਾਂ ਤਾਂ ਨਹੀਂ ਪੈਂਦਾ?

(ਸ) 'ਦਸਮ ਗ੍ਰੰਥ' ਦੀ ਸਮੱਚੀ ਰਚਨਾ ਨੂੰ 'ਦਸਮ ਗੁਰੂ ਜੀ ਦੀ ਕ੍ਰਿਤ' ਹੋਣ ਦਾ ਪੱਖ ਪੂਰਨ ਵਾਲੇ ਵੀਰ ਇਹ ਸੋਚਣ ਦੀ ਕ੍ਰਿਪਾ ਕਰਨ ਕਿ ਉਹਨਾਂ ਵਲੋਂ ਆਪਣੇ ਪੰਖ ਵਿਚ ਦਿੱਤੀਆਂ ਦਲੀਲਾਂ (ਜਿਨ੍ਹਾਂ ਦੇ ਕੁਝ ਨਮੂਨੇ "ਕਿ ਦਸਮ ਗ੍ਰੰਥ, ਦਸਮ ਗੁਰੂ ਜੀ ਦੀ ਆਪਣੀ ਰਚਨਾ ਹੈ?" ਦੇ ਸਿਰਲੇਖ ਹੇਠ ਦਿੱਤੇ ਗਏ ਹਨ) ਸੱਚਮੁਚ ਪੱਥਰ ਉਤੇ ਲਕੀਰ ਹਨ? ਜੇ ਸ਼ੱਕ ਦੀ ਗੁੰਜਾਇਸ਼ ਹੈ (ਜਿਵੇਂ ਕਿ ਡਾਕਟਰ ਜੱਗੀ ਦੀ ਪੜਚੋਲ ਤੋਂ ਜਾਪਦਾ ਹੈ); ਤਾਂ ਕੀ ਉਹ ਉਹਨਾਂ ਪੰਥ ਵਿਰੋਧੀ ਤਾਕਤਾ, ਜੋ ਸਿੱਖਾਂ ਨੂੰ ਆਪਣੇ ਸਿਧਾਂਤਕ ਪੈਂਤੜੇ ਤੋਂ ਉਖੇੜਨਾ ਚਾਹੁੰਦੀਆਂ ਹਨ, ਦੇ ਅਸਿੱਧੇ ਤੌਰ ਉਤੇ ਸਹਾਈ ਤਾਂ ਨਹੀਂ ਹੋ ਰਹੇ?

ਸਿੱਖ ਇਤਿਹਾਸ ਜਾਂ ਸਿੱਖ ਪਰੰਪਰਾ ਵਿੱਚ ਭਿਣਕ ਮਾਤਰ ਵੀ ਕਿਧਰੇ ਜ਼ਿਕਰ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਕਿਸੇ ਹੋਰ ਗ੍ਰੰਥ ਨੂੰ ਗੁਰਿਆਈ ਦਿੱਤੀ ਗਈ ਹੋਵੇ। ਸਗੋਂ ਦਸਮ ਗ੍ਰੰਥ ਬਣਨ ਦਾ ਇਤਿਹਾਸ ਅਤੇ ਇਸ ਦੀਆਂ ਪੁਰਾਣੀਆਂ ਤੋਂ ਪੁਰਾਣੀਆਂ ਬੀੜਾਂ ਵਿੱਚ ਪਰਸਪਰ ਅਸਮਾਨਤਾ ਤਾਂ ਇਹ ਪ੍ਰਗਟ ਕਰਦੀ ਹੈ ਕਿ ਇਹ ਕਦੇ ਇੱਕ-ਇਕਾਈ ਗ੍ਰੰਥ ਵੀ ਨਹੀਂ ਰਿਹਾ। ਭਾਈ ਮਨੀ ਸਿੰਘ ਜੀ ਦੀ ਕਥਿਤ ਚਿੱਠੀ ਵਿਚ ਵੀ ਅੱਡ-ਅੱਡ ਪੋਥੀਆਂ ਦਾ ਜ਼ਿਕਰ ਹੈ, ਇੱਕ ਇਕਾਈ ਗ੍ਰੰਥ ਦਾ ਨਹੀਂ। ਦਮਦਮੇ ਸਾਹਿਬ ਵਿੱਚ ਦਸਮ ਗ੍ਰੰਥ ਬਾਰੇ ਹੋਏ ਪੰਥਕ ਇਕੱਠ ਵਾਲੀ ਸਿੱਖ ਪਰੰਪਰਾ ਵੀ ਦੋ ਸੰਕੇਤ ਦੇਂਦੀ ਹੈ: ਇੱਕ ਤਾਂ ਇਹ ਕਿ ਪੰਥ ਵਿਚ ਸ਼ੁਰੂ ਤੋਂ ਹੀ 'ਦਸਮ ਗ੍ਰੰਥ' ਬਾਰੇ ਦੁਬਿਧਾ ਰਹੀ ਹੈ ਕਿ ਇਸ ਦੀ ਕਿਹੜੀ ਵਸਤੂ ਦਸਮ ਗੁਰੂ ਜੀ ਦੀ ਆਪਣੀ ਰਚਨਾਂ ਹੈ ਅਤੇ ਕਿਹੜੀ ਨਹੀਂ? ਦੂਸਰੇ, ਉਪਲਬਧ 'ਦਸਮ ਗ੍ਰੰਥ' (ਦੇ ਕਿਹੜੇ ਸਰੂਪ) ਨੂੰ ਇੱਕ-ਇਕਾਈ ਵਜੋਂ ਮਾਨਤਾ ਦਿੱਤੀ ਜਾਏ?

ਵਰਤਮਾਨ ਸਮੇਂ ਵਿਚ ਵੀ 'ਸਿੰਘ ਸਾਹਿਬਾਨ' ਨੇ ਨਾ ਕੇਵਲ ਉਪਰੋਕਤ ਸਵਾਲ ਨੂੰ ਵਿਚਾਰਿਆ ਹੈ, ਸਗੋਂ ਇਸ ਦੇ ਇੱਕ ਪਹਿਲੂ ਬਾਰੇ ਨਿਰਣਾ ਵੀ ਲਿਆ ਹੈ। ਇੱਕ ਪ੍ਰਸ਼ਨ ਦੇ ਉੱਤਰ ਵਿਚ ਜੋ ਜਵਾਬ ਦਿੱਤਾ ਗਿਆ, ਉਸ ਦੀ ਨਕਲ ਇਹ ਹੈ:

ੴ ਵਾਹਿਗੁਰੂ ਜੀ ਕੀ ਫ਼ਤਹ॥

ਦਫ਼ਤਰ – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੇਜਾ ਸਿੰਘ ਸਮੁੰਦਰੀ ਹਾਲ,

ਨੰ 36672 ਸ੍ਰੀ ਅੰਮ੍ਰਿਤਸਰ 3–8–1973

ਸ੍ਰੀ ਮਾਨ ਜੀ,

ਆਪ ਜੀ ਦੀ ਪੱਤਰਕਾ ਮਿਤੀ 6–7–73 ਦੇ ਸੰਬੰਧ ਵਿਚ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜੱਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ :–

1 "ਰਾਜ ਕਰੇਗਾ ਖਾਲਸਾ" ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨੁਕੂਲ ਹੈ, ਕਿਉਂਕਿ ਦੋਹਰੇ ਪੜ੍ਹਨੇ ਪੰਥਕ ਫੈਸਲਾ ਹੈ। ਇਸ ਫੈਸਲੇ ਤੇ ਸ਼ੰਕਾ ਨਹੀਂ ਕਰਨੀ ਚਾਹੀਦੀ।

**2 "ਚਰਿਤ੍ਰੋ ਪਖਯਾਨ" ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ 'ਦਸ਼ਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।**

ਸ਼ੁਭ ਚਿੰਤਕ

ਸਹੀ/ –(ਗੁਰਬਖ਼ਸ਼ ਸਿੰਘ)

ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ,

ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ

"ਚਰਿਤ੍ਰੋ ਪਖਯਾਨ ਦੀ ਵਸਤੂ ਇਤਨੀ ਕਾਮ–ਉਕਸਾਊ ਹੈ, ਅਤੇ ਇਸ ਦੀ ਬੋਲੀ ਖੁੱਲਮ–ਖੁਲ੍ਹੀ ਇਤਨੀ ਨਿਰਲੱਜ ਹੈ, ਕਿ ਕਈ ਥਾਈਂ ਇਹ 'ਕੋਕ ਸ਼ਾਸਤਰ' ਨੂੰ ਵੀ ਮਾਤ ਕਰਦੀ ਹੈ।" (ਕਰਤ੍ਰਿਤਵ, ਪੰਨੇ 79–80)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ "ਸ਼ਬਦਾਰਥ ਸ੍ਰੀ ਦਸਮ ਗ੍ਰੰਥ" ਅਤੇ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਚੰਡੀਗੜ੍ਹ ਨੇ "ਦਸਮ ਗ੍ਰੰਥੋ ਚੋਂ ਚੋਣਵੀ ਬਾਣੀ" (ਚੋਣਕਾਰ ਗਿ: ਲਾਲ ਸਿੰਘ, ਸਾਬਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ) ਦੇ ਰੂਪ ਵਿਚ ਜੋ ਦਸਮ ਗ੍ਰੰਥ ਵਿਚੋਂ ਹਿੱਸੇ ਛਾਪੇ ਹਨ, ਉਹਨਾਂ ਵੀ ਅਜਿਹੇ ਹਿੱਸੇ ਨਾ ਛਾਪਣਾ ਹੀ ਮੁਨਾਸਬ ਸਮਝਿਆ ਹੈ।

ਸੋ ਇਹ ਤਥ ਇਹੋ ਸੰਕੇਤ ਦੇਂਦੇ ਹਨ ਕਿ ਪੰਥ ਦੇ ਚੇਤੰਨ ਵਰਗ ਦਾ ਕਾਫ਼ੀ ਹਿੱਸਾ, ਕੱਮ–ਅੱਜ–ਕੱਮ ਚਰਿਤ੍ਰੋ ਪਖਯਾਨ ਨੂੰ, ਦਸਮ ਗੁਰੂ ਜੀ ਦੀ ਨਿਜੀ ਕ੍ਰਿਤ ਮੰਨਣ ਤੋਂ ਸੰਕੋਚ ਕਰਦਾ ਹੈ। ਇਸ ਦੇ ਬਾਵਜੂਦ ਜਿਹੜੇ ਵੀਰ ਅਜੇ ਵੀ ਉਪਲਬਧ 'ਦਸਮ ਗ੍ਰੰਥੋ ਦੀ ਸਾਰੀ ਰਚਨਾ ਨੂੰ ਦਸਮ ਗੁਰੂ ਜੀ ਦੀ ਆਪਣੀ ਨਿਜੀ ਰਚਨਾ ਹੋਣ ਦਾ ਪੱਖ

ਪੁਰਦੇ ਹਨ, ਕਿ ਖੁਲ੍ਹੇ ਦੀਵਾਨ ਵਿੱਚ, ਮਾਵਾਂ ਧੀਆਂ, ਭੈਣਾ ਦੇ ਸਾਹਮਣੇ, ਚਰਿਤ੍ਰੋ ਪਖਯਾਨ ਦਾ ਹਿੱਸਾ ਪੜ੍ਹਨ ਤੇ ਇਸ ਦੀ ਵਿਆਖਿਅ ਕਰਨ ਲਈ ਤਿਆਰ ਹਨ? ਜੇ ਨਹੀਂ , ਤਾ ਕੀ ਐਸੀ ਲਿਖਤ ਨੂੰ ਗੁਰੂ ਸਾਹਿਬ ਦੀ ਕ੍ਰਿਤ ਮੰਨਣਾ ਵਾਜਬ ਹੈ?

ਅਖੀਰ ਵਿਚ, ਅਸੀਂ ਫਿਰ ਦੁਹਰਾਉਂਦੇ ਹਾਂ ਕਿ ਇਸ ਲੇਖ ਦਾ ਮੰਤਵ ਕੋਈਹ ਨਿਜੀ ਨਿਰਣਾ ਲੈਣਾ ਨਹੀਂ। ਪਰ ਵਿਚਾਰ ਤਾਂ ਹੋਣੀ ਚਾਹੀਦੀ ਹੈ, ਕਿਉਂਕਿ ਅਵਤਾਰਵਾਦ ਨਾਲ ਸੰਬੰਧਤ ਦਸਮ ਗ੍ਰੰਥ ਦਾ ਮਸਲਾ ਸਿੱਖ-ਸਿਧਾਂਤਾਂ ਨਾਲ ਜੁੜਿਆ ਹੋਣ ਕਰਕੇ ਗੰਭੀਰ ਹੈ, ਅਤੇ ਟਾਲਿਆ ਨਹੀਂ ਜਾ ਸਕਦਾ। ਇੱਕ ਤਾਂ 'ਦਸਮ ਗ੍ਰੰਥ' ਨੂੰ ਗੁਰੂ ਵਿਚਾਰ ਨਾ ਕੀਤੀ ਜਾਏ। ਗੁਰਤਾ ਦੀ ਪਦਵੀ ਹਾਸਲ ਨਹੀਂ, ਜੋ ਇਸ ਦੀ ਵਸਤੂ ਬਾਰੇ ਵਿਚਾਰ ਨਾ ਕੀਤੀ ਜਾਏ। ਦੂਸਰੇ, ਇਹ ਸਮੁੱਚਾ ਗ੍ਰੰਥ 'ਦਸਮ ਗੁਰੂ ਜੀ ਦੀ ਆਪਣੀ ਕ੍ਰਿਤ ਹੋਣਾ ਤਾਂ ਇੱਕ ਬੰਨੇ ਰਿਹਾ, ਇਹ ਗੁਰੂ ਜੀ ਦੇ ਸਮੇਂ ਇੱਕ-ਇਕਾਈ ਗ੍ਰੰਥ ਵੀ ਨਹੀਂ ਸੀ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਖਿੰਡੀਆਂ-ਪੁੰਡੀਆਂ ਰਚਨਾਵਾਂ ਨੂੰ ਬੜੇ ਜਤਨਾਂ ਨਾਲ ਲੱਭ ਕੇ ਸੰਕਲਨ ਕਰਕੇ ਬਣਾਇਆ ਗਿਆ। ਤੀਸਰੇ, ਇਸ ਗ੍ਰੰਥ ਦੇ 1428 ਪੰਨਿਆਂ ਵਿਚੋਂ 580 ਪੰਨੇ 'ਚਰਿਤ੍ਰੋਪਾਖਿਆਨ' ਵਰਗੀ ਅਸ਼ਲੀਲ ਰਚਨਾ ਦੇ ਹਨ, ਜਿਸ ਬਾਰੇ 'ਸਿੰਘ ਸਾਹਿਬਾਨੋ ਇਹ ਨਿਰਣੈ ਦੇ ਚੁਕੇ ਹਨ ਕਿ ਇਹ ਸਮੱਗਰੀ ਦਸਮ ਗੁਰੂ ਜੀ ਦੀ ਰਚਨਾ ਨਹੀਂ। ਇਸ ਦੇ ਨਾਲ ਹੀ ਜੋੜੇ ਜਾ ਸਕਦੇ ਹਨ 35 ਪੰਨੇ ਫਾਰਸੀ ਬੋਲੀ ਦੀਆਂ 11 ਹਕਾਇਤਾਂ ਦੇ, ਸੋ ਇਹ ਕੁਲ 615 ਪੰਨੇ ਬਣਦੇ ਹਨ।

ਸਵਾਲ ਕੇਵਲ 'ਚਰਿਤ੍ਰੋ ਪਾਖਿਆਨ' ਦਾ ਨਹੀਂ, 'ਦਸਮ ਗ੍ਰੰਥ' ਵਿਚਲੀ ਅਵਤਾਰਵਾਦ ਨਾਲ ਸੰਬੰਧਿਤ ਸਮੱਸਿਆ ਵੀ ਘੱਟ ਜ਼ਰੂਰੀ ਨਹੀਂ। ਕਿਉਂਕਿ ਇਸ ਦਾ ਸੰਬੰਧ ਬੁਨਿਆਦੀ ਸਿੱਖ-ਸਿਧਾਂਤਾਂ ਨਾਲ ਜੁੜਦਾ ਹੈ। 'ਦਸਮ ਗ੍ਰੰਥ' ਦਹ ਵਸਤੂ ਬਾਰੇ ਇਸ ਗ੍ਰੰਥ ਦੇ ਸੰਕਲਨ ਕਾਲ ਦੇ ਵੇਲੇ ਤੋਂ ਹੀ ਪੰਥ ਵਿਚ ਦੁਬਿਧਾ ਰਹੀ ਹੈ ਅਤੇ ਵਿਚਾਰ ਹੁੰਦੀ ਰਹੀ ਹੈ। ਹੁਣ ਦੇ ਸਮੇਂ ਵੀ ਜੇ 'ਚਰਿਤ੍ਰੋ ਪਾਖਿਆਨ' ਬਾਰੇ ਵਿਚਾਰ ਹੋ ਸਕਦੀ ਹੈ, ਤਾਂ ਅਵਤਾਰਵਾਦ ਨਾਲ ਸੰਬੰਧਤ 'ਦਸਮ ਗ੍ਰੰਥ' ਦੀ ਸਮੱਸਿਆ ਬਾਰੇ ਵਿਚਾਰ ਕਿਉਂ ਨਹੀਂ ਹੋ ਸਕਦੀ? ਇਸ ਵਿਚਾਰ ਵਿਚ ਪੰਥ ਦੇ ਵੱਧ ਤੋਂ ਵੱਧ ਹਿੱਸੇ ਨੂੰ ਦਿਲਚਸਪੀ ਲੈਣੀ ਚਾਹੀਦੀ ਹੈ। ਇਸੇ ਖਾਤਰ ਮਜ਼ਮੂਨ ਨੂੰ ਜਨਤਕ ਪੱਧਰ ਉਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੋ ਸਕਦਾ ਹੈ ਕਿ ਸੱਚ ਦਾ ਪੱਲਾ ਫੜ ਕੇ, ਦੂਰ-ਅੰਦੇਸ਼ੀ ਸਹਿਤ ਕੀਤੀ ਪਰਸਪਰ ਵੀਚਾਰ ਵਿਚੋਂ ਸਿੱਖ ਜਗਤ ਦੀ ਸਮੂਹਕ ਚੇਤਨਤਾ ਨੂੰ ਪ੍ਰਵਾਨਯੋਗ ਕੋਈ ਸੁਝਾਉ ਉਭਰ ਕੇ ਸਾਹਮਣੇ ਆ ਸਕੇ।

(ਨੋਟ :- ਇਹ ਲੇਖ 'ਅਵਤਾਰਵਾਦ ਦੇ ਦਸਮ ਗ੍ਰੰਥ' ਇਕ ਟ੍ਰੈਕਟ ਦੇ ਰੂਪ ਵਿਚ ਛਪਿਆ ਸੀ ਅਤੇ ਇਸ ਨੂੰ ਛਾਪਣ ਵੇਲੇ ਹੇਠ ਲਿਖੇ ਸਿੱਖ ਵਿਦਵਾਨਾਂ ਦੀ ਸੰਮਤੀ ਤੇ ਸਹਿਯੋਗ ਹਾਸਲ ਸੀ:-

1 ਸ੍ਰ: ਜਗਜੀਤ ਸਿੰਘ, ਚੰਡੀਗੜ੍ਹ

2 ਮੇਜਰ ਜਨਰਲ (ਰਿਟਾ) ਨਰਿੰਦਰ ਸਿੰਘ ਚੰਡੀਗੜ੍ਹ

3 ਭਾਈ ਅਸ਼ੋਕ ਸਿੰਘ ਬਾਗੜੀਆ, ਚੰਡੀਗੜ੍ਹ

4 ਸ੍ਰ ਦਲਜੀਤ ਸਿੰਘ (ਆਈ ਏ ਐਸ ਰਿਟਾ)

5 ਡਾ ਤਰਲੋਚਨ ਸਿੰਘ, ਚੰਡੀਗੜ੍ਹ

6 ਕੰਵਰ ਮਹਿੰਦਰ ਪ੍ਰਤਾਪ ਸਿੰਘ, ਲੁਧਿਆਣਾ

7 ਗਿ ਜਗਜੀਤ ਸਿੰਘ ਸਿਦਕੀ, ਲੁਧਿਆਣਾ

8 ਸ੍ਰ ਮਹਿੰਦਰ ਸਿੰਘ 'ਜ਼ੋਸ਼', ਮੁਹਾਲੀ

9 ਪ੍ਰਿੰ ਬਲਜੀਤ ਸਿੰਘ, ਰੋਪੜ

10 ਸ੍ਰੀ ਨਿਰੰਕਾਰੀ ਦਰਬਾਰ ਰਾਵਲਪਿੰਡੀ (ਗੁਰਮਤਿ ਕੇਂਦਰ), ਚੰਡੀਗੜ੍ਹ

11 ਡਾ ਮਾਨ ਸਿੰਘ ਨਿਰੰਕਾਰੀ, ਅੰਮ੍ਰਿਤਸਰ

12 ਮਾਸਟਰ ਨਰਿੰਦਰਪਾਲ ਸਿੰਘ, ਨਵੀਂ ਦਿੱਲੀ

13 ਸ੍ਰ ਰਾਵਿੰਦਰ ਸਿੰਘ, ਚੰਡੀਗੜ੍ਹ

14 ਗਿ ਸੁਰਜੀਤ ਸਿੰਘ, ਨਵੀ ਦਿੱਲੀ

15 ਡਾ ਜਗੀਰ ਸਿੰਘ, ਚੰਡੀਗੜ੍ਹ

16 ਡਾ ਕਿਰਪਾਲ ਸਿੰਘ, ਚੰਡੀਗੜ੍ਹ

17 ਭਗਤ ਸਿੰਘ (ਰਿਟਾ) ਚੰਡੀਗੜ੍ਹ

18 ਡਾ ਕਿਰਪਾਲ ਸਿੰਘ, ਚੰਡੀਗੜ੍ਹ

19 ਸ੍ਰ ਗੁਰਪ੍ਰਤਾਪ ਸਿੰਘ ਰਿਆੜ, ਚੰਡੀਗੜ੍ਹ

20 ਗਿ ਜਗਮੋਹਨ ਸਿੰਘ, ਲੁਧਿਆਣਾ

21 ਸ੍ਰ ਗੁਰਬਚਨ ਸਿੰਘ ਬਹਿਨੀਵਾਲ, ਚੰਡੀਗੜ੍ਹ

22 ਗਿ ਜਸਬੀਰ ਸਿੰਘ, ਚੰਡੀਗੜ੍ਹ

23 ਗਿ ਰਣਜੀਤ ਸਿੰਘ, ਚੰਡੀਗੜ੍ਹ

24 ਸ੍ਰ ਰਾਜਿੰਦਰ ਸਿੰਘ ਖਾਲਸਾ, ਚੰਡੀਗੜ੍ਹ)

# ਮਹਾਂਕਾਲ-ਨਿਰਣੈ

ਉਪਕਾਰੀ ਸਿਖ ਗੁਰੂ ਸਾਹਿਬਾਨ ਨੇ ਸਦੀਆਂ ਪਹਿਲਾਂ, ਅਨ-ਮੱਤਾਂ, (ਵਿਸ਼ੇਸ਼ ਕਰਕੇ ਪ੍ਰਾਚੀਨ ਹਿੰਦੂ ਮਿਥਿਹਾਸ ਤੇ ਫਲਸਫੇ) ਨੂੰ ਮੱਥ ਕੇ, ਘੋਖ ਕੇ, ਨਿਤਾਰ ਕੇ, ਮਨੁੱਖ ਨੂੰ ਸਫਲ ਜੀਵਨ-ਜਾਚ ਲਈ ਐਸੀ "ਇਕ ਓਅੰਕਾਰੀ, ਅਬਦੀ, ਸਰਬ-ਦੇਸੀ ਤੇ ਸਰਬ-ਕਾਲੀ, ਵੀਚਾਰਧਾਰਾ ਦਿੱਤੀ ਹੈ, ਜਿਸ ਨੂੰ ਭਾਈ ਗੁਰਦਾਸ ਜੀ ਨੇ "ਸ਼ਬਦ ਮਾਰਗ" ਦੇ "ਗਾਡੀ ਰਾਹੁ" ਦੀ ਹੱਕੀ ਸੰਗਿਆ ਦਿੱਤੀ। ਪ੍ਰੰਤੂ, ਬਾਵਜੂਦ ਪ੍ਰਭੂ ਇਕਾਈ ਤੇ ਏਕਤ੍ਰਤਾ ਦੀ ਸੁਖਦਾਈ ਅਗਵਾਈ ਦੇ, ਸਮਾਜ ਅਜ ਵੀ "ਠਾਕੁਰ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ"(ਮ:5, ਪੰਨਾ 1138) ਵਾਲੀ ਭੁੱਲ ਤੇ ਭਟਕਣ ਦੀ ਜਿੱਲ੍ਹਣ ਵਿਚ ਧਸਦਾ ਜਾ ਰਿਹਾ ਹੈ। ਇਨ੍ਹਾਂ ਪੌਰਾਣਕ ਦੇਵੀ ਦੇਵਦਿਆਂ ਤੇ ਅਵਤਾਰਾਂ ਦੀ ਅਸਲੀਅਤ, ਉਪਜ ਅਤੇ ਬਦਲਦੀ ਕਹਾਣੀ ਤੇ ਰੂਪ, ਆਖਰ ਹਨ ਕੀ? ਆਉ, ਇਸ ਸਮੱਸਿਆਂ ਨੂੰ, "ਹਿੰਦੂ ਮਿਥਿਹਾਸ ਕੋਸ਼" ਮੁਤਾਬਿਕ, ਅਤਿ ਸੰਖੇਪ ਵਿਚ, ਵਾਚਣ ਤੇ ਵੀਚਾਰਣ ਦਾ ਯਤਨ ਕਰੀਏ।

"ਜਦੋ ਆਰੀਆ ਲੋਕ ਮੱਧ ਏਸ਼ੀਆ ਤੋਂ ਸਿੰਧੂ ਦੇ ਕੰਢਿਆ ਤੇ ਪੰਜ ਦਰਿਆਵਾਂ ਦੀ ਭੂਮੀ (ਪੰਜਾਬ) ਆਕੇ ਵਸੇ, ਓਦੋਂ ਉਨ੍ਹਾਂ ਨੂੰ ਕਈ ਇਕ ਏਹੋ ਜਿਹੀਆਂ ਰਿਚਾਵਾਂ (ਰਿਗਵੇਦ ਦੇ ਮੰਤ੍ਰ) ਯਾਦ ਸਨ, ਜਿਨ੍ਹਾਂ ਵਿਚ ਪ੍ਰਾਕਿਰਤਕ ਤੱਤਾਂ ਤੇ ਸ਼ਕੀਤਆ ਨੂੰ ਸੰਬੋਧਨ ਕੀਤਾ ਗਿਆ ਸੀ। ਬਹੁਤੀਆਂ ਰਿਚਾਵਾਂ ਉਨ੍ਹਾਂ ਨੇ ਇਸ ਦੇਸ਼ ਵਿਚ ਆਕੇ ਲਿਖੀਆਂ। ਅਨੁਮਾਨ ਹੈ ਕਿ ਈਸਾ ਤੋਂ 1500 ਸਾਲ ਪੂਰਵ ਕਾਲ ਵਿਚਕਾਰ, ਇਨ੍ਹਾਂ ਦੀ ਰਚਨਾ ਹੋਈ। ਇਨ੍ਹਾਂ ਰਿਚਾਵਾਂ ਦੇ ਸੰਗ੍ਰਹਿ ਦਾ ਨਾਮ "ਰਿਗਵੇਦ ਸੰਹਿਤਾ" ਹੈ। ਹਿੰਦੂ ਧਰਮ ਤੇ ਮਿਥਿਹਾਸ ਵਿਚ ਸਭ ਤੋਂ ਵਧ ਮਹੱਤਤਾ ਰਿਗਵੇਦ ਦੀ ਹੈ। ਬਾਦ ਵਿਚ ਲਿਖੇ ਗਏ ਯਜੁਰਵੇਦ ਤੇ ਸਾਮਵੇਦ ਦੀਆਂ ਰਿਚਾਵਾਂ ਤਾਂ ਲੱਗਭੱਗ ਸਾਰੀਆਂ ਹੀ, ਰਿਗਵੇਦ ਤੋਂ ਲੈ ਕੇ ਵਿਸ਼ੇਸ਼ ਤਰਤੀਬ ਦੇ ਦਿਤੀ ਹੈ ਚੌਥਾ ਵੇਦ-ਅਥਰਵ ਵੇਦ-ਜਿਸ ਦੀ ਰਚਨਾ ਬਹੁਤ ਬਾਅਦ ਵਿਚ ਹੋਈ, ਵੱਖਰੀ ਕਿਸਮ ਦਾ ਹੈ। ਮੈਕਸਮੂਲਰ, (ਜਰਮਨ ਵਿਦਵਾਨ) ਜਿਸ ਨੇ ਵੇਦਾਂ ਦਾ ਤਰਜਮਾਂ ਕੀਤਾ ਹੈ, ਅਨੁਸਾਰ ਭਾਰਤ ਦੀਆਂ ਪ੍ਰਾਚੀਨ (ਮਿਥਿਹਾਸਕ) ਕਵਿਤਾਵਾ ਅਤੇ ਯੂਨਾਨ ਦੇ ਅਤਿ ਪ੍ਰਾਚੀਨ ਸਾਹਿਤ ਵਿਚਕਾਰ ਜਿਹੜਾ ਵੱਡਾ ਅੰਤਰ ਹੈ, ਉਹ ਸਭ ਤੋਂ ਵੱਧ ਓਦੋਂ ਅਨੁਭਵ ਹੁੰਦਾ ਹੈ, ਜਦੋਂ ਅਸੀਂ ਵੇਦਾਂ ਦੇ ਵਿਕਾਸ ਦੇ ਮਿਥਿਹਾਸ ਦੀ ਤੁਲਨਾ, ਪੂਰੀ ਤਰ੍ਹਾਂ ਵਿਕਸਤ ਅਤੇ ਢਹਿੰਦੀਆਂ ਕਲਾਂ ਵਲ ਜਾਂਦੇ ਉਸ ਮਿਥਿਹਾਸ ਨਾਲ ਕਰਦੇ ਹਾਂ, ਜਿਸ ਉਪਰ "ਹੋਮਰ" ਦੀ ਕਵਿਤਾ ਅਧਾਰਤ ਹੈ।"

(ਨੋਟ :ਇਥੇ ਬਾਰ ਬਾਰ ਵਰਤਿਆ ਸ਼ਬਦ "ਮਿਥਿਹਾਸ" ਨੋਟ ਕਰਨ ਯੋਗ ਹੈ। Myth (ਮਿਥ) ਦੇ ਅਰਥ ਹਨ: ਮਿੱਥ, ਪੁਰਾਣ-ਕਥਾ, ਕਲਪਿਤ ਕਹਾਣੀ, ਕਾਲਪਨਿਕ ਵਾਰਤਾ, ਫਰਜ਼ੀ ਗੱਲ, ਗੱਪ, ਢਕੌਸਲਾ, ਆਦਿਕ।)

ਬਾਹਰੋਂ ਆਏ ਆਰੀਆ ਆਬਾਦਕਾਰਾਂ ਨੇ ਪਹਿਲਾਂ ਬਹੁਤ ਸਾਰੇ ਦੇਵਤਿਆਂ ਦੀ

ਕਲਪਨਾ ਕਰ ਲਈ, ਫੇਰ ਸਮਾਂ ਗੁਜ਼ਰਨ ਉਤੇ, 'ਤ੍ਰਿਮੂਰਤੀ (ਅਗਨੀ, ਸੂਰਜ ਤੇ ਵਾਯੂ (ਇੰਦਰ) ਨੂੰ ਉਚੇਰਾ ਅਸਥਾਨ ਦਿਤਾ ਗਿਆ, ਜੋ ਸਮਾਂ ਪਾਕੇ, ਬ੍ਰਹਮਾ, ਵਿਸ਼ਨੂ, ਮਹੇਸ਼ ਦੇਵਤਿਆਂ ਦੀ ਸਰਬ ਉਚਤਾ ਦੀ ਕਾਲਪਨਿਕ ਹੋਂਦ, ਉੱਤੇ ਆ ਨਿੱਬੜਿਆ। ਇਨ੍ਹਾਂ ਤਿੰਨਾਂ ਵਿਚੋਂ ਸ਼ਿਵ ਦੀ, ਜੋ ਸਾਡੇ ਹੱਥਲੇ ਮਜ਼ਮੂਨ ਨਾਲ ਸੰਬੰਧਤ ਹੈ, ਅਜ ਵਧੇਰੇ ਪੂਜਾ ਤੇ ਪ੍ਰਸਿਧਤਾ ਹੈ।

## ਸ਼ਿਵ ਅਤੇ "ਮਹਾਂਕਾਲ" ਸਮ-ਅਰਥਕ ਤੇ ਓਤਪੋਤ ਹਨ:-

ਸ਼ਿਵ ਦਾ ਅਹਿਮ ਵਰਨਣ ਕਰਨ ਤੋਂ ਪਹਿਲਾਂ "ਮਹਾਂਕਾਲ" ਦੇ ਸੰਖੇਪ ਤੌਰ ਉਤੇ "ਕੋਸ਼ਕ ਅਰਥ" ਕਰਨੇ ਵੀ ਲਾਭਦਾਇਕ ਹੋਣਗੇ। ਸੋ ਅਰਥ ਹਨ:-

1) ਵੱਡਾ ਕਾਲ (2) ਵਿਨਾਸ਼ਕਾਰੀ ਰੂਪ ਵਿੱਚ ਸ਼ਿਵ ਜੀ ਦਾ ਇਕ ਨਾਂ।

3) ਐਲੀਫੈਂਟਾ(ਬੰਬਈ) ਦੀਆਂ ਗੁਫਾਵਾਂ ਵਿਚ ਸ਼ਿਵ ਜੀ ਦੇ "ਮਹਾਂਕਾਲ" ਸਰੂਪ ਦਾ ਅੱਠ ਬਾਹਾਂ ਨਾਲ ਨਿਰੁਪਣ ਕੀਤਾ ਗਿਆ ਹੈ। ਉਸਦੇ ਇੱਕ ਹੱਥ ਵਿੱਚ ਮਨੁੱਖੀ ਆਕਾਰ ਹੈ, ਦੂਜੇ ਵਿਚ ਤਲਵਾਰ ਜਾਂ ਬਲੀ ਦੇਣ ਵਾਲਾ ਕੁਹਾੜਾ, ਚੌਥੇ ਵਿਚ ਪੂਜਾ ਦਾ ਟੱਲ, ਦੋ ਹੱਥਾਂ ਨਾਲ ਉਹ ਆਪਣੇ ਵੱਲ ਪਰਦਾ ਖਿੱਚ ਰਿਹਾ ਹੈ, ਜਿਹੜਾ ਸੂਰਜ ਨੂੰ ਨੰਗਾ ਕਰ ਦਿੰਦਾ ਹੈ, ਅਤੇ ਬਾਕੀ ਦੇ ਹੱਥ ਟੁੱਟੇ ਹੋਏ ਹਨ। (4) ਮਹਾਂਕਾਲ, ਗਣਾਂ ਜਾਂ ਸ਼ਿਵ ਜੀ ਦੇ ਸੇਵਾਦਾਰਾਂ ਦਾ ਮੁੱਖੀ ਹੈ। (ਹਿੰਦੂ ਮਿਥਿਹਾਸ ਕੋਸ਼, ਪੰਨਾ 298)

## ਦਿਲਚਸਪ, ਪਰ ਹੈਰਾਨੀਜਨਕ ਵਾਕਫੀ :-

ਵੇਦਾਂ ਵਿੱਚ ਸ਼ਿਵ ਦਾ ਕੋਈ ਨਾ ਨਹੀਂ ਮਿਲਦਾ, ਪਰ ਇਸੇ (ਮਿਥਿਹਾਸਕ) ਦੇਵਤਾ ਦਾ ਇਕ ਹੋਰ ਨਾਂ, ਰੁੱਦਰ ਕਰਕੇ ਪ੍ਰਚੱਲਤ ਹੈ । ਰਿਗਵੇਦ ਵਿੱਚ ਰੁਦਰ ਸ਼ਬਦ ਅਗਨੀ ਲਈ ਪ੍ਰਯੁਕਤ ਹੈ, ਪਰ ਇਕ ਹੋਰ ਪ੍ਰਕਰਣ ਵਿੱਚ ਵੱਖਰਾ ਮੰਨਿਆ ਗਿਆ ਹੈ। ਇਹ ਸਾਰੇ ਰਾਗਾਂ ਤੇ ਯੱਗਾਂ ਦਾ ਮਾਲਿਕ ਹੈ। ਇਹ ਸਭ ਦਾ ਮਾਲਕ ਹੀ ਨਹੀਂ, ਸਗੋਂ ਸਭ ਪਾਪਾਂ ਦਾ ਨਾਸ਼ ਕਰਨ ਵਾਲਾ, ਭਿਅੰਕਰ ਤੇ ਖੌਫਨਾਕ ਹੈ। ਯਜੁਰਵੇਦ ਅਨੁਸਾਰ, ਰੁੱਦਰ ਕਲਿਆਣਕਾਰੀ ਵੀ ਹੈ, ਭਿਅੰਕਰ ਹੀ ਨਹੀਂ। ਇਹ ਮੁਕਤੀ ਦਾਤਾ ਹੈ। ਅਥਰਵਵੇਦ ਵਿੱਚ ਇਸ ਨੂੰ ਪਸ਼ੂਆਂ ਦਾ ਰਖਿਅਕ ਮੰਨਿਆ ਜਾਂਦਾ ਹੈ। ਇਹ ਕ੍ਰੋਧੀ, ਭਿਅੰਕਰ ਤੇ ਖਤਰਨਾਕ ਹੈ। ਬ੍ਰਾਹਮਣਾਂ (ਵੇਦਾਂ ਦਾ ਇਕ ਭਾਗ) ਅਨੁਸਾਰ ਜਦ ਇਹ ਜਨਮ ਸਮੇਂ ਰੋਇਆ, ਤਾਂ ਰੋਣ ਦੇ ਕਾਰਨ, ਇਸ ਦੇ ਪਿਤਾ, ਪ੍ਰਜਾਪਤੀ ਨੇ ਇਸਦਾ ਨਾਂ ਰੁੱਦ੍ਰ (ਰੁਦ੍ਰ-ਰੋਣਾ) ਰੱਖ ਦਿੱਤਾ।

ਗੱਲ ਕੀ "ਹਿੰਦੂ ਮਿਥਿਹਾਸ ਕੋਸ਼" ਪੰਨਾ (120-125) ਵਿਚ ਸਰਬੱਗਯਤਾ ਸੰਯੁਗਤ ਕੋਈ ਹੀ ਵਿਸ਼ੇਸ਼ਣ ਐਸਾ ਹੋਵੇਗਾ, ਜੋ ਸ਼ਿਵ ਜੀ ਦੀ ਪੁਰਾਣਕ ਤੇ ਕਾਲਪਨਿਕ ਹੋਂਦ ਨਾਲ ਨ ਜੋੜਿਆ ਗਿਆ ਹੋਵੇ, ਜਿਵੇਂ ਪਿਤਾ ਵਲੋਂ ਰੱਖੇ ਅੱਠ ਨਾਂ:- ਭਵ, ਸਰਵ, ਵਸ਼ੂਪਤੀ, ਉਗਰਦੇਵ, ਰੁੱਦ੍ਰ, ਈਸ਼ਾਨ ਅਸ਼ਨੀ।

(ਅ) ਉਪਨਿਸ਼ਦਾਂ ਅਨੁਸਾਰ (ਸ਼ਿਵ ਕਥਨ):- ਮੈਂ ਹੀ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਾਂ, ਵਰਤਮਾਨ ਵਿਚ ਹਾਂ ਤੇ ਰਹਾਂਗਾ, ਮੇਰੇ ਤੋਂ ਪਰ੍ਹੇ ਕੋਈ ਨਹੀਂ, ਮੈਂ ਨਿੱਤ

ਹਾਂ, ਅਨਿੱਤ ਹਾਂ, ਪ੍ਰਤੱਖ ਹਾਂ, ਅਪ੍ਰਤੱਖ ਹਾਂ, ਮੈਂ ਹੀ ਬ੍ਰਹਮ ਹਾਂ ਤੇ ਨਹੀਂ ਹਾਂ। ਇਕ ਹੋਰ ਥਾਂ ਲਿਖਿਆ ਹੈ:- "ਇਹ ਸਿਰਫ ਰੁੱਦ੍ਰ ਹੈ, ਇਹੀ ਈਸ਼ਾਨ ਹੈ, ਇਹੀ ਮਹੇਸ਼ਵਰ ਹੈ, ਅਤੇ ਇਹੀ ਮਹਾਂਦੇਵ। ਇਸ ਦਾ ਕੋਈ ਆਦਿ, ਮੱਧ ਤੇ ਅੰਤ ਨਹੀਂ। ਇਹ ਸਭ ਆਤਮਾਵਾਂ ਵਿਚ ਨਿਵਾਸ ਕਰਦਾ ਹੈ। ਇਹੀ ਉਮਾ (ਪਾਰਬਤੀ) ਦੇ ਨਾਲ ਨਿਵਾਸ ਕਰਦਾ ਹੈ। ਇਹੀ ਸਰਬ-ਉਚ ਪ੍ਰਮਾਤਮਾ ਹੈ। ਇਹੀ ਨਾਸ਼-ਰਹਿਤ ਤੇ ਸੁਤੇ ਪ੍ਰਕਾਸ਼ ਹੈ। ਇਹੀ ਵਿਸ਼ਨੂੰ ਹੈ। ਇਸ ਨੂੰ ਜਾਣੇ ਬਗੈਰ ਕਦੀ ਮੁਕਤੀ ਨਹੀਂ ਮਿਲ ਸਕਦੀ, ਆਦਿਕ ਆਦਿਕ। (ਨੋਟ :- ਪੌਰਾਣਿਕ ਮਾਨਤਾ ਅਨੁਸਾਰ ਜੋ ਗੁਣ (ਵਿਸ਼ੇਸ਼ਣ) ਸ਼ਿਵ ਨਾਲ ਜੋੜੇ ਜਾਂਦੇ ਹਨ, ਉਹੋ ਮਹਾਂਕਾਲ ਨਾਲ ਵੀ ਸੰਬੰਧਿਤ ਹੋ ਗਏ ਹਨ।

ਪ੍ਰੰਤੂ, ਰਾਮਇਣ ਵਿਚ ਇਸ ਨੂੰ ਇਕ ਵੱਡੇ ਦੇਵਤੇ ਦੇ ਰੂਪ ਵਿਚ ਵਰਨਣ ਕੀਤਾ ਗਿਆ ਹੈ,ਸਰਵਉੱਚ ਪ੍ਰਮਾਤਮਾ ਦੇ ਰੂਪ ਵਿਚ ਨਹੀਂ। ਇਸ ਨੂੰ ਵਿਸ਼ਨੂੰ ਨਾਲ ਲੜਾਈ ਕਰਦਾ ਵੀ ਦੱਸਿਆ ਗਿਆ ਹੈ। ਇਸ ਦੀ ਪਦਵੀ ਵਿਸ਼ਨੂ ਨਾਲੋਂ ਘੱਟ ਵਡਿਆਈ ਵਾਲੀ ਮੰਨੀ ਗਈ ਹੈ। ਮਹਾਭਾਰਤ ਵਿਚ ਵਿਸ਼ਨੂ ਜਾਂ ਕ੍ਰਿਸ਼ਨ ਨੂੰ "ਸ਼ਿਵ" ਦੀ ਪੂਜਾ ਕਰਦੇ ਵਿਖਾਇਆ ਗਿਆ ਹੈ। ਇਸ ਕਾਵਿ ਵਿਚ ਸ਼ਿਵ ਤੇ ਵਿਸ਼ਨੂ, ਦੋਹਾਂ ਦੀ ਸਰਵ-ਉਚਤਾ ਬਾਰੇ ਵਿਰੋਧੀ ਹੱਕ ਹਕੂਕ ਦਰਸਾਏ ਗਏ ਹਨ। ਇਨ੍ਹਾਂ ਦੇ ਗੁਣਾਂ ਨੂੰ ਪੁਰਾਣਾਂ ਵਿਚ ਬਹੁਤ ਵਧਾ, ਚੜ੍ਹਾ ਤੇ ਫੈਲਾ ਕੇ, ਵਿਸਤਰਤ ਰੂਪ ਵਿਚ ਬਿਆਨ ਕੀਤਾ ਗਿਆ।

ਗੱਲ ਕੀ ਪ੍ਰਸ਼ੰਸਕਾਂ ਨੇ ਪੁਰਾਣਾਂ ਵਿਚ ਆਪਣੇ ਆਪਣੇ ਮਨਪਸੰਦ ਦੇ ਵਤਿਆਂ ਦੀ ਮਹਿਮਾ ਤੇ ਸਤਿਕਾਰ ਨੂੰ ਵਧਾਉਣ ਲਈ ਪ੍ਰਾਚੀਨ ਰਚਨਾਵਾਂ ਦੀਆਂ ਅਣਗਿਣਤ ਮਿਥਿਹਾਸਕ ਕਹਾਣੀਆਂ ਤੇ ਸੰਕਤਾਂ ਦਾ ਵਿਕਾਸ ਤੇ ਵਿਸਤਾਰ ਕਰ ਲਿਆ ਹੈ। (ਪੰਨਾ-122)

ਉਪ੍ਰੋਕਤ ਸਾਰੀ ਲਿਖਤ ਦਾ ਸਾਰ ਇਹ ਹੈ ਕਿ, ਵੇਦਾਂ ਵਿਚ ਜੁੱਗਾਂ ਦੇ ਕ੍ਰਮ ਨਾਲ ਵਰਨਤ "ਰੁਦ੍ਰ" ਤੋਂ ਵੱਡੇ ਤੇ ਸ਼ਕਤੀਸ਼ਾਲੀ ਸ਼ਿਵ ਦਾ ਵਿਕਾਸ ਹੋਇਆ ਹੈ, ਜੋ ਹਿੰਦੂ ਤ੍ਰਿਮੂਰਤੀ ਦਾ ਤੀਜਾ ਦੇਵਤਾ ਹੈ, ਅਤੇ ਆਪਣੇ ਉਪਾਸ਼ਕਾ ਦਾ ਸਰਵਉਚ ਪ੍ਰਮਾਤਮਾ ਹੈ। ਜੇ ਇਸ ਦਾ ਥੋੜੇ ਸ਼ਬਦਾਂ ਵਿਚ ਵਰਨਣ ਕੀਤਾ ਜਾਵੇ ਤਾਂ ਇਹ ਪ੍ਰਧਾਨ ਸੰਘਾਰਕ ਹੈ। ਰੁੱਦ੍ਰ ਵਿਚ, "ਮਹਾਂਕਾਲ" ਦੇ ਨਾਂ ਅਧੀਨ, ਤਬਾਹ ਤੇ ਨਸ਼ਟ ਕਰਨ ਦੀ ਅਕਹਿ ਸ਼ਕਤੀ ਹੈ। ਪਰ, ਹਿੰਦੂ ਵਿਸ਼ਵਾਸ਼ ਅਨੁਸਾਰ ਸੰਘਾਰ ਦਾ ਅਰਥ, ਪੁਨਰ ਉਤਪਤੀ ਵੀ ਹੈ। ਏਸੇ ਲਈ, ਸ਼ਿਵ ਨੂੰ ਕਲਿਆਣਕਾਰੀ ਵੀ ਮੰਨਿਆ ਜਾਂਦਾ ਹੈ। ਇਸ ਦੀ ਪੁਨਰ ਉਤਪੰਨ ਕਰਨ ਦੀ ਸ਼ਕਲ, ਲਿੰਗ ਦਾ ਚਿੰਨ ਹੁੰਦੀ ਹੈ, ਜੋ ਪੁਨਰ ਉਤਪਤੀ ਦਾ ਪ੍ਰਤੀਕ ਹੈ। ਏਸੇ ਰੂਪ ਵਿਚ ਇਸਤ੍ਰੀ ਦੇ ਗੁਪਤ ਅੰਗ (ਯੋਨੀ) ਨਾਲ ਸੰਯੁਕਤ ਰੂਪ ਵਿਚ ਇਹ ਇਸਤ੍ਰੀ ਸ਼ਕਤੀ ਦੀ ਪ੍ਰਤੀਨਿਧਤਾ ਕਰਦਾ ਹੈ। ਸ਼ਿਵ ਦਾ ਸਵਰਗ ਕੈਲਾਸ਼ ਪਰਬਤ ਹੈ । ਸ਼ਿਵ ਦਾ ਇਕ ਰੂਪ ਬੇ-ਪੜਦ ਤਪੱਸਵੀ ਦਿਗੰਬਰ, ਤੱਤਾਂ ਨਾਲ ਲੁਕੇ (ਢੱਕੇ) ਹੋਏ ਹੋਣਾ ਹੈ। ਇਹ ਭੂਤੇਸ੍ਵਰ, ਅਰਥਾਤ ਭੂਤਾਂ ਦਾ ਸੁਆਮੀ ਵੀ ਹੈ। ਕਈ ਵੇਰ ਇਹ ਮਦ (ਸ਼ਰਾਬ) ਪੀਣ ਵਿੱਚ ਰੁੱਝ ਜਾਂਦਾ ਹੈ ਅਤੇ ਆਪਣੀ ਪਤਨੀ (ਪਾਰਬਤੀ ਦੇਵੀ) ਨਾਲ, ਬੜੇ ਉਗਰ ਰੂਪ ਵਿਚ ਤਾਡਵ ਨਾਚ ਕਰਦਾ ਹੈ, ਅਤੇ ਭੂਤਾਂ ਦੀ ਫੌਜ ਇਸ ਦੁਆਲੇ

ਨੱਚਦੀ ਹੈ।

ਪ੍ਰਾਪਤ ਸ਼ਕਤੀਆਂ ਦੀ ਭਿੰਨਤਾ ਕਾਰਨ ਇਸ ਦੇ 1008 ਨਾਂ ਹਨ, ਜਿਨ੍ਹਾਂ ਚੋਂ ਕੁਝ ਪ੍ਰਸਿੱਧ ਨਾਮ ਇਸ ਪਕਾਰ ਹਨ:- ਅਘੋਰ, ਭਿਆਨਕ, ਬਭਰੂ, ਭਗਵਤ, ਦੇਵ ਚੰਦਰਸ਼ੇਖਰ, ਗੰਗਾਧਰ, ਚੰਨ ਦੇ ਤਾਜ ਵਾਲਾ, ਗਿਰੀਸ਼, ਹਰਿ, ਈਸ਼ਾਨ, (ਹਾਕਮ) ਜਟਾਧਰ, ਜਲਮੂਰਤੀ, ਸਮਾਂ, ਮਹਾਂ ਸਮਾਂ, ਕਾਲ ਮਹਾਂਕਾਲ, ਉਗਰ (ਕ੍ਰੋਧੀ), ਭੈਰਵ, ਵਿਸ਼ਵਨਾਥ, ਕੈਲਾਸ਼-ਪਤੀ ਆਦਿਕ, ਆਦਿਕ।

## ਮਹਾਕਾਲ ਦੇ ਬਿਆਨ ਵਿੱਚ ਕੁਝ ਹੋਰ:-

"ਹਿੰਦੂ ਮਿਥਿਹਾਸ ਕੋਸ਼" ਦੀ ਅਕਟ ਗਵਾਹੀ ਦੇ ਆਧਾਰ ਉਤੇ ਲਿਖੇ, ਉਪਰਲੇ ਨੋਟ ਦੁਆਰਾ ਇਹ ਸਪੱਸ਼ਟ ਕੀਤਾ ਜਾ ਚੁੱਕਾ ਹੈ, ਕਿ ਸ਼ਿਵ ਤੇ ਮਹਾਂਕਾਲ ਆਪਸ ਵਿਚ ਦੀ ਪੂਰਨ ਤੌਰ ਤੇ ਅਭੇਦ ਤੇ ਇੱਕ-ਮਿੱਕ ਹਨ। ਮਹਾਂਕਾਲ, 'ਸ਼ਿਵ' ਦਾ ਹੀ ਇਕ ਨਾਂ ਤੇ ਰੂਪ ਹੈ। ਇਸ ਲਈ ਜੋ ਗੁਣਵਾਚਕ ਵਿਸ਼ੇਸ਼ਣ, ਵਿਸ਼ੇਸ਼ ਨਾਉ, ਉਪਾਧੀਆਂ, ਸਿਫ਼ਤਾਂ ਜਾਂ ਲਕਬ (ਪਦਵੀ), ਰੁਦ੍ਰ ਜਾਂ "ਸ਼ਿਵ" ਨਾਲ ਜੋੜੇ ਜਾਂਦੇ ਹਨ, ਉਹ ਸਾਰੇ 'ਮਹਾਂਕਾਲ' ਨਾਲ ਵੀ ਸੰਬੰਧਤ ਅਥਵਾ ਵਾਬਸਤਾਂ ਹਨ। ਦੂਜੇ ਇਹ ਸਾਰੀਆਂ ਮਹਜ਼, ਕੇਵਲ ਮਿਥਿਹਾਸਕ, ਕਾਲਪਲਿਕ ਮਨੌਤਾਂ ਹਨ, ਅਤੇ 'ਮਿਥਿਹਾਸ ਕੋਸ਼' ਵਿਚ ਇਨ੍ਹਾਂ ਦੀ ਸ਼ਮੂਲੀਅਤ ਤੇ ਵਰਨਣ ਹੀ ਸਾਡੇ ਦਾਅਵੇ ਦੇ ਸੱਚੇ ਹੋਣ ਦਾ ਵੱਡਾ ਸਬੂਤ ਹੈ। ਭਾਰਤ ਵਿਚ, ਉਜੈਨ ਵਿਖੇ, ਮਹਾਂਕਾਲ ਨੂੰ ਸਹਾਇਤਾ ਹਿਤ, ਇਉਂ ਜੋਦੜੀ ਕਰਦੇ ਹਨ।

ਡਗ ਮਗ ਲੋਕ ਚਤੁਰ ਦਸ ਭਏ॥ ਅਸੁਰਨ ਸਾਥ ਸਕਲ ਭਰ ਗਏ॥
ਬ੍ਰਹਮਾ ਬਿਸਨ ਸਭੈ ਡਰ ਪਾਨੇ॥ "ਮਹਾਂਕਾਲ" ਕੀ ਸਰਣ ਸਿਧਾਨੇ॥ (ਪਦਾ 89)
ਇਹ ਬਿਧੀ ਸਭੈ ਪੁਕਾਰਤ ਭਏ॥ ਜਨ ਕਰ ਲੂਟ ਬਨਿਕ ਸੇ ਲਏ॥
ਤ੍ਰਾਹਿ ਤ੍ਰਾਹਿ ਹਮ ਸਰਨ ਤੁਹਾਰੀ॥ ਸਭ ਭੈ ਤੇ ਹਮ ਲੇਹੁ ਉਬਾਰੀ॥ 90
ਤੁਮਹੋ ਸਕਲ ਲੋਕ ਸਿਰਤਾਜਾ॥ ਗਰਬਨ ਗੰਜ, ਗਰੀਬ ਨਿਵਾਜਾ॥
ਆਦਿ ਅਕਾਲ, ਅਜੋਨਿ ਬਿਨਾ ਭੈ॥ ਨਿਰਬਿਕਾਰ ਨਿਰਲੰਬ ਜਗਤ ਮੈ॥ 91
ਨਿਰਬਿਕਾਰ, ਨਿਰਜ਼ੁਰ, ਅਬਿਨਾਸੀ॥ ਪ੍ਰਮ ਜੋਗ ਕੇ ਤਤ ਪ੍ਰਕਾਸ਼ੀ॥
ਨਿਰੰਕਾਰ, ਨਵਨਿੱਤ ਸੁਯੰਭਵ (ਸ੍ਵੈਪ੍ਰਕਾਸ਼)॥ ਤਾਤ ਮਾਤ ਜਿਹ ਜਾਤ ਨ ਬੰਧਵ॥ 92
ਸਤ੍ਰ ਬਿਹੰਡ ਸੁਰਿਦ ਸੁਖਦਾਇਕ॥ ਚੰਡ ਮੁੰਡ ਦਾਨਵ ਕੇ ਘਾਇਕ॥
ਸਤਿ ਸੰਧਿ ਸਤਿਤਾ ਨਿਵਾਸੀ ॥ ਭੂਤ ਭਵਿੱਖ ਭਵਾਨ ਨਿਰਾਸੀ॥ 93
ਆਦਿ, ਅਨੰਤ, ਅਰੂਪ ਅਭੇਸਾ॥ ਘਟਿ ਘਟਿ ਭੀਤਰ ਕੀਆ ਪ੍ਰਵੇਸ਼॥
ਅੰਤਰ ਬਸਤ ਨਿਰੰਤਰ ਰਹਈ ॥ ਸਨਕ ਸਨੰਦ ਸਨਾਤਨ ਕਹਈ॥ 94

ਆਦਿ ਜੁਗਾਦਿ ਸਦਾ ਪ੍ਰਭ ਏਕੇ ॥ਧਰ ਧਰ ਮੂਰਤ ਫਿਰਤ ਅਨੇਕੇ॥

ਸਭ ਜਗ ਕਹੁ ਇਹ ਬਿਧਿ ਭਰਮਾਯਾ॥ ਆਪੇ ਏਕ ਅਨੇਕ ਦਿਖਾਯਾ॥ 95

ਤੁਮ ਜਗ ਕੇ ਕਾਰਣ ਕਰਤਾਰਾ॥ ਘਟਿ ਘਟਿ ਕੀ ਮਤਿ ਜਾਨਨਹਾਰਾ॥

ਨਿਰੰਕਾਰ, ਨਿਰਵੈਰ, ਨਿਰਾਲਮ॥ ਸਭ ਹੀ ਕੇ ਮਨ ਕੀ ਤੁਹਿ ਮਾਲਮ॥ 97

ਤੁਮਰੀ ਬ੍ਰਹਮਾ ਬਿਸਨ ਬਣਾਯੋ॥ ਮਹਾਂ ਰੁਦਰ ਤੁਮ ਹੀ ਉਪਜਾਯੋ॥

ਕਹ ਕਹ ਹਸਾ, ਬਚਨ ਸੁਨ ਕਾਲਾ॥ ਭਗਤ ਜਾਨ ਕਰ ਭਯੋ ਕ੍ਰਿਪਾਲਾ॥

ਮਹਾਂਕਾਲ ਖਿੜ ਖਿੜਾ ਕੇ ਹੱਸਿਆ ਤੇ ਸਵਾਸ ਬੀਜ ਨੂੰ ਮਾਰਨ ਲਈ ਯੁੱਧ ਵਿੱਚ ਕੁੱਦ ਪਿਆ। ਚੌਂਹ ਤੀਰਾਂ ਨਾਲ ਉਸ ਦੇ ਝੰਡੇ, ਹਥ ਘੋੜਿਆਂ ਤੇ ਦੈਂਤ ਨੂੰ ਧਰਤੀ ਉਤੇ ਡੇਗਕੇ, ਉਸ ਦਾ ਸਿਰ ਤਲਵਾਰ ਨਾਲ ਵੱਢ ਦਿੱਤਾ।

"ਪੁਨਿ ਰਾਛਸ ਕਾ ਕਾਟਾ ਸੀਸਾ॥ ਸ੍ਰੀ ਅਸਿਕੇਤ ਜਗਤ ਕੇ ਈਸਾ॥" (ਚੌਪਈ, ਚਰਿਤ੍ਰ 404-ਛੰਦ-375ਵਾਂ)

ਭਾਵਰਥ:- ਮਹਾਂਕਾਲ ਜੋ ਜਗਤ ਦਾ ਈਸ਼ਵਰ ਹੈ ਅਤੇ ਜਿਸਦੇ ਝੰਡੇ ਵਿਚ ਤਲਵਾਰ ਦਾ ਨਿਸ਼ਾਨ ਹੈ, ਨੇ ਸਵਾਸਬੀਜ਼ ਦਾ ਸਿਰ ਵੱਢ ਦਿੱਤਾ।

ਮਹਾਂਕਾਲ (ਸ਼ਿਵ ਦੇ ਭੈਰਵ ਤੇ ਖੌਫਨਾਕ ਰੂਪ) ਦੇ ਮੋਹਰੇ ਕੀਤੀ ਉਪ੍ਰੋਕਤ ਬੇਨਤੀ ਵਿਚ ਵਿਸ਼ੇਸ਼ ਤੌਰ ਉਤੇ ਨੋਟ ਤੇ ਵੀਚਾਰ ਕਰਨ ਵਾਲੀ ਗੱਲ ਇਹ ਹੈ ਕਿ "ਮਹਾਂਕਾਲ" ਦੀ ਸਰਵ-ਉਚਤਾ, ਸਮਰਥਾ ਤੇ ਗੁਣਾਂ ਆਦਿ ਬਾਰੇ ਸ਼ਬਦਾਵਲੀ ਐਨ ਉਹੀ ਵਰਤੀ ਗਈ ਹੈ, ਜੋ ਅੰਤਮ ਤ੍ਰਿਆ ਚਰਿਤ੍ਰ (404) ਦੇ ਅਖੀਰ ਵਿਚ ਆਈ **'ਕਬਯੋਬਾਚ ਬੇਨਤੀ ਚੌਪਈ'** ਵਿਚ ਵਰਤੀ ਹੈ। ਸ਼ਬਦਾਵਲੀ ਤੇ ਗੁਣਵਾਚਕ ਵਿਸ਼ੇਸ਼ਣਾਂ ਦੀ ਪੀਢੀ ਸਾਂਝ ਇਤਫਾਕਨ (ਰੱਬ-ਸਬੱਬੀ) ਨਹੀਂ। ਇਸ ਪ੍ਰਸੰਗ ਵਿਚ ਏਥੇ ਮਿਰਜ਼ ਗਾਲਬ ਦਾ ਸ਼ੇਅਰ ਡਾਢਾ ਢੁੱਕਦਾ ਹੈ:-

ਯਿਹ ਬੇਖੁਦੀ ਬੇਸਬਬ ਨਹੀਂ, ਗਾਲਿਬ

ਕੁਝ ਤੋ ਹੈ, ਜਿਸ ਕੀ ਪਰਦਾਦਾਰੀ ਹੈ।

ਦੂਜੀ ਗੱਲ:- ਮਹਾਂਕਾਲ ਤੇ ਇਸ ਦੀ ਸ਼ਕਤੀ (ਦੇਵੀ, ਜਗ-ਮਾਤਾ) ਇਕ ਮਿਕ ਹਨ। ਵਾਚੋ 'ਬੇਨਤੀ ਚੌਪਈ' ਦੇ ਅੰਤਲੇ ਦੋ ਪਦੇ -26 ਤੇ 27 (402 ਤੇ 403)। ਪਹਿਲੇ ਪਦੇ ਵਿਚ 'ਕਵੀ' ਆਖਦਾ ਹੈ-ਕ੍ਰਿਪਾ ਕਰੀ ਹਮ ਪਰ ਜਗ-ਮਾਤਾ। ਗ੍ਰੰਥ ਕਰਾ ਪੂਰਨ ਸੁਭਰਾਤਾ॥... ।

"ਸ੍ਰੀ ਅਸਿਧੁਜ ਜਬ ਭਏ ਦਇਆਲਾ। ਪੂਰਨ ਕਰਾ ਗ੍ਰੰਥ ਤਤਕਾਲਾ... ।" ਅਸਿਧੁਜ-ਜਿਸਦੇ ਝੰਡੇ ਵਿਚ ਤਲਵਾਰ ਦਾ ਨਿਸ਼ਾਨ, ਮਹਾਂਕਾਲ। ਸਪੱਸ਼ਟ ਹੈ ਕਿ ਗ੍ਰੰਥ ਜਗ-ਮਾਤਾ (ਦੇਵੀ) ਦੀ ਕ੍ਰਿਪਾ ਨਾਲ ਪੂਰਨ ਹੋਇਆ ਜਾਂ ਮਹਾਂਕਾਲ, ਜਿਸ ਦੇ ਝੰਡੇ ਵਿਚ ਅਸਿ (ਕ੍ਰਿਪਾਨ) ਦਾ ਨਿਸ਼ਾਨ ਹੈ, ਦੀ ਦਯਾਲਤਾ ਨਾਲ, ਇਕੋ ਗੱਲ ਹੈ। ਦੋਵੇਂ ਅਭੇਦ

ਹਨ। ਦੇਵੀ, ਮਹਾਂਕਾਲ ਦੀ ਸ਼ਕਤੀ ਦੀ ਪ੍ਰਤੀਕ ਹੈ।

(ਨੋਟ :- 'ਗ੍ਰੰਥ' ਤੋਂ ਏਥੇ ਮੁਰਾਦ 404 ਚਰਿੱਤਰਾਂ ਦੇ 580 ਕੁ ਪੰਨਿਆਂ ਵਾਲੇ ਗ੍ਰੰਥ ਤੋਂ ਹੈ, ਜਿਸ ਦੇ ਕੁਲ ਪਦਿਆਂ (ਛੰਦਾਂ) ਦੀ ਗਿਣਤੀ 7555, ਅੰਤ ਵਿਚ ਬਾਕਾਇਦਾ ਅੰਕਿਤ ਹੈ। 'ਚੌਪਈ' ਦੇ ਤਾਂ ਕੇਵਲ 27 ਪਦੇ ਹਨ - 377 ਪਦੇ ਤੋਂ ਲੈ ਕੇ 403 ਤੱਕ। ਇਹ 'ਗ੍ਰੰਥ' ਨਹੀਂ ਆਖੀ ਜਾਂ ਮੰਨੀ ਜਾ ਸਕਦੀ।)

**ਤੰਤ੍ਰ:-**

ਤੰਤ੍ਰਾਂ ਦੇ ਜਾਦੂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ 'ਮਹਾਂਕਾਲ' ਆਦਿ ਦੇਵਤੇ ਦੀ ਹੀ ਸ਼ਕਤੀ ਨੂੰ ਉੱਘਾ ਕਰਨਾ ਹੈ। ਉਸ ਦੀ ਅਮਲੀ ਖਸਲਤ ਦਾ, ਸ਼ਕਤੀ ਜਾਂ ਇਸਤ੍ਰੀ ਰੂਪ ਵਿਚ, ਮਾਨਵੀਕਰਨ ਕੀਤਾ ਜਾਂਦਾ ਹੈ। ਤੰਤ੍ਰਾਂ ਦੀ ਬਹੁ-ਸੰਮਤੀ ਸ਼ਿਵ (ਮਹਾਂਕਾਲ) ਦੀ ਸ਼ਕਤੀ, ਦੇਵੀ, ਜਿਹਾ ਕਿ ਦੁਰਗਾ, ਕਾਲੀ (ਕਾਲਕਾ), ਚੰਡੀ, ਚੰਡਿਕਾ, ਸ਼ਿਵਾ, ਭੈਰਵੀ ਆਦਿ ਉਤੇ ਨਿਰਭਰ ਹੈ। ਇਨ੍ਹਾਂ ਸਾਰੀਆਂ 16 ਦੇਵੀਆਂ (ਸ਼ਕਤੀਆਂ) ਦੀ ਹੇਤੂ (ਕਾਰਨ) ਕੇਵਲ ਇਕੱਲੀ ਪਾਰਬਤੀ ਨੂੰ ਮੰਨਿਆ ਜਾਂਦਾ ਹੈ। ਸ਼ਿਵ (ਮਹਾਂਕਾਲ) ਦੀ ਸ਼ਕਤੀ ਦੇ ਤੌਰ ਉਤੇ, ਦੇਵੀ ਉਹ ਵਿਸ਼ੇਸ਼ ਸ਼ਕਤੀ ਹੈ, ਜਿਸ ਦਾ ਸੰਬੰਧ ਜਿਨਸੀ ਮਿਲਾਪ ਅਤੇ ਜਾਦੂ ਦੀਆਂ ਸ਼ਕਤੀਆਂ ਨਾਲ ਹੈ। ਤੰਤ੍ਰ ਪੂਜਾ ਲਈ ਪੰਜ ਲੋੜੀਂਦੀਆਂ ਵਸਤਾਂ ਪੰਜ ਮਕਾਨ (ਮ) ਹਨ- ਮੱਦ (ਸ਼ਰਾਬ), ਮਾਸ, ਮੱਛੀ, ਮੁਦ੍ਰਾ (ਭੁੱਜੇ ਹੋਏ ਚਿੜਵੇ ਤੇ ਕਣਕ ਦਾ ਬੇਰੜਾ), ਮੈਥਨ (ਜਿਨਸੀ ਮਿਲਾਪ)।

ਹਰ ਸ਼ਕਤੀ ਦੇ ਦੋ ਪੱਖ ਹੁੰਦੇ ਹਨ: ਚਿੱਟਾ ਤੇ ਕਾਲਾ (ਨਰਮੀ ਵਾਲਾ ਤੇ ਡਰਾਉਣਾ)। ਉਮਾ ਦੇਵੀ ਤੇ ਗੌਰੀ ਦੇਵੀ, ਸ਼ਿਵ ਸ਼ਕਤੀ ਦੇ ਨਰਮੀ ਵਾਲੇ ਪੱਖ ਹਨ, ਜਦ ਕਿ ਦੁਰਗਾ ਤੇ ਕਾਲੀ, ਡਰਾਉਣੇ ਪੱਖ। ਸ਼ਕਤੀ ਦੀ ਉਪਾਸਨਾ ਕਰਨ ਵਾਲੇ "ਸਾਕਤ" ਮਹਾਂਕਾਲ ਅਥਵਾ ਸ਼ਿਵ-ਭਗਤਾਂ ਦੀ, ਦੋ ਸ਼੍ਰੇਣੀਆਂ ਵਿਚ ਵੰਡ ਕੀਤੀ ਜਾਂਦੀ ਹੈ: ਦਕਸ਼ਨਾਚਾਰੀ (ਸੱਜੇ ਪੱਖੀ) ਅਤੇ 'ਵਾਮਾਚਾਰੀ (ਪੱਬੇ ਪੱਖੀ), ਜੋ ਸ਼ਕਤੀ ਦੀ ਡਰਾਉਣੀ ਪ੍ਰਕਿਰਤੀ ਨੂੰ ਪੂਜਦੇ ਹਨ। ਇਹ ਸ਼੍ਰੇਣੀ ਬਹੁਤ ਵਿਭਚਾਰ-ਭਰੀ ਹੈ। ਇਹ ਇਸਤ੍ਰੀ ਯੋਨੀ ਦੀ ਪੂਜਾ, ਨਾ ਕੇਵਲ ਚਿੰਨ੍ਹ ਰੂਪ ਵਿਚ ਹੀ ਕਰਦੇ ਹਨ; ਸਗੋ ਵਾਸਤਵ ਵਿੱਚ ਇਸਤ੍ਰੀ ਦੇ ਭੋਗ ਦੇ ਰੂਪ ਵਿਚ ਵੀ । ਮੱਦ, ਮੱਛੀ, ਮਾਸ ਦੀ ਵਰਤੋਂ ਤੇ ਜਿਨਸੀ ਮਿਲਾਪ, ਇਨ੍ਹਾਂ ਦੀਆਂ ਰੰਗਰਲੀਆਂ ਦਾ ਇਕ ਭਾਗ ਹੈ। ਤੰਤ੍ਰ ਪੂਜਾ ਪਹਿਲਾਂ ਤਾਂ ਬੰਗਾਲ ਤੇ ਪੂਰਵੀ ਪ੍ਰਾਂਤਾਂ ਤੱਕ ਸੀਮਤ ਸੀ, ਪਰ, ਹੁਣ ਇਹ ਅੰਧ ਵਿਸ਼ਵਾਸ ਦੇ ਵਾਧੇ ਦੇ ਨਾਲ ਨਾਲ ਸਾਰੇ ਦੇਸ਼ ਵਿਚ ਪਸਰ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਵਿਦਿਆ ਅਤੇ ਵਿਗਿਆਨ ਦੀ ਉਨਤੀ ਨਾਲ, ਇਸ ਚਲਣ-ਹੀਣ ਕਾਮਕ ਤੇ ਅਸ਼ੀਲੀਲ ਤੰਤ੍ਰ ਪੂਜਾ ਦਾ ਭੋਗ ਪੈ ਜਾਂਦਾ, ਪਰ ਸਕਰੀਨ ਦੇ ਮੀਡੀਆ ਰਾਹੀਂ ਫੈਲਾਏ ਜਾ ਰਹੇ ਫੋਕਟ ਧਰਮ, ਕਰਮ ਕਾਡ, ਅੰਧ ਵਿਸ਼ਵਾਸ ਤੇ ਪਾਖੰਡ ਜਾਲ ਨਾਲ ਇਹ ਭ੍ਰਾਂਤੀਆਂ ਦਿਨੋ ਦਿਨ ਵੱਧ ਰਹੀਆਂ ਹਨ। 24 ਜੂਨ (1995) ਵਾਲੇ ਚੰਡੀਗੜ੍ਹ ਨਿਊਜ਼ ਲਾਈਨ ਪਰਚੇ ਦੇ ਪਹਿਲੇ ਪੰਨੇ ਉਤੇ, ਇਸ ਵਾਧੇ ਦਾ ਕਾਰਨ ਅਜਿਹਾ ਗੁਮਰਾਹਕੁਨ ਸਾਹਿਤ ਲਿਖਣ, ਛਾਪਣ ਤੇ ਵੇਚਣ ਵਾਲਿਆਂ ਨੂੰ ਮੰਨਿਆ ਹੈ ਇਹ ਸਭ ਪ੍ਰਭੂ-ਵਿਸ਼ਵਾਸ ਦੀ ਘਾਟ ਦਾ ਸਿੱਟਾ ਹੈ।

ਨਿਰਸੰਦੇਹ ਕੁੱਝ ਤਰਕਸ਼ੀਲ ਸ਼ੋਸਾਈਟੀਆਂ ਤੇ ਬਿਬੇਕ ਬੁਧਿ ਉਪਦੇਸ਼ਕ ਇਸ ਅਗਿਆਨਤਾ ਨੂੰ ਦੂਰ ਕਰਨ ਲਈ ਹਮਾ ਤਨ ਕੋਸ਼ਾ ਹਨ, ਪਰ ਮੰਜ਼ਲ ਅਜੇ ਦਿੱਲੀ ਵਾਂਗ, ਦੂਰ ਜਾਪਦੀ ਹੈ।

ਕਿੱਡੀ ਅਜੀਬ ਗੱਲ ਹੈ ਕਿ ਉਹ ਅਹਿੰਸਾ ਦੇ ਪੁਜਾਰੀ ਲੋਕ ਵੀ, ਜੋ ਮੱਛੀ ਮਾਸ ਦਾ ਨਾਂ ਲੈਣਾ ਜਾਂ ਸੁਣਨਾ ਹੀ ਘੋਰ ਪਾਪ ਗਿਣਦੇ ਹਨ, ਮਹਾਂਕਾਲ ਨੂੰ, ਅਵੱਸ਼ ਕਿਸੇ ਨਾ ਕਿਸੇ ਸ਼ਕਲ ਵਿਚ ਜਾਣੇ ਅਣਜਾਣੇ, ਮੰਨੀ ਤੇ ਪੂਜੀ ਜਾ ਰਹੇ ਹਨ ਅਤੇ ਸਾਕਤਾਂ ਵਾਂਗ, ਇਸ ਦੇ ਅਰਥ ਆਪ ਹੀ, ਪ੍ਰਭੂ, ਪ੍ਰਮਾਤਮਾ ਜਾਂ ਅਕਾਲ ਪੁਰਖੁ ਕਰਦੇ ਹਨ।' ਯਾਦ ਰਹੇ ਕਿ ਇਹ ਅਰਥ ਕੇਵਲ ਤੇ ਕੇਵਲ ਸ਼ਕਤੀ (ਦੇਵੀ) ਦੇ ਉਪਾਸ਼ਕ ਸ਼ਾਕਤਾਂ ਦੇ ਹਨ, ੧ਓ ਸਤਿਨਾਮ, ਅਕਾਲ ਮੂਰਤਿ, ਕਰਤਾ ਪੁਰਖ ਮੰਨਣ ਵਾਲਿਆਂ ਦੇ ਕਦਾਚਿੱਤ ਨਹੀਂ ਹੋ ਸਕਦੇ। ਏਥੇ ਇਹ ਨੁਕਤਾ ਵੀ ਨੋਟ ਕਰਨਯੋਗ ਹੈ ਕਿ ਕਦੀ ਕੋਈ ਸ਼ਾਕਤ (ਮਹਾਂਕਾਲ ਦਾ ਪੁਜਾਰੀ) ਆਸਤਕ ਲੋਗਾਂ ਵਾਲੇ ਨਿਰੰਕਾਰ, ਪ੍ਰਭੂ, ਪ੍ਰਮਾਤਮਾ ਦੀ ਨ ਕੋਈ ਹਸਤੀ, ਹੋਂਦ ਸਵੀਕਾਰਦਾ ਹੈ ਅਤੇ ਨ ਹੀ ਕਿਸੀ ਸੂਰਤ ਵਿਚ ਉਸ ਨੂੰ ਮੰਨਦਾ ਤੇ ਪੂਜਦਾ ਹੈ। ਉਹ ਆਪਣੇ ਹੀ ਵਿਸ਼ਵਾਸ਼ ਵਿਚ ਦ੍ਰਿੜ੍ਹ ਰਹਿੰਦਾ ਹੈ।

ਵੱਡੀ ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ 'ਇਕ ਓਅੰਕਾਰ' ਦੇ ਪੁਜਾਰੀ ਗੁਰੂ ਨਾਨਕ ਨਾਮਲੇਵਾ ਗੁਰਸਿੱਖ ਵੀ ਅਰਸ਼ੀ ਬਾਣੀ ਦੇ ਹੁੰਦਿਆਂ ਸੁੰਦਿਆਂ, ਮਨੁੱਖ ਨੂੰ ਸ਼ਾਕਤਾਂ ਦੇ ਮਹਾਂਕਾਲ ਦਾ ਘੋਰੀ ਤੇ ਵਿਕਰਾਲ ਰੂਪ ਵਿਖਾਕੇ ਕੁਮਾਰਗ-ਗਾਮੀ ਹੋਣੋ ਨਹੀਂ ਵਰਜ ਤੇ ਰੋਕ ਸਕੇ। ਪੰਜਵੇਂ ਗੁਰਦੇਵ, ਸ਼ਾਕਤ ਦਾ ਅਸਲੀ ਰੂਪ ਤੇ ਵਰਤਾਰਾ ਇਉਂ ਪ੍ਰਗਟ ਕਰਦੇ ਹਨ:-

"ਅਮ੍ਰਿਤ ਕਉਰਾ ਬਿਖਿਆ ਮੀਠੀ। ਸਾਕਤ ਕੀ ਬਿਧਿ ਨੈਨਹੁ ਡੀਠੀ॥"

(ਮ;5 ਪੰ: 892)

ਤੰਤ੍ਰਾਂ ਮੰਤ੍ਰਾਂ ਦੇ ਪਾਖੰਡ ਤੇ ਖੋਖਲਾਪਨ ਬਾਰੇ ਕੁਝ ਕੁ ਗੁਰਵਾਕ ਪੇਸ਼ ਹਨ:-

1) ਤੰਤ੍ਰ ਮੰਤੁ ਪਾਖੰਡ ਨ ਕੋਈ, ਨਾ ਕੋ ਵੰਸ (ਬੰਸਰੀ) ਵਜਾਇਦਾ॥

(ਮ: ਪਹਿਲਾ, ਪੰਨਾ 1035)

2) ਰਾਮ ਨਾਮੁ ਜੋ ਜਨੁ ਜਪੈ, ਅਨਦਿਨੁ ਸਦ ਜਾਗੈ॥

ਤੰਤੁ ਮੰਤੁ ਨ ਜੋਹਈ, ਤਿਤੁ ਚਾਖ ਨ ਲਾਗੈ॥ (ਮ: 5, ਪੰ: 817)

(ਭਾਵ- ਜੋ, ਰਾਤ ਦਿਨ ਪ੍ਰਮਾਤਮਾ ਦਾ ਨਾਉਂ ਜਪਦਾ ਤੇ ਓਸ ਦਾ ਹੀ ਓਟ ਆਸਰਾ ਲੈਂਦਾ ਹੈ, ਉਸ ਨੂੰ ਨਾ ਤਾਂ ਜੰਤ੍ਰ, ਮੰਤ੍ਰ, ਤੰਤ੍ਰ ਪੋਹਦੇ ਹਨ ਅਤੇ ਨਾ ਹੀ ਮਾੜੀ ਨਜ਼ਰ, ਚਸ਼ਮਿਬਦ ਲਗਦੀ ਹੈ)

3) ਤੰਤੁ ਮੰਤੁ ਪਾਖੰਡ ਨ ਜਾਣਾ, ਰਾਮੁ ਰਿਦੈ ਮਨੁ ਮਾਨਿਆ॥

(ਮ: 5, ਪੰ: 766)

ਵੇਖੋ, ਗੁਰੂ ਸਾਹਿਬਾਨ ਇਹਨਾਂ ਜੰਤ੍ਰਾਂ ਮੰਤ੍ਰਾਂ ਤੇ ਤੰਤ੍ਰਾਂ ਨੂੰ ਪਾਖੰਡ ਦਸਦੇ ਹਨ।

ਕਰਮਹੀਨ ਤੇ ਮੰਦ ਭਾਗੇ ਲੋਗ ਸਤਿਗੁਰਾਂ ਦੀ ਸੱਚੀ ਸਾਖੀ ਨੂੰ ਹੋਊ ਪਰੇ ਕਰਕੇ, ਲੋਭੀ, ਪਾਖੰਡੀ ਤੇ ਅਗਿਆਨੀ ਟੂਨੇਹਾਰਾਂ ਦੇ ਮਾਰਗ ਤੁਰਦੇ ਤੇ ਅਤਿ ਦੁਖੀ ਤੇ ਖੱਜਲਖੁਆਰ ਹੁੰਦੇ ਹਨ। ਸਦੀਵੀ ਸਤਿ ਤੇ ਅੰਮ੍ਰਿਤਰੂਪੀ "ਬਾਣੀ" ਨੂੰ ਕਉੜਾ ਸਮਝਦੇ ਹਨ, ਤੇ ਕਲਪਿਤ, ਮਿਥਿਆ "ਮਹਾਂਕਾਲ" ਦੇ ਘੋਰੀ ਮਾਰਗ ਨੂੰ 'ਅੰਮ੍ਰਿਤ'। ਪਰ, ਐ ਗੁਰਸਿੱਖ ਖੂਬ ਯਾਦ ਰਖ, ਕਿ "ਸੁਖ ਨਾਹੀ ਰੇ! 'ਹਰਿ' ਭਗਤਿ ਬਿਨਾ॥ (ਮ: 5, ਪੰ–210)

ਏਥੇ "ਹਰਿ" ਤੋਂ ਭਾਵ ਹੈ : ਹੋਂਦ ਵਾਲਾ (ਸਤਿ, Existential) ਪ੍ਰਭੂ, ਏਵੇਂ ਕੋਈ ਫਰਜ਼ੀ, ਕਲਪਿਤ ਸ਼ਕਤੀ ਨਹੀਂ।

**ਸਾਰ:**– ਉਪ੍ਰੋਕਤ ਅੰਕਿਤ ਜਾਣਕਾਰੀ ਤੋਂ, ਅਵੱਸ਼ ਹੇਠ ਲਿਖੇ ਨਤੀਜੇ ਕੱਢੇ ਜਾ ਸਸਕਦੇ ਹਨ:–

1) 'ਮਹਾਂਕਾਲ', ਰੁੱਦ੍ਰ ਅਥਵਾ ਸ਼ਿਵ ਜੀ ਦੇ ਅਨੇਕਾਂ ਨਾਵਾਂ ਵਿੱਚੋਂ ਹੀ ਇਕ ਨਾਂ ਹੈ।

2) ਸ਼ਿਵ ਜੀ ਅਥਵਾ ਮਹਾਂਕਾਲ ਦਾ ਵੇਦਾਂ ਵਿਚ ਕੋਈ ਜ਼ਿਕਰ ਜਾਂ ਨਾਂ ਨਹੀਂ ਮਿਲਦਾ।

3) ਇਨ੍ਹਾਂ ਦਾ ਵਰਨਣ ਪੁਰਾਣਾਂ ਵਿਚ ਹੈ, ਜੋ ਮਿਥਿਹਾਸਕ ਹਨ, ਕਲਪਨਾ ਮਾਤ੍ਰ ਹਨ।

4) ਦੇਵੀ, ਸ਼ਿਵ ਅਥਵਾ ਮਹਾਂਕਾਲ ਦੀ ਵਿਸ਼ੇਸ਼ ਸ਼ਕਤੀ ਹੈ, ਜਿਸ ਦਾ ਸੰਬੰਧ ਇਸਤਰੀ ਨਾਲ ਜਿਨਸੀ ਮਿਲਾਪ ਤੇ ਜਾਦੂ ਟੂਣਿਆਂ ਦੀਆਂ ਕਲਪਿਤ ਸ਼ਕਤੀਆਂ ਨਾਲ ਹੈ।

5) ਤੰਤ੍ਰ ਪੂਜਾ ਲਈ ਲੋੜੀਂਦੀਆਂ ਚੀਜ਼ਾਂ, ਪੰਚ ਮਕਾਰ (ਮ) ਹਨ,–ਜਿਵੇਂ ਮੱਦ (ਸ਼ਰਾਬ), ਮਾਸ, ਮੱਛੀ, ਮੁਦਰਾ ਤੇ ਮੈਥਨ।

6) ਸ਼ਾਕਤ ਜਾਂ ਸ਼ਕਤੀ ਦੇ ਪੁਜਾਰੀਆਂ ਦੀਆਂ ਦੋਵੇਂ ਸ਼੍ਰੇਣੀਆਂ ਸੱਜੇ ਪੱਖੀ ਤੇ ਖੱਬੇ ਪੱਖੀ (ਵਾਮ ਮਾਰਗੀਏ), ਸ਼ਿਵ ਜੀ ਦੇ ਵਾਂਗ ਹੀ ਮਹਾਂਕਾਲ ਨੂੰ ਵੀ ਓਸੇ ਦਾ ਰੂਪ ਥਾਪਕੇ, ਪੂਰਨ ਪ੍ਰਮਾਤਮਾ, ਨਿਰੰਕਾਰ, ਮੁਕਤੀ ਦਾਤਾ, ਕਰਤਾ, ਭਰਤਾ ਤੇ ਹਰਤਾ ਮੰਨਦੇ ਹਨ। ਇਸ ਦੀ ਪੁਸ਼ਟੀ ਲਈ, ਨ ਕੇਵਲ "ਹਿੰਦੂ ਮਿਥਿਹਾਸ ਕੋਸ਼" ਹੀ ਵਾਚਿਆ ਜਾ ਸਕਦਾ ਹੈ, ਸਗੋਂ "ਦਸਮ ਗ੍ਰੰਥ" ਦਾ ਅੰਤਲਾ ਤ੍ਰਿਆ ਚਰਿਤ੍ਰ ਨੰਬਰ 404 ਵੀ। ਇਸ ਵਿਚ ਪਦਾ (ਛੰਦ) ਨੰਬਰ 89 ਤੋਂ 100 ਤੱਕ ਬ੍ਰਹਿਮਾ ਤੇ ਵਿਸ਼ਨੂੰ, ਮਹਾਂਕਾਲ ਨੂੰ ਐਸੇ ਹੀ ਵਿਸ਼ੇਸ਼ਨਾਂ ਨਾਲ ਸੰਬੋਧਨ ਕਰਦੇ ਅਤੇ ਸਵਾਸ ਬੀਜ ਵਿਰੁੱਧ, ਜੁੱਧ ਵਿਚ ਸਹਾਇਤਾ ਕਰਨ ਲਈ ਜਾਚਨਾ, ਜੋਦੜੀ ਕਰਦੇ ਹਨ, ਜਿਵੇਂ ਕਿ ਉਹ ਨਿਰੰਕਾਰ ਤੇ ਪੂਰਨ ਪ੍ਰਮਾਤਮਾ ਹੋਵੇ।

7) "ਦਸਮ ਗ੍ਰੰਥ" ਵਿਚ ਮਹਾਂਕਾਲ ਕੇ 37 ਵੱਖ ਵੱਖ ਨਾਂ ਹਨ, ਜਿਵੇਂ–ਕਾਲ ਗੁਰਦੇਵ, ਪਰਮੇਸੁਰ, ਧਰਮ–ਪੁਰਖ, ਪਾਰਬ੍ਰਹਮ, ਹਰਿ, ਪ੍ਰਭੂ, ਸਰਬਕਾਲ, ਬੇਅੰਤ, ਦੀਨ–ਬੰਧ, ਅਜੋਨ, ਅਲੱਖ, ਆਦਿ ਪੁਰਖ, ਕਾਲਪੁਰਖ, ਨਿਰਵੈਰ, ਨਿਰੰਕਾਰ, ਸ੍ਰੀ ਅਸਿਧੁਜ, ਖੜਗਕੇਤ, ਕਲਿ, ਅਸਿਕੇਤ, ਆਦਿ। (ਵੇਖੋ ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਨਾ 179, ਲੇਖਕ, ਡਾ ਰਤਨ ਸਿੰਘ ਜੰਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।)

8) ਏਸੇ ਤਰ੍ਹਾਂ ਦਸਮ ਗ੍ਰੰਥ ਵਿਚ ਮਹਾਂਕਾਲ ਦੀ ਸ਼ਕਤੀ ਕਾਲੀ (ਦੇਵੀ) ਦੇ ਤਕਰੀਬਨ 41 ਨਾਵਾਂ ਦਾ ਜ਼ਿਕਰ ਹੈ, ਜਿਵੇਂ:-

ਚੰਡੀ, ਸ਼ਿਵਾ, ਚੰਡਿਕਾ, ਚੰਡ, ਦੂਰਗਾ, ਖੜਗਪਤੀ, ਕਾਲਕਾ, ਭਦ੍ਰਕਾਲੀ, ਭਵਾਨੀ, ਅੰਬਕਾ, ਮੁੰਡਮਾਲੀ, ਭਗਵਤ, ਅਸਪਾਣੰ, ਭੈਰਵੀ, ਖੜਗਧਾਰਾ, ਗਰੀਬ ਨਿਵਾਜ਼ ਜਗਮਾਤ, ਪਾਰਬਤੀ, ਸਾਰਦਾ ਆਦਿ।(ਓਹੀ, ਪੰਨਾ 179)

ਮੇਰੇ ਵੀਚਾਰਵਾਨ, ਵਿਦਵਾਨ, ਵੀਰ ਦੱਸਣ ਕਿ ਕੀ ਮਹਾਂਕਾਲ, ਅਥਵਾ ਉਸਦੀ ਸ਼ਕਤੀ ਦੇਵੀ ਦੇ ਵੱਖ ਵੱਖ ਕਲਪਿਤ ਰੁਪਾਂ ਅੱਗੇ, ਅਕਾਲ ਪੁਰਖ, ਵਾਹਿਗੁਰੁ ਦੀ ਜਾਗਤ ਜੋਤਿ ਨੂੰ ਛੱਡਕੇ, ਅਰਜ਼ੋਈਆਂ ਕਰਨ ਵਾਲਾ ਕਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ, ਸ੍ਰੀ ਗੁਰੂ ਗੋਬਿੰਦ ਸਿੰਘ ਹੋ ਸਕਦਾ ਹੈ? ਜਦ ਇਹ ਲੋਕ ਆਪਣੇ ਵਲੋਂ ਨਿਤਨੇਮ ਦੀ ਬਾਣੀ, ਰਹਿਰਾਸ ਸਾਹਿਬ, ਵਿੱਚ ਸ਼੍ਰੋਮਣੀ ਕਮੇਟੀ ਦੀ ਮਰਯਾਦਾ ਦੇ ਵਿਪ੍ਰੀਤ ਹੇਠ ਲਿਖੇ ਛੰਦ ਸ੍ਰੀ ਦਸ਼ਮੇਸ਼ ਜੀ ਨਾਲ ਮਨਸੂਬ ਕਰਕੇ ਪੜਦੇ ਹਨ, ਤਾਂ ਕੀ ਇਹਨਾਂ ਦੀ ਗੁਰਮਤਿ-ਸਿਧਾਂਤਾਂ, ਗੁਰਬਾਣੀ ਤੇ ਅਦੁੱਤੀ ਗੁਰੂ ਸਾਹਿਬਾਨ ਵੱਲ ਸਨਮੁੱਖਤਾ ਹੁੰਦੀ ਹੈ ਜਾਂ ਬੇਮੁਖਤਾ?

ਮਹਾਂਕਾਲ ਰਖਵਾਰ ਹਮਾਰੋ। ਮਹਾਂ ਲੋਹ ਮੈਂ ਕਿੰਕਰ ਥਾਰੋ॥

ਆਪਣਾ ਜਾਨ ਕਰੋ ਰਖਵਾਰੇ॥ ਬਾਂਹਿ ਗਹੇ ਕੀ ਲਾਜ ਬਿਚਾਰ॥

...ਜਾਨ ਅਪਨਾ ਮੁਝੇ ਨਿਵਾਜ॥ ਆਪ ਕਰੋ ਹਮਰੇ ਸਭ ਕਾਜ।

ਦਾਸ ਜਾਨ ਕਰ ਕ੍ਰਿਪਾ ਕਰਹੁ ਮੋਹਿ॥ ਹਾਰ ਪਰਾ ਮੈ ਆਨ ਦ੍ਵਾਰ ਤੋਹਿ॥

ਪ੍ਰਥਮ ਧਰਹੁ ਭਗਵਤ ਕੋ ਧਿਆਨਾ। ਬਹੁਰ ਕਰੋ ਕਵਿਤਾ ਬਿਧਿ ਨਾਨਾ॥

ਕ੍ਰਿਸ਼ਨ ਜਥਾ ਮਤਿ ਚਰਿਤ੍ਰ ਉਚਾਰੋ॥ ਚੂਕ ਹੋਇ ਕਬਿ ਲੇਹੁ ਸੁਧਾਰੋ॥

ਕੀ ਗੁਰੂ ਭੁਲਣਹਾਰ ਕਵੀ ਸਨ? ਜਾਂ ਅਭੁਲ?

ਗੁਰਬਾਣੀ ਵਿਚ ੧ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਐਭੰ ਗੁਰਪ੍ਰਸਾਦਿ" ਦਾ ਸੰਪੂਰਨ ਜਾਂ ਸੰਖੇਪ ਮੰਗਲ (ਜਾਂ ਮੂਲ ਮੰਤ੍ਰ) 567 ਵਾਰ ਲਗਭਗ ਹਰ ਬਾਣੀ ਸੰਗ੍ਰਹਿ ਦੇ ਆਦਿ ਵਿਚ ਆਉਂਦਾ ਹੈ। ਧਰਮ ਰੀਤ ਅਨੁਸਾਰ ਇਹ ਵਿਸ਼ੇਸ਼ ਤੌਰ ਉਤੇ ਗੁਰੂ ਸਾਹਿਬਾਨ ਦੇ ਇਸ਼ਟ ਵਲ ਸੰਕੇਤ ਕਰਦਾ ਹੈ। ਏਥੇ ੧ੴ ਤੋਂ ਤੁਰੰਤ ਬਾਅਦ ਵਰਤਿਆ ਪਦ 'ਸਤਿ' ਹੈ। 'ਸਤਿ' ਦੇ ਅਰਥ ਹਨ: ਹੋਂਦ ਵਾਲਾ, ਹਸਤੀ ਵਾਲਾ (existential) ਉਹ ਜੋ ਹੈ, ਕੇਵਲ ਕਲਪਣਾ ਜਾਂ ਮਿਥ ਨਹੀਂ। ਪ੍ਰੰਤੂ, ਜਿਹਾ ਕਿ ਅਸਾਂ ਹਥਲੇ ਲੇਖ ਵਿਚ ਵੇਖਿਆ ਹੈ ਕਿ ਸਭ ਅਵਤਾਰ, ਦੇਵੀ, ਦੇਵ, ਮਹਾਂਕਾਲ ਆਦਿ ਏਵੇਂ ਇੱਕ ਕਲਪਣਾ ਹਨ। ਇਨ੍ਹਾਂ ਦੀ ਵਾਸਤਵ ਵਿਚ ਕੋਈ ਅਸਲੀਅਤ ਜਾਂ ਹੋਂਦ ਨਹੀਂ। ਇਹ ਤੱਥ ਵਿਦਵਾਨ 'ਜ"ਨ ਡ"ਸਨੋ ਦਾ ਲਿਖਿਆ 'ਹਿੰਦੂ ਮਿਥਿਹਾਸ ਕੋਸ਼' ਪ੍ਰਗਟਾਉਦਾ ਹੈ। ਪੁਰਾਣ, ਜਿਨ੍ਹਾਂ ਵਿਚ ਇਨ੍ਹਾਂ ਦੇਵੀ ਦੇ ਵਤਿਆਂ ਦਾ ਵਿਸ਼ੇਸ਼ ਜ਼ਿਕਰ ਹੈ, ਦਾ ਅਰਥ ਹੀ ਮਿਥਿਹਾਸ ਜਾਂ ਕਲਪਿਤ ਕਥਾ ਕਹਾਣਿਆਂ ਹਨ। ਸੋ ਐਸੀ ਸੂਰਤ ਵਿਚ ਜੋ 'ਸਤਿ' (ਹੋਂਦ ਵਾਲੇ) ਪ੍ਰਮਾਤਮਾ ਦਾ

ਉਪਾਸ਼ਕ ਹੈ, ਉਹ ਕਲਪਿਤ ਦੇਵੀ ਦੇਵਤਿਆਂ ਦੀ ਪੂਜਾ, ਸ਼ਾਕਤਾਂ ਸਮਾਨ, ਕਿਉਂ ਕਰੇ ਗਾ? ਗੁਰੂ ਸਾਹਿਬਾਨ ਨੇ ਇਹ ਸੱਚ ਹਜ਼ਾਰਾਂ ਵਾਰ 'ਧੁਰ ਕੀ ਬਾਣੀ' ਵਿਚ ਆਖ ਸੁਣਇਆ ਹੈ ਕਿ ਬਸ, ਉਨ੍ਹਾਂ ਦਾ ਰੱਬ ਇਕ ਹੈ, ਸਤਿ ਹੈ, ਅਕਾਲ ਹੈ, ਅਜੂਨੀ ਹੈ। ਆਰੰਭਕ ਮੰਗਲ ਅਥਵਾ ਮੂਲ ਮੰਤ੍ਰ ਹੀ ਇਸ ਬਾਰੇ ਕੋਈ ਭੁਲੇਖਾ ਜਾਂ ਸੰਸਾ ਨਹੀਂ ਰਹਿਣ ਦਿੰਦਾ।

ਸਾਡੀ ਤ੍ਰਾਸਦੀ (ਦੁਖਾਂਤ) ਇਹ ਹੈ ਕਿ ਅਸੀਂ ਪਹਿਲਾਂ ਤਾਂ ਮਿਥਿਹਾਸਕ ਮਹਾਂਕਾਲ ਅਥਵਾ ਇਸ ਦੀਆਂ ਸ਼ਕਤੀਆਂ ਕਾਲਕਾ, ਭਗਉਤੀ, ਦੁਰਗਾ, ਸ਼ਿਵਾ ਆਦਿ ਵਾਲੀਆਂ ਲਿਖਤਾਂ ਨੂੰ ਸਪੱਸ਼ਟ ਵਰਨਣ ਹੋਣ ਦੇ ਬਾਵਜੂਦ ਕਿ ਉਹ ਕਵੀ ਸ਼ਿਆਮ ਆਦਿ ਦੀਆਂ ਰਚਨਾਵਾਂ ਹਨ, ਸ੍ਰੀ ਗੁਰੂ ਗੁਬਿੰਦ ਸਿੰਘ ਜੀ ਨਾਲ ਸੰਬੰਧਤ ਕਰਨ ਦੀ ਭਿਆਨਕ ਭੁੱਲ ਕਰਦੇ ਹਾਂ, ਅਤੇ ਫੇਰ ਸਾਰਾ ਟਿੱਲ ਇਨ੍ਹਾਂ ਪੌਰਾਣਕ, ਫਰਜ਼ੀ, ਮਿਥਿਹਾਸਕ ਸ਼ਕਤੀਆਂ ਨੂੰ ਪ੍ਰਮਾਤਮਾ ਸਿੱਧ ਕਰਨ ਉੱਤੇ ਲਾਂਦੇ ਹਾਂ। ਹਾਂ, ਸ਼ਕਤੀ ਦੇ ਉਪਾਸ਼ਕ ਸ਼ਾਕਤਾ, ਵਾਮ ਮਾਰਗੀਆਂ ਤੇ ਤੰਤੁ-ਵਾਦੀਆਂ ਲਈ ਇਹ ਮਿਥਿਹਾਸਿਕ ਸ਼ਕਤੀਆਂ ਜ਼ਰੂਰ ਪ੍ਰਮਾਤਮਾ, ਨਿਰੰਕਾਰ ਤੇ ਪੂਰਨ ਪਾਰਬ੍ਰਹਮ ਹਨ। ਇਨ੍ਹਾਂ ਤੋਂ ਸਿਵਾ ਉਹ ਹੋਰ ਕਿਸੇ ਰੱਬ ਵਿਚ ਵਿਸ਼ਵਾਸ ਨਹੀਂ ਰਖਦੇ। ਕੇਵਲ ਇਨ੍ਹਾਂ ਤੋਂ ਦੀ ਹੋਂਦ ਹੀ ਪ੍ਰਵਾਣਦੇ ਹਨ। ਭਲਾ, ਅਸੀਂ ਅਜੇਹੀ ਸੰਦਿਗਧ (ਸ਼ੱਕੀ) ਵਾਰਤਾਵਾਂ ਨੂੰ ਸਤਿਗੁਰੂ ਜੀ ਦੇ ਨਾਮ ਨਾਲ ਨਾ ਜੋੜੀਏ ਤਾਂ ਕੀ ਸਤਿਗੁਰੂ ਜੀ ਦੀ ਪ੍ਰਭਤਾ ਵਿੱਚ ਕੁੱਛ ਫਰਕ ਪੈ ਜਾਵੇਗਾ? ਕੀ ਜਾਪ ਸਾਹਿਬ, ਅਕਾਲ ਉਸਤਤਿ (ਸਿਵਾਏ ਦੇਵੀ ਉਸਤਤੀ ਦੇ 20 ਛੰਦਾਂ ਦੇ) ; ਸ਼ਬਦ ਹਜ਼ਾਰੇ, ਸਵੈਯੇ, ਜ਼ਫ਼ਰਨਾਮਾ ਆਦਿ ਗੁਰੂ-ਰਚਨਾਵਾਂ, ਪਰਮ ਗੁਣੀ ਗਿਆਨੀਆਂ ਤੇ ਆਲਮਾਂ ਦੇ ਸਿਰਤਾਜ ਨੂੰ ਸਤਿਗੁਰੂ ਸਿੱਧ ਨਹੀਂ ਗਰਦੀਆਂ। **ਚੇਤੇ ਰਹੇ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿ ਰਾਏ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਜਿਨ੍ਹਾਂ ਨੇ ਧੁਰ ਕੀ ਬਾਣੀ ਦੀ ਕੋਈ ਰਚਨਾ ਨਹੀਂ ਕੀਤੀ, ਵੀ ਓਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਜੋਤਿ ਹਨ, ਜਿਵੇਂ ਬਾਕੀ ਗੁਰੂ ਸਾਹਿਬਾਨ।**

ਗੁਰੂ ਕੇ ਸਿੱਖਾ ਨੂੰ ਸੂਝਵਾਨ ਸ਼ਾਇਰ ਦਾ ਇਹ ਮਸ਼ਵਰਾ ਘੁਟਕੇ ਪੱਲੇ ਬੰਨ੍ਹਣ ਦੀ ਲੋੜ ਹੈ:-

"ਚਿਰਾ ਕਾਰੇ ਕੁੱਨਦ ਆਕਲ, ਕਿ ਬਾਜ਼ ਆਇਦ ਪਸ਼ੇਮਾਨੀ॥"

(ਅਰਥ-ਬੁੱਧੀਮਾਨ ਉਹ ਕੰਮ ਨਹੀਂ ਕਰਦਾ,ਜਿਸ ਨਾਲ ਫੇਰ ਪਛੁਤਾਵਾ ਹੋਵੇ)

ਸੋ, ਮੇਰਾ ਹਜ਼ਾਰ ਤਰਲਾ ਹੈ ਕਿ ਐ ਸਿੱਖ ਵੀਰੋ ਤੇ ਵਿਦਵਾਨੋ! ਮੇਰੇ ਜਗਤ-ਗੁਰੂ ਨਿਰੰਕਾਰੀ ਬਾਬੇ ਦੇ ਪੰਥ ਨੂੰ ਨਿਰਮਲ ਤੇ ਨਿਰਾਲਾ ਰਹਿਣ ਦਿਉ। ਖੁਦਾ ਰਾ, ਇਸ ਨੂੰ ਕਲਪਿਤ ਮਹਾਂਕਾਲ ਦੇ ਚਰਨੀ ਨਾ ਲਾਓ।

ਅੱਨਮੱਤੀਆਂ ਦਾ ਤਾਂ ਸਫਲ ਖੰਡਨ ਹੋ ਸਕਦਾ ਹੈ, ਪਰ ਆਪਣਿਆਂ ਦੀਆਂ ਮਨਮਤੀ ਲਿਖਤਾਂ, ਪਰਾਇਆਂ ਨੂੰ, ਜੋ ਤਕਵੀਅਤ ਪਹੁੰਚਾਉਂਦੀਆਂ ਤੇ ਪ੍ਰਮਾਣ ਮੁਹੱਯੀਆ ਕਰਦੀਆਂ ਹਨ, ਉਨ੍ਹਾਂ ਦਾ ਟਾਕਰਾ ਤੇ ਖੰਡਨ ਬੜਾ ਕਸੂਤਾ ਹੈ। ਭਾਈ ਗੁਰਦਾਸ ਜੀ ਦਾ ਇਹ ਕਬਿਤ ਸਾਡੀ ਇਸ ਲਾਚਾਰੀ, ਬੇਬਸੀ ਤੇ ਕਮਜ਼ੋਰੀ ਨੂੰ ਐਨ ਦਰਸਾਉਂਦਾ ਹੈ:-

ਬਾਹਰ ਕੀ ਅਗਨਿ ਬੁਝਤ ਜਲ ਸਰਤਾ ਕੇ,

ਨਾਉ ਮੇ ਜੋ ਆਗ ਲਾਗੈ, ਕੈਸੇ ਕੇ ਬੁਝਾਈਐ?

ਬਾਹਰ ਸੇ ਭਾਗ, ਓਟ ਲੀਜੀਅਤ ਕੋਟਗੜ੍ਹ,

ਗੜ੍ਹ ਮੈ ਜੋ ਲੂਟ ਲੀਜੈ, ਕਹੋ ਕਤ ਜਾਈਐ?

ਚੋਰਨ ਕੇ ਤ੍ਰਾਸ, ਜਾਇ ਸ਼ਰਨ ਗਹੇ ਨਰਿੰਦ,

ਮਾਰੇ ਮਹੀਪਤਿ, ਜੀਉ ਕੈਸੇ ਕੇ ਬਚਾਈਐ?

ਮਾਯਾ ਡਰ ਡਰਪਤ, ਹਾਰ ਗੁਰਦੁਆਰੇ ਜਾਵੈ,

ਤਹਾਂ ਜੋ ਮਾਯਾ ਬਿਆਪੈ, ਕਹਾਂ ਠਹਿਰਾਈਐ?

ਸੋ ਅਕਾਲ ਪੁਰਖੁ ਵੱਲੋਂ ਪਠਾਏ, ਜਗਤ-ਗੁਰੂ ਨਾਨਕ ਦੇਵ ਜੀਓ ਦੇ ਰਿਣੀ ਗੁਰਸਿੱਖੋ! ਉੱਠੋ ਤੇ ਸਾਵਧਾਨ ਹੋ ਸੋਚੋ ਕਿ ਸਾਡੇ ਕਿਸੇ ਕਰਤੱਵ ਭੁਲ ਦੁਆਰਾ, ਸਤਿਗੁਰੂ ਅਥਵਾ ਗੁਰਬਾਣੀ ਰਾਹੀਂ ਪ੍ਰਾਪਤ ਅਮੁਲ ਰਤਨ, ਮਿਟੀ ਘੱਟੇ ਵਿਚ ਨ ਰੁਲਣ। ਅਸੀਂ ਵੇਦਾਂ, ਪੁਰਾਣਾਂ ਤੇ ਸਿਮ੍ਰਿਤੀਆਂ ਦੀਆਂ ਕਤਅਨ ਮਿਥਿਹਾਸਕ (ਪੌਰਾਣਿਕ) ਤੇ ਆਪਾ-ਵਿਰੋਧੀ ਅਸਤਿ ਕਹਾਣੀਆਂ ਨੂੰ ਸਤਿ ਮੰਨਕੇ, ਧੁਰੋਂ ਆਈ ਅੰਮ੍ਰਿਤ ਬਾਣੀ ਦੇ ਤ੍ਰੈ ਕਾਲ ਸਤਿ ਨੂੰ ਨਾ ਵਿਸਰੀਏ। ਸਿਖ ਲਈ ਇਹ ਸਭ ਤੋਂ ਵੱਡਾ ਦੁਖਾਂਤ ਹੈ। ਇਹ ਨਦੀ ਕਿਨਾਰੇ ਖੜੇ ਹੋ, ਤਿਹਾਏ ਮਰਨ ਵਾਲੀ ਦੁਰਘਟਨਾ ਹੈ। ਸ਼੍ਰੋਮਣੀ ਭਗਤ, ਕਬੀਰ ਜੀ, ਗੁਰਸਿੱਖ ਨੂੰ ਇਉਂ ਬੇਦਾਰ ਕਰਦੇ ਹਨ।:-

ਜਾਕੋ ਠਾਕੁਰ ਊਚਾ ਹੋਈ।। ਸੋ ਜਨੁ ਪਰਘਰ ਜਾਤ ਨ ਸੋਹੀ॥

(ਗਉੜੀ, ਪੰ: 330)

ਤਥਾ- ਜੱਨਤ ਮੁਬਾਰਿਕ ਰਹੇ ਜਾਹਿਦੋਂ ਕੋ। ਮੈ ਐ ਗੁਰੂ ਤਿਰਾ ਸਾਹਮਨਾ ਚਾਹਤਾ ਹੂੰ।

ਹਾਂ ਜੀ, ਮਿਥਿਹਾਸਕ ਹਸਤੀਆਂ-ਅਵਤਾਰਾਂ ਦੇਵੀ ਦੇਵਤਿਆਂ ਤੇ ਦੈਂਤਾਂ ਆਦਿ, ਨੂੰ ਇਨ੍ਹਾਂ ਦੇ ਭਗਤਾਂ ਤੇ ਸ਼ਾਕਤਾਂ ਦੇ ਪਾਸ ਹੀ ਰਹਿਣ ਦਿਓ। ਮਹਾਂਕਾਲ, ਤੁਹਾਡਾ ੧ਓ ਕਰਤਾ ਪੁਰਖ ਅਤੇ ਅਕਾਲ ਤੇ ਅਜੂਨੀ ਪ੍ਰਭੂ ਨਹੀਂ ਬਣ ਸਕਦਾ। ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ 'ਜਾਗਦੀ ਜੋਤ' ਦੇ ਪੁਜਾਰੀ ਹੋ। ਅਜ ਹੀ ਪ੍ਰਤਿਗਿਆ ਕਰੋ ਤੇ ਛਡੋ ਫੋਕੇ ਵਕਾਰ, ਹੱਠ ਤੇ ਹੰਕਾਰ ਨੂੰ। ਏਸ ਵਿਚ ਹੀ ਤੁਹਾਡੀ ਤੇ ਪੱਥ ਦੀ ਸੁਰਖਰੁਈ ਤੇ ਗੁਰੂ ਜੀ ਵਲ ਸਨਮੁਖਤਾ ਹੈ।

ਨੋਟ:- ਮਹਾਂਕਾਲੀ ਵਾਮਮਾਰਗੀ ਕੇਵਲ ਮਾਸ, ਮਦਰਾ, ਮੱਛੀ ਆਦਿ ਦਾ ਸੇਵਨ ਕਰਕੇ ਹੀ ਅਯਾਸ਼ੀਆਂ ਨਹੀਂ ਕਰਦੇ, ਸਗੋਂ ਹੋਰ ਵੀ ਚਲਣਹੀਣਤਾ ਦੇ ਰਾਹ ਅਪਣਾਉਂਦੇ ਹਨ। ਇਕ ਅਕੱਟ ਉਦਾਹਰਣ ਪੇਸ਼ ਹੈ:- ਮਹੰਤ ਗਣੇਸ਼ ਸਿੰਘ ਜੀ ਨਿਰਮਲੇ ਨੇ ਸੰਨ 1928 ਵਿਚ ਇਕ ਵਾਕਫੀ ਭਰਪੂਰ ਪੁਸਤਕ- 'ਭਾਰਤ ਮੱਤ ਦਰਪਣ' ਛਾਪੀ ਸੀ। ਇਹ 1929 ਵਿੱਚ ਗਿਆਨੀ ਪਾਸ ਕਰਨ ਵਾਲਿਆਂ ਲਈ ਇੱਕ ਕੋਰਸ ਸੀ ਯੂਨੀਵਰਸਿਟੀ

ਲਾਹੌਰ ਵੱਲੋਂ। ਉਸ ਵਿਚ ਵਾਮਮਾਰਗੀਆਂ ਦੀ ਇੱਕ ਸ਼ਾਖ ਦਾ ਜ਼ਿਕਰ ਹੈ; ਜਿਸ ਦਾ ਨਾਮ ਹੈ– 'ਚੋਲੀ ਮਾਰਗ'। ਉਸ ਅਨੁਸਾਰ ਚੋਲੀ ਮਾਰਗੀਏ ਇਕ ਥਾਂ ਇਕੱਤਰ ਹੋ ਕੇ ਸ਼ਰਾਬ, ਮਾਸ, ਮਛੀ ਨਾਲ ਖ਼ੂਬ ਲੇਹੜਦੇ ਹਨ। ਫੇਰ ਦੋ ਘੜੇ ਲੈ ਕੇ ਇਕ ਵਿੱਚ ਔਰਤਾਂ ਦੀਆਂ ਚੋਲੀਆਂ ਪਾ ਦਿੰਦੇ ਹਨ, ਤੇ ਦੂਜੇ ਵਿੱਚ ਮਰਦਾਂ ਦੇ ਕੋਈ ਚਿੰਨ੍ਹ, ਇਕ ਘੜੇ ਵਿੱਚੋਂ ਇਕ ਚੋਲੀ ਕੱਢਦੇ ਹਨ ਤੇ ਦੂਜੇ ਘੜੇ 'ਚੋਂ ਕਿਸੇ ਮਰਦ ਦਾ ਨਿਸ਼ਾਨ। ਉਪ੍ਰੰਤ ਇਸ ਜੋੜੇ ਨੂੰ ਭੋਗ ਬਿਲਾਸ (sex) ਦਾ ਆਦੇਸ਼ ਦਿੰਦੇ ਹਨ, ਤੇ ਉਹ ਖ਼ੂਬ ਵਿਭਚਾਰ ਕਰਦੇ ਹਨ। ਇਹ ਚੋਲੀ ਤੇ ਮਰਦਊ ਨਿਸ਼ਾਨ ਚਾਹੇ ਮਾ ਪੁੱਤ ਦਾ, ਪਿਉ ਧੀ ਜਾਂ ਭੈਣ ਭਰਾ ਦਾ ਇਕੱਠਾ ਨਿਕਲ ਆਵੇ, ਭੋਗ ਕਰਨ ਵਿੱਚ ਕੋਈ ਸ਼ੰਕਾ ਜਾਂ ਝਿਜਕ ਨਹੀਂ ਪ੍ਰਗਟਾਈ ਜਾਂਦੀ। ਪੂਰੀ ਬੇਸ਼ਰਮੀ ਨਾਲ ਭੋਗ ਆਦਿ ਦੀ ਖੁਸ਼ੀ ਤੇ ਸਵਾਦ ਮਾਣਿਆ ਜਾਂਦਾ ਹੈ। ਐਸੇ ਮਹਾਂਕਾਲ ਨੂੰ, ਰੱਬ, ਨਿਰੰਕਾਰ, ਸੁਤੇ ਪ੍ਰਕਾਸ਼, ਕਲਯਾਨ ਦਾਤਾ, ਮੰਨਿਆ ਤੇ ਪੂਜਿਆ ਜਾਂਦਾ ਹੈ। ਸੋ, ਐਸਾ ਹੈ ਮਹਾਂਕਾਲ ਜਾਂ ਸ਼ਿਵ, ਜਿਸ ਦਾ ਮਾਰਗ ਆਪਣੇ ਸੇਵਕਾਂ ਨੂੰ ਧਰਤੀ ਤੇ ਦੁਨਿਆਵੀ ਐਸ਼ ਪ੍ਰਦਾਨ ਕਰਨਾ ਹੈ ਅਤੇ ਜਿਸ ਨੂੰ ਭੁੱਲੜ ਸਿੱਖ ਕਿਸੇ ਸ਼ੈਵੀ ਜਾਂ ਸ਼ਾਕਤ ਤੇ ਵਾਮਮਾਰਗੀਆ ਦੀ ਲਿਖਤਾਂ ਰਾਹੀਂ ਸੁਬਹ ਸ਼ਾਮ ਜਾ ਵਿਅਕਤੀਗਤ ਤੌਰ ਉੱਤੇ ਪੜ੍ਹਦੇ ਤੇ ਇਸ ਕਲਪਤ ਵਜੂਦ ਤੋਂ ਮੁਕਤੀ ਲੋੜਦੇ ਹਨ ਅਤੇ ਗੁਰੂ ਨਾਨਕ ਜਿਹੇ ਸੱਚੇ ਆਚਾਰੀ ਤੋਂ ਵੀ ਸਦੀਵੀ ਅਨੰਦ ਤੇ ਮੁਕਤ ਭੁਗਤ ਦੀ ਆਸ ਰੱਖਦੇ ਹਨ। ਇਸ ਤੋਂ ਵੱਧ ਮਨਮੁਖਤਾਈ ਕੀ ਹੋ ਸਕਦੀ ਹੈ।

(ਨੋਟ : ਭਲਾ ਸੋਚੋ, ਜਿਨ੍ਹਾਂ ਅਵਤਾਰਾਂ ਦਾ ਵੇਦਾਂ ਵਿਚ ਕੋਈ ਜ਼ਿਕਰ ਨਹੀਂ, ਇਹ ਬਾਅਦ ਵਿਚ ਮਿਥਿਹਾਸਕ ਪੁਰਾਣਾਂ ਤੋਂ ਕਿਵੇਂ ਪੈਦਾ ਹੋ ਗਏ।

(ਸਪੋਕਸਮੈਨ ਤੋਂ ਧੰਨਵਾਦ ਸਹਿਤ)

# ਗੁਰਬਾਣੀ ਵਿੱਚ ਆਏ ਪੌਰਾਣਿਕ ਪ੍ਰਮਾਣ!

ਨਿਰਸੰਦੇਹ, ਸਰਬ-ਗੁਣ ਸੰਪੰਨ ਸਿੱਖ ਸਤਿਗੁਰੂ ਸਾਹਿਬਾਨ ਨੇ ਮਾਨਵ ਕਲਿਆਣ ਹਿਤ, ਪ੍ਰਭੂ-ਇਕਸੁਰਤਾ ਵਿੱਚ ਆਖੀ "ਸੱਚ ਕੀ ਬਾਣੀ" ਨੂੰ ਸਦੀਵ ਕਰਨ ਲਈ, ਪ੍ਰਭਾਵੀ ਤੇ ਕਲਿਆਣਮਈ ਰੱਖਣ ਵਾਸਤੇ, ਜਿਥੇ "ਸਤਿ" ਤੇ "ਅਸਤਿ" ਦਾ ਦੋ ਟੁੱਕ ਨਿਖੇੜਾ ਕੀਤਾ ਅਤੇ ਨਿਰਣਾ ਦਿੱਤਾ ਹੈ, ਉਥੇ ਹਰ ਪ੍ਰਕਾਰ ਦੀ ਪੱਧਰ ਦੇ ਜਗਿਆਸੂ ਦੀ ਸੇਧ ਲਈ ਇਸ ਨੂੰ ਕਈ ਪ੍ਰਕਾਰ ਦੀ ਸਹਲ ਵਿਆਖਿਆ ਦੇ ਸਾਹਿਤਕ ਗੁਣਾਂ ਨਾਲ ਵੀ ਸੰਵਾਰਿਆ ਤੇ ਮਾਲਾ ਮਾਲ ਕੀਤਾ ਹੈ। ਉਦਾਹਰਣ ਵਜੋਂ : ਗੁਰਬਾਣੀ ਵਿਚ ਜਿਥੇ ਕਈ ਪ੍ਰਕਾਰ ਦੀ ਕਾਵਿਕ ਛੰਦਾਬੰਦੀ, ਸੰਗੀਤ ਅਤੇ ਅਲੰਕਾਰਾ ਦੀ ਵਰਤੋਂ ਹੈ, ਉਥੇ ਨੌ ਰਸਾਂ ਦਾ ਵੀ ਝਲਕਾਰਾ ਹੈ, ਅਤੇ ਤਮਸੀਲਾਂ (ਉਦਾਹਰਣਾਂ) ਦੀ ਵੀ ਭਰਮਾਰ। ਪ੍ਰੰਤੂ ਜਦ ਗੁਰੂ ਜੀ ਕਿਸੇ ਆਪਣੇ ਅਬਦੀ ਸਿਧਾਂਤ ਦੀ ਸਪੱਸ਼ਟਤਾ ਲਈ ਪੁਰਾਣਿਕ ਕਥਾ ਕਹਾਣੀਆਂ ਅਤੇ ਉਨ੍ਹਾਂ ਵਿੱਚ ਆਏ ਪਾਤਰਾਂ ਦਾ ਹਵਾਲਾ ਦਿੰਦੇ ਹਨ, ਤਾਂ ਸਾਧਾਰਣ ਜਗਿਆਸੂ ਨੂੰ ਟਪਲਾ ਲੱਗਣਾ ਅਤੇ ਸ਼ੰਕਾਵਾਦੀ ਦਾ ਸ਼ੰਕਾ-ਗ੍ਰਸਤ ਹੋਣਾ ਕੁਦਰਤੀ ਹੈ ਕਿ ਗੁਰੂ ਜੀ ਆਪਣੇ ਇਕ ਓਅੰਕਾਰੀ ਤੇ ਪ੍ਰਭੂ ਏਕਤਵਤਾ ਦੇ ਪਰਪੱਕ ਵਿਸ਼ਵਾਸ ਦੇ ਨਾਲ ਨਾਲ, ਪੁਰਾਣਿਕ (ਮਿਥਿਹਾਸਕ) ਵਿਅਕਤੀਆਂ ਨੂੰ ਵੀ ਉਸੇ ਤਰ੍ਹਾਂ "ਸਤਿ" ਕਰ ਕੇ ਮੰਨਦੇ ਹਨ, ਜਿਵੇਂ 'ਪਾਰਬ੍ਰਹਮ ਪਰਮੇਸ਼ਵਰ ਨੂੰ? ਕੀ ਉਹ ਦ੍ਵੈਤਵਾਦੀ ਸਨ ਜਾਂ ਅਦ੍ਵੈਤਵਾਦੀ ?

ਆਓ, ਪੁਰਾਣਾਂ ਦੀ ਮਨੌਤ ਦੀ ਹਕੀਕਤ ਜਾਨਣ ਲਈ ਅਸੀਂ ਪ੍ਰਾਚੀਨ ਹਿੰਦੂ ਸਾਹਿਤ ਅਤੇ ਨਿਰਪੱਖ ਵਿਦਵਾਨਾਂ ਵਲੋਂ ਈਮਾਨਦਾਰਾਨਾ ਕੀਤੀ ਖੋਜ ਦੀ ਹੀ ਪਰਖ ਪੜਚੋਲ ਕਰੀਏ। ਸੋ, ਇਸ ਕਾਰਜ ਦੀ ਪੂਰਤੀ ਲਈ ਅਸੀਂ ਅੰਗਰੇਜ਼ ਵਿਦਵਾਨ ਜੌਨ ਡੌਸਨ (John Dowson) ਦੇ ਲਿਖੇ "ਹਿੰਦੂ ਮਿਥਿਹਾਸ ਕੋਸ਼" ਦੀ ਵਿਸ਼ੇਸ਼ ਕਰਕੇ ਚੋਣ ਕੀਤੀ ਹੈ। ਇਸ ਦੇ ਅਨੁਵਾਦਕ ਹਨ: ਸ੍ਰੀ ਰਾਜਿੰਦਰ ਸਿੰਘ ਸ਼ਾਸਤ੍ਰੀ ਅਤੇ ਛਾਪਕ

**"ਭਾਸ਼ਾ ਵਿਭਾਗ, ਪਟਿਆਲਾ (ਸੰਨ 1973)**

"ਪੁਰਾਣਾਂ" ਬਾਰੇ ਅਨੁਵਾਦਕ, ਕੋਸ਼ ਦੇ ਪੰਨਾ 352 ਉਤੇ ਲਿਖਦੇ ਹਨ:

"ਪੁਰਾਣਾਂ" ਦਾ ਅਰਥ ਹੈ: ਪੁਰਾਣਾ। ਜਿਸ ਵਿੱਚ ਪੁਰਾਤਨ ਸਮੇਂ ਦੀਆਂ "ਪ੍ਰਾਚੀਨ ਮਿਥਿਹਾਸਕ" ਉਪਾਖਿਆਨਾਂ ਜਾਂ ਕਹਾਣੀਆਂ ਦਾ ਵਰਣਨ ਕੀਤਾ ਗਿਆ ਹੋਵੇ, ਉਸ ਨੂੰ ਪੁਰਾਣ ਕਹਿੰਦੇ ਹਨ। ਇਸ ਵਿੱਚ ਨਿਸ਼ਚਤ ਤੌਰ ਤੇ ਕਲਪਿਤ ਦੇਵਤਿਆਂ ਦੇ ਬਲ ਤੇ ਕਾਰਨਾਮਿਆਂ ਦਾ ਜ਼ਿਕਰ ਹੁੰਦਾ ਹੈ। ਪ੍ਰਾਚੀਨ ਕੋਸ਼ਕਾਰ, ਅਮਰ ਸਿੰਹ ਨੇ ਪੁਰਾਣਾਂ ਨੂੰ ਇਹਨਾਂ ਪੰਜਾਂ ਵਿਸ਼ਿਆਂ ਵਿੱਚ ਵੰਡਿਆ ਤੇ ਵਰਣਨ-ਕਰਤਾ ਦੱਸਿਆ ਹੈ, ਜਿਸ ਕਰਕੇ ਪੁਰਾਣ ਦੂਜੇ ਗ੍ਰੰਥਾਂ ਨਾਲੋਂ ਵੱਖਰਾ ਮਿਥਿਆ ਜਾਂਦਾ ਹੈ:-

1) ਸ੍ਰਿਸ਼ਟੀ ਰਚਨਾ, (2) ਇਸਦਾ ਵਿਨਾਸ਼ ਤੇ ਪੁਨਰ ਉਤਪਤੀ, (3) ਦੇਵਤਿਆਂ ਤੇ ਪੂਰਵ ਪੁਰਸ਼ਾ ਦੀ ਬੰਸਾਵਲੀ, (4) ਮਨੂ ਦਾ ਰਾਜ, (5) ਸੂਰਜਵੰਸ਼ੀ ਤੇ ਚੰਦਰਵੰਸ਼ੀ ਰਾਜਿਆਂ

ਦੀ ਵਿਥਿਆ। (ਮਹਾਨ ਕੋਸ਼-ਭਾਈ ਕਾਨ੍ਹ ਸਿੰਘ ਨਾਭਾ-ਵਿੱਚ ਵੀ ਉਪ੍ਰੋਕਤ ਲਿਖਤ ਦੀ ਪੁਸ਼ਟੀ ਕੀਤੀ ਗਈ ਹੈ।) ਪੁਰਾਣ ਗਿਣਤੀ ਵਿੱਚ 18 ਹਨ। ਇਹਨਾਂ ਨੂੰ ਸਤੋ, ਤਮੋ ਤੇ ਰਜੋ ਗੁਣਾਂ ਦੀ ਪਰਾਧਾਨਤਾ ਦੀ ਬਿਨਾਂ ਉਤੇ ਛਿਆਂ, ਛਿਆਂ ਦੇ ਤਿੰਨਾਂ ਗੁਟਾਂ ਵਿੱਚ ਇਉ ਵੰਡਿਆ ਜਾਂਦਾ ਹੈ :-

(ੳ) ਸਤੋ ਗੁਣ ਦੀ ਪਰਧਾਨਤਾ ਵਾਲੇ ਪੁਰਾਣ ਵਿਸ਼ਨੂ ਪੁਰਾਣ, ਨਾਰਦੀ, ਭਾਗਵਤ, ਗਰੁੜ, ਪਦਮ, ਵਰਾਹ (ਸੂਰ ਦੀ ਸ਼ਕਲ ਵਾਲਾ ਵਿਸ਼ਨੂ ਦਾ ਅਵਤਾਰ)

(ਅ) ਤਮੋ ਗੁਣੀ (ਅਗਿਆਨਤਾ ਦੀ ਪਰਧਾਰਤਾ ਵਾਲੇ)-ਮਤੱਸਯ (ਮੱਛ), ਕੂਰਮ (ਕੱਛੂ ਕੁੰਮਾ), ਲਿੰਗ, ਸ਼ਿਵ, ਸਕੰਦ, ਅਗਨੀ।

(ੲ) ਰਜੋ ਗੁਣੀ-ਬ੍ਰਹਮ, ਬ੍ਰਹਮੰਡ, ਬ੍ਰਹਮਵੈਵਰਤ, ਮਾਰਕੰਡੇਯ, ਭਵਿਸ਼, ਵਾਮਨ।

ਇਨ੍ਹਾਂ 18 ਪੁਰਾਣਾਂ ਤੋਂ ਛੁੱਟ, 18 ਉਪ-ਪੁਰਾਣ ਵੀ ਹਨ।

ਜਿਹਾ ਕਿ ਪਿਛੇ ਦੱਸਿਆ ਜਾ ਚੁੱਕਾ ਹੈ (ਅਤੇ "ਹਿੰਦੂ ਮਿਥਿਹਾਸ ਕੋਸ਼" ਨਾਮ ਤੋਂ ਵੀ ਸਪੱਸ਼ਟ ਹੈ), ਕਿ ਪੁਰਾਣ ਪੁਰਾਤਨ ਮਿਥਿਹਾਸਕ (ਜੋ ਸਤਿ ਨਹੀਂ ਹਨ) ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਲਈ ਇਹ ਕਾਲਪਨਿਕ ਵਾਰਤਾਵਾਂ, ਇਤਿਹਾਸ ਦੇ ਲੱਛਣਾਂ ਉਤੇ ਪੂਰੀਆਂ ਨਹੀਂ ਉਤਰਦੀਆਂ। ਇਤਿਹਾਸ ਉਹ ਹੈ ਜੋ ਸੱਚ ਦਾ ਪੱਲਾ ਫੜਕੇ ਸੱਚੀ ਮੁੱਚੀ ਵਰਤੀਆਂ ਘਟਨਾਵਾਂ ਪੇਸ਼ ਕਰਦਾ ਹੈ। ਕੁਝ ਕੁ ਪ੍ਰਸਿੱਧ ਪੱਛਮੀ ਵਿਦਵਾਨਾਂ ਦੀ ਇਤਿਹਾਸ ਬਾਰੇ ਪ੍ਰਗਟਾਈ ਹੱਕੀ ਰਾਏ ਮਾਮਲਾ ਸਪੱਸ਼ਟ ਕਰ ਦਿੰਦੀ ਹੈ:-

(ੳ) ਨਪੋਲੀਅਨ ਬੋਨਾਪਾਰਟ (ਮਹਾਨ ਜਰਨੈਲ ਤੇ ਉਚ ਕੋਟੀ ਦੇ ਵੀਚਾਰਕ) -"ਇਕ ਇਤਿਹਾਸਕਾਰ ਲਈ ਜ਼ਰੂਰੀ ਹੈ ਕਿ ਉਹ ਆਪਣੇ ਬਿਆਨ ਵਿਚ ਐਨ ਠੀਕ ਠੀਕ, ਸੱਚਾ, ਨਿਡਰ, ਨਿਰਪੱਖ, ਅਤੇ ਕ੍ਰੋਧ, ਈਰਖਾ ਤੇ ਪੱਖ-ਪਾਤੀ ਝੁਕਾਉ ਤੋਂ ਉਚੇਰਾ, ਅਗਿਆਨਤਾ ਦਾ ਦੁਸ਼ਮਨ ਅਤੇ ਸੱਚੇ ਇਤਿਹਾਸ ਦਾ ਹਿਤੂ ਤੇ ਰਾਖਾ ਹੋਵੇ।"

(ਅ) ਕੇਵਲ ਸਵੈ-ਜੀਵਨੀ ਹੀ ਸੱਚਾ ਇਤਿਹਾਸ ਹੈ। (ਕਾਰਲਾਇਲ)

(ੲ) ਇਤਿਹਾਸ ਵਰਤੀਆਂ ਸੱਚੀਆਂ ਘਟਨਾਵਾਂ ਦਾ ਇਕ ਚਮਤਕਾਰੀ ਦ੍ਰਿਸ਼ ਜਾਂ ਸੁੰਦਰ ਜਲੂਸ ਹੈ, ਫਿਲਾਸਫੀ ਨਹੀਂ। (ਆਗਸਤੀਨ)

ਅੰਗਰੇਜ਼ੀ ਸਾਹਿਤ ਵਿੱਚ ਅਜੇਹੀਆਂ ਪੁਰਾਣੀਆਂ ਜਾਂ ਮਿਥਿਆ ਕਹਾਣੀਆਂ ਨੂੰ ਫੇਬਲਜ਼ (- ਕਿਹਾ ਜਾਂਦਾ ਹੈ। "ਅੰਗ੍ਰੇਜ਼ੀ-ਪੰਜਾਬੀ ਕੋਸ਼" : ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਨੁਸਾਰ ਫੇਬਲ ਦੇ ਅਰਥ ਹਨ:-

ਪੁਰਾਣਿਕ ਕਥਾ, ਕਲਪਿਤ ਤੇ ਅਲੌਕਿਕ ਕਹਾਣੀ, ਝੂਠਾ ਕਿੱਸਾ, ਗਲਤ ਬਿਆਨੀ, ਨਿਰਾਧਾਰ ਵਾਰਤਾ, ਨਾਟਕ ਦਾ ਪਲਾਟ, ਪਸ਼ੂ ਪੰਛੀ ਦੀ ਸਿਖਿਆਦਾਇਕ ਕਹਾਣੀ (ਪੰਚ ਤੰਤਰ ਦੀ ਵਾਰਤਾ)

ਵੀਚਾਰ :- "ਫ਼ੇਬਲ" ਦੇ ਉਪਰ ਕੀਤੇ ਗਏ ਅਰਥ, ਪੁਰਾਣਾਂ ਵਿਚਲੀ ਵਿਸ਼ਾ

ਵਸਤੂ ਬਾਰੇ ਕੋਈ ਭੁਲੇਖਾ ਨਹੀਂ ਦਿੰਦੇ। ਇਹ ਕਲਪਿਤ ਤੇ ਮਿਥਿਆ ਕਹਾਣੀਆਂ ਅਰਬੀ ਤੇ ਯੂਨਾਨੀ ਸਾਹਿਤ ਵਿੱਚ ਵੀ ਮੌਜੂਦ ਹਨ। ਯੂਨਾਨ ਦੇ ਪ੍ਰਸਿੱਧ ਮਹਾਂਕਾਵਿ (Epics) ਜਿਨ੍ਹਾਂ ਦਾ ਲਿਖਾਰੀ "ਹੋਮਰ" ਹੈ, ਵਿਚ ਵੀ ਅਜੇਹੀਆਂ ਲੰਮੀਆਂ (ਪ੍ਰੰਤੂ ਖਿਆਲੀ) ਕਹਾਣੀਆਂ ਮੌਜੂਦ ਹਨ, ਜਿਵੇਂ ਕਿ "ਇਲੀਅਡ" ਤੇ "ਓਡੀਸੀ"। ਏਸੇ ਤਰ੍ਹਾਂ ਅਰਬੀ ਬੋਲੀ ਵਿੱਚ ਅਲਿਫ ਲੈਲਾ ਦੀਆਂ ਕਹਾਣੀਆਂ ਦੀ ਵੀ ਵੱਡੀ ਪ੍ਰਸਿੱਧਤਾ ਹੈ।

### ਸਤਿਗੁਰੂ ਜੀ ਨੂੰ ਪੁਰਾਣਾਂ ਦਾ ਗਿਆਨ ਸੀ :

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ "ਦਸਮ ਗ੍ਰੰਥ ਵਿਚਲੀ ਦਸ਼ਮੇਸ਼ ਬਾਣੀ" 'ਚੋਂ ਮਿਲਦੇ ਪ੍ਰਮਾਣਾਂ ਤੋਂ ਸਪੱਸ਼ਟ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਸਾਹਿਬਾਨ ਕੇਵਲ, "ਇਕ ਓਅੰਕਾਰ" ਅਕਾਲ ਪੁਰਖ ਦੀ ਸਤਿ ਤੇ ਜਾਗਦੀ ਜੋਤ ਦੇ ਪੁਜਾਰੀ ਸਨ। ਗੁਰੂ ਸਾਹਿਬਾਨ ਵਲੋਂ ਮਿਸਾਲ ਵਜੋਂ ਹੇਠਾਂ ਅੰਕਿਤ ਪ੍ਰਮਾਣਾਂ ਤੋਂ ਪਰਮਾਤਮਾਂ ਦੇ ਕਰਤਾਰੀ ਤੇ ਅਜੂਨੀ ਅਤੇ ਪੁਰਾਣਿਕ (ਮਿਥਿਹਾਸਕ) ਦੇਵੀ-ਦੇਵਤਿਆਂ, ਅਵਤਾਰਾਂ ਦੀ ਤੁੱਛਤਾ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ:-

1) ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਂਗਉ ਕਿਆ ਦੇਹਿ?

ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ ॥(ਗੁਰੂ ਨਾਨਕ, ਪੰ 637)

2) ਅਲਖ ਅਪਾਰ ਅਗੰਮ ਅਗੋਚਰ, ਨਾ ਤਿਸੁ ਕਾਲੁ ਨ ਕਰਮਾ।।

ਜਾਤਿ ਅਜਾਤਿ, ਅਜੋਨੀ ਸੰਭਉ, ਨਾ ਤਿਸੁ ਭਾਉ ਨ ਭਰਮਾ॥ (ਉਹੀਂ, ਪੰਨਾ 597)

3) ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ।। (ਮ:5, ਪੰ: 1095)

4) ਬਿਨੁ ਕਰਤਾਰ, ਨ ਕਿਰਤਮ ਮਾਨੋ।।

ਆਦਿ, ਅਜੋਨਿ ਅਜੇ, ਅਬਿਨਾਸੀ, ਤਿਹ ਪਰਮੇਸੁਰ ਜਾਨੋ॥(ਸਬਦ ਹਜ਼ਾਰੇ, ਪਾ: 10)

(ਨੋਟ :- ਚੇਤੇ ਰਹੇ, ਸੰਸਕ੍ਰਿਤ ਦੇ ਪਦ 'ਅਵਤਰਨਿ' ਤੋਂ ਬਣੇ 'ਅਵਤਾਰ' ਸ਼ਬਦ ਦਾ ਕੇਵਲ ਮਾਤਰ ਅਰਥ ਹੈ: ਸਰੀਰ ਧਾਰਣਾ, ਜਨਮ ਲੈਣਾ। ਇਸ ਤੋਂ ਵੱਧ ਇਸ ਵਿੱਚ ਕਤਅਨ ਹੋਰ ਕੋਈ ਸ਼੍ਰੇਸ਼ਟਤਾਈ ਜਾਂ ਵਡਿਆਈ ਨਹੀਂ)

ਸੋ, ਉਪ੍ਰੋਕਤ ਸਾਰੀ ਵੀਚਾਰ ਦਾ ਸਾਰ ਇਹ ਹੋਇਆ ਕਿ ਮਿਥਿਹਾਸਕ ਪੁਰਾਣਾਂ ਵਿੱਚ ਜਿਨ੍ਹਾਂ ਕਲਪਿਤ ਅਵਤਾਰਾਂ ਤੇ ਦੇਵੀ-ਦੇਵਤਿਆਂ ਦਾ ਜ਼ਿਕਰ ਹੈ, ਉਨ੍ਹਾਂ ਦਾ ਪ੍ਰਯੋਗ ਕੇਵਲ ਦ੍ਰਿਸ਼ਟਾਂਤ (illustration) ਵਜੋਂ ਗੁਰਬਾਣੀ ਵਿੱਚ ਕੀਤਾ ਗਿਆ ਹੈ, ਉਨ੍ਹਾਂ ਦੀ ਹਸਤੀ ਦੀ ਸਚਾਈ ਤੇ ਹਕੀਕੀ ਹੋਂਦ ਬਾਰੇ ਨਹੀਂ। ਇਹ ਇਵੇਂ ਹੀ ਹੈ ਜਿਵੇਂ ਕੰਵਲ ਫੁੱਲ, ਸਰੋਵਰ ਦੇ ਪਾਣੀ ਨਾਲ ਗੱਲਾਂ ਕਰਦਾ, ਧਰਤੀ, ਆਕਾਸ਼ ਤੋਂ ਪੁੱਛ

ਕਰਦੀ ਜਾਂ ਵਗਦੇ ਹਰਟ ਦੇ ਚੀਕਣ ਦੀ ਅਵਾਜ਼ ਨੂੰ 'ਪ੍ਰਭੂ ਵੱਲ' ਤੂੰ, ਤੂੰ, ਕਰਕੇ ਸੰਬੋਧਨ ਕਰਨ ਦੇ ਸੰਕੇਤ ਵਜੋਂ ਵਰਤਿਆ ਗਿਆ ਹੈ। ਜਦ ਸ਼ੇਖ ਫਰੀਦ ਜੀ ਕੋਇਲ ਤੋਂ ਕਾਲੀ ਹੋਣ ਦਾ ਕਾਰਨ ਪੁੱਛਦੇ ਹਲ ਅਤੇ ਕੋਇਲ ਅੱਗੋਂ ਇਸ ਦਾ ਕਾਰਨ ਆਪਣੇ ਪ੍ਰੀਤਮ ਦਾ ਵਿਛੋੜਾ ਦਸਦੀ ਹੈ, ਤਾਂ ਇੱਕ ਫਰਜ਼ੀ ਵਾਰਤਾਲਾਪ, ਕਿਸੇ ਨੁਕਤੇ ਨੂੰ ਸਪੱਸ਼ਟ ਕਰਨ ਲਈ ਆਪ ਆਖਿਆ ਗਿਆ ਹੈ। ਇਸ ਦੇ ਭਾਵ ਅਰਥ ਲਏ ਜਾਣੇ ਹਨ, ਵਾਚਕ (ਲਫ਼ਜ਼ੀ) ਅਰਥ ਨਹੀਂ ਲੈਣੇ।

ਇਸ ਨੁਕਤੇ ਨੂੰ ਹੋਰ ਸਪੱਸ਼ਟ ਕਰਨ ਲਈ ਅਸੀਂ ਕੇਵਲ ਇਕ ਰਚਨਾ-ਪੰਚ ਤੰਤਰ-ਦੀ ਉਦਾਹਰਣ ਲੈਂਦੇ ਹਾਂ। ਉੱਥੇ ਕਾਵਾਂ ਤੇ ਉਲੂਆਂ ਦਾ ਇਕ ਫਰਜ਼ੀ ਝਗੜਾ ਤੇ ਤਕਰਾਰ ਲੈਕੇ, ਰਾਜਨੀਤੀ ਦੇ ਚਾਰ ਉਪਾਵਾਂ-ਸਾਮ, ਦਾਮ, ਦੰਡ, ਭੇਦ-ਨੂੰ ਲੰਮਾ ਚੌੜਾ ਵਿਸਥਾਰ ਕਰਕੇ ਪਸ਼ੂ, ਪੰਛੀਆਂ ਦੀਆਂ ਕਲਪਿਤ ਕਹਾਣੀਆਂ ਦੁਆਰਾ ਸਮਝਾਇਆ ਗਿਆ ਹੈ। ਏਸੇ ਭਾਵਨਾ ਅਧੀਨ, ਬਾਣੀ ਵਿਚ ਪੁਰਾਣਿਕ (ਮਿਥਿਹਾਸਕ) ਦੇਵੀ-ਦੇਸਤਿਆਂ ਦੀਆਂ ਵਾਰਤਾਵਾਂ ਦਾ ਵੀ ਜ਼ਿਕਰ ਹੈ। ਪ੍ਰੰਤੂ ਜਦ ਗੱਲ ਸਿਧਾਂਤਕ ਤੌਰ ਤੇ ਯਥਾਰਥ ਨਿਰਣਾ ਕਰਨ ਦੀ ਆਉਂਦੀ ਹੈ ਤਾਂ ਗੁਰੂ ਸਾਹਿਬਾਨ ਅਥਵਾ ਭਗਤ ਕਬੀਰ ਅਤੇ ਨਾਮਦੇਵ ਜੀ ਆਦਿ ਪੁੱਗੇ ਹੋਏ ਮਹਾਂਪੁਰਸ਼ ੧ੴ, ਸਤਿ, ਕਰਤਾ ਪੁਰਖ, ਅਕਾਲ, ਅਜੋਨੀ ਤੇ ਸੰਭਉ ਵਾਹਿਗੁਰੂ ਜੀ ਨੂੰ ਹੀ ਤਨੋ-ਮਨੋ ਆਪਣਾ ਪੂਜਯ ਇਸ਼ਟ ਮੰਨਦੇ ਤੇ ਪ੍ਰਚਾਰਦੇ ਹਨ, ਬਾਕੀ ਸਭ ਨੂੰ ਉਸ ਦੀ ਕਿਰਤ ਜਾਂ ਮਨੁੱਖ ਦੀ ਅਗਿਆਨ-ਵੱਸ ਆਪਣੀ ਕਲਪਨਾ, ਮਾਇਆ ਦੇ ਹੜ੍ਹ ਵਿਚ ਰੁੜ੍ਹਦੇ ਜਾ ਰਹੇ ਆਦਮੀ ਦਾ ਅੱਕੀ ਪਲਾਹੀ ਹੱਥ ਪਾਕੇ ਡੁੱਬਣ ਤੋਂ ਬਚਣ ਲਈ ਨਿਰਾਰਥ ਤਰਲਾ।

ਇਨਸਾਨ ਦੀ ਤ੍ਰਾਸਦੀ (tragedy)ਇਹ ਹੈ ਕਿ ਅੱਜ ਦੇ ਵਿਗਿਆਨਕ ਤੇ ਸਪੇਸ ਯੁੱਗ ਵਿੱਚ ਕਾਦਰ ਦੀ ਕੁਦਰਤ ਦੇ ਕ੍ਰਿਸ਼ਮਿਆਂ ਦਾ ਆਸ਼ਕ ਸਾਦਕ ਹੋਣ ਦੀ ਥਾਂ ਉਹ ਹੋਰ ਵਧੇਰੇ ਅੰਧ-ਵਿਸ਼ਵਾਸੀ ਭ੍ਰਮ ਤੇ ਅਗਿਆਨਤਾ ਤੇ ਅਨ੍ਹੇਰਿਆਂ ਵਿਚ ਗਵਾਚਦਾ ਜਾ ਰਿਹਾ ਹੈ। ਇਹ ਬੇਚੈਨ ਹੈ, ਅਸ਼ਾਂਤ ਹੈ, ਦੁਖੀ ਹੈ। ਹਾਂ ਗੁਰਬਾਣੀ ਵਿੱਚ ਸਦੀਵੀ ਸੁੱਖ (ਅਨੰਦ) ਦੀ ਪ੍ਰਾਪਤੀ ਦੇ ਹੋਣ ਦੀ ਕੂਕ ਪੁਕਾਰ ਤੇ ਸਦੜਾ ਸਭ ਲਈ ਨਿਰੰਤਰ ਇਉ ਜਾਰੀ ਹੈਂ:-

1) ਸੁਖ ਨਾਹੀ ਰੇ, ਹਰਿ ਭਗਤਿ ਬਿਨਾ॥

ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧ ਸੰਗਤਿ ਜਪਿ ਇਕੁ ਖਿਨਾ॥

(ਗਉੜੀ ਮ: 5, ਪੰਨਾ 210)

2) ਅਬ ਮੈ ਸੁਖੁ ਪਾਇਓ ਗੁਰ ਆਗਿ॥

ਤਜੀ ਸਿਆਨਪ ਚਿੰਤ ਵਿਸਾਰੀ, ਅਹੰ ਛੋਡਿਓ ਹੈ ਤਿਆਗਿ॥

(ਜੈਤਸਰੀ ਮ: 5, ਪੰਨਾ 701)

3) ਸੋ ਸੁਖੀਆ ਜਿਸੁ ਭ੍ਰਮੁ ਗਇਆ॥

(ਬਸੰਤ ਮ: 5 ਪੰਨਾ 1180)

4) ਦੁਖੁ ਤਦੇ ਜਦਿ ਵੀਸਰੈ, ਸੁਖੁ ਪ੍ਰਭ ਚਿਤਿ ਆਏ॥

ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ।।

(ਬਿਲਾਵਲ ਮ: 5 ਪੰਨਾ 813)

ਸੋ, ਇਸ ਵਿਚਾਰ ਦਾ ਸਾਰ ਇਹ ਹੈ ਕਿ ਗੁਰਬਾਣੀ ਵਿੱਚ ਆਏ ਪੁਰਾਣਿਕ (ਮਿਥਿਹਾਸਕ) ਪ੍ਰਮਾਣਾਂ (illustrations)ਅਤੇ ਹੋਰ ਤਮਸੀਲਾਂ ਨੂੰ, "ਸੱਚ" ਦੇ ਕਿਸੇ ਪੱਖ ਨੂੰ ਸਮਝਾਉਣ ਤੇ ਸਪੱਸ਼ਟ ਕਰਨ ਦੀ ਸੌਖਿਆਈ ਵਜੋਂ ਵਰਤਿਆ ਗਿਆ ਸਮਝਣਾ ਹੀ ਯੋਗ ਹੈ, ਨਾਂ ਕਿ ਇਨ੍ਹਾਂ ਕਾਲਪਨਿਕ ਘਟਨਾਵਾਂ ਦੀ ਯਥਾਰਥਕਤਾ ਅਥਵਾ ਸੱਚੇ ਹੋਣ ਦੇ ਸਰਟੀਫਿਕੇਟ ਵਜੋਂ। ਚੇਤੇ ਰਹੇ ਕਿ ਗੁਰੂ ਸਾਹਿਬਾਨ ਦਾ ਸਾਰਾ ਤਰੱਦਦ ਤਾਂ ਸੀ ਹੀ ਇਨ੍ਹਾਂ ਸਾਰੀਆਂ ਕਾਲਪਨਿਕ ਸ਼ਕਤੀਆਂ ਦੀ ਮਨੌਤ ਜੰਤ੍ਰਾਂ, ਤੰਤ੍ਰਾਂ, ਮੰਤ੍ਰਾਂ, ਵਹਿਮਾਂ, ਪਾਖੰਡਾਂ ਦੇ ਜਾਲ ਨੂੰ ਤਾਰ ਤਾਰ ਕਰਕੇ ਇੱਕ ਅਕਾਲ ਪੁਰਖ, ਇਕ ਸਾਹਿਬ ਦੇ ਲੜ ਲਾਉਣਾ ਤੇ "ਸਚਿਆਰ" ਬਣਾਉਣਾ।

# ਦੇਵੀ ਨਿਰਣੈ

(ਸੂਚਨਾ:- ਇਸ ਲੇਖ-ਲੜੀ ਵਿੱਚ ਹੁਣ ਤੱਕ ਚਾਰ ਲੇਖ:- "ਦਸਮ ਗ੍ਰੰਥ ਤੇ ਅਵਤਾਰਵਾਦ, ਗੁਰਮਤਿ ਤੇ ਅਵਤਾਰਵਾਦ, ਮਹਾਂਕਾਲ ਨਿਰਣੈ ਤੇ ਗੁਰਬਾਣੀ ਵਿੱਚ ਆਏ ਪੌਰਾਣਿਕ ਪ੍ਰਮਾਣ", ਲਿਖੇ ਜਾ ਚੁੱਕੇ ਹਨ। ਇਨ੍ਹਾਂ ਸਾਰਿਆਂ ਅਥਵਾ ਇਸ ਵਿਸ਼ੇ ਉਤੇ ਹੋਰ ਲਿਖੇ ਜਾਣ ਵਾਲੇ ਲੇਖਾਂ ਦਾ ਆਧਾਰ ਹੈ: ਅੰਗ੍ਰੇਜ਼, "ਜੌਨ ਡੌਸਨ" ਦਾ ਲਿਖਿਆ, ਸ੍ਰੀ ਰਾਜਿੰਦਰ ਸਿੰਘ ਸ਼ਾਸਤ੍ਰੀ ਦਾ ਅਨੁਵਾਦ ਕੀਤਾ ਅਤੇ "ਭਾਸ਼ਾ ਵਿਭਾਗ, ਪੰਜਾਬ" ਦਾ ਪ੍ਰਕਾਸ਼ਤ ਕੀਤਾ "ਹਿੰਦੂ ਮਿਥਿਹਾਸ ਕੋਸ਼"। ਸੋ ਲੇਖਾਂ ਵਿੱਚ ਦਿੱਤੀ ਮੂਲ ਜਾਣਕਾਰੀ, ਨਾਂ ਤਾਂ ਇਸ ਲੇਖਕ ਦੀ ਆਪਣੀ ਕਲਪਨਾ ਹੈ, ਨਾ ਹੀ ਕਿਆਸ) ਲਵੋ, ਹੁਣ ਵਾਚੋ **ਦੇਵੀ ਬਿਰਤਾਂਤ** :-

**ਦੇਵੀ:** ਦੇਵੀ, ਮਹਾਂਦੇਵੀ (ਵੱਡੀ ਦੇਵੀ), ਇਹ ਸ਼ਿਵ ਜੀ ਦੀ ਪਤਨੀ, ਹਿਮਾਲੀਆ ਪਰਬਤ ਦੀ ਧੀ ਹੈ। ਮਹਾਂਭਾਰਤ ਵਿੱਚ ਇਸ ਦੇ ਕਈ ਨਾਵਾਂ ਤੇ ਲੱਛਣਾਂ ਦਾ ਵਰਣਨ ਹੈ, ਪ੍ਰੰਤੂ ਬਾਅਦ ਵਿਚ ਲਿਖੇ ਗਏ "ਪੁਰਾਣਾਂ" ਤੇ ਹੋਰ ਰਚਨਾਵਾਂ ਨਾਲ ਇਸ ਦੀ ਵਿਸ਼ੇਸ਼ਤਾ ਵਧੇਰੇ ਰੂਪਮਾਨ ਹੋਈ ਹੈ। ਸ਼ਕਤੀ ਅਥਵਾ ਸ਼ਿਵਜੀ ਦੇ ਇਸਤਰੀ ਸ਼ਕਤੀ ਦੇ ਰੂਪ ਵਿਚ ਇਸ ਦੇ ਦੋ ਸਰੂਪ ਹਨ: ਇਕ ਸਨਿਮਰ ਤੇ ਦੂਸਰਾ ਭਿਅੰਕਰ, ਜਿਸ ਦੀ ਵਿਸ਼ੇਸ਼ ਅਰਾਧਨਾ ਕੀਤੀ ਜਾਂਦੀ ਹੈ। ਇਸ ਦੇ ਅਨੇਕਾ ਨਾਂ ਹਨ, ਜਿਹੜੇ ਇਸ ਦੇ ਭਿੰਨ ਭਿੰਨ ਰੂਪਾਂ, ਗੁਣਾਂ ਅਤੇ ਕੰਮਾਂ ਨਾਲ ਸਬੰਧ ਰਖਦੇ ਹਨ, ਪਰ ਇਨ੍ਹਾਂ ਨਾਵਾਂ ਦੀ ਵਰਤੋਂ ਨਿਖੜਵੇਂ ਰੂਪ ਵਿੱਚ ਨਹੀਂ ਹੁੰਦੀ। ਸਨਿਮਰ ਰੂਪ ਵਿੱਚ ਹਿਸਦੇ ਕੁਝ ਕੁ ਨਾਂ ਇਹ ਹਨ:-

ਉਮਾ (ਪ੍ਰਕਾਸ਼), ਸੁੰਦਰਤਾ ਦੀ ਮੂਰਤ, ਗੌਰੀ, ਪਾਰਬਤੀ (ਪਹਾੜਨ), ਜਗਤ ਮਾਤਾ (ਜੱਗ ਮਾਤਾ, ਸੰਸਾਰ ਦੀ ਮਾਂ) ਅਤੇ ਭਵਾਨੀ ਜੋ ਸ਼ਿਵਜੀ ਦੀ ਪਤਨੀ ਦੇ ਨਾਵਾਂ ਵਿਚੋਂ ਇਕ ਨਾਮ ਹੈ।

ਭਿਅੰਕਰ (ਭਿਆਨਕ) ਰੂਪ ਵਿੱਚ ਦੇਵੀ ਦੇ ਕੁਝ ਕੁ ਉਘੇ ਨਾਂ ਹਨ:-

ਦੁਰਗਾ (ਅਪਹੁੰਚ), ਕਾਲੀ ਤੇ ਸਿਆਮਾ (ਕਾਲੇ ਰੰਗ ਦੀ), ਚੰਡੀ ਤੇ ਚੰਡਿਕਾ (ਭਿਆਨਕ) ਅਤੇ ਭੈਰਵੀ (ਵਿਕਰਾਲ), ਜਿਸ ਰੂਪ ਲਈ ਖ਼ੂਨੀ ਬਲੀਦਾਨ ਦਿੱਤੇ, ਅਤੇ ਦੁਰਗਾ ਤੇ ਚਰਨਪੂਜਾ ਕਰਕੇ ਕਰੂਰ ਸੰਸਕਾਰ ਕੀਤੇ ਜਾਂਦੇ ਹਨ। ਇਸ ਦੀ ਰਹਮਤ ਤੇ ਸ਼ਕਤੀ ਦੀ ਪ੍ਰਾਪਤੀ ਹਿੱਤ ਤਾਂਤ੍ਰਕ ਲੋਗ ਅਸ਼ਲੀਲ ਅੱਯਾਸ਼ੀਆਂ ਵੀ ਕਰਦੇ ਹਨ। ਇਸ ਦੀਆਂ ਦਸ ਬਾਹਾਂ ਹਨ ਅਤੇ ਬਹੁਤਿਆਂ ਹੱਥਾਂ ਵਿੱਚ ਸ਼ਸਤਰ ਫੜੇ ਹੋਏ ਹਨ। ਦੂਰਗਾ ਰੂਪ ਵਿੱਚ ਇਹ ਸ਼ੇਰ ਦੀ ਸਵਾਰੀ ਕਰਦੀ ਹੈ। ਇਸ ਦਾ ਪ੍ਰਭਾਵ ਭਿਆਨਕ ਤੇ ਵਿਨਾਸ਼ਕਾਰੀ ਹੈ। ਕਾਲੀ ਜਾਂ ਕਾਲਿਕਾ ਦੇ ਰੂਪ ਵਿੱਚ, ਇਸ ਦੇ ਮੂੰਹੋਂ ਖ਼ੂਨ ਨੁੱਚੜ ਰਿਹਾ ਹੁੰਦਾ ਹੈ, ਅਤੇ ਗਲ ਵਿੱਚ ਸੱਪ ਤੇ ਆਦਮੀਆਂ ਦੀਆਂ ਖੋਪਰੀਆਂ ਪਈਆਂ ਹੁੰਦੀਆਂ ਹਨ। "ਚੰਡੀ" ਨਾਲ ਮਿਲਦੇ ਜੁਲਦੇ ਇਸ ਰੂਪ ਵਿੱਚ ਇਸ ਦੀ ਮਿਰਜ਼ਾਪੁਰ (ਯੂਪੀ) ਦੇ ਨੇੜੇ ਪੂਜਾ ਹੁੰਦੀ ਹੈ ਅਤੇ ਇਸ ਦੀ ਮੂਰਤੀ ਦੇ ਅੱਗੋਂ ਲਹੂ ਕਦੀ ਵੀ ਸੁੱਕਣ ਨਹੀਂ ਦਿੱਤਾ ਜਾਂਦਾ। ਮਹਾਮਾਯਾ ਦੇ ਰੂਪ ਵਿੱਚ ਇਹ ਵੱਡੀ ਛਲਾਵੀ ਹੈ।

"ਚੰਡੀ ਮਾਹਾਤਮਾਯ" (ਚੰਡੀ ਦੀ ਮਹਾਨਤਾ), ਜਿਸ ਵਿੱਚ ਦੇਵੀ ਦੀਆਂ, ਰਾਖਸ਼ਾਂ ਉੱਤੇ ਜਿੱਤਾਂ ਦਾ ਵਰਣਨ ਹੈ, ਦੇਵੀ ਦਾ ਹੇਠ ਲਿਖੇ ਨਾਵਾਂ ਅਧੀਨ ਜ਼ਿਕਰ ਹੈ:-

(1) ਦੁਰਗਾ, (2) ਦਸ਼-ਭੁਜਾ (ਦਸ ਭੁਜਾਂ ਵਾਲੀ), (3) ਸਿੰਹ-ਵਾਹਿਨੀ (ਸ਼ੇਰ ਦੀ ਸਵਾਰੀ ਵਾਲੀ, ਜਦੋਂ ਇਸ ਨੇ ਰਾਖ਼ਸ਼ਾਂ ਦੀ ਫੌਜ ਦੇ ਸੈਨਾਪਤੀ,"ਰਕਤ-ਬੀਜ" ਨਾਲ ਯੁੱਧ ਕੀਤਾ, (4) ਮਹਿਸ਼ਮਰਦਨੀ (ਮੱਝ ਦੇ ਰੂਪ ਵਾਲੇ ਮਹਿਸ਼ ਦੈਂਤ ਨੂੰ ਮਾਰਨ ਵਾਲੀ) (5) ਕਾਲੀ-ਰਕਤਬੀਜ ਨੂੰ ਮਾਰਲ ਵਾਲੀ, (6) ਤਾਰਾ (ਸਿਤਾਰਾ), ਸੁੰਭ ਦੈਤ ਨੂੰ ਮਾਰਨ ਵਾਲੀ, ਆਦਿਕ।

ਇਨ੍ਹਾਂ ਨਾਵਾਂ ਦੇ ਨਾਲ ਨਾਲ ਹੀ ਜੋ ਨਾਂਵ ਦੇਵੀ (ਪਾਰਬਤੀ) ਨੂੰ ਆਪਣੇ ਪਤੀ, ਸ਼ਿਵਜੀ, ਵਲੋਂ ਮਿਲੇ ਹਨ, ਉਨ੍ਹਾਂ 'ਚੋਂ ਕੁਝ ਕੁ ਨਾਂਵ ਇਸ ਪ੍ਰਕਾਰ ਹਨ:-

(1) ਭਗਵਤੀ, (2) ਈਸ਼ਾਣੀ, (3) ਈਸ਼ਵਰੀ, (4) ਕਾਲੰਜਰੀ, ਕਲਾਲਿਨੀ, (5) ਕੌਸ਼ਕੀ, (6) ਮਹੇਸ਼ਵਰੀ (7) ਰੁਦ੍ਰਾਨੀ (8) ਸ਼ਰਵਾਣੀ, (9) **ਸ਼ਿਵਾ,** (10) ਮ੍ਰਿਡਾਨੀ, ਆਦਿਕ।

**ਆਪਣੀ ਉਤਪਤੀ ਦੇ ਆਧਾਰ ਉੱਤੇ ਇਸ ਦੇ ਨਾਵਾਂ ਵਿੱਚੋਂ ਕੁਝ ਨਾਂਵ:-**

(1) ਅਦ੍ਰਿਜਾ, (2) ਗਿਰਿਜਾ, (3) ਕੁਜਾ (ਪ੍ਰਿਥਵੀ ਤੋਂ ਜੰਮੀ) (4) ਦਕਸ਼ਜ਼ਾ (ਰਾਜਾ ਦਕਸ਼ ਤੋਂ ਪੈਦਾ ਹੋਈ), (5) ਕੰਨਿਆ ਕੁਮਾਰੀ (ਜਵਾਨ ਮੁਟਿਆਰ), (6) ਅੰਬਿਕਾ (ਮਾਂ) (7) ਅਵਰਾ (ਸਭ ਤੋਂ ਛੋਟੀ) (8) ਅਨੰਤਾ, ਨਿਤਿਆ, (ਸਦੀਵੀ), (9) ਆਰਯਾ (ਸਨਮਾਨਯੋਗ), (10) ਵਿਜਯਾ (ਜੇਤੂ), (11) ਰਿਧਿ (ਧਨਵਾਨ), (12) ਸਤੀ (ਨੇਕ), (13) ਪਿੰਗਾ (ਪਿੰਗਲੀ), (14) ਕਾਲੀ, (15) ਭ੍ਰਮਰੀ (ਭੌਰੀ), (16) ਕਰਣ ਮੋਤੀ, (17) ਪਦਮ ਲਾਂਛਨਾ (ਕੰਵਲ ਦੀ ਸ਼ੋਭਾ ਵਾਲੀ) (18) ਸਰਬ-ਮੰਗਲਾ (ਸਭ ਦੀ ਕਲਿਆਣ ਕਰਨ ਵਾਲੀ,) (19) ਸ਼ਾਕਮ-ਭਰੀ (ਜੜ੍ਹੀ ਬੂਟੀਆਂ ਦੀ ਪਾਲਕ), (20) ਸ਼ਿਵ-ਦੂਤੀ (ਸ਼ਿਵ ਜੀ ਦੀ ਦੂਤ), (21) ਭੂਤਨਾਯਕਾ (ਭੂਤਾਂ ਦੀ ਆਗੂ), (22) ਕਾਮਥਿਆ (ਕਾਮ ਦੇ ਨਾਂ ਨਾਲ ਬੁਲਾਈ ਜਾਣ ਵਾਲੀ) ਆਦਿਕ।

ਕੁਝ ਵਿਸ਼ੇਸ਼ ਨਾਂ ਜੋ ਦੇਵੀ ਦੇ ਵਿਕਰਾਲ (ਡਰਾਉਣੇ, ਭੈ-ਭੀਤ ਕਰਲ ਵਾਲੇ) ਨ ਨਾਲ ਸੰਬੰਧਤ ਹਨ :-

(1) ਭਦ੍ਰਕਾਲੀ, (2) ਭੀਮਾ (3) ਚਾਮੁੰਡਾ (4) ਮਹਾਂਕਾਲੀ, (5) ਮਹਾਮਾਰੀ, (6) ਮਹਾਰੌਦ੍ਰੀ (7) ਮਾਤੰਗੀ (8) ਰਕਤ-ਦੰਤੀ (ਖੂਨੀ ਦੰਦਾ ਵਾਲੀ)।

**ਦੇਵੀ ਭਾਗਵਾਤ ਪੁਰਾਣ:-**

ਇਹ ਇਕ ਸ਼ੈਵ ਪੁਰਾਣ ਹੈ। ਕਈ ਇਸ ਨੂੰ ਸ੍ਰੀ ਭਾਗਵਤ ਪੁਰਾਣ, ਜਿਸ ਵਿਚ ਵਿਸ਼ਨੂੰ ਦੀ ਮਹਿਮਾ ਦਾ ਵਰਨਣ ਹੈ, ਦੀ ਥਾਂ 18 ਪੁਰਾਣਾਂ ਵਿਚ ਸੰਮਿਲਤ ਕਰਦੇ ਹਨ। ਇਸ ਵਿਚ ਸ਼ਕਤੀਆਂ ਦੀ ਪੂਜਾ ਕੀਤੀ ਗਈ ਹੈ। (ਸ਼ਕਤੀ ਤੋਂ ਭਾਵ ਹੈ: ਸ਼ਿਵ ਜੀ ਦੀ ਇਸਤ੍ਰੀ ਰੂਪ ਵਿੱਚ ਸ਼ਕਤੀ, ਜਿਸ ਦਾ ਵਧੇਰੇ ਵਰਣਨ ਇਸ ਲੇਖ ਦੇ ਆਰੰਭ ਵਿੱਚ ਕੀਤਾ ਗਿਆ ਹੈ।)

## ਦੇਵੀ ਮਾਹਾਤਮਯ (ਦੇਵੀ ਦੀ ਮਹਾਨਤਾ):-

ਇਹ ਮਾਰਕੰਡੇ ਪੁਰਾਣ ਵਿਚ ਲਿਖੇ ਹੋਏ 700 ਸਲੋਕਾਂ ਦਾ ਇਕ ਖੰਡ-ਕਾਵਿ ਹੈ, ਜਿਸ ਵਿੱਚ, ਦੇਵੀ ਦੀਆਂ ਅਸੁਰਾਂ (ਦੈਤਾਂ) ਉੱਤੇ ਹੋਈਆਂ ਜਿੱਤਾਂ ਦਾ ਵਰਣਨ ਕੀਤਾ ਗਿਆ ਹੈ। ਇਹ ਦੇਵੀ ਦੇ ਉਪਾਸ਼ਕਾਂ ਦੀ ਇਕ ਧਰਮ ਪੁਸਤਕ ਹੈ, ਜਿਸ ਦਾ ਇਸ ਦੇ ਮੰਦਰਾਂ ਵਿਚ ਹਰ ਰੋਜ਼ ਪਾਠ ਕੀਤਾ ਜਾਂਦਾ ਹੈ। ਇਸ ਨੂੰ ਚੰਡੀਪਾਠ ਵੀ ਕਹਿੰਦੇ ਹਨ।

ਉਪ੍ਰੋਕਤ ਲਿਖਤ ਉੱਤੇ ਟਿੱਪਣੀ ਕਰਨ ਤੋਂ ਪਹਿਲਾਂ, ਏਥੇ ਦੈਂਤਾਂ ਤੇ ਰਾਖਸ਼ਾ ਦਾ ਵੀ ਸੰਖੇਪ ਜਿਹਾ ਵਰਣਨ ਕਰ ਦੇਣਾ ਲਾਭਦਾਹਿਕ ਹੋਵੇਗਾ।

ਦੈਤਯ : ਦਿਓ। ("ਕੱਸ਼ਪ" ਦੇ ਸੰਜੋਗ ਤੋਂ "ਦਿੱਤੀ" ਦੀ ਸੰਤਾਨ।)

ਇਹ ਰਾਖਸ਼ਾਂ ਤੇ ਦੈਤਾਂ ਦੀ ਨਸਲ ਹੈ, ਜਿਹੜੇ ਦੇਵਤਿਆਂ ਵਿਰੁੱਧ ਲੜਾਈਆਂ ਕਰਦੇ ਅਤੇ ਯੱਗਾਂ ਵਿੱਚ ਵਿਘਨ ਪਾਉਂਦੇ ਸਨ। ਇਹ ਕਦੀ ਦੇਵਤਿਆਂ ਨੂੰ ਜਿੱਤਦੇ ਵੀ ਰਹੇ, ਕਦੇ ਉਨ੍ਹਾਂ ਤੋਂ ਹਾਰਦੇ ਵੀ ਰਹੇ। ਦੈਂਤਾਂ ਤੇ ਰਾਖਸ਼ਾਂ ਦਾ ਅੰਤਰ ਕਰਨਾ ਬਹੁਤ ਮੁਸ਼ਕਲ ਹੈ। ਇਨ੍ਹਾਂ ਨੂੰ ਪਰਸਪਰ ਸੰਬੰਧਤ ਸਮਝਿਆ ਜਾਂਦਾ ਹੈ। ਯੱਗਾਂ ਦੇ ਵੈਰੀ ਹੋਣ ਕਰਕੇ ਇਨ੍ਹਾਂ ਨੂੰ "ਕ੍ਰਤੂਦ੍ਵਿਸ਼" ਵੀ ਕਿਹਾ ਜਾਂਦਾ ਹੈ। (ਕੋਸ਼, ਪੰਨਾ 298-300)

"ਕ੍ਰਿਤੂ" ਦਾ ਜ਼ਿਕਰ ਆਇਆ ਹੈ, ਤਾਂ ਏਥੇ, ਸੰਖੇਪ ਵਿੱਚ, ਇਸ ਬਾਰੇ ਵੀ ਜਾਣਕਾਰੀ ਦੇ ਦੇਣੀ ਯੋਗ ਹੈ। ਇਹ ਤੱਥ ਜਾਨਣ ਵਿੱਚ ਲਾਭਦਾਇਕ ਹੋਵੇਗੀ ਕਿ ਮਨੁੱਖੀ ਕਲਪਨਾ ਦੀ ਮਿਥਿਹਾਸਕ ਉਡਾਰੀ ਕਿੱਥੋਂ ਤੱਕ, ਅਣਹੋਣੀਆਂ ਕਹਾਣੀਆਂ ਰੱਚ ਸਕਦੀ ਹੈ। ਸੋ, ਲਵੋ, ਵਾਚੋ:-

ਕ੍ਰਤੂ, ਇਕ ਪ੍ਰਜਾਪਤੀ ਸੀ, ਜਿਸ ਨੂੰ ਕਈ ਵਾਰ ਮਹਾਂਰਿਸ਼ੀਆਂ ਅਤੇ ਬ੍ਰਹਮਾਂ ਦੇ ਮਸਤਕ 'ਚੋਂ ਉਤਪੰਨ ਪੁੱਤਰਾਂ ਵਿੱਚ ਗਿਣਿਆ ਜਾਂਦਾ ਹੈ। ਵਿਸ਼ਨੂੰ ਪੁਰਾਣ ਵਿੱਚ ਲਿਖਿਆਂ ਹੈ ਕਿ ਇਸ ਦੀ ਪਤਨੀ ਸਨਮਤੀ ਦੇ ਘਰ ਸੱਠ ਹਜ਼ਾਰ "ਵਾਲਿਖਿਲਅ" ਪੈਦਾ ਹੋਏ ਸਨ। "ਵਾਲਿਖਿਲਯ" ਉਨ੍ਹਾਂ ਠਿਗਣੇ ਰਿਸ਼ੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਕੱਦ ਅੰਗੂਠੇ ਦੇ ਇਕ ਪੋਟੇ ਨਾਲੋਂ ਵੱਡਾ ਨਹੀਂ ਸੀ। (ਕੋਸ਼ ਪੰਨਾ -168)

## ਉਪ੍ਰੋਕਤ ਲਿਖਤ ਦੀ ਪਰਖ ਪੜਚੋਲ ਤੇ ਸਾਰੰਸ਼:-

1) ਜਿਹਾ ਕਿ ਲੇਖ ਦੇ ਆਰੰਭ ਵਿੱਚ ਹੀ ਅੰਕਿਤ ਕਰ ਦਿੱਤਾ ਹੈ, ਇਹ ਸਾਰੀ ਵਾਰਤਾ ਹਿੰਦੂ ਮਿਥਿਹਾਸ ਕੋਸ਼ ਚੋਂ ਲਈ ਗਈ ਹੈ। ਜਦ ਕੋਸ਼ ਦਾ ਨਾਂ ਪੌਰਾਣਿਕ ਹੈ ਤਾਂ ਇਸ ਵਿੱਚ ਅੰਕਿਤ ਕਹਾਣੀਆਂ ਕਿਵੇਂ ਸੱਚੀਆਂ ਘਟਨਾਵਾਂ ਅਥਵਾ ਇਤਿਹਾਸ ਹੋ ਸਕਦੀਆਂ ਹਨ। ਇਹ ਮਿਥਿਹਾਸ (Mythology) ਹਨ। ਕਿਸੇ ਦਾ ਇਨ੍ਹਾਂ ਨੂੰ ਯਥਾਰਥ ਮੰਨ ਕੇ ਜੀਵਨ-ਤੋਰ ਦਾ ਆਧਾਰ ਬਣਾਉਣਾ, ਆਪਣੇ ਆਪ ਨੂੰ ਧੋਖਾ ਦੇਣਾ ਹੈ। ਹਾਂ ਇਨ੍ਹਾਂ ਕਾਲਪਨਿਕ ਫਰਜ਼ੀ ਕਹਾਣੀਆਂ ਤੋਂ ਨੇਕੀ ਬਦੀ ਦੇ ਪ੍ਰਤੀਕਾਂ ਵਜੋਂ ਬਣਦੀ ਸਰਦੀ ਤੇ ਫੱਬਦੀ ਸਿਖਿਆ ਤਾਂ ਲਈ ਜਾ ਸਕਦੀ ਹੈ, ਪਰ ਸੱਚੀ ਮੁੱਚੀ ਪੂਰੀ ਪੈਰਵੀ ਤੇ ਪੂਜਾ ਕਰਨਾ ਬੇਸੂਦ ਹੈ। ਬੱਦਲ ਦੀ ਛਾਂ ਨੂੰ ਸਤਿ ਤੇ ਸਥਿਰ ਮੰਨਣ ਵਾਲੀ ਭੁੱਲ ਹੈ।

2) ਸ਼ਿਵਜੀ, ਜਿਨ੍ਹਾਂ ਦਾ ਦੂਜਾ ਪ੍ਰਸਿਧ ਨਾਂ ਮਹਾਂਕਾਲ ਹੈ, ਆਮ ਕਰਕੇ ਆਪਣੀ ਸ਼ਕਤੀ ਦਾ ਪ੍ਰਗਟਾ ਇਸਤਰੀ ਰੂਪ, "ਦੇਵੀ", ਦੁਆਰਾ ਕਰਦੇ ਹਨ। ਰਕਤ-ਬੀਜ, ਸੁੰਭ ਨਿਸੁੰਭ, ਮਹਿਖਾਸੁਰ, ਚੰਡ ਮੁੰਡ ਆਦਿ ਸਭ ਦੈਂਤਾਂ ਦਾ ਖੈ ਇਨ੍ਹਾਂ ਸ਼ਕਤੀਆਂ ਰਾਹੀਂ ਹੀ ਕੀਤਾ ਗਿਆ।

3) ਜਿਥੇ ਸ਼ਿਵਜੀ ਤੇ ਮਹਾਂਕਾਲ ਦੇ ਦਰਜਨਾਂ ਨਾਂ ਹਨ, ਓਥੇ ਮਹਾਂਸ਼ਕਤੀ-ਪਾਰਬਤੀ ਦੇਵੀ ਦੇ ਵੀ ਤਿੰਨ ਦਰਜਨਾਂ ਤੋਂ ਵੱਧ ਨਾਮ ਹਨ। ਇਨ੍ਹਾਂ ਦੇ ਪੈਰੋਕਾਰਾਂ ਵਿੱਚ ਅੱਯਾਸ਼ ਤੰਤਰ-ਪੂਜਕਾਂ ਤੇ ਵਾਮ-ਮਾਰਗੀਆਂ ਦੀ ਭਰਮਾਰ ਹੈ।

4) ਪੁਰਾਣਾਂ ਦੀਆਂ ਮਿਥਿਹਾਸਕ ਕਹਾਣੀਆਂ ਉਤੇ ਆਧਾਰਤ ਵੱਖ ਵੱਖ ਦੇਵ ਤੇ ਦੇਵੀਆਂ ਦੀ ਸ਼ਕਤੀ-ਪੂਜਾ ਨੇ ਹਿੰਦੂ ਸਮਾਜ ਦੀ ਯੱਕ-ਜਹਿਤੀ ਨੂੰ ਵੱਡੀ ਹਾਨੀ ਪਹੁੰਚਾਈ ਹੈ। ਇਸ ਨਾਲ ਹਿੰਦੀਆਂ ਦਾ ਆਸ਼ਾ, ਇਸ਼ਟ, ਉਪਾਸ਼ਨਾ ਅਤੇ ਖਾਣ, ਪੀਣ, ਪਹਿਚਾਣ, ਸਭ ਵੱਖ ਵੱਖ ਹੋ ਗਿਆ। ਇਸ ਦੇ ਫਲ-ਸਰੂਪ ਕਈ ਵੇਰ ਇਕ ਅੱਲਾਹ (ਰੱਬ) ਦੀ ਤੌਹੀਦ-ਪ੍ਰਸਤੀ ਵਾਲਿਆਂ ਦੀ ਥੋੜੀ, ਅਥਵਾ, ਮੁੱਠੀ ਭਰ ਫੌਜ ਨੇ ਹੀ ਇਸ ਦੇਸ਼ ਦੀ ਦੌਲਤ ਲੁੱਟੀ ਤੇ ਅਣਖ ਇੱਜ਼ਤ ਤੇ ਆਬਰੂ ਨਾਲ ਖਿਲਵਾੜ ਕੀਤਾ।

ਦੁੱਖ ਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਹਿੰਦੀ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਇਸ ਵਹਿਮ, ਭਰਮ ਤੇ ਅੰਧ-ਵਿਸ਼ਵਾਸ਼ ਤੋਂ ਮੁਕਤ ਨਹੀਂ ਹੋ ਸਕੇ। ਮਿਥਿਹਾਸਕ ਤੇ ਕਾਲਪਨਿਕ ਧਾਰਾਨਾਵਾਂ ਦੀ ਜਿਲ੍ਹਣ ਵਿੱਚ ਧਸਦੇ ਜਾ ਰਹੇ ਹਨ।

ਜਿਹੜੇ ਸਿੱਖ ਆਪਣੇ ਸਤਿਗੁਰਾਂ ਦੇ ਆਸ਼ੇ ਦੀ ਅਵੱਗਿਆ ਕਰਕੇ ਅੱਜ ਵੀ, ਕਿਸੇ ਨਾ ਕਿਸੇ ਸ਼ਕਲ ਵਿਚ, ਮਿਥਿਹਾਸਕ ਦੇਵੀ ਸ਼ਕਤੀ ਅਥਵਾ ਬਿਪਰਨ ਕੀ ਰੀਤ ਨੂੰ ਮੰਨਦੇ ਹਨ, ਉਹਨਾਂ ਦੀ ਗੁਰੂ ਵੱਲ ਸਨਮੁਖਤਾਈ ਬਾਰੇ ਕੀ ਆਖਿਆ ਜਾਵੇ?

ਅੰਤਿਕਾ

ਭਾਈ ਕਾਨ੍ਹ ਸਿੰਘ ਜੀ (ਨਾਭਾ) ਨੇ "ਗੁਰਮਤਿ ਮਾਰਤੰਡ" (ਛਾਪਕ ਸ਼੍ਰੋ ਗੁ ਪ੍ਰਬੰਧਕ ਕਮੇਟੀ, ਅੰਮ੍ਰਿਤਸਰ) ਦੇ ਪੰਨਾ 587 ਤੋਂ 600 ਤੱਕ, ਦੇਵੀ ਦੇਵਤਿਆਂ ਦੀ ਅਸਲੀਅਤ ਤੇ ਪੂਜਾ ਆਦਿ ਬਾਰੇ, ਵੱਡੀ ਖੋਜ ਤੇ ਬੇਬਾਕੀ ਨਾਲ ਗੁਰਮਤਿ ਦਾ ਦ੍ਰਿਸ਼ਟੀਕੋਣ ਬਿਆਨ ਕੀਤਾ ਹੈ। ਉਸ ਵਿੱਚ, ਅਤਿ ਸੰਖੇਪ ਵਾਕਫ਼ੀ ਪੇਸ਼ਿ ਖਿਦਮਤ ਹੈ:

**ਗੁਰਮਤਿ-ਦ੍ਰਿਸ਼ਟੀਕੋਣ:-**

1) ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਂਗਉ ਕਿਆ ਦੇਹਿ॥

ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ॥

(ਮ: ਪਹਿਲਾ, ਪੰਨਾ 637)

2) ਮਹਿਮਾ ਨ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।।

ਸੰਕਰਾ ਨਹੀ ਜਾਨਹਿ ਭੇਵ।। ਖੋਜਤ ਹਾਰੇ ਦੇਵ।।

ਦੇਵੀਆ ਨਹੀਂ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥

(ਮ: 5: ਪੰਨਾ 894)

3) ਠਾਕੁਰੁ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ।।

(ਮ: 5; ਪੰਨਾ 1138)

4) ਸਿਵ ਸਿਵ ਕਰਤੇ ਜੋ ਨਰੁ ਧਿਆਵੈ।। ਬਰਦ ਚਢੇ ਡਉਰੂ ਚਮਕਾਵੈ॥
ਮਹਾਮਾਈ ਕੀ ਪੂਜਾ ਕਰੈ। ਨਰ ਸੈ ਨਾਰਿ ਹੋਇ ਅਉਤਰੈ॥ (ਜੰਮੇ)
ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥
ਗੁਰਮਤਿ ਰਾਮ ਨਾਮ ਗਹੁ ਮੀਤਾ॥ ਪ੍ਰਣਵੈ "ਨਾਮਾ" ਇਉ ਕਹੈ ਗੀਤਾ॥

(ਭਗਤ ਨਾਮਦੇਵ ਪੰ: 874)

5) ਇਕ ਬਿਨ ਦੂਸਰ ਸੋ, ਨ ਚਿਨਾਰ। (ਸ਼ਬਦ ਹਜ਼ਾਰੇ ਸ੍ਰੀ ਦਸ਼ਮੇਸ਼ ਜੀ)

6) "ਨਾਮ ਸਭ ਦੇਵਾਂ ਦਾ ਦੇਵ ਹੈ। ਕੋਈ ਦੇਵੀ ਨੂੰ ਮਨਾਵਦਾ ਹੈ, ਕੋਈ ਸ਼ਿਵਾ ਨੂੰ ਕੋਈ ਗਣੇਸ਼ ਨੂੰ, ਕੋਈ ਦੇਵਤਿਆਂ ਨੂੰ। ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹੈਨ, ਜਿਸ ਕਰ, ਸਭ ਵਿਘਨ ਨਾਸ ਹੁੰਦੇ ਹਨ। ਤਾਂ ਤੇ, ਸਤਿਨਾਮ ਦਾ ਮੰਗਲਾਚਾਰ ਆਦਿ ਰਖਿਆ ਹੈ।" (ਭਾਈ ਮਨੀ ਸਿੰਘ ਰਚਤ: ਗਿਆਨ ਰਤਨਾਵਲੀ ਦੇ ਆਦਿ ਵਿਚ)

ਦੇਵੀ ਪ੍ਰਸੰਗ :- ਇਸ ਚੱਲੇ ਹੋਇ ਦੇਵੀ ਪ੍ਰਸੰਗ ਵਿੱਚ ਮੁਨਾਸਬ ਮਾਲੂਮ ਹੁੰਦਾ ਹੈ ਕਿ ਅਸੀਂ ਆਪਣੇ ਭਾਈਆਂ ਨਾਲ ਦੋ ਗੱਲਾਂ "ਦੇਵੀ" ਬਾਬਤ ਕਰੀਏ।

"ਪਿਆਰੇ ਗੁਰੂ ਨਾਨਕ ਪੰਥੀਓ! ਸਭ ਤੋਂ ਪਹਿਲਾਂ ਆਪ ਇਹ ਵਿਚਾਰੋ ਕਿ ਦੇਵੀ ਕੌਣ ਹੋਈ ਹੈ, ਅਤੇ ਉਸ ਨੇ ਸੰਸਾਰ ਦਾ ਕੀ ਉਪਕਾਰ ਕੀਤਾ ਹੈ। ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਉਹ ਹਿਮਾਲਯ ਦੀ ਬੇਟੀ ਸੀ, ਇਸੀ ਵਾਸਤੇ ਉਸ ਦਾ ਨਾਉਂ ਪਾਰਬਤੀ, ਗਿਰਿਜਾ ਅਤੇ ਭਵਾਨੀ ਆਦਿ ਹਨ। ਉਸ ਨੇ ਦੇਵਤਿਆਂ ਦੀ ਹਮਾਯਤ ਵਿਚ ਦੈਂਤਾਂ ਨਾਲ ਯੁੱਧ ਕੀਤਾ ਅਤੇ ਇੰਦਰ ਨੂੰ ਕਈ ਵੇਰ ਰਾਜਗੱਦੀ ਮੁੜ ਦਿੱਤੀ, ਪਰ ਇੰਦ੍ਰ ਉਹ ਦੇਵਤਾ ਹੈ ਜੋ ਸਾਰਾ ਦਿਨ ਅਪਸਰਾਂ ਦਾ ਨਾਚ ਤਮਾਸ਼ਾ ਦੇਖਦਾ ਹੋਇਆ, ਐਸ਼ ਆਰਾਮ ਨਾਲ ਸਮਾਂ ਬਿਤਾਉਂਦਾ ਹੈ। ਔਰ ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ ਜਿਸ ਦੇ ਭਜਨ ਅਤੇ ਤੱਪ ਵਿੱਚ ਵਿਘਨ ਪਾਉਣ ਵਾਸਤੇ ਇੰਦ੍ਰ ਨੇ ਲੁੱਚੀਆਂ ਤੀਮੀਆਂ ਨ ਭੇਜੀਆਂ ਹੋਣ। ਔਰ ਉਹ ਖੁਦ ਰਿਸ਼ੀਆਂ ਦੀਆਂ ਇਸਤਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ, ਜਿਹੀ ਕਿ "ਅਹੱਲਯਾ" (ਗੌਤਮ ਰਿਸ਼ੀ ਦੀ ਪਤਨੀ) ਦੀ ਕਥਾ ਹੈ। ਐਸੇ ਵਿਭਚਾਰੀ ਤੇ ਕੁਕਰਮੀ ਦੀ ਸਹਾਇਤਾ ਕਰਕੇ, ਦੇਵੀ ਨੇ ਜਗਤ ਨੂੰ ਕੀ ਸੁੱਖ ਦਿੱਤਾ ਹੈ? ਅਰ ਇੰਦ੍ਰ ਨੇ ਰਾਜ ਲੈਕੇ ਸੰਸਾਰ ਦਾ ਕਿਹੜਾ ਸੁਧਾਰ ਕੀਤਾ ਹੈ?

"ਚੇਤੇ ਰਹੇ ਕਿ ਮਿਥਿਹਾਸਕ ਅਥਵਾ ਕਾਲਪਨਿਕ ਸ਼ਕਤੀਆ ਦਾ ਮੰਨਿਆ ਜਾਂਦਾ ਉਪਕਾਰ ਵੀ ਕਾਲਪਨਿਕ ਹੀ ਹੋਵੇਗਾ। ਜਦ ਵਿਅਕਤੀ ਜਾਂ ਵਸਤੂ ਹੀ ਵਾਸਤਵਿਕ ਨਹੀਂ (ਹੋਂਦ ਰਹਿਤ) ਹੈ, ਤਾਂ ਲਾਭ ਕਿਵੇਂ ਹਕੀਕੀ ਹੋ ਸਕਦਾ ਹੈ।

# ਤੰਤੁ ਮੰਤੁ ਪਾਖੰਡੁ ਨ ਜਾਣਾ

ਜਾਦੂ-ਟੂਣਿਆਂ ਅਤੇ ਮੰਤ੍ਰਾਂ ਦੀ ਹੋਂਦ ਤੇ ਸ਼ਕਤੀ ਦਾ ਵਰਣਨ ਕਰਨ ਵਾਲੇ ਤੰਤ੍ਰ-ਸ਼ਾਸਤ੍ਰ ਅਨੁਸਾਰ; ਮੰਤ੍ਰ ਕਿਸੇ ਦੇਵੀ ਜਾਂ ਦੇਵਤੇ ਨੂੰ ਰਿਝਾਉਣ ਜਾਂ ਕਾਰਜਸਿੱਧੀ ਲਈ ਜਪਣਯੋਗ ਸ਼ਬਦ ਹੈ, ਤੰਤ੍ਰ ਤੋਂ ਭਾਵ ਜਾਦੂ-ਟੂਣੇ ਤੋਂ ਹੈ ਅਤੇ ਜੰਤ੍ਰ ਤੋਂ ਮੁਰਾਦ ਤਵੀਤ ਆਦਿ ਤੋਂ ਹੈ। ਗੁਰਮਤਿ ਨਾ ਤਾਂ ਅਜਿਹੇ ਤੰਤ੍ਰਾਂ, ਮੰਤ੍ਰਾਂ ਦੀ ਹੋਂਦ ਤੇ ਸ਼ਕਤੀ ਨੂੰ ਪ੍ਰਵਾਨ ਕਰਦੀ ਹੈ ਅਤੇ ਨਾ ਹੀ ਕਿਸੇ ਸੂਰਤ ਵਿਚ ਇਹਨਾਂ ਨੂੰ ਪ੍ਰਭੂ-ਮਿਲਾਪ ਦਾ ਵਸੀਲਾ ਮੰਨਦੀ ਹੈ। ਵੇਦਾਂ ਤੇ ਹੋਰ ਪ੍ਰਾਚੀਨ ਸੰਸਕ੍ਰਿਤ-ਸਾਹਿਤ ਵਿੱਚ, ਦੇਵੀ-ਦੇਵਤਿਆਂ ਦੀ ਕਾਲਪਨਿਕ ਹੋਂਦ ਦੇ ਨਾਲ-ਨਾਲ ਮਨੁੱਖ ਦੇ ਅੰਧਵਿਸ਼ਵਾਸ ਕਾਰਨ, ਇਹਨਾਂ ਦੀ ਮਨੌਤ ਵਿਚ ਵੀ ਵਾਧਾ ਹੁੰਦਾ ਗਿਆ। **ਜਿਥੇ ਸਭ ਤੋਂ ਪੁਰਾਣੇ ਤੇ ਪਹਿਲੇ 'ਰਿਗਵੇਦ' ਵਿੱਚ ਇਸਦਾ ਮੰਤ੍ਰ-ਭਾਗ ਭਗਤੀ ਤੇ ਸ਼ਰਧਾ ਦੀ ਉੱਤਮਤਾ ਦੇ ਉਪਦੇਸ਼ ਪ੍ਰਚਾਰਦਾ ਹੈ, ਓਥੇ ਚੌਥਾ ਤੇ ਆਖਰੀ 'ਅਥਰਵਵੇਦ' ਆਪਣੇ ਇਸ ਭਾਗ ਦੁਆਰਾ, ਜਾਦੂ-ਟੂਣਿਆਂ ਦੀਆਂ ਠੱਗੀ-ਠੋਰੀਆਂ ਰਾਹੀਂ, ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾ ਕੇ ਪਰਮਾਤਮਾ ਦੀ ਪੂਜਾ ਤੇ ਟੇਕ-ਆਸਰੇ ਤੋਂ ਦੂਰ ਲਿਜਾਂਦਾ ਹੈ।** ਸੱਭਿਅਤਾ ਅਤੇ ਵਿਗਿਆਨ ਦੀ ਪ੍ਰਗਤੀ ਹੋਣ ਦੇ ਬਾਵਜੂਦ ਇਸ ਦੇ ਅਰੂਜ਼ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਈ। ਇਸ ਸੰਬੰਧ ਵਿਚ ਅਥਰਵਵੇਦ ਬਾਰੇ ਭਾਸ਼ਾ ਵਿਭਾਗ ਪੰਜਾਬ ਵਲੋਂ ਪ੍ਰਕਾਸ਼ਿਤ "ਹਿੰਦੂ ਮਿਥਿਹਾਸ ਕੋਸ਼" (ਪੰਨਾ 540-53) ਦਾ ਬਿਆਨ ਵਾਚਣਯੋਗ ਹੈ:

"ਅਥਰਵਵੇਦ ਦਾ ਆਰੰਭ ਰਿਗਵੇਦ'' ਦੇ ਦਸਵੇਂ ਮੰਡਲ ਦੇ ਸਮੇਂ ਤੋਂ ਜਾਪਦਾ ਹੈ, ਕਿਉਂਕਿ ਮਨੂ ਨੇ ਕੇਵਲ ਪਹਿਲੇ ਤਿੰਨਾਂ ਵੇਦਾਂ ਦਾ ਹੀ ਜ਼ਿਕਰ ਕੀਤਾ ਹੈ। ਸਿੰਧ ਦੇ ਕੰਢਿਆਂ ਵਿਚਕਾਰ ਇਸ ਦੇ ਲਿਖੇ ਜਾਣ ਲਈ ਕਾਰਨ ਹਨ। ਅਥਰਵ ਵੇਦ ਦੀ ਲਿਖਤ ਦਾ ਛੇਵਾਂ ਭਾਗ ਛੰਦ-ਬੱਧ ਨਹੀਂ, ਅਤੇ ਇਹ ਭਾਗ ਰਿਗਵੇਦ ਦੀਆਂ ਰਿਚਾਵਾਂ (ਮੰਤ੍ਰਾਂ) ਵਿਚ ਮਿਲਦਾ ਹੈ, ਸੋ ਬਹੁਤਾ ਭਾਗ ਉਸ ਦੇ ਦਸਵੇਂ ਮੰਡਲ ਵਿਚੋਂ ਹੈ। ਬਾਕੀ ਦਾ ਸਾਰਾ ਵਿਸ਼ਾ-ਵਸਤੂ ਅਥਰਵਵੇਦ ਦਾ ਆਪਣਾ ਹੈ। ਰਿਚਾਵਾਂ (ਮੰਤ੍ਰਾਂ) ਦੀ ਗਿਣਤੀ 760 ਹੈ ਅਤੇ ਸਲੋਕਾਂ ਦੀ 6000 ਹੈ। ਇਸ ਭਾਗ ਵਿਚ ਦੇਵਤਿਆਂ ਨੂੰ, ਦੂਜੇ ਵੇਦਾਂ ਦੇ ਵਿਪਰੀਤ, ਆਦਰ-ਭਰਪੂਰ ਸ਼ਬਧਾ ਨਾਲ ਚਿਤ੍ਰਿਆ ਤੇ ਵਿਸ਼ਵਾਸ ਕੀਤਾ ਜਾਂਦਾ ਹੈ। ਰਾਕਸ਼ਸ ਨਾਂ ਅਧੀਨ ਦੈਂਤ ਡਰਾਉਣੇ ਪ੍ਰਾਣੀ ਹਨ, ਜਿਨ੍ਹਾਂ ਨੂੰ ਦੇਵਤੇ ਦੂਰ ਭਜਾਉਂਦੇ ਤੇ ਨਸ਼ਟ ਕਰਦੇ ਹਨ । ਦੇਵਤਿਆਂ ਦੇ ਗੁੱਸੇ ਨੂੰ ਰੋਕਣ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਉਹਨਾਂ ਦੀ ਸ਼ੁਭ ਭਾਵਨਾ ਦਾ ਪਾਤਰ ਬਣਿਆ ਜਾਂਦਾ ਹੈ। ਕਿਉਂਕਿ ਇਹਨਾਂ ਦੇਵਤਿਆਂ ਨੂੰ ਸਭ ਕਿਸਮ ਦੇ ਭੂਤਾਂ, ਪ੍ਰੇਤਾਂ ਤੇ ਪਿਸ਼ਾਚਾਂ ਦੀਆਂ ਪਦਵੀਆਂ ਤੇ ਸ਼੍ਰੇਣੀਆਂ ਦਾ ਪਤਾ ਹੈ, ਇਸ ਲਈ ਇਹ ਬਚਾਉ ਕਰ ਸਕਦੇ ਹਨ। ਉਸਤਤੀਆਂ ਦੇ ਮੰਤ੍ਰ ਜਿਹੜੇ ਪ੍ਰਾਚੀਨ ਵੇਦਾਂ ਵਿਚ ਭਗਤੀ ਦਾ ਇਕ ਸਾਧਨ ਸਨ, ਉਹ ਏਥੇ ਵਹਿਮ ਦਾ ਕਾਰਨ ਹਨ। ਅਥਰਵ ਦਾ ਸਭ ਤੋਂ ਪ੍ਰਮੁੱਖ ਗੁਣ ਇਸ ਵਿਚਲੇ ਟੂਣਿਆਂ ਦੀ ਭਰਮਾਰ ਹੈ। ਇਹਨਾਂ ਟੂਣਿਆਂ ਤੇ ਤਵੀਤਾਂ ਤੋਂ ਵੱਧ ਸ਼ਕਤੀ, ਧਨ ਦੀ ਪ੍ਰਾਪਤੀ, ਵੈਰੀ ਦਾ ਨਾਸ਼, ਪਿਆਰ ਜਾਂ ਖੇਡ ਵਿਚ ਸਫਲਤਾ, ਨਿੱਕੀਆਂ ਮਾਰੂ ਬਲਾਵਾਂ ਨੂੰ ਦੂਰ ਕਰਨਾ, ਗੰਜੀ ਖੋਪਰੀ ਉਤੇ ਵਾਲ ਉਗਾਉਣੇ ਆਦਿ ਇਹਨਾਂ ਟੂਣਿਆਂ ਦੀ ਮਾਰ ਹੇਠ

ਆ ਜਾਂਦੇ ਹਨ। ਅਥਰਵ ਪੁਰੋਹਿਤੀ ਕਿਸਮ ਤੋਂ ਬਹੁਤਾ ਲੌਕਿਕ ਕਿਸਮ ਦਾ ਹੈ। ਵੇਦਾਂ ਤੋਂ ਆਧੁਨਿਕ ਸਮੇਂ ਵਿਚਲੇ ਪਰਿਵਰਤਨ ਵਿਚ ਇਹ ਬ੍ਰਾਹਮਣਾਂ ਦੇ ਉੱਚੇ ਦੇਵਤਾਵਾਦ ਦੀ ਥਾਂ ਅਗਿਆਨੀ ਲੋਕਾਂ ਦੀ ਪੂਰਨ ਮੂਰਤੀਪੂਜਾ ਤੇ ਵਹਿਮਾਂ ਵਿਚਕਾਰਲਾ ਪੜਾ ਹੈ।"

ਉੱਪਰ ਇਹ ਲੰਮੀ ਟੂਕ ਦੇਣ ਤੋਂ ਸਾਡਾ ਭਾਵ ਇਹ ਦਰਸਾਉਣਾ ਹੈ ਕਿ ਰਿਗਵੇਦ ਦੀਆਂ ਭਗਤੀ-ਭਾਵਾਂ ਦੀਆਂ ਰਿਚਾਵਾਂ (ਵੇਦ-ਮੰਤ੍ਰਾਂ) ਦਾ ਅੰਤ ਅਥਰਵਵੇਦ ਵਿਚ ਆਖਰ ਜਾਦੂ-ਟੂਣਿਆਂ, ਵਹਿਮਾਂ ਤੇ ਅੰਧਵਿਸ਼ਵਾਸ਼ ਉਤੇ ਆ ਨਿਬੜਿਆ; ਅਤੇ ਤੰਤ੍ਰਾਂ, ਮੰਤ੍ਰਾਂ ਤੇ ਜੰਤ੍ਰਾਂ ਦਾ ਦੌਰ ਤੁਰਿਆ। ਤੰਤ੍ਰ ਵਾਮਮਾਰਗੀ ਸ਼ਾਕਤਾਂ ਦਾ ਵੱਡਾ ਹਥਿਆਰ ਤੇ ਪਤਨ ਦਾ ਕਾਰਨ ਬਣਿਆ। ਦੇਵਤਿਆਂ ਦਾ ਕੰਮ ਇਹਨਾਂ ਤੰਤ੍ਰਾਂ ਰਾਹੀਂ ਇਸਤ੍ਰੀ ਸ਼ਕਤੀ ਨੂੰ ਉੱਘਾ ਕਰਨਾ ਜਾਂ ਜਗਾਉਣਾ ਹੁੰਦਾ ਸੀ। ਫੇਰ ਉਹ ਕਾਲੀ, ਕਾਲਿਕਾ, ਦੁਰਗਾ, ਭਗਉਤੀ, ਸ਼ਿਵਾ ਤੇ ਚੰਡਿਕਾ ਜਾਂ ਚੰਡੀ ਦੇ ਨਾਉਂ ਤੇ ਰੂਪ ਹੇਠ ਦੈਂਤਾਂ ਨਾਲ ਜੁੱਧ ਕਰਦੀਆਂ ਅਤੇ ਇੰਦਰ ਆਦਿ ਦੇਵਤਿਆਂ ਦੀ ਰੱਖਿਆ ਕਰਦੀਆਂ ਸਨ।

ਵਾਸਤਵ ਵਿਚ, ਮੰਤ੍ਰ ਦਾ ਅਰਥ ਸਲਾਹ-ਮਸ਼ਵਰਾ ਹੈ, ਯੰਤ੍ਰ ਦਾ ਕਲ (ਮਸ਼ੀਨ) ਅਤੇ ਤੰਤ੍ਰ ਦਾ ਅਰਥ ਹੈ ਤੰਦ, ਕਾਰਜਰੀਤਿ ਆਦਿ। ਪਰ ਸਮਾਂ ਪਾ ਕੇ ਤਾਂਤ੍ਰਿਕਾਂ ਨੇ, ਵਿਸ਼ੇਸ਼ ਕਰਕੇ ਅਥਰਵਵੇਦ-ਕਾਲ ਵਿੱਚ, ਕਿਸੇ ਵੀ ਸ਼ਬਦ ਦੇ ਕੇਵਲ ਰਟਨ (ਜਪ) ਦਾ ਨਾਉਂ ਮੰਤ੍ਰ ਤੇ ਭੋਜ-ਪੱਤਰਾਂ (ਕਾਗਜ਼ਾਂ) ਆਦਿ ਪੁਰ ਲੇਖ ਦਾ ਨਾਉਂ ਜੰਤ੍ਰ ਅਰ ਟੂਣਿਆਂ ਦਾ ਨਾਉਂ-ਤੰਤ੍ਰ ਮਿਥ ਲਿਆ।

## ਤੰਤ੍ਰਾਂ-ਮੰਤ੍ਰਾਂ ਦੀ ਵਿਫਲਤਾ

ਡੂੰਘੀ ਨਜ਼ਰ ਤੋਂ ਵੇਖਿਆਂ ਤੇ ਨਿਰਪੱਖਤਾ ਦੇ ਤਰਾਜੂ ਨਾਲ ਤੋਲਿਆਂ ਹਰ ਹੱਕਪ੍ਰਸਤ ਇਸ ਸਿੱਟੇ ਉਤੇ ਪੁੱਜੇਗਾ ਕਿ ਵਹਿਮਾਂ-ਭਰਮਾਂ ਤੇ ਤੰਤ੍ਰਾਂ-ਮੰਤ੍ਰਾਂ ਦੇ ਅੰਧ-ਵਿਸ਼ਵਾਸ ਕਾਰਨ ਭਾਰਤ ਦੀ ਇੱਜ਼ਤ-ਆਬਰੂ ਤੇ ਖੁਸ਼ਹਾਲੀ ਨੂੰ ਬੇਹਦ ਨੁਕਸਾਨ ਪੁੱਜਦਾ ਰਿਹਾ ਹੈ। ਇਸ ਨਾਲ "ਲਮਹੋਂ ਨੇ ਖ਼ਤਾ ਖਾਈ ਥੀ, ਸਦੀਓਂ ਨੇ ਸਜ਼ਾ ਪਾਈ" ਵਾਲੀ ਹੋਣੀ ਵਰਤਦੀ ਰਹੀ ਹੈ। ਕੌਣ ਨਹੀਂ ਜਾਣਦਾ ਕਿ ਬਗਦਾਦ ਦੇ ਖਲੀਫਾ ਨੇ ਨੌਜਵਾਨ ਮੁੰਹਮਦ-ਬਿਨ-ਕਾਸਿਮ ਨੂੰ ਕੇਵਲ 700 ਸਿਪਾਹੀ ਦੇ ਕਿ ਸਿੰਧ ਦੇ ਰਾਜੇ ਦਾਹਿਰ ਨੂੰ ਫ਼ਤਿਹ ਕਰਨ ਲਈ ਭੇਜਿਆ। ਘਮਸਾਨ ਦੀ ਜੰਗ ਹੋਈ; ਪ੍ਰੰਤੂ ਬ੍ਰਾਹਮਣਾਂ ਨੇ, ਜੋ ਬੋਧੀ ਰਾਜ ਦੇ ਵਿਰੁੱਧ ਸਨ, ਵੈਰੀ ਨੂੰ ਇਹ ਭੇਤ ਦੱਸ ਦਿੱਤਾ ਕਿ ਜੇ ਕਿਤੇ ਰਾਜੇ ਦਾ ਝੰਡਾ ਨੀਵਾਂ ਕਰ ਦਿੱਤਾ ਜਾਵੇ ਤਾਂ ਰਾਜਾ ਉਸੇ ਵੇਲੇ ਹਥਿਆਰ ਸੁੱਟ ਦੇਵੇਗਾ। ਝੰਡਾ ਨੀਵਾਂ ਹੋਇਆ ਤੇ ਇਸ ਵਹਿਮ ਕਾਰਨ ਰਾਜੇ ਨੂੰ ਹਾਰ ਹੋਈ। ਅੱਠਵੀਂ ਸਦੀ ਵਿੱਚ ਭਾਰਤ ਦੀ ਧਰਤੀ ਉਤੇ ਬਾਹਰਲਿਆਂ ਦੀ ਇਹ ਪਹਿਲੀ ਫ਼ਤਿਹ ਸੀ।

ਅੱਜ ਤੋਂ ਤਕਰੀਬਨ ਇੱਕ ਹਜ਼ਾਰ ਸਾਲ ਪਹਿਲਾਂ ਸੋਮਨਾਥ (ਗੁਜਰਾਤ) ਉਤੇ ਮਹਮੂਦ ਗਜ਼ਨਵੀ ਨੇ ਹਮਲਾ ਕੀਤਾ। ਉਸ ਦਾ ਟਾਕਰਾ ਕਰਨ ਦੀ ਥਾਂ ਰਾਜੇ ਨੂੰ ਇਹ ਭਰੋਸਾ ਦਿੱਤਾ ਗਿਆ ਕਿ ਤੰਤ੍ਰਾਂ-ਮੰਤ੍ਰਾਂ ਦੇ ਬਲ ਨਾਲ ਗਜ਼ਨਵੀਂ ਦੀ ਫ਼ੌਜ਼ ਨੂੰ ਤਬਾਹ ਕਰ ਦਿੱਤਾ ਜਾਵੇਗਾ। ਪਰ ਜਦ ਹਮਲਾਆਵਰ ਬਿਨਾ ਰੋਕ-ਟੋਕ ਅੱਗੇ ਵੱਧਦਾ ਗਿਆ ਤਾਂ ਉਸ ਨੂੰ ਬੁਤਾਂ ਦੇ ਵਜ਼ਨ ਦਾ ਸੋਨਾ ਆਦਿ ਦੀ ਪੇਸ਼ਕਸ਼ ਕੀਤੀ ਗਈ, ਜਿਸ ਨੂੰ ਮਹਮੂਦ

ਨੇ ਇਹ ਆਖ ਕੇ ਠੁਕਰਾ ਦਿੱਤਾ ਕਿ "ਮੈਂ ਬੁੱਤਸ਼ਿਕਨ ਹਾਂ, ਬੁੱਤਫਰੋਸ਼ ਨਹੀਂ," ਅਤੇ ਹਮਲਾ ਕਰਕੇ ਸਾਰੇ ਬੁੱਤ ਵੀ ਤੋੜ ਦਿੱਤੇ ਅਤੇ ਉਹਨਾਂ ਵਿਚਲਾ ਸਾਰਾ ਸੋਨਾ ਹੀ ਨਹੀਂ ਸਗੋਂ ਇਸੱਤ੍ਰੀਆਂ ਦੀ ਇੱਜ਼ਤ-ਆਬਰੂ ਵੀ ਲੁੱਟੀ ਤੇ ਬਾਂਦੀਆ ਬਣਾ ਕੇ ਨਾਲ ਵੀ ਲੈ ਗਿਆ।

ਦੇਸ਼ ਦੀ ਸੁਤੰਤਰਤਾ ਮਗਰੋਂ ਅਤੇ ਵਿਦਿਆ ਦੇ ਪ੍ਰਸਾਰ ਨਾਲ ਤੰਤ੍ਰਾਂ-ਮੰਤ੍ਰਾਂ ਤੇ ਵਹਿਮਾਂ-ਭਰਮਾਂ ਦਾ ਪ੍ਰਭਾਵ ਘਟਣ ਦੀ ਆਸ ਬੱਝੀ ਸੀ ਪਰ ਫਿਲਮਾਂ ਤੇ ਟੀ ਵੀ ਸੀਰੀਅਲਾਂ ਦੀ ਕਿਰਪਾ ਨਾਲ ਹੋ ਇਸ ਦੇ ਉਲਟ ਰਿਹਾ ਹੈ। ਹੁਣ ਤਾਂ ਇਸ ਦੇਸ਼ ਦੀਆਂ ਪੱਥਰ ਦੀਆਂ ਮੂਰਤੀਆਂ ਵੀ ਦੁੱਧ ਪੀਣ ਲੱਗ ਪਈਆਂ ਹਨ। ਰਾਖੇ ਐਸ਼-ਇਸ਼ਰਤ ਦੀ ਗੂੜ੍ਹੀ ਨੀਂਦਰੇ ਸੁਤੇ ਪਏ ਹਨ। ਮਾਇਆ ਦਾ ਰਾਜ ਹੈ। ਰੱਬ ਖ਼ੈਰ ਕਰੇ!

## ਗੁਰਮਤਿ ਤੰਤ੍ਰਾਂ-ਮੰਤ੍ਰਾਂ ਦਾ ਖੰਡਨ ਕਰਦੀ ਹੈ:

ਜਿਹਾ ਕਿ ਲੇਖ ਦੇ ਆਦਿ ਵਿਚ ਸੰਕੇਤ ਦਿੱਤਾ ਗਿਆ ਹੈ, ਗੁਰਮਤਿ ਵਿਚ ਤੰਤ੍ਰਾਂ, ਮੰਤ੍ਰਾਂ ਤੇ ਜੰਤ੍ਰਾਂ ਦਾ ਪੂਰਨ ਨਿਖੇਪ ਹੈ। ਪਰ ਬੇਹਦ ਅਫ਼ਸੋਸ ਤੇ ਸ਼ਰਮ ਦਾ ਬਾਇਸ ਹੈ ਕਿ ਗੁਰਬਾਣੀ ਨਿੱਤ ਪੜ੍ਹਨ ਤੇ ਸੁਣਨ ਵਾਲੇ ਅਨੇਕ ਸਿੱਖ ਭਾਈ ਆਪ ਸ਼ਰਧਾ-ਪੂਰਵਕ ਪੁਸਤਕਾਂ ਰੱਚ ਕੇ ਤੰਤ੍ਰਾਂ, ਮੰਤ੍ਰਾਂ ਤੇ ਜੰਤ੍ਰਾਂ ਨੂੰ ਭੁਲੇਖੇ ਵਿਚ ਸਤਿ ਕਰਕੇ ਪ੍ਰਵਾਨਦੇ ਅਤੇ ਮੰਤ੍ਰਾਂ ਦੇ ਜਪ ਦੀ ਗਿਣਤੀ, ਆਸਨ ਤੇ ਇਸ ਦੇ ਵੱਖ-ਵੱਖ ਫਲ ਦੱਸਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ ਅਤੇ ਇਸ ਤਰ੍ਹਾਂ ਗੁਰਮੁਖ ਗਾਡੀਰਾਹ (ਗੁਰੂ ਨਾਨਕ ਨਿਰਮਲ ਪੰਥ) ਤੋਂ ਥਿੜਕ ਕੇ ਆਪ ਹੀ ਗੁਨਾਹਗਾਰ ਨਹੀਂ ਬਣਦੇ, ਸਗੋਂ ਹੋਰਨਾਂ ਨੂੰ ਵੀ ਚੁਰਾਸੀ ਦੇ ਗੇੜ 'ਚ ਪਾਉਣ ਦਾ ਨਾ ਖਿਮਾ ਕਰਨਯੋਗ ਘੋਰ ਪਾਪ ਕਰਦੇ ਹਨ।

ਗੁਰਸਿੱਖਾਂ ਅਥਵਾ ਆਮ ਲੋਕਾਂ ਨੂੰ ਇਸ ਬਾਰੇ ਸ੍ਰੀ ਗੁਰੂ ਨਾਨਕ ਆਦਿ ਸਤਿਵਾਦੀ ਸਤਿਗੁਰਾਂ ਵਲੋਂ ਉਚਾਰੇ ਵਾਕ ਵੀਚਾਰ ਕੇ ਜਨਮ ਸਫਲਾ ਕਰਨ ਦੀ ਲੋੜ ਹੈ। ਦੋ ਬੇੜੀਆਂ ਦੀ ਸਵਾਰੀ ਕਰਕੇ ਜਾਂ ਭ੍ਰਮ-ਭ੍ਰਾਂਤੀ ਵਿੱਚ ਫੱਸ ਕੇ ਕਦੇ ਵੀ ਕੋਈ ਕੰਢੇ ਨਹੀਂ ਲੱਗਿਆ। ਸੋ ਆਓ, ਵੀਚਾਰੋ ਤੇ ਕਮਾਓ! ਉਪਕਾਰੀ ਤੇ ਪੁਗੇ ਹੋਏ ਦਰਦਮੰਦ ਗੋਬਿੰਦ ਰੂਪ ਸਤਿਗੁਰਾਂ ਜਾਂ ਮਹਾਂਪੁਰਖਾਂ ਦੇ ਅੰਮ੍ਰਿਤ ਬਚਨ, ਧੁਰੋਂ ਆਈ ਬਾਣੀ:

(ੳ) "ਅਨਿਕ ਪੁਨਹਚਰਨ ਕਰਤ ਨਹੀਂ ਤਰੈ।

ਹਰਿ ਕੋ ਨਾਮੁ ਕੋਟਿ ਪਾਪ ਪਰਹਰੈ।" (ਗਉੜੀ ਮ: 5 ਪੰਨਾ 264)

(ਨੋਟ :- ਮੰਤ੍ਰ ਸਿੱਧੀ ਵਾਸਤੇ ਜੋ ਕਰਮਕਾਂਡ ਕੀਤਾ ਜਾਵੇ, ਉਸ ਦਾ ਨਾਉਂ 'ਪੁਨਹਚਰਨ' ਹੈ, ਜਿਸਦੇ ਪੰਜ ਅੰਗ ਹਨ- ਜਪ, ਹੋਮ, ਤਰਪਣ, ਅਭਿਸ਼ੇਕ, ਬ੍ਰਾਹਮਣ ਭੋਜਨ)

(ਅ) ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ।

ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ। (ਬਿਲਾਵਲ ਮ: 5 ਪੰਨਾ 817)

(ਭਾਵ- ਜੋ ਮਨੁੱਖ ਰਾਮ ਦਾ ਨਾਮ ਜਪਦਾ ਰਹਿੰਦਾ ਹੈ, ਉਹ ਹਰ ਵੇਲੇ ਔਗੁਣਾਂ

ਤੋਂ ਸੁਚੇਤ ਰਹਿੰਦਾ ਹੈ। ਕੋਈ ਜਾਦੂ-ਟੂਣਾ ਉਸ ਉਤੇ ਅਸਰ ਨਹੀਂ ਕਰ ਸਕਦਾ ਅਤੇ ਨਾ ਹੀ ਉਸ ਨੂੰ ਬਦਨਜ਼ਰ ਲਗ ਸਕਦੀ ਹੈ।)

(ੲ) "ਤੰਤੁ ਮੰਤੁ ਪਾਖੰਡ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ।" (ਸੂਹੀ ਮ: 1 ਪੰਨਾ 766)

(ਭਾਵ-ਤੰਤ੍ਰਾਂ, ਮੰਤ੍ਰਾਂ ਦੇ ਪਖੰਡ ਨੂੰ ਮੈਂ ਨਹੀਂ ਜਾਣਦਾ, ਮੈਂ ਤਾਂ ਕੇਵਲ ਪ੍ਰਭੂ ਨੂੰ ਹਿਰਦੇ ਵਿਚ ਵਸਾਇਆ ਹੈ, ਮੇਰਾ ਮਨ ਉਸ ਦੀ ਯਾਦ ਵਿਚ ਹੀ ਗਿੱਝ ਗਿਆ ਹੈ)

(ਸ) "ਮਨਮੁਖਿ ਭਰਮਿ ਭਵੈ ਬੇਬਾਣਿ।

ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।

ਸਬਦੁ ਨ ਚੀਨੈ, ਲਵੈ ਕੁਬਾਣਿ।

ਨਾਨਕ, ਸਾਚਿ ਰਤੇ ਸੁਖੁ ਜਾਣਿ।" (ਰਾਮਕਲੀ ਮ: 1 ਪੰਨਾ 941)

(ਅਰਥਾਤ, ਮਨਮੁਖ ਲੋਕ ਭਰਮ ਦੇ ਭਟਕਾਏ ਹੋਏ ਉਜਾੜਾਂ ਵਿੱਚ ਮੰਤ੍ਰ-ਸਿੱਧੀ ਕਰਦੇ ਫਿਰਦੇ ਹਨ, ਉਹ ਕੁਰਾਹੇ ਪਏ ਮਸਾਣਾਂ ਵਿੱਚ ਵੀ ਠੱਗੀ ਖਾ ਰਹੇ ਹਨ। ਵਾਹਿਗੁਰੂ ਦਾ ਨਾਮ ਚੇਤੇ ਰੱਖਣ ਦੀ ਥਾਂ ਕਾਵਾਂ ਵਾਂਗ ਕੂੜੇ ਬੋਲ ਬੋਲਦੇ (ਕਾਂ ਕਾਂ) ਕਰਦੇ ਹਨ। ਗੁਰੂ ਨਾਨਕ ਜੀ ਆਖਦੇ ਹਨ ਕਿ ਸੁਖ ਤਾਂ ਸੱਚੇ ਨਾਮ ਨੂੰ ਜਾਨਣ ਵਿਚ ਹੈ।)

(ਹ) ਸੁਨਤ ਜਪਤ ਹਰਿਨਾਮ ਜਸੁ, ਤਾ ਕੀ ਦੂਰਿ ਬਲਾਈ।

ਮਹਾ ਮੰਤ੍ਰ ਨਾਨਕੁ ਕਥੈ, ਹਰਿ ਕੇ ਗੁਣ ਗਾਈ।"

(ਬਿਲਾਵਲ ਮ: 5 ਪੰਨਾ 814)

(ਭਾਵ- ਜੋ ਹਰੀ ਦਾ ਨਾਮ ਸੁਣਦਾ ਤੇ ਜਪਦਾ ਹੈ, ਉਸ ਦੀਆਂ ਸਭ ਬਲਾਵਾਂ ਉਸ ਤੋਂ ਦੂਰ ਰਹਿੰਦੀਆਂ ਹਨ। ਸਤਿਗੁਰੂ ਨਾਨਕ ਸਾਹਿਬ ਵਾਹਿਗੁਰੂ ਦੇ ਨਾਮ ਦਾ ਮਹਾਂਮੰਤ੍ਰ ਦੱਸਦੇ ਹੋਏ ਉਸ ਦੇ ਗੁਣ ਗਾਉਂਦੇ ਹਨ।)

(ਕ) ਭਾਈ ਗੁਰਦਾਸ ਜੀ ਤੰਤ੍ਰ-ਮੰਤ੍ਰ ਆਦਿ ਦੇ ਪਾਖੰਡ ਨੂੰ ਕਲ੍ਹਾ, (ਝਗੜੇ), ਕ੍ਰੋਧ ਅਤੇ ਵਾਦ-ਵਿਵਾਦ ਦਾ ਕਾਰਨ ਮੰਨਦੇ ਹੋਏ ਦੱਸਦੇ ਹਨ ਕਿ ਅਜਿਹੇ ਫੋਕਟ ਧਰਮੀ ਵਹਿਮਾਂ-ਭਰਮਾਂ ਵਿੱਚ ਹੀ ਗਲਤਾਨ ਹਨ:

"ਤੰਤ੍ਰ ਮੰਤ੍ਰ ਪਾਖੰਡ ਕਰਿ, ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ। ਫੋਕਟਿ ਧਰਮੀ ਭਰਮਿ ਭੁਲਾਵੈ। (ਵਾਰ 1-18)

ਕਈ ਸਿੱਖ 'ਦਸਮ ਗ੍ਰੰਥ' ਵਿਚਲੀਆਂ ਕਈ ਰਚਨਾਵਾਂ ਵਿਚੋਂ ਤੰਤ੍ਰਾਂ-ਮੰਤ੍ਰਾਂ ਦੀ ਮਨੌਤ ਦਾ ਵੱਡਾ ਆਸਰਾ ਲੈਂਦੇ ਹਨ। ਉਹਨਾਂ ਦੀ ਜਾਣਕਾਰੀ ਲਈ ਹੇਠਾਂ ਸ੍ਰੀ ਦਸ਼ਮੇਸ਼ ਜੀ ਦੀ ਆਪਣੀ ਰਚਿਤ ਬਾਣੀ ਵਿਚੋਂ ਸੰਖੇਪਤਾ ਹਿਤ ਕੇਵਲ ਇਕ-ਦੋ ਪ੍ਰਮਾਣ ਦਿੱਤੇ ਜਾ ਰਹੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਮੇਲ ਖਾਂਦੇ ਅਤੇ ਗੁਰੂਆਂ ਦੇ ਇਕ ਜੋਤਿ ਤੇ ਜੁਗਤਿ ਵਾਲੇ ਹੋਣਾ ਸਿੱਧ ਕਰਦੇ ਹਨ :-

"ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ ਆਵਈ।" (ਅਕਾਲ ਉਸਤਤ, 165)

ਜੰਤ੍ਰਾਂ, ਤੰਤ੍ਰਾਂ ਤੇ ਮੰਤ੍ਰਾਂ ਨਾਲ ਪਰਮਾਤਮਾ ਵੱਸ ਨਹੀਂ ਹੁੰਦਾ, ਸਗੋਂ ਪ੍ਰੇਮ ਨਾਲ ਪ੍ਰਾਪਤ ਹੁੰਦਾ ਹੈ:

"ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭੁ ਪਾਇਓ।" (ਸਵੈਯੇ , ਪਾ: 10)

**ਵਾਹਿਗੁਰੂ ਗੁਰਮੰਤ੍ਰ ਹੈ:**

ਜਿਵੇਂ ਕਿ ਸਪੱਸ਼ਟ ਕਰ ਚੁਕੇ ਹਾਂ ਕਿ ਗੁਰਮਤਿ ਮੰਤ੍ਰ ਆਦਿ ਦਾ ਖੰਡਨ ਕਰਦੀ ਹੈ, ਪਰੰਤੂ ਹਰ ਜ਼ਬਾਨ ਵਿਚ ਵਰਤੋਂ ਹੋਣ ਕਰਕੇ ਗੁਰਬਾਣੀ ਵਿਚ ਸੰਸਕ੍ਰਿਤ ਦਾ ਇਹ ਪਦ ਕਈ ਰੂਪਾਂ ਵਿਚ ਵਰਤਿਆ ਗਿਆ ਹੈ, ਹਾਲਾਂਕਿ ਸਭ ਥਾਈਂ ਇਸ ਦਾ ਅਰਥ ਗੁਰਉਪਦੇਸ਼ ਜਾਂ ਪਰਮਾਤਮਾ ਦਾ ਨਾਉਂ ਹੀ ਹੈ। ਪ੍ਰਮਾਣ ਲਈ ਵੇਖੋ

(ੳ) ਜੋ ਇਹੁ ਮੰਤੁ ਕਮਾਵੈ ਨਾਨਕ

ਸੋ ਭਉਜਲੁ ਪਾਰਿ ਉਤਾਰੀ। (ਆਸਾ ਮ 5, ਪੰਨਾ 377)

(ਭਾਵ –ਜਿਹੜਾ ਵੀ ਮਨੁੱਖ ਗੁਰਉਪਦੇਸ਼ ਵਾਹਿਗੁਰੂ ਦੀ ਕਮਾਈ ਕਰਦਾ ਹੈ, ਉਹ ਸੰਸਾਰ-ਸਾਗਰ ਤੋਂ ਪਾਰ ਲੰਘ ਜਾਂਦਾ ਹੈ।)

(ਅ) "ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ।"

(ਵਾਰ ਗੂਜਰੀ ਮ 5 ਪੰਨਾ 521)

(ਅਰਥ-ਹਰਿਨਾਮ ਰੂਪੀ ਸਤਿਗੁਰੂ ਦੇ ਸੋਹਣੇ ਮੰਤ੍ਰ/ ਉਪਦੇਸ਼ ਨੂੰ ਚੇਤੇ ਰੱਖਣ ਨਾਲ ਦੁੱਖ ਨਹੀਂ ਵਿਆਪਦਾ।)

(ੲ) "ਜਾ ਕਉ ਦਇਆ ਕਰੀ ਮੇਰੈ ਠਾਕੁਰਿ

ਤਿਨਿ ਗੁਰਹਿ ਕਮਾਨੋ ਮੰਤਾ।"

(ਧਨਾਸਰੀ ਮ: 5, ਪੰਨਾ 672)

(ਭਾਵ – ਜਿਸ ਉਤੇ ਪ੍ਰਭੂ ਨੇ ਮਿਹਰ ਕੀਤੀ, ਉਸ ਨੇ ਸਤਿਗੁਰੂ, ਕਾਮਲ ਮੁਰਸ਼ਦ ਦੇ ਉਪਦੇਸ਼ ਉਤੇ ਅਮਲ ਕੀਤਾ।)

(ਸ) "ਅਉਖਧ ਮੰਤ੍ਰ ਮੂਲ ਮਨ ਏਕੈ.... "

(ਧਨਾਸਰੀ ਮ: 5, ਪੰਨਾ 675)

(ਅਰਥ- ਹੇ ਮਨ! ਇੱਕ ਪਰਮਾਤਮਾ ਦਾ ਨਾਮ ਹੀ ਸਾਰੀਆਂ ਔਸ਼ਧੀਆ ਅਤੇ ਸਾਰੇ ਮੰਤ੍ਰਾਂ ਦਾ ਮੂਲ ਹੈ।)

(ਹ) "ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ

ਗੁਰਿ ਦੀਨੋ ਮੰਤਾਨੀ।" (ਧਨਾਸਰੀ ਮ: 5 ਪੰਨਾ 671)

(ਭਾਵ– ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਨਾਮ ਹੀ ਅਮੋਲਕ ਹੀਰਾ ਹੈ, ਇਹ ਨਾਮ–ਮੰਤ੍ਰ ਸਤਿਗੁਰੂ ਹੀ ਦੇਂਦਾ ਹੈ।)

(ਕ) "ਹਰਿ ਹਰਿ ਤੰਤੁ ਮੰਤੁ ਗੁਰਿ ਦੀਨਾ

ਇਹੁ ਸੁਖੁ ਨਾਨਕ ਅਨਦਿਨੁ ਚੀਨਾ।" (ਆਸਾ ਮ :5 ਪੰਨਾ 386)

(ਅਰਥ– ਸਤਿਗੁਰੂ ਨੇ ਮੈਨੂੰ ਹਰੀ ਨਾਮ ਰੂਪੀ ਤੰਤ੍ਰ–ਮੰਤ੍ਰ ਦਿੱਤਾ ਹੈ, ਜਿਸ ਨੂੰ ਰਾਤ ਦਿਨ ਸਿਮਰ ਕੇ ਸੁਖ ਅਨੰਦ ਮਾਣਦਾ ਹਾਂ।)

ਉਪਰਲੇ ਪ੍ਰਮਾਣਾਂ ਵਿਚ ਅਸਾਂ ਵੇਖਿਆ ਹੈ ਕਿ ਸਤਿਗੁਰਾਂ ਨੇ ਬਾਣੀ ਵਿਚ ਕੇਵਲ ਹਰੀ ਨਾਮ ਨੂੰ ਮੰਤ੍ਰ ਮੰਨਿਆ ਅਤੇ ਕਵਿਤਾ ਦੀਆਂ ਮਾਤ੍ਰਾਂ ਤੇ ਰਵਾਨੀ ਕਾਰਨ ਇਸ ਨੂੰ ਕਈ ਰੂਪਾਂ ਵਿਚ ਵਰਤਿਆ ਹੈ, ਜਿਵੇਂ– ਮੰਤ੍ਰ, ਮੰਤ੍ਰੜਾ, ਮੰਤਾ, ਮੰਤਾਨੀ, ਮੰਤੁ ਆਦਿ। ਪਰ ਤੰਤ੍ਰ ਸ਼ਾਸਤ੍ਰ ਅਨੁਸਾਰ ਮਿਥੇ ਗਏ ਮੰਤ੍ਰ ਦੇ ਸੰਕਲਪ ਦੀ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ।

ਅੰਤ ਵਿਚ ਸਾਗਰ ਨੂੰ ਗਾਗਰ ਵਿੱਚ ਬੰਦ ਕਰਨਦੀ ਮਿਸਾਲ ਅਨੁਸਾਰ ਸਾਰੇ ਮਜ਼ਮੂਨ ਦਾ ਸਾਰ ਭਾਈ ਗੁਰਦਾਸ ਜੀ ਦੇ ਇਹਨਾਂ ਸ਼ਬਦਾਂ ਨਾਲ ਸਿੱਖ ਮਨਾਂ ਵਿਚ ਪਰਪੱਕ ਕਰਨ ਦਾ ਤਰਲਾ ਮਾਰਦੇ ਹਾਂ:

**(ੳ) "ਸਤਿਗੁਰ ਚਰਨ ਸਰਨਿ ਨਿਹਕਾਮ ਧਾਮ**

**ਸੇਵਕੁ ਨ ਆਨ ਦੇਵ ਸੇਵ ਕੀ ਨ ਪ੍ਰੀਤਿ ਹੈ।**

**ਸਤਿਗੁਰ ਸ਼ਬਦੁ ਸੁਰਤਿ ਲਿਵ ਮੂਲ ਮੰਤ੍ਰ**

**ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ।" (ਕਬਿੱਤ 183)**

ਅਰਥਾਤ, ਸਤਿਗੁਰੂ ਦੇ ਚਰਨਾਂ ਦੀ ਸ਼ਰਨ ਵਿਚ ਆਉਣ ਮਗਰੋਂ ਗੁਰਸਿੱਖ ਘਰ–ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰਕ ਕਾਮਨਾਵਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਫੇਰ ਉਹ ਗੁਰਚਰਨਾਂ ਤੋਂ ਇਲਾਵਾ ਹੋਰ ਕਿਸੇ ਦੇਵੀ–ਦੇਵਤੇ ਦੀ ਸੇਵਾ 'ਚ ਪ੍ਰੀਤ ਨਹੀਂ ਰਖਦਾ। ਗੁਰਸਿੱਖ ਕੇਵਲ ਗੁਰਸ਼ਬਦ ਵਿਚ ਸੁਰਤੀ ਦੀ ਲਿਵ ਜੋੜ ਕੇ ਹਰਿਨਾਮ ਰੂਪੀ ਮੂਲ ਮੰਤ੍ਰ ਦਾ ਅਭਿਆਸ ਕਰਦੇ ਹਨ, ਕਿਉਂਕਿ ਸਿੱਖਾਂ ਨੂੰ ਹੋਰ ਕਿਸੇ ਵੀ ਚਮਤਕਾਰੀ ਜਾਦੂ–ਟੂਣੇ ਜਾਂ ਲਫ਼ਜ਼ਾਂ ਦਾ ਅਸਰ ਵਿਖਾਉਣ ਵਾਲੇ ਮੰਤ੍ਰ ਆਦਿ ਦੀ ਕੋਈ ਪ੍ਰਤੀਤਿ ਨਹੀਂ ਹੁੰਦੀ ।

(ਅ) "ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ

ਸਹੈ ਜਮਡੰਡ ਧ੍ਰਿਗ ਜੀਵਨੁ ਸੰਸਾਰ ਹੈ। (ਕਬਿੱਤ 467)

ਭਾਵ – ਜੇ ਕੋਈ ਗੁਰੂ ਦਾ ਸਿੱਖ ਹੋ ਕੇ, ਕਿਸੇ ਹੋਰ ਦੇਵੀ–ਦੇਵਤੇ ਦੀ ਸੇਵਾ ਦੀ ਵੀ ਓਟ ਫੜਦਾ ਹੈ ਤਾਂ ਉਸਨੂੰ ਮਰਨ ਮਗਰੋਂ ਜਮਡੰਡ ਯਾਨੀ ਜਨਮ–ਮਰਨ ਦੇ ਗੇੜ ਦਾ ਦੁਖ ਸਹਾਰਨਾ ਪੈਂਦਾ ਹੈ ਅਤੇ ਪਿਛੋਂ ਇਸ ਸੰਸਾਰ ਵਿਚ ਵੀ ਉਸ ਦਾ ਜੀਵਨ ਧਿੱਕਾਰਯੋਗ ਹੋ ਜਾਂਦਾ ਹੈ। (ਵੇਖੋ, ਕਿੱਡਾ ਸਪੱਸ਼ਟ ਤੇ ਕਰੜਾ ਫਰਮਾਨ ਹੈ।)

# ਬਚਿਤ੍ਰ ਨਾਟਕ ਦਾ "ਰੱਬ"

ਜਿੰਨਾਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ, ਨਿਆਰੇ, ਸਰਲ, ਸਾਦੇ ਤੇ ਵਿਸ਼ਵਵਿਆਪੀ ਸੱਚ ਧਰਮ ਉਤੇ ਮੁਹਕਮ ਯਕੀਨ ਵਾਲੇ ਸਿੱਖ ਤੇ ਹੋਰ ਹੱਕਪ੍ਰਸਤ ਲੋਕ ਸ਼ਰਧਾ-ਭਾਵਨਾ ਤੇ ਭਗਤੀ-ਭਾਵ ਰਖਦੇ ਹਨ; ਉਤਨਾ ਹੀ ਬਿਪਰ-ਸੰਸਕਾਰਾਂ ਵਿਚ ਗ੍ਰੱਸੇ ਭੁੱਲੜ ਤੇ ਮਾਇਆਧਾਰੀ ਸਿੱਖ ਅਥਵਾ ਗੈਰ-ਸਿੱਖ ਬਿਪਰ ਸੰਸਕਾਰੀ ਤੇ ਕਰਮ-ਕਾਂਡੀ ਲੋਕ ਗਲਤ ਤੇ ਬੇਬੁਨਿਆਦ ਲਿਖਤਾਂ ਰਾਹੀਂ ਇਸਨੂੰ ਗੰਦਲਾ ਕਰਨ ਲਈ ਟਿੱਲ ਲਾ ਰਹੇ ਹਨ। ਛਾਪੇਕਾਰਾਂ ਦਾ ਮਕਸਦ ਤਾਂ ਕੇਵਲ ਮਾਇਆ ਹੈ। ਉਹਨਾਂ ਦਾ ਦੀਨ ਧਰਮ ਬਸ ਇਹੀ ਹੈ। ਕਿਸੇ ਵੀ ਤਖ਼ਤ ਜਾਂ ਗੁਰਦੁਆਰਾ ਕਮੇਟੀ ਦਾ ਉਹਨਾਂ ਨੂੰ ਭੈ ਨਹੀਂ। ਸੰਤ ਸਮਾਜ ਦਾ ਕੁਝ ਭਾਗ ਅਸਲੀ ਰਹੁਰੀਤ ਦੇ ਨਾਂ ਉਤੇ, ਸ਼ੁਭ, ਹੱਕੀ ਤੇ ਗੁਰਮਤਿ ਆਸ਼ੇ ਦੀਆਂ "ਰੀਤਾਂ-ਰਸਮਾਂ ਤੇ ਰਹਿਤ-ਬਹਿਤ" ਦਾ ਡੱਟਵਾਂ ਵਿਰੋਧ ਕਰ ਰਿਹਾ ਹੈ। ਇਨ੍ਹਾਂ ਨੇ ਰਲ-ਮਿਲ ਕੇ ਆਪਣੇ ਹਾਨੀਕਾਰਕ ਜਤਨਾਂ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ। ਉਦਾਹਰਣ ਵਜੋਂ ਸਾਰੇ 'ਦਸਮ ਗ੍ਰੰਥ' ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਤ ਮੰਨ ਕੇ, ਤੇ "ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ" ਦਾ ਨਾਂ ਰੱਖ ਕੇ ਤੇ ਸਟੀਕ ਛਾਪ ਕੇ, ਗੁਰਤਾਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਅਮਰ, ਅਖੰਡ ਤੇ ਵਿਸ਼ਵ-ਵਿਆਪੀ ਸਿਧਾਂਤਾਂ ਨਾਲ ਟਕਰਾਅ ਪੈਦਾ ਕਰ ਦਿੱਤਾ ਹੈ। ਇਹ ਮਾਨਵਤਾ ਤੇ ਵਿਸ਼ੇਸ਼ ਕਰਕੇ ਗੁਰਮਤਿ ਨਾਲ ਵੱਡਾ ਧੱਕਾ ਤੇ ਧਰੋਹ ਹੈ। ਉਦਾਹਰਣ ਵਜੋਂ "ਬਚਿਤ੍ਰ ਨਾਟਕ" ਵਿੱਚ ਬਾਰ-ਬਾਰ "ਕਾਲ" ਨੂੰ ਹੀ ਅਕਾਲ ਪੁਰਖ ਵਾਹਿਗੁਰੂ ਵਾਲੀ ਸਰਬ-ਸਮਰਥਾ ਤੇ ਕਰਤਾ-ਧਰਤਾ ਵਾਲੀ ਪਦਵੀ ਦੇ ਰੱਖੀ ਹੈ। ਸ਼ਾਕਤ 'ਮਹਾਂਕਾਲ' ਦੇ ਭਿਆਨਕ ਰੂਪ ਨੂੰ ਬਿਆਨ ਕਰਦਿਆਂ ਲੱਜਾ, ਆਦਰ ਤੇ ਹਕੀਕਤ ਦਾ ਕਿਤੇ ਨਿਸ਼ਾਨ ਤੱਕ ਨਹੀਂ। ਵੇਖੋ ਕੁੱਝ ਨਮੂਨੇ:-

(ੳ) ਡਮਾ ਡੰਮ ਡਉਰੂ, ਸਿਤਾ ਸੇਤ ਛਤ੍ਰੰ।

ਹਾਹਾ ਹੂਹ ਹਾਸੰ, ਝਮਾ ਝੰਮ ਅਤ੍ਰੰ। (19, ਅਧਿਆਇ।)

(ਅਰਥ-ਮਹਾਂਕਾਲ ਦੇ ਹੱਥ ਵਿੱਚ ਫੜੇ ਡਉਰੂ ਦਾ ਡੰਮ-ਡੰਮ ਸ਼ਬਦ ਹੋ ਰਿਹਾ ਹੈ, ਉਸ ਦੇ ਸਿਰ ਉਤੇ ਡੱਬ-ਖੜੱਬਾ ਛਤ੍ਰ ਹੈ, ਉਹ ਮੁਖੋਂ ਹਾ-ਹਾ-ਹੂ ਕਰਕੇ ਹੱਸ ਰਿਹਾ ਹੈ।)

(ਅ) ਸੁਭੰ ਜੀਭ ਜੁਆਲੰ। ਸੁ ਦਾੜ੍ਹਾ ਕਰਾਲੰ। (33, ਅਧਿਆਇ।)

(ਕਾਲ ਦੀ ਜੀਭ ਅੱਗ ਵਾਂਗ ਸੋਭ ਰਹੀ ਹੈ ਤੇ ਉਸ ਦੀਆਂ ਦਾੜ੍ਹਾਂ ਬੜੀਆਂ ਭਿਆਨਕ ਹਨ।)

ਨੋਟ:- ਹਿੰਦੂ ਮਿਥਿਹਾਸ ਕੋਸ਼ (ਭਾਸ਼ਾ ਵਿਭਾਗ) ਅਨੁਸਾਰ 'ਮਹਾਂਕਾਲ' ਸ਼ਿਵਜੀ ਦੇ ਹੀ ਤਿੰਨ ਦਰਜਨਾਂ ਤੋਂ ਵਧੀਕ ਨਾਵਾਂ ਵਿਚੋਂ ਇੱਕ ਨਾਂ ਹੈ।

(ੲ) ਫੇਰ ਉਸੇ ਕਰੂਰ ਤੇ ਲੰਮੀਆਂ ਦਾੜ੍ਹਾਂ ਵਾਲੇ ਕੁਰੂਪ ਮਹਾਂਕਾਲ ਦਾ ਸ਼ਾਕਤ ਕਵੀ ਸ਼ਿਆਮ ਵਲੋਂ ਸੁੰਦਰ ਰੂਪ ਇਉ ਬਿਆਨ ਕੀਤਾ ਗਿਆ ਹੈ:

"ਘਟਾ ਸਾਵਣੰ ਜਾਨ ਸਿਆਮੰ ਸੁਹਾਯੰ।

ਮਣੀ ਨੀਲ ਨਗਿਯੰ ਲਖੰ ਸੀਸ ਨਿਆਯੰ।

ਮਹਾ ਸੁੰਦਰ ਸਿਆਮੰ ਮਹਾ ਅਭਿਰਾਮੰ।

ਮਹਾ ਰੂਪ ਰੂਪੰ, ਮਹਾ ਕਾਮ ਕਾਮੰ" (59, ਅਧਿਆਇ।)

(ਭਾਵ– ਹੇ ਪ੍ਰਭੂ (ਕਾਲ)! ਸਾਵਣ ਦੀਆਂ ਕਾਲੀਆਂ ਘਟਾਂ ਵਾਂਗ ਸੁੰਦਰ ਤੇਰਾ ਸਰੀਰ ਹੈ, ਜਿਸ ਨੂੰ ਵੇਖ ਕੇ ਨੀਲੀਆਂ ਮਣੀਆਂ ਵਾਲੇ ਪਰਬਤਾਂ ਨੇ ਆਪਣੇ ਸਿਰ ਝੁਕਾ ਦਿੱਤੇ ਹਨ। ਤੇਰਾ ਸ਼ਿਆਮ ਰੰਗ ਬੜਾ ਮਨਮੋਹਨਾ ਹੈ। ਤੂੰ ਵੱਡੇ ਤੋਂ ਵੱਡੇ ਰੂਪ ਵਾਲਾ ਤੇ ਕਾਮ ਦਾ ਵੀ ਕਾਮ ਹੈਂ।)

ਚੂੰਕਿ ਮਹਾਂਕਾਲ ਦਾ ਸ਼ਸਤਰਾਂ ਤੇ ਭੋਗ-ਬਿਲਾਸ (ਪੰਜਾਂ ਮਕਾਰਾਂ-ਮਾਸ, ਮੱਛੀ, ਮੈਥੁਨ, ਮਦਿਰਾ, ਮੁਦ੍ਰਾ) ਨਾਲ ਚੋਲੀ-ਦਾਮਨ ਦਾ ਸਾਥ ਹੈ, ਸੋ ਮਹਾਂਕਾਲ ਦਾ ਭਗਤ "ਸ਼ਯਾਮ ਕਵੀ" ਹਰ ਸ਼ਸਤਰ ਨੂੰ ਕਿਉਂ ਨਮਸਕਾਰ ਕਰਦਾ ਹੈ:

"ਜਿਤੇ ਸ਼ਸਤ੍ਰ ਨਾਮੰ। ਨਮਸਕਾਰ ਤਾਮੰ।

ਜਿਤੇ ਅਸਤ੍ਰ ਭੇਯੰ। ਨਮਸਕਾਰ ਤੇਯੰ। (91, ਅਧਿਆਇ 1)

ਦੇਸ਼ ਭਰ ਵਿੱਚ ਕੇਵਲ ਉਜੈਨ ਵਿਖੇ ਮਹਾਂਕਾਲ ਦਾ ਮੰਦਰ ਹੈ, ਜਿਥੇ ਭਿਆਨਕ ਤੇ ਘਿਣਾਉਣੀ ਮੂਰਤੀ ਪੂਜਾ ਲਈ ਸਥਾਪਤ ਹੈ।

ਪ੍ਰੰਤੂ, ਗੁਰੂ ਸਾਹਿਬਾਨ ਦਾ ਪਰਮਾਤਮਾ ਤਾਂ– 'ਸਦਾ ਰੰਗੀਲਾ ਲਾਲੁ ਪਿਆਰਾ' (ਪੰਨਾ 761), ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ।। ਮਹਾ ਅਨੰਦ ਮੰਗਲ ਰੂਪ, ਤੁਮਰੇ ਬਚਨ ਅਨੂਪ ਰਸਾਲ।।" (ਪੰਨਾ 680), 'ਅਤਿ ਸੁੰਦਰ ਮਨਮੋਹਨ ਪਿਆਰੇ ਸਭ ਹੂ ਮਧਿ ਨਿਰਾਰੇ' (ਪੰਨਾ 534), 'ਸਤਿ ਸੁਹਾਣੁ ਸਦਾ ਮਨਿ ਚਾਉ (ਜਪੁ ਜੀ), 'ਤੇਰੇ ਬੰਕੇ ਲੋਇਣ ਦੰਤ ਰੀਸਾਲਾ। ਸੋਹਣੇ ਨਕ ਜਿਨ ਲੰਮੜੇ ਵਾਲਾ। ਕੰਚਨ ਕਾਇਆ ਸੁਇਨੇ ਕੀ ਢਾਲਾ।' (ਪੰਨਾ 566)-ਵਾਲਾ ਹੈ।

ਲਓ ਜੀ, ਕਰੋ ਐਸੇ ਸੁੰਦਰ ਮਨਮੋਹਨ, ਰਮਈਆ ਦਾ ਟਾਕਰਾ, ਲੰਮੀਆਂ ਦਾੜ੍ਹਾਂ ਤੇ ਘਿਣਾਉਣੇ ਰੂਪ ਵਾਲੇ ਮਹਾਂਕਾਲ ਨਾਲ। ਸਤਿਗੁਰੂ ਦਾ ਪਰਮਾਤਮਾ ਤਾਂ ਮਿੱਠੜਾ, ਮੀਤ, ਅਨੰਦਮਈ ਤੇ ਭਗਤ-ਵਛਲ ਹੈ; ਡਰਾਉਣਾ ਨਹੀਂ। ਉਹ ਸ਼ਿਵਜੀ ਦੇ ਸੰਘਾਰਕਾਰੀ ਰੂਪ ਤੇ ਭਿਆਨਕ ਮਹਾਂਕਾਲ (ਜੋ ਮਹਜ਼ ਇੱਕ ਪੁਰਾਣਿਕ ਮਿੱਥ ਹੈ) ਵਾਂਗ ਕਲਪਨਾ ਨਹੀਂ, ਸਗੋਂ ਸਤਿਸਰੂਪ ਹੈ । ਪ੍ਰਭੂ ਹੀ ਅਕਾਲ ਤੇ ਕੇਵਲ ਅਕਾਲ ਹੈ । ਇਹ ਸੱਚਾਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਿ ਮੂਲ ਮੰਤ੍ਰ ਵਿੱਚ ਹੀ ਉਸਨੂੰ 'ਅਕਾਲ ਮੂਰਤਿ' ਲਿਖ ਕੇ ਪ੍ਰਗਟ ਕਰ ਦਿੱਤੀ ਹੈ। ਆਪਣੇ ਦਸਵੇਂ ਸਰੂਪ ਵਿੱਚ ਉਹ ਅਕਾਲ ਤੇ ਕਾਲ ਨੂੰ ਖਲਤ-ਮਲਤ ਕਿਵੇਂ ਕਰ ਸਕਦੇ ਹਨ। ਇਸ ਦੀ ਪ੍ਰੋੜ੍ਹਤਾ ਹਿਤ ਕੁੱਝ ਕੁ ਪ੍ਰਮਾਣ ਹਾਜ਼ਰ ਹਨ :-

(ੳ) ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥

ਤੂ ਪੁਰਖੁ ਅਲੇਖ ਅਗੰਮ ਨਿਰਾਲਾ॥ (ਮ: 1 ਪੰਨਾ 1038)

(ਅ) ਆਦਿ ਅਜੋਨਿ ਅਜੈ ਅਬਿਨਾਸ਼ੀ,

ਤਿਹ ਪਰਮੇਸ਼ਰ ਜਾਨੋ॥ (ਪਾਤਿਸ਼ਾਹੀ 10)

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਾਹਿਗੁਰੂ ਨੂੰ ‘ਅਕਾਲ’ ਤਾਂ ਬਾਰ-ਬਾਰ ਲਿਖਿਆ ਹੈ, ਪਰ ‘ਕਾਲ’ ਨੂੰ ਰੱਬ ਦੇ ਅਰਥਾਂ ਵਿੱਚ ਕਿਤੇ ਨਹੀਂ ਲਿਖਿਆ ਮਿਲਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ‘ਜਾਪੁ ਸਾਹਿਬ’ ਵਿੱਚ ਪਰਮਾਤਮਾ ਨੂੰ ਦਸ-ਬਾਰ੍ਹਾਂ ਵੇਰ ‘ਅਕਾਲ’ ਜਾਂ ‘ਕਾਲ’ ਤਾਂ ਲਿਖਿਆ ਹੈ, ਪਰ ਕਾਲ ਅਤੇ ਉਹ ਵੀ ਪ੍ਰਭੂ ਦੇ ਅਰਥਾਂ ਵਿਚ ਕਿਤੇ ਇਕ ਵੇਰ ਵੀ ਨਹੀਂ ਲਿਖਿਆ। ਖਾਲਸੇ ਨੂੰ ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਅਤੇ ਦੀਦਾਰ ਖਾਲਸੇ ਦਾ ਕਰਨ ਦੀ ਆਗਿਆ ਹੈ।

ਮਹਾਂਕਾਲ : - ਮਹਾਂਕਾਲ, ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਤ ‘ਹਿੰਦੂ ਮਿਥਿਹਾਸ ਕੋਸ਼’ (ਜੌਨ ਡਾਉਸਨ) ਅਨੁਸਾਰ, ਸ਼ਿਵਜੀ ਦਾ ਹੀ ਇੱਕ ਨਾਂ ਅਤੇ ਡਰਾਉਣਾ ਰੂਪ ਹੈ। ਸ਼ਕਤੀ ਦੇ ਉਪਾਸ਼ਕ ਇਸ ਨੂੰ ਸੁਤੰਤਰ ਪਰਮਾਤਮਾ, ਨਿਰੰਕਾਰ, ਅਜੂਨੀ, ਸਵੈਂਭੂ (ਸ਼ੰਭੂ), ਨਿਰਾਲਮ, ਸ੍ਰਿਸ਼ਟੀ ਕਰਤਾ ਤੇ ਹਰਤਾ, ਨਿਰਬਿਕਾਰ, ਨਿਰਲੰਭ ਆਦਿ ਸਭ ਕੁੱਝ ਓਹੀ ਮੰਨਦੇ ਹਨ, ਜੋ ਆਸਤਕ ਲੋਕ, ਖ਼ਾਸ ਕਰਕੇ ਗੁਰੂ ਦੇ ਸਿੱਖ ੴ ਵਾਹਿਗੁਰੂ ਅਕਾਲ ਪੁਰਖ ਨੂੰ ਮੰਨਦੇ ਹਨ (ਤੇ ਪੂਜਦੇ ਹਨ)। ਇਸ ਦਾ ਵਧੇਰੇ ਸਬੂਤ ਵੇਖਣਾ ਹੋਵੇ ਤਾਂ ਵਾਚੋ “ਤ੍ਰੀਆ ਚਰਿਤ੍ਰੋਪਾਖਿਆਨ” ਨੰਬਰ 404 (ਅੰਤਲੇ ਚਰਿਤ੍ਰ) ਦਾ 82 ਵੇਂ ਛੰਦ ਤੇ 99 ਵੇਂ ਛੰਦ ਵਾਲਾ ਭਾਗ। ਜਦ ਦੂਲਹ ਦੇਵੀ, ਸ਼ਵਾਸਬੀਰਜ ਦੈਂਤ ਨਾਲ ਆਪੋਂ ਛੇਤੀ ਜੰਗ ਵਿੱਚ ਹਾਰ ਹੁੰਦੀ ਵੇਖ ਕੇ, ਮਹਾਂਕਾਲ ਅਗੇ ਸਹਾਇਤਾ ਲਈ ਪ੍ਰਾਰਥਨਾ ਕਰਦੀ ਹੈ, ਤਾਂ ਓਥੇ ਇਹ ਸਾਰੇ ਵਿਸ਼ੇਸ਼ਣ ਮਹਾਂਕਾਲ ਨੂੰ ਸੰਬੋਧਨ ਕਰਕੇ ਵਰਤੇ ਗਏ ਹਨ।

ਸੋ, ਕਿਸੇ ੴ ਵਾਹਿਗੁਰੂ ਅਕਾਲਪੁਰਖ ਦੇ ਪੁਜਾਰੀ ਨੂੰ ਐਨਾ ਵੱਡਾ ਧੋਖਾ ਨਹੀਂ ਖਾਣਾ ਚਾਹੀਦਾ ਕਿ ਦਸਮ ਗ੍ਰੰਥ ਵਿੱਚ ਕਿਤੇ ਵੀ ਵਰਤੇ ਸ਼ਬਦ “ਕਾਲ” ਜਾਂ “ਮਹਾਂਕਾਲ” ਤੋਂ ਭਾਵ ਵਾਹਿਗੁਰੂ ਹੀ ਹੈ। ਸ਼ਕਤੀ, ਸ਼ਿਵ ਜਾਂ ਮਹਾਂਕਾਲ ਦੇ ਪੁਜਾਰੀ ਸ਼ਯਾਮ ਕਵੀ ਨੇ ਆਪਣੇ ਸ਼ੈਵ ਮੱਤ ਨੂੰ ਸਿੱਖਾਂ ਵਿੱਚ ਫੈਲਾਉਣ ਲਈ ਹੋਰ ਵੀ ਐਸੇ ਕਈ ਹਥਕੰਡੇ ਵਰਤੇ ਹਨ, ਅਤੇ ਅਸੀਂ ਹਾਂ ਕਿ ਉਸ ਦੇ ਇਸ ਬਿਪਰ-ਜਾਲ ਵਿੱਚ ਫੱਸ ਕੇ ਸਾਰੇ “ਦਸਮ ਗ੍ਰੰਥ” ਨੂੰ ਸ੍ਰੀ ਦਸਮ ਗੁਰੂ ਜੀ ਦੀ ਕ੍ਰਿਤ ਮੰਨਕੇ ਇਸ ਨੂੰ ‘ਦਸਵੇਂ ਪਾਤਿਸ਼ਾਹ ਕਾ ਗ੍ਰੰਥ’, ‘ਦਸਮ ਗ੍ਰੰਥ’ ਤੇ ਹੁਣ “ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ’ ਮੰਨਣ ਤਕ ਪਹੁੰਚ ਗਏ ਹਾਂ। ਐਸੀਆਂ ਅਪ੍ਰਮਾਣੀਕ ਲਿਖਤਾਂ ਨੂੰ ਗੁਰਬਾਣੀ ਤੁੱਲ ਪਰਵਾਣ ਕੇ ਸਿੱਖ ਤਰੱਕੀ ਕਰਨਗੇ ਜਾਂ ਤਰੁਟੀ? ਅਕਾਲ ਪੁਰਖ ਦੀ ਪੂਜਾ ਕਰਨਗੇ ਕਿ ਕੁਫ਼ਰ ਤੋਲਣਗੇ?

(ਨੋਟ - ਚੇਤੇ ਰਹੇ ਕਿ “ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ” ਲਫਜ਼ ਕੇਵਲ ‘ਬਚਿਤ੍ਰ ਨਾਟਕ’ ਸਿਰਲੇਖ ਦੇ 14 ਅਧਿਆਵਾਂ ਦੇ ਹੇਠ 14 ਵਾਰ ਹੀ ਨਹੀਂ ਆਉਂਦੇ ਸਗੋਂ ਇਹ 67 ਵੇਰ ਕ੍ਰਿਸ਼ਨਾਵਤਾਰ, 19 ਵੇਰ ਰਾਮਾਵਤਾਰ ਆਦਿ ਪ੍ਰਸੰਗਾਂ ਹੇਠ, ਅਤੇ ਕੁਲ ਦਸਮ ਗ੍ਰੰਥ ਵਿੱਚ 151 ਵੇਰ ਆਉਂਦੇ ਹਨ। ਇਸ ਤਰ੍ਹਾਂ ਇਸ ਦਾ ਪਹਿਲੇ-ਪਹਿਲ “ਬਚਿਤ੍ਰ

ਨਾਨਕ" ਗ੍ਰੰਥ ਨਾਂ ਪੈ ਜਾਣਾ ਕੁਦਰਤੀ ਸੀ।)

ਸਿਸ਼ਟੀ ਰਚਨਾ:- ਇੱਕ ਅਕਾਲ ਪੁਰਖੀ ਸਤਿਗੁਰਾਂ ਦੀ ਹਰ ਮਨੌਤ ਪੂਰਨ ਪ੍ਰਭੂ ਦੀ ਪਰਮ ਕਰਤਾਰੀ ਸ਼ਕਤੀ ਦੇ ਗਿਰਦ ਹੀ ਘੁੰਮਦੀ ਹੈ। ਉਹ ਨਾ ਕੇਵਲ ਇੱਕ ਅਕਾਲ ਪੁਰਖ ਨੂੰ ਕੁਲ ਕਾਯਨਾਤ, ਦਿਸਦੀ ਤੇ ਅਣਦਿਸਦੀ, ਦਾ ਕਰਤਾ ਹੀ ਮੰਨਦੇ ਹਨ; ਸਗੋਂ ਇਸ ਦਾ ਜ਼ਹੂਰ ਵਿੱਚ ਆ ਜਾਣਾ ਇੱਕ ਨੇਤਰ ਫੋਰ ਦਾ ਕ੍ਰਿਸ਼ਮਾ ਵੀ। ਜਪੁ ਸਾਹਿਬ ਵਿੱਚ ਸਪੱਸ਼ਟ ਇਸ਼ਾਰਾ ਹੈ ਕਿ- "ਕੀਤਾ ਪਸਾਉ, ਏਕੋ ਕਵਾਉ" (ਪ੍ਰਭੂ ਨੇ ਇਹ ਸਾਰਾ ਪਸਾਰਾ ਇੱਕ ਵਾਕ ਅਥਵਾ ਹੁਕਮ ਦੁਆਰਾ ਹੋਂਦ ਵਿੱਚ ਲਿਆਂਦਾ) ਅਤੇ ਜਪੁ ਜੀ ਵਿਚਲਾ "ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ" ਵਾਲਾ ਸੱਚ ਵੀ ਇਨਸਾਨ ਨੂੰ ਜਾਣ ਲੈਣਾ ਯੋਗ ਹੈ। ਸੋ ਗੁਰਮਤਿ ਅਨੁਸਾਰ ਇਹ ਸ੍ਰਿਸ਼ਟੀ ਰਚਨਾ ਥੋੜ੍ਹੀ-ਥੋੜ੍ਹੀ ਕਰਕੇ ਕਿਸ਼ਤਾਂ ਵਿੱਚ ਨਹੀਂ ਬਣੀ। ਇਕ ਸੁਘੜ ਸ਼ਾਇਰ ਦਾ ਇਹ ਕਥਨ ਵੀ ਵੱਡਾ ਸੱਚ ਤੇ ਸਾਰਥਕਤਾ ਰੱਖਦਾ ਹੈ:

"ਕੁਨ ਕੇ ਕਹਿਨੇ ਸੇ ਹੂਆ, ਆਲਮ ਬਪਾ।"

(ਮਹਾਨ ਕੋਸ਼ ਅਨੁਸਾਰ; ਕੁਨ ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ- ਹੋ ਜਾ! ਅਰਬੀ ਫ਼ਾਰਸੀ ਦੇ ਵਿਦਵਾਨਾਂ ਨੇ ਲਿਖਿਆ ਹੈ ਕਿ ਕਰਤਾਰ ਨੇ 'ਕੁਨ' ਆਖਿਆ ਅਤੇ ਦੁਨੀਆ ਬਣ ਗਈ।)

ਸ੍ਰੀ ਗੁਰੂ ਅਰਜਨ ਦੇਵ ਜੀ ਨੇ "ਸੁਖਮਨੀ ਸਾਹਿਬ" ਵਿੱਚ ਇਸ ਸੱਚ ਨੂੰ ਇਉਂ ਦੁਹਰਾਇਆ ਤੇ ਦ੍ਰਿੜ੍ਹਇਆ ਹੈ;

"ਹਰਨ ਭਰਨ ਜਾ ਕਾ ਨੇਤ੍ਰ ਫੋਰ।" (ਮ :5 ਸੁਖਮਨੀ ਸਾਹਿਬ)

(ਭਾਵ- ਖੋਹ ਲੈਣਾ ਤੇ ਦੇਣਾ, ਅਥਵਾ ਵਿਨਾਸ਼ ਕਰਨਾ ਤੇ ਰਚਣਾ, ਜਿਸ ਅਕਾਲ ਪੁਰਖ ਵਾਹਿਗੁਰੂ ਦੇ ਅੱਖ ਦੇ ਇਸ਼ਾਰੇ ਨਾਲ ਹੁੰਦਾ ਹੈ।)

ਆਓ ਹੁਣ ਵੇਖੀਏ, ਪਰਖੀਏ ਤੇ ਪੜਚੋਲੀਏ ਕਿ "ਕਾਲ ਜੀ, ਮਹਾਂਕਾਲ ਅਥਵਾ ਉਹਨਾਂ ਦੇ ਰੱਬ (ਜੋ ਉਹਨਾਂ ਤੋਂ ਸਿਵਾਏ ਹੋਰ ਕੋਈ ਨਹੀਂ, ਕਿਉਂਕਿ ਉਹ ਆਪ ਹੀ ਸ੍ਰਿਸ਼ਟੀ ਰਚਨਾ ਦੇ ਕਰਤਾ-ਧਰਤਾ ਹਨ) ਨੇ ਇਹ ਦੁਨੀਆ ਕਿਵੇਂ ਰਚੀ :-

ਪਹਿਲਾ ਬ੍ਰਿਤਾਂਤ (ਆਧਿਆਇ ਦੂਜਾ) :

"ਪ੍ਰਿਥਮ ਕਾਲ ਜਬ ਕਰਾ ਪਸਾਰਾ।

ਓਅੰਕਾਰ ਤੇ ਸ੍ਰਿਸ਼ਟੀ ਉਪਾਰਾ।

ਕਾਲਸੈਣ (ਵਿਸ਼ਨੂ) ਪ੍ਰਥਮੈ ਭਯੋ ਭੂਪਾ।

ਅਧਿਕ ਅਤੁਲ ਬਲਿ ਰੂਪ ਅਨੂਪਾ।" (10, ਅਧਿ 2)

ਏਥੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਓਅੰਕਾਰ ਰਾਹੀਂ ਪਸਾਰਾ ਕਰਨ ਵਾਲਾ 'ਕਾਲ' ਹੈ, ਨਾ ਕਿ ਓਅੰਕਾਰ।(ਇਹ ਵਰਨਣ ਗੁਰਮਤਿ ਦੇ ਸੌ ਫ਼ੀਸਦੀ ਉਲਟ ਤੇ ਵਿਰੁੱਧ ਹੈ।) ਕਾਲਸੈਣ (ਵਿਸ਼ਨੂ) ਨਾਂ ਦਾ ਰਾਜਾ ਸਭ ਤੋਂ ਪਹਿਲਾਂ ਉਤਪੰਨ ਹੋਇਆ

ਜੋ ਬੜਾ ਬਲਵਾਨ ਤੇ ਸੁੰਦਰ ਸਰੂਪ ਵਾਲਾ ਸੀ।

(ਨੋਟ- ਅੱਗੇ ਸੰਖੇਪ ਦੀ ਖ਼ਾਤਰ ਕਵਿਤਾ ਦਾ ਕੇਵਲ ਅਰਥ-ਅਨੁਵਾਦ ਹੀ ਦਿੱਤਾ ਜਾ ਰਿਹਾ ਹੈ।)

‘ਉਸ ਤੋਂ ਅੱਗੇ ਦੂਜਾ ਰਾਜਾ ਕਾਲਕੇਤ (ਬ੍ਰਹਮਾ) ਹੋਇਆ। ਫੇਰ ਕਰੂਰਬਰਸ (ਸ਼ਿਵ ਜੀ) ਅਤੇ ਚੌਥਾ ਰਾਜਾ ਕਾਲਧੁਜ (ਪ੍ਰਜਾਪਤੀ) ਪ੍ਰਗਟ ਹੋਇਆ, ਜਿਸ ਤੋਂ ਸੰਸਾਰ ਦੀ ਬਹੁਤ ਰਚਨਾ ਹੋਈ।” (11 ਵਾਂ ਛੰਦ) (ਨੋਟ ਕਰੋ ਜੀ!)

“ਜਿਸ ਪ੍ਰਭੂ (ਕਾਲਸੈਣ, ਵਿਸ਼ਨੂ) ਦੇ ਹਜ਼ਾਰਾਂ ਨੇਤਰ ਸੋਭ ਰਹੇ ਹਨ, ਹਜ਼ਾਰਾਂ ਪੈਰ ਹਨ ਤੇ ਜੋ ਸ਼ੇਸ਼ਨਾਗ ਉਤੇ ਸੌਂਦਾ ਹੈ, ਉਸ ਸ਼ੇਸ਼-ਸੇਜ ਤੇ ਸੌਣ ਵਾਲੇ ਨੇ ਆਪਣੇ ਕੰਨ ਵਿਚੋਂ ਮੈਲ ਕੱਢੀ। ਜਿਸ ਮੈਲ ਤੋਂ ਮਧੂ ਤੇ ਕੀਟਭ ਨਾਂ ਦੇ ਦੈਂਤਾਂ ਨੇ ਜਨਮ ਲਿਆ। ਦੂਜੇ ਕੰਨ ’ਚੋ ਕੱਢੀ ਮੈਲ ਨਾਲ ਸ੍ਰਿਸ਼ਟੀ ਬਣਾ ਦਿੱਤੀ। ਫੇਰ ਆਪ ਪੈਦਾ ਕੀਤੇ ਮਧੂ ਤੇ ਕੀਟਭ ਰਾਖਸ਼ਾਂ ਨਾਲ ਵਿਸ਼ਨੂ ਨੇ ਜੁੱਧ ਕੀਤਾ ਅਤੇ ਉਹਨਾਂ ਨੂੰ ਮਾਰਕੇ ਉਹਨਾਂ ਦੀ ਚਰਬੀ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ, ਉਹ ਚਰਬੀ ਹੀ ਸਹਿਜੇ-ਸਹਿਜੇ ਧਰਤੀ ਬਣ ਗਈ। (ਛੰਦ 12-14)”, (ਪਤਾ ਕਰਨ ਵਾਲੀ ਗੱਲ ਹੈ ਕਿ ਓਅੰਕਾਰ ਤੋਂ ਪਹਿਲਾਂ ਬਣੀ ਦੁਨੀਆ ਕਿਧਰ ਗਈ ਅਤੇ ਉਹ ਸ੍ਰਿਸ਼ਟੀ, ਧਰਤੀ ਤੋਂ ਖਾਲੀ, ਇੰਨਾ ਚਿਰ ਹਵਾ ਵਿਚ ਹੀ ਲਟਕਦੀ ਰਹੀ?)

**ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ (ਅਧਿਆਇ 6) :-**

ਸ੍ਰਿਸ਼ਟੀ ਰਚਨਾ ਬਾਰੇ ਅਕਾਲ ਪੁਰਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਇਉਂ ਫੁਰਮਾਇਆ :-

1) ਜਬ ਪਹਿਲੇ ਹਮ ਸ੍ਰਿਸ਼ਟੀ ਬਨਾਈ।

ਦਈਤ (ਦੈਂਤ) ਰਚੇ ਦੁਸ਼ਟ ਦੁਖਦਾਈ।

ਤੇ ਭੁਜਬਲ ਬਵਰੇ ਹਵੈ ਗਏ।

ਪੂਜਤ ਪਰਮ ਪੁਰਖ ਰਹਿ ਗਏ। (ਛੰਦ 6)

ਟਿਪਣੀ- ਜਦੋਂ ਅਕਾਲ ਪੁਰਖ ਪਹਿਲਾਂ ਆਪ ਰਚੇ ਹੀ ਦੈਂਤ ਤਾਂ, ਉਹਨਾਂ ਤੋਂ ਪੂਜਾ ਦੀ ਆਸ ਰਖਣਾ ਕਿਧਰ ਦੀ ਸਿਆਣਪ ਜਾਂ ਅਕਾਲ ਪੁਰਖੀ ਕਰਤੱਵ ਹੈ?

2) ਫੇਰ ਉਹਨਾਂ ਨੂੰ ਅਸਾਂ (ਅਕਾਲਪੁਰਖ ਨੇ) ਕਰੋਪਵਾਨ ਹੋ ਕੇ, ਛਿਨ ਵਿੱਚ ਨਸ਼ਟ ਕਰ ਦਿੱਤਾ ਅਤੇ ਉਹਨਾਂ ਦੀ ਥਾਂ ਦੇਵਤੇ ਰੱਚ ਦਿੱਤੇ। (ਛੰਦ 7) ਪਰ ਉਹ ਦੇਵਤੇ ਵੀ ਆਪਣੀ ਪੂਜਾ ਕਰਾਉਣ ਵਿੱਚ ਹੀ ਉਲਝ ਗਏ।

ਟਿਪਣੀ - ਜਦ ਸਾਰੇ ਕਿਤੇ ਦੇਵਤੇ ਹੀ ਦੇਵਤੇ ਸਨ ਤਾਂ ਉਹ ਕਿਸ ਤੋਂ ਆਪਣੀ ਪੂਜਾ ਕਰਾਉਣ ਵਿੱਚ ਉਲਝ ਗਏ? ਇਹ ਗੱਲ ਬਚਿਤ੍ਰ-ਨਾਟਕ ਦੇ ਅਕਾਲ ਪੁਰਖ ਨੇ ਸਪਸ਼ਟ ਨਹੀਂ ਕੀਤੀ।

3) ਫੇਰ, ਮਹਾਂਦੇਵ (ਸ਼ਿਵ ਜੀ), ਵਿਸ਼ਨੂ ਤੇ ਬ੍ਰਹਮਾ ਨੇ ਵੀ ਆਪਣੇ ਆਪ ਨੂੰ ਪਰਮੇਸ਼ਰ ਠਹਿਰਾ ਲਿਆ, ਭਾਵ ਇਸ ਅਕਾਲ ਪੁਰਖ (ਮਹਾਂਕਾਲ) ਨੂੰ ਭੁਲਾ ਦਿੱਤਾ। (ਛੰਦ 8)

4) ਫੇਰ ਇਸ "ਅਕਾਲ ਪੁਰਖ" ਨੇ ਇੱਕ ਹੋਰ ਤਜ਼ਰਬਾ ਕੀਤਾ। ਪ੍ਰਿਥਵੀ, ਧਰੁਵ, ਚੰਦ੍ਰਮਾ, ਸੂਰਜ, ਅਗਨੀ, ਪਵਨ ਆਦਿਕ ਅੱਠ ਸਾਖੀ (ਗਵਾਹ) ਬਣਾਏ ਜੋ ਜੀਵਾਂ ਦੇ ਕਰਮਾਂ ਦੀ ਗਵਾਹੀ ਦੇਣ, ਪਰ ਉਹ ਵੀਰ ਆਪਣੀ ਪੂਜਾ ਕਰਾਉਣ ਲਗ ਪਏ। (ਛੰਦ 9)

5) ਜਦ ਇਹ ਵੀ ਪ੍ਰਭੂ ਤੋਂ ਬਾਗੀ ਹੋ ਗਏ ਤਾਂ ਉਸ ਨੇ ਮਨੁੱਖ ਰਚੇ, ਪਰ ਉਹ ਵੀ ਮਮਤਾ ਵੱਸ ਪੱਥਰਾਂ ਨੂੰ ਪਰਮੇਸ਼ਰ ਮੰਨਣ ਲਗ ਪਏ। (ਛੰਦ 13)

6) ਮਨੁੱਖਾਂ ਤੋਂ ਵੀ ਨਿਰਾਸ ਹੋ ਕੇ ਫੇਰ ਹਰੀ ਨੇ ਵੱਡੀਆਂ ਸਿੱਧੀਆਂ ਵਾਲੇ ਸਿੱਧਾਂ ਨੂੰ ਬਣਾਇਆ, ਪਰ ਉਹਨਾਂ ਸਭਨਾਂ ਨੇ ਵੀ ਆਪਣੇ-ਆਪਣੇ ਪੰਥ ਚਲਾ ਲਏ। (ਛੰਦ 14)

7) ਫੇਰ ਪ੍ਰਭੂ ਨੇ ਰਿਸ਼ੀ, ਮੁਨੀ, ਬਣਾਏ, ਪਰ ਉਹਨਾਂ ਨੇ ਆਪੋ-ਆਪਣੀਆਂ ਸਿਮ੍ਰਿਤੀਆਂ ਤੇ ਸ਼ਾਸਤਰਾਂ ਦੀ ਰਚਨਾ ਕਰ ਲਈ ਤੇ ਪਰਮੇਸ਼ਰ ਦਾ ਤਿਆਗ ਕਰ ਦਿੱਤਾ।(17, ਅਧਿ 6)

8) ਫੇਰ ਬ੍ਰਹਮਾ ਨੇ ਚਾਰ ਵੇਦ ਬਣਾ ਲਏ ਤੇ ਸਾਰਿਆਂ ਨੂੰ ਇਹਨਾਂ ਦੇ ਕਰਮ-ਕਾਂਡ ਵੱਲ ਲਾ ਦਿੱਤਾ। (ਛੰਦ 19)

9) ਇਧਰੋਂ ਨਿਰਾਸ਼ ਹੋ ਕੇ ਫੇਰ ਹਰੀ ਨੇ ਦੱਤਾਤ੍ਰੇਯ ਨੂੰ ਪੈਦਾ ਕੀਤਾ, ਪਰ ਉਸਨੇ ਵੀ ਆਪਣਾ ਹੀ ਪੰਥ ਚਲਾ ਲਿਆ। (ਛੰਦ 23)

10) ਫੇਰ ਗੋਰਖ ਨੂੰ ਪੈਦਾ ਕੀਤਾ, ਉਸ ਨੇ ਵੀ ਆਪਣਾ ਮੱਤ ਚਲਾ ਕੇ ਵੱਡੇ-ਵੱਡੇ ਰਾਜਿਆਂ ਨੂੰ ਆਪਣੇ ਚੇਲੇ ਬਣਾ ਲਿਆ, ਕੰਨ ਪਾੜ ਕੇ ਮੁੰਦਰਾਂ ਪਾ ਦਿੱਤੀਆਂ ਤੇ ਹਰੀ-ਰੀਤ ਛੱਡ ਦਿੱਤੀ। (ਛੰਦ 24)

11) ਫੇਰ ਰਾਮਨੰਦ ਨੂੰ ਪੈਦਾ ਕੀਤਾ। ਉਸਨੇ ਵੀ ਬੈਰਾਗੀ ਭੇਸ ਬਣਾ ਲਿਆ, ਆਪਣੇ ਭਗਤਾਂ ਦੀ ਗਲੀਂ ਲੱਕੜ ਦੀ ਮਾਲਾ ਪਵਾ ਦਿੱਤੀ ਤੇ ਪ੍ਰਭੂ ਦੀ ਕ੍ਰਿਯਾ ਨਾ ਚਲਾਈ। (ਛੰਦ 25)

(ਨੋਟ :- ਬਚਿਤ੍ਰ ਨਾਟਕ ਦੇ ਕਵੀ ਨੂੰ ਇਹ ਵੀ ਨਹੀਂ ਮਾਲੂਮ ਕਿ ਭਗਤ ਰਾਮਨੰਦ ਜੀ ਦਾ ਇਕ ਸ਼ਬਦ ਬਸੰਤ ਰਾਗ ਵਿਚ, ਪੰਨਾ 1195 ਉਤੇ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਹੈ ਜੋ ਉਹਨਾਂ ਦੇ ਪੂਰਨ ਗਿਆਨੀ ਅਤੇ ਇਕ ਅਕਾਲ-ਪ੍ਰਸਤ ਹੋਣ ਦਾ ਸੂਚਕ ਹੈ।)

12) ਫੇਰ ਪ੍ਰਭੂ ਨੇ ਮੁਹੰਮਦ ਨੂੰ ਪੈਦਾ ਕੀਤਾ ਤੇ ਅਰਬ ਦੇਸ਼ ਦਾ ਰਾਜਾ ਬਣਾ ਦਿੱਤਾ। ਉਸਨੇ ਵੀ ਆਪਣਾ ਪੰਥ (ਮਜ਼ਹਬ) ਚਲਾ ਲਿਆ ਤੇ ਸਾਰੇ ਰਾਜਿਆਂ ਦੀ ਸੁੰਨਤ ਕਰਾ ਦਿੱਤੀ। (ਛੰਦ 26-27)

(ਟਿੱਪਣੀ – ਬਚਿਤ੍ਰ ਨਾਟਕ ਦੇ ‘ਅਕਾਲ ਪੁਰਖ’ ਜਾਂ ਮਹਾਂਕਾਲ ਦੇ ਭਗਤ ਲਿਖਾਰੀ ਨੂੰ ਇਤਿਹਾਸ ਦਾ ਇੰਨਾ ਕੁ ਗਿਆਨ ਵੀ ਨਹੀਂ ਕਿ ਮੁਹੰਮਦ ਸਾਹਿਬ ਪਹਿਲਾਂ ਹੋਏ ਹਨ ਤੇ ਰਾਮਨੰਦ ਕਈ ਸਦੀਆਂ ਬਾਅਦ ਵਿਚ।)

ਅੱਗੇ ਪ੍ਰਸੰਗ ਹੈ ਕਿ ਦੁਨੀਆ ਰਚਣ ਦੇ ਐਨੇ (12 ਕੁ) ਤਜ਼ਰਬੇ ਕਰਕੇ ਫੇਰ ਮੈਨੂੰ (ਗੁਰੂ ਗੋਬਿੰਦ ਸਿੰਘ ਨੂੰ) ਅਕਾਲ-ਪੁਰਖ ਨੇ ਬੁਲਾ ਭੇਜਿਆ ਆਦਿ ਆਦਿ।

ਉਪਰੋਕਤ ਹਾਸੋ ਹੀਣੇ ਤੇ ਨਾਟਕੀ ਪ੍ਰਸੰਗ ਨੂੰ ਵਾਚਣ ਉਤੇ ਜਿਥੇ ਐਨੀ ਦੁਨੀਆਂ ਬਣਾਉਣ ਤੇ ਢਾਹੁਣ ਦੇ ਬੇਮਾਅਨੀ, ਊਲ-ਜਲੂਲ, ਮਨੋਕਲਪਤ ਤੇ ਪੁਰਾਣਿਕ ਬ੍ਰਿਤਾਂਤ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਬਿਆਨ ਕਦੀ ਉੱਤਮ-ਪੁਰਖੀ ਹੁੰਦਾ ਹੈ ਤੇ ਕਦੀ ਅਨ-ਪੁਰਖੀ। ਕਦੇ ਸ਼ਾਕਤ ਲਿਖਾਰੀ ਦਾ ਅਕਾਲਪੁਰਖ ਪ੍ਰਭੂ (ਮਹਾਂਕਾਲ) ਆਪ ਗੱਲ ਕਰਦਾ ਹੈ ਅਤੇ ਕਦੀ ਗ੍ਰੰਥ ਦਾ ਲਿਖਾਰੀ ਬੋਲਦਾ ਹੈ।

**ਸਵਾਲਾਂ ਦਾ ਸਵਾਲ :-**

ਹੁਣ ਸੁਆਲ ਇਹ ਹੈ ਕਿ ਬਚਿਤ੍ਰ ਨਾਟਕ ਅਨੁਸਾਰ, ਸ੍ਰਿਸ਼ਟੀ ਨੂੰ ਵਿਸ਼ਨੂ ਦੇ ਕੰਨ ਦੀ ਮੈਲ ਤੋਂ ਉਪਜੇ ਤੇ ਮਾਰੇ ਗਏ ਮਧੁ-ਕੈਟਭ ਦੀ ਮਿੱਝ ਤੋਂ ਬਣੀ ਮੰਨੀਏ, ਜਾਂ 12 ਕੁ ਵੇਰ ਬਣਾ-ਢਾਹ ਕੇ ਬਣੀ ਕਾਲ ਜੀ ਦੀ ਲੀਲਾ ਤੇ ਸਿਆਣਪ ਤੋਂ? ਫੇਰ ਮਧੂ-ਕੈਟਭ (ਦੈਂਤਾਂ) ਦੇ ਪੈਦਾ ਹੋਣ ਆਦਿ ਦਾ ਵੀ ਪ੍ਰਸੰਗ ਇੱਕ ਨਹੀਂ। ਜਿਵੇਂ-

ੳ) ਮਹਾਭਾਰਤ ਅਤੇ ਕਾਲਿਕਾ ਪੁਰਾਣ ਵਿੱਚ ਕਥਾ ਹੈ ਕਿ ਮਧੂ ਤੇ ਕੈਟਭ ‘ਵਿਸ਼ਨੂੰ ਦੇ ਕੰਨ ਦੀ ਮੈਲ ਤੋਂ ਉਪਜੇ, ਜਦ ਕਿ ਉਹ (ਵਿਸ਼ਨੂ) ਸੁੱਤਾ ਪਿਆ ਸੀ, ਅਤੇ ਫੇਰ ਉਹ ਦੈਂਤ, ‘ਵਿਸ਼ਨੂ ਦੇ ਨਾਭਿ-ਕੰਵਲ ਤੋਂ ਜਨਮੇਂ ਬ੍ਰਹਮਾ ਨੂੰ ਖਾਣ ਨੂੰ ਲਪਕੇ। ਇਸ ਪੁਰ ਵਿਸ਼ਨੂ ਨੇ ਦੋਹਾਂ ਨੂੰ ਮਾਰ ਦਿੱਤਾ, ਜਿਸ ਤੋਂ ਉਸਦਾ ਨਾਮ ਮਧੁਸੂਦਨ ਤੇ ਕੈਟਭਜਿੱਤ ਪ੍ਰਸਿੱਧ ਹੋਇਆ। (ਮਹਾਨ ਕੋਸ਼)

(ਨੋਟ – ਮਾਰਕੰਡੇ ਪੁਰਾਣ ਦਾ ਇਹ ਪ੍ਰਸੰਗ ਵੀ ਪ੍ਰਸਿੱਧ ਹੈ ਕਿ ਜਦ ਪੰਜ ਹਜ਼ਾਰ ਸਾਲ ਤਕ ਵਿਸ਼ਨੂ ਦੋਹਾਂ ਨਾਲ ਬਰਾਬਰ ਲੜਦਾ ਰਿਹਾ ਤਾਂ ਮਧੂ-ਕੈਟਭ ਨੇ ਉਸ ਦੀ ਬਹਾਦਰੀ ਤੋਂ ਖੁਸ਼ ਹੋ ਕੇ ਵਰ ਮੰਗਣ ਲਈ ਕਿਹਾ। ਇਸ ਪੁਰ ਵਿਸ਼ਨੂ ਨੇ ਵਰ ਵਿੱਚ ਦੋਹਾਂ ਦੇ ਸਿਰ ਮੰਗ ਲਏ, ਜੋ ਉਹਨਾਂ ਨੇ ਸੁਖਨ-ਸੂਰਮਿਆਂ ਦੀ ਤਰ੍ਹਾਂ ਉਸਦੇ ਹਵਾਲੇ ਕਰ ਦਿੱਤੇ। ਹੁਣ ਪਾਠਕ ਜਨ ਦੱਸਣ ਕਿ ਮਧੂ-ਕੈਟਭ ਤੇ ਵਿਸ਼ਨੂ ਦੋਹਾਂ ਵਿਚੋਂ ਮਹਾਨ ਕੌਣ ਹੋਇਆ? ਅਖੌਤੀ ਰਾਖਸ਼ ਕਿ ਭਗਵਾਨ ਜੀ?)

ਅ) ਹਰਿਵੰਸ਼ ਪੁਰਾਣ ਵਿੱਚ ਲਿਖਿਆ ਹੈ ਕਿ ਮਧੂ ਅਤੇ ਕੈਟਭ ਦੀ ਮਿੱਝ ਜੋ ਸਮੁੰਦਰ ਤੇ ਫੈਲੀ, ਉਸ ਤੋਂ ਪ੍ਰਿਥਵੀ ਬਣੀ ਅਰ ਮੇਦਿਨੀ ਨਾਮ ਦਾ ਮੂਲ ਭੀ ਇਹੀ ਹੈ। (ਮਹਾਨ ਕੋਸ਼, ਪੰਨਾ 947)

ੲ) ਰਾਮਾਯਣ ਵਿੱਚ ਲੇਖ ਹੈ ਕਿ ਬ੍ਰਹਮਾ ਦੀ ਕੰਨ-ਮੈਲ ਤੋਂ ਮਧੂ ਅਤੇ ਕੈਟਭ ਪੈਦਾ ਹੋਏ। ਦਸਮ ਗ੍ਰੰਥ ਵਿੱਚ ਇਸੇ ਦਾ ਅਨੁਵਾਦ ਹੈ। (ਮਹਾਨ ਕੋਸ਼, ਪੰਨਾ 947)

ਅਜਿਹੇ ਵਿਚਿੱਤਰ ਨਾਟਕ ਤੇ ਹਾਜ-ਪਾਚ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ

ਕਿਰਤ ਦੱਸਣ ਤੇ ਮੰਨਣ ਲਈ ਸਾਰਾ ਟਿੱਲ ਲਾ ਕੇ, ਕੀ ਅਸੀਂ ਦਸਵੇਂ ਗੁਰੂ ਨਾਨਕ ਦੇਵ ਜੀ ਦਾ ਰੁਤਬਾ ਬੁਲੰਦ ਕਰ ਰਹੇ ਹਾਂ? ਕੀ ਇੰਜ ਜੁਗੋ ਜੁਗ ਅਟਲ ਗੁਰੂ ਥਾਪੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਮਰ ਤੇ ਆਲਮਗੀਰੀ ਸਿਧਾਂਤਾਂ ਦੀ ਹਮਾਇਤ ਹੋ ਰਹੀ ਹੈ?

ਬਚਿਤ੍ਰ ਨਾਟਕ ਦੀ ਮਨਘੜਤ, ਵਿਚਿੱਤ੍ਰ ਤੇ ਨਾਟਕੀ ਕਿਰਤ ਬਾਰੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ :

"ਅਦਭੂਤ ਨਾਨਕ। ਅਜੀਬ ਦ੍ਰਿਸ਼-ਕਾਵਿ, 2 ਦਸਮ ਗ੍ਰੰਥ ਦਾ ਉਹ ਭਾਗ, ਜਿਸ ਵਿੱਚ 24 ਅਵਤਾਰਾਂ ਦੀ ਕਥਾ ਅਤੇ ਅਨੇਕ ਐਤਿਹਾਸਿਕ ਪ੍ਰਸੰਗ ਨਾਟਕ ਦੀ ਰੀਤਿ ਅਨੁਸਾਰ ਲਿਖੇ ਗਏ ਹਨ। 3 ਚੌਦ੍ਹਾਂ ਅਧਿਆਇ ਦਾ ਇੱਕ ਖ਼ਾਸ ਗ੍ਰੰਥ, ਜੋ ਦਸਮ ਗ੍ਰੰਥ ਵਿੱਚ ਦੇਖੀਦਾ ਹੈ, ਇਸ ਵਿੱਚ ਸ੍ਰੀ ਗੁਰੂ ਗੋਬਿੰਦ ਸਾਹਿਬ ਦਾ ਕੁਝ ਹਾਲ ਹੈ।" (ਮਹਾਨ ਕੋਸ਼, ਪੰਨਾ 1098)

(ਨੋਟ :- ਭਾਈ ਸਾਹਿਬ ਏਥੇ ਇਹ ਨਹੀਂ ਸਵੀਕਾਰਦੇ ਕਿ ਇਹ ਸ੍ਰੀ ਦਸ਼ਮੇਸ਼ ਜੀ ਦੀ ਆਪਣੀ ਰਚਨਾ ਹੈ।)

ਸੋ, ਐਸਾ ਵਿਚਿੱਤ੍ਰ ਹੈ, ਬਚਿਤ੍ਰ ਨਾਟਕ ਦਾ ਰੱਬ, ਜਿਸ ਦੀ ਮੰਨਤ-ਮਨੌਤ ਲਈ; ਗੁਰਮਤਿ-ਗਿਆਨ ਤੇ ਅੰਮ੍ਰਿਤ-ਬਾਣੀ ਦੇ ਅਮਰ ਸਿਧਾਂਤਾਂ ਦੀ ਪ੍ਰਫੁੱਲਤਾ ਦਾ ਵਿਰੋਧ ਕੀਤਾ ਗਿਆ ਹੈ। ਇਹ ਤਾਂ ਜੌਂ ਬੀਜ ਕੇ ਅੰਗੂਰਾਂ ਦੀ ਆਸ ਕਰਨ ਵਾਲੀ ਮੂਰਖਤਾ ਹੈ। ਸ਼ਿਕਵਾ ਕੌਣ ਕਰੇ ਤੇ ਕਿਸ ਉਤੇ ਕਰੇ? ਬਸ! "ਸਰਿ ਦੋਸਤਾਂ ਸਲਾਮਤ ਕਿ ਖੰਜਰ ਆਜ਼ਮਾਈ" ਵਾਲਾ ਦੁਖਾਂਤ ਘੱਟ ਰਿਹਾ ਹੈ। ਰੱਬ ਖ਼ੈਰ ਕਰੇ!

(ਸਪੋਕਸਮੈਨ ਤੋਂ ਧੰਨਵਾਦ ਸਹਿਤ)

# ਹੇਮਕੁੰਟ ਦੀ ਮਨੌਤ

'ਹੇਮਕੁੰਟ' ਦੀ ਕਥਾ ਤੇ 'ਦੁਸ਼ਟ-ਦਮਨ' ਦੀਆਂ ਨਿਰੋਲ ਮਨੋਕਲਪਤ ਕਥਾਵਾਂ ਆਪਸ ਵਿਚ ਰਲਵੀਆਂ ਤੇ ਅਨਿਖੜਵੀਆਂ ਹਨ। ਇਹਨਾਂ ਦਾ ਬਿਆਨ 'ਦਸਮ ਗ੍ਰੰਥ' ਤੇ "ਸੂਰਜ ਪ੍ਰਕਾਸ਼" ਵਿਚ ਆਏ ਪ੍ਰਸੰਗਾਂ ਨੂੰ ਮਿਲਾ ਕੇ ਸੰਪੂਰਨ ਹੁੰਦਾ ਹੈ। ਦੋਹਾਂ ਲਿਖਾਰੀਆਂ ਨੇ ਬੇਪਰ ਦੀਆਂ ਉਡਾਉਣ, ਅਣਹੋਣੀਆਂ, ਕਲਪਿਤ ਤੇ ਗੈਰ-ਵਿਗਿਆਨਕ ਗੱਪਾਂ ਘੜਨ ਵਿਚ ਕੋਈ ਕਸਰ ਨਹੀਂ ਛੱਡੀ। ਸੋ ਪਹਿਲਾਂ ਹੇਮਕੁੰਟ ਦੀ ਹੋਂਦ ਤੇ ਹਕੀਕਤ ਦੀ ਪਰਖ ਪੜਚੋਲ ਦੀ ਗੱਲ ਛੇੜਦੇ ਹਾਂ :

**ਹੇਮਕੁੰਟ:**

ਹੇਮ(ਸੰ)ਦੇ ਕੋਸ਼ਕ ਅਰਥ ਹਨ- 1) ਸਵਰਣ, ਸੋਨਾ, 2) ਧਤੂਰਾ 3) ਇਕ ਮਾਸ਼ਾ ਵਜ਼ਨ। ਪਰ "ਹੇਮਕੁੰਟ, ਹੇਮਕੁੰਡ, ਹੇਮਕੂਟ" ਦੇ ਅਰਥ ਹਨ:-

1 ਹਿਮਾਲਯ ਦੀ ਧਾਰਾ ਵਿਚ 'ਇੰਦ੍ਰ ਦਯੁਮਨ ਸਰ' ਪਾਸ ਹੇਮਕੁੰਟ ਪਰਬਤ ਹੈ, ਜਿਸ ਦਾ ਜ਼ਿਕਰ ਮਹਾਂਭਾਰਤ ਦੇ ਆਦਿ ਪਰਵ ਦੇ 119 ਵੇਂ ਅਧਿਆਇ ਵਿਚ ਆਉਂਦਾ ਹੈ।

2 ਜ਼ਿਲਾ ਰਾਜਗਿਰੀ (ਹੁਣ ਬਿਹਾਰ ਪ੍ਰਦੇਸ਼) ਦੇ ਪੰਜਾਂ ਪਹਾੜਾ ਵਿਚੋਂ ਰਤਨਗਿਰੀ ਦਾ ਨਾਉਂ ਭੀ ਹੇਮਕੁੰਟ ਹੈ।

3 ਸ਼ਕੁੰਤਲਾ ਨਾਟਕ ਦਾ ਲਿਖਾਰੀ ਕਾਲੀਦਾਸ ਹੇਮਕੁੰਟ ਪਰਬਤ ਬਾਰੇ ਆਖਦਾ ਹੈ ਕਿ ਇਹ ਪੂਰਵੀ ਤੇ ਪੱਛਮੀ ਸਮੁੰਦਰਾਂ ਵਿਚ ਡੁਬਿਆ ਹੋਇਆ ਹੈ ਅਤੇ ਸੁਨਹਿਰੀ ਪਾਣੀ ਦਾ ਸ੍ਰੋਤ ਹੈ।

ਪ੍ਰੰਤੂ, ਸ੍ਰ; ਸ਼ਮਸ਼ੇਰ ਸਿੰਘ ਅਸ਼ੋਕ, ਡਾ ਰਤਨ ਸਿੰਘ 'ਜੱਗੀ', ਡਾਕਟਰ ਕਰਤਾਰ ਸਿੰਘ 'ਬਾੜੀ' ਅਤੇ ਸ਼੍ਰੀਮਾਨ ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ ਆਦਿ ਪ੍ਰਸਿੱਧ ਵਿਦਵਾਨਾਂ ਦੀਆਂ ਹੇਮਕੁੰਟ ਦੀ ਮਨੌਤ ਬਾਰੇ ਲਿਖਤਾਂ ਅਨੁਸਾਰ ਬਚਿੱਤਰ ਨਾਟਕ ਵਿਚਲੀ ਕਥਾ- "ਅਬ ਮੈ ਅਪਨੀ ਕਥਾ ਬਖਾਨੋ" ਜੋ ਮਹਾਂਕਾਲ ਤੇ ਕਾਲਕਾ (ਮਹਾਂਕਾਲੀ) ਦੇ ਆਰਾਧਕ ਕਵੀ ਵਲੋਂ ਰਚੀ ਰਚਨਾ ਹੈ, ਖੋਜ ਕੀਤਿਆ ਸ੍ਰੀ ਦਸਮੇਸ਼ ਜੀ ਤੇ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਦੇ ਬਾਦ ਦੀ ਰਚਨਾ ਹੈ, ਜਿਚਸ ਨੂੰ ਫ਼ਰਜ਼ੀ ਤੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਂ ਨਾਲ ਜੋੜ ਲਿਆ ਗਿਆ ਹੈ। ਮਹਾਂਕਾਲ ਦੇ ਉਪਾਸਕ ਕਵੀ ਦਾ ਆਪਣੀ ਇਹ ਰਚਨਾ ਸ੍ਰੀ ਕਲਗੀਧਰ ਨਾਲ ਜੋੜਨ ਦਾ ਮਨੋਰਥ ਇਹ ਸੀ ਕਿ ਸਿੱਖ ਪੰਥ ਨੂੰ ਨਿਸ਼ਚਾ ਹੋ ਜਾਏ ਕਿ ਦਸਮ ਪਾਤਸ਼ਾਹ ਪਿਛਲੇ ਜਨਮ ਵਿਚ ਮਹਾਂਕਾਲ ਤੇ ਕਾਲਕਾ ਦੇ ਆਰਾਧਕ ਸਨ। ਐਸੀਆਂ ਹੋਰ ਕਈ ਉਦਾਹਰਣਾਂ ਹਿੰਦੂ ਪੌਰਾਣਿਕ ਸਾਹਿਤ ਵਿਚ ਵੀ ਵੱਡੀ ਗਿਣਤੀ ਵਿਚ ਅੰਕਿਤ ਹਨ, ਜਿਵੇਂ, "ਯਿਹ ਰਾਮਾਇਣ ਤ੍ਰਿਕਾਲੱਗ ਰਿਸ਼ੀ ਬਾਲਮੀਕ ਨੇ ਸ੍ਰੀ ਰਾਮ ਚੰਦਰ ਕੇ ਅਵਤਾਰ ਸੇ ਭੀ ਦਸ ਹਜ਼ਾਰ ਬਰਸ ਪਹਿਲੇ ਭਵਿਸ਼ ਬਾਣੀ ਕੇ ਰੂਪ ਮੇਂ ਉਚਾਰਣ ਕੀ ਥੀ। ਯਹੀ ਕਥਾ (ਰਾਮਾਇਣ) ਅਮਰ ਕੁੰਡ ਅਸਥਾਨ ਪਰ ਸ਼ਿਵ ਜੀ ਨੇ ਪਾਰਬਤੀ ਕੋ ਸਰਵਣ ਕਰਾਈ,

"ਇਤਿਆਦਿ। ਏਸੇ ਤਰ੍ਹਾਂ ਹੀ ਬਿਧੀ ਚੰਦ ਹਿੰਦਾਲੀਏ ਨੇ ਆਪਣੇ ਵਲੋਂ ਜਨਮ ਸਾਖੀਆਂ ਵਿਚ ਕਈ ਮਨਮਰਜ਼ੀ ਦੀਆਂ ਝੂਠੀਆਂ ਸੱਚੀਆਂ ਸਾਖੀਆਂ ਲਿਖ ਕੇ, ਇਸ ਦੀ ਪ੍ਰਮਾਣੀਕਤਾ ਦਰਸਾਉਣ ਹਿਤ ਭੂਮਿਕਾ ਵਿਚ ਇਹ ਲਿਖ ਦਿਤਾ ਕਿ ਇਹ ਸਾਖੀਆਂ ਭਾਈ ਬਾਲੇ ਨੇ ਗੁਰੂ ਅੰਗਦ ਨੂੰ ਸੁਣਾਈਆਂ ਤੇ ਪੈੜੇ ਮੋਖੇ ਨੇ ਲਿਖੀਆਂ। ਬਿਧੀਚੰਦ ਦੇ ਪੁੱਤਰ ਮਿਹਰਬਾਨ ਤੇ ਉਸ ਦੇ ਪੁੱਤਰ ਹਰੀ ਨੇ, ਗੁਰੂ ਨਾਨਕ ਛਾਪ ਹੇਠ, ਬਹੁਤ ਕੱਚੀ ਬਾਣੀ ਰਚੀ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਪਛਾਣ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਾ ਕੀਤੀ।

ਦਸਮ ਗ੍ਰੰਥ ਤਾਂ ਐਸੀਆਂ ਨਕਲੀ ਲਿਖਤਾਂ ਨਾਲ ਭਰਪੂਰ ਹੈ। ਹੇਮਕੁੰਟ ਗੁਰੂ ਜੀ ਦਾ ਤਪ ਅਸਥਾਨ ਮੰਨੇ ਜਾਣ ਦਾ ਸਭ ਤੋਂ ਵੱਡਾ ਕਾਰਨ ਹੈ ਸੂਰਜ ਪ੍ਰਕਾਸ਼। ਇਸ ਦੇ ਕਰਤਾ ਮਹਾਂਕਵੀ ਨੇ ਕਵਿਤਾ ਦੀ ਲੋਰ ਵਿਚ ਉੱਚੀਆਂ ਉੱਚੀਆਂ ਕਾਵਿਕ ਉਡਾਰੀਆਂ ਲਾ ਇਸ ਹਿਮਾਲੀਆ ਜਿੱਡੇ ਕੋਰੇ ਝੂਠ ਨੂੰ, ਸਗੋਂ ਹੋਰ ਵੀ ਉਜਾਗਰ ਕੀਤਾ ਹੈ। (ਵੇਖੋ ਸੂਰਜ ਪ੍ਰਕਾਸ਼ ਰਾਸ 11, ਅੰਸੂ 50 ਤੋਂ 53)

ਲਓ, ਪਰਖੋ ਹੁਣ ਇਸ ਕਥਾ ਦੀ ਅਤਿ ਸੰਖੇਪ ਵਿਚ ਸਚਾਈ:

"ਸਤਿਜੁਗ ਵਿਚ ਦੇਵਤਿਆਂ ਦੀ ਸ਼ਹਾਇਤਾ ਲਈ ਆਦਿ ਸ਼ਕਤੀ (ਦੁਰਗਾ) 90 ਪਦਮ (9000000000000000) ਦੈਂਤ ਮਾਰਨ ਉਪਰੰਤ, ਥੱਕ ਕੇ ਹੇਮਕੁੰਟੀ ਪਹਾੜਾਂ ਵਿਚ ਲੁਕ ਗਈ। ਪਰ ਬਾਕੀ ਬਚੇ ਦੋ ਦੈਂਤ, ਬੇਲ ਅਤੇ ਸੁਬੇਲ, ਆਪਣੀ ਸੈਨਾ ਨਾਲ ਦੇਵੀ ਨੂੰ ਢੂੰਡਣ ਲੱਗੇ। ਹੇਮਕੁੰਟ ਬੈਠੇ ਇਕ ਬ੍ਰਹਾਮਣ ਤੱਪਸਵੀ ਤੋਂ ਜਦ ਦੇਵੀ ਦਾ ਪਤਾ ਪੁਛਿਆ.... ਤਾਂ ਤੱਪਸਵੀ ਨੇ ਦੈਂਤਾ ਨੂੰ ਝਾੜ ਪਾਈ.... ਦੈਂਤ ਤੱਪਸਵੀ ਨੂੰ ਕਾਰਨ ਦੌੜੇ। ਅਗੋਂ ਤੱਪਸਵੀ ਨੇ ਆਪਣਾ ਸ਼ੇਰ ਦੀ ਖੱਲ ਵਾਲਾ ਆਸਣ ਝਾੜਿਆ ਜਿਸ ਵਿਚੋਂ ਇਕ ਵਡੇ ਤੇਜ ਵਾਲਾ ਮਨੁੱਖ ਪੈਦਾ ਹੋ ਕੇ ਉਕਤ ਦੈਂਤਾ ਨਾਲ ਕਿਤਨੇ ਹੀ ਵਰ੍ਹੇ ਯੁੱਧ ਕਰਦਾ ਰਿਹਾ ਅਤੇ ਅੰਤ ਉਸ ਨੇ ਉਨ੍ਹਾਂ ਨੂੰ ਮਾਰ ਦਿੱਤਾ। ਆਦਿ ਸ਼ਕਤੀ (ਦੁਰਗਾ) ਸ਼ੇਰ ਦੀ ਖੱਲ ਤੋਂ ਜੰਮਣ ਵਾਲੇ ਸੂਰਬੀਰ ਤੇ ਬੜੀ ਪ੍ਰਸੰਨ ਹੋਈ। ਬੋਲੀ: ਤੂੰ ਮੇਰੀ ਸਹਾਇਤਾ ਕੀਤੀ ਹੈ, ਮੈਂ ਸਮੇਂ ਸਿਰ ਤੇਰੀ ਸਹਾਇਤਾ ਕਰਾਂਗੀ । ਤੂੰ ਮੇਰਾ ਮਾਤ ਲੋਕ ਵਿਚ ਜਾ ਕੇ ਜੱਪ ਕਰੀਂ। ਮੈਂ ਪ੍ਰਗਟ ਹੋਕੇ ਤੇਰੀ ਰਛਿਆ ਕਰਾਂਗੀ।"

ਕੀਨਸ ਬਹੁਤ ਸਹਾਇਤਾ ਮੇਰੀ, ਹੱਤ ਕੈ ਭੀਮ ਦੈਂਤ ਸਮੁਦਾਇ।।

ਏਕ ਬਾਰ ਤੁਮ ਮੁਹਿ ਬੁਲਾਵਹੁ, ਤਬ ਆਵਹੁਗੀ ਮੈਂ ਹਰਕਾਇ।। (ਸੂਰਜ ਪ੍ਰਕਾਸ਼ ਰਾਸ 11 ਅੰਸੂ 51, ਅੰਕ 3,)

ਫਿਰ ਬੋਲੀ: ਅੱਜ ਤੋਂ ਤੇਰਾ ਨਾਮ ਦੁਸ਼ਟ ਦਮਨ ਹੋਇਆ।

ਮੁੜ ਕਹਿਣ ਲੱਗੀ ਕਿ ਤੂੰ ਸ਼ੇਰ ਦੀ ਖਲ ਵਿਚੋਂ ਜੰਮਿਆ ਸੀ, **ਇਸ ਲਈ ਤੇਰੇ ਪੰਥ ਦਾ ਨਾਮ ਵੀ ਖ਼ਾਲਸਾ ਹੋਵੇਗਾ।** ਅੰਤ ਏਨਾ ਕੁ ਕਹਿ ਕੇ ਤੇ ਦੁਸ਼ਟ ਦਮਨ ਨੂੰ ਤੱਪਸਿਆ ਅਤੇ ਚਿਰੰਜੀਵਤਾ ਦਾ ਵਰ ਦੇ ਕੇ ਦੁਰਗਾ ਅਲੋਪ ਹੋ ਗਈ।

(ਨੋਟ :- ਜਿਨ੍ਹਾਂ ਬੇਲ-ਸੁਬੇਲ ਦੈਂਤਾਂ ਤੋਂ ਡਰ ਕੇ ਜੋ ਦੇਵੀ ਪਰਬਤਾਂ ਵਿਚ ਛੁਪ ਗਈ ਸੀ, ਉਹਨਾਂ ਦੇ ਮਰਨ ਪੁਰ ਓਹੀ ਦੇਵੀ ਹੁਣ ਉਸ ਦੁਸ਼ਟ ਦਮਨ ਨੂੰ ਵਰ ਦੇਣ

ਦੇ ਯੋਗ ਬਣ ਗਈ ਜੋ ਪਹਿਲਾਂ ਹੀ ਉਸ ਤੋਂ ਵਧੇਰੇ ਬਲਵਾਨ ਸੀ!)

ਹੁਣ ਸੁਹਿਰਦ ਪਾਠਕ ਜੀ ਆਪ ਵਾਚਣ ਤੇ ਸੋਚਣ ਕਿ ਇਤਨੀਆਂ ਅਣਹੋਣੀਆਂ, ਬੇਥਵ੍ਹੀਆਂ ਤੇ ਕੂੜੀਆਂ ਲਿਖਤਾਂ ਦਾ ਲਿਖਾਰੀ, ਕੀ ਸ੍ਰੀ ਗੁਰੂ ਨਾਨਕ ਰੂਪ ਤੇ ਇਕੋ ਇਕ ਜਾਗਦੀ ਜੋਤਿ ਦਾ ਪੁਜਾਰੀ ਸ੍ਰੀ ਦਸ਼ਮੇਸ਼ ਹੋ ਸਕਦਾ ਹੈ? ਐਸਾ ਕੁਫ਼ਰ ਤਾਂ ਸੋਚਿਆ ਵੀ ਨਹੀਂ ਜਾ ਸਕਦਾ।

ਸੋਚੋ! ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ 'ਖਾਲਸਾ' ਕਿਸੇ ਬ੍ਰਾਹਮਣ ਤਪੀ ਹੇਠ ਵਿਛੀ ਸ਼ੇਰ ਦੀ ਖੱਲ ਤੋਂ ਪੈਦਾ ਹੋਇਆ ਹੈ?

ਇਹ ਵਾਰਤਾ ਤਾਂ ਸਤਜੁਗ ਵਿਚ ਹੋਈ, ਪਰ ਦੁਸ਼ਟ-ਦਮਨ ਇੰਨੇ ਯੁਗ ਬਾਅਦ ਨੌਵੇਂ ਪਾਤਿਸ਼ਾਹ ਦੇ ਤੀਰਥੀਂ ਜਾਣ ਤੇ ਕਾਲਕਾ ਮਨਾਉਣ ਤੋਂ ਬਾਅਦ ਕਲਜੁਗ ਵਿਚ ਪੈਦਾ ਹੋਇਆ? ਇਸ ਤੋਂ ਵੱਧ ਕੂੜੀ ਤੇ ਮਨੋਕਲਪਤ ਕਹਾਣੀ ਹੋਰ ਕੀ ਹੋ ਸਕਦੀ ਹੈ?

ਆਉ, ਹੁਣ ਹੇਮਕੁੰਟ ਉਤੇ ਤੱਪ ਸਾਧਣ ਵਾਲੇ ਦੁਸ਼ਟ ਦਮਨ ਦੇ ਤੱਪਸਵੀ ਬ੍ਰਾਹਮਣ ਦੇ ਆਸਣ ਦੀ ਖੱਲੜੀ ਚੋਂ ਪੈਦਾ ਹੋਣ ਸਬੰਧੀ ਕੁੱਝ ਵਿਚਾਰ ਕਰੀਏ:

"ਪੁਰਾਣਕ (ਮਿਥਿਹਾਸਿਕ) ਗਪੌੜਿਆਂ ਰਾਹੀਂ ਪਤਾ ਲਗਦਾ ਹੈ ਕਿ ਇਕ ਰਿੱਛ ਤੋਂ ਬਣੀ ਸੁੰਦਰ ਇਸਤਰੀ ਉਤੇ ਮੋਹਤ ਹੋ ਕੇ ਇੰਦਰ ਦੇਵਤਾ ਦਾ ਵੀਰਜ ਪਾਤ ਹੋ ਕੇ ਉਸ ਦੇ ਵਾਲਾਂ ਵਿਚ ਗਿਰਿਆ, ਜਿਸ ਤੋਂ ਬੰਦਰ ਦੀ ਸ਼ਕਲ ਵਾਲਾ ਬਾਲੀ ਜੰਮਿਆ। ਉਪ੍ਰੰਤ ਉਸੇ ਇਸਤਰੀ ਨੂੰ ਵੇਖ, ਕਾਮ-ਵਸ ਹੋ ਕੇ ਸੂਰਜ ਦਾ ਵੀਰਜ ਉਸ ਦੀ ਗਰਦਨ (ਗਰੀਵ) ਉਤੇ ਡਿੱਗਾ ਤਾਂ ਸੁਗਰੀਵ ਦਾ ਜਨਮ ਹੋਇਆ। ਏਸੇ ਤਰੵਾਂ ਪ੍ਰਾਸ਼ਰ ਰਿਸ਼ੀ ਦਾ ਵੀਰਜ ਮੱਛੀ ਦੇ ਉਦਰ ਵਿਚ ਗਿਆ ਤਾਂ ਉਸ ਦੇ ਅੰਦਰੋਂ ਮਛੋਦਰੀ ਪੈਦਾ ਹੋਈ। ਰੰਭਾ ਅਪਸਰਾ ਨੂੰ ਤੱਕ ਕੇ ਕਪਲਮੁਨੀ (ਜਿਸ ਨੂੰ ਵਿਸ਼ਨੂ ਦਾ ਇਕ ਅਵਤਾਰ ਮੰਨਿਆ ਜਾਂਦਾ ਹੈ) ਦਾ ਪਾਤ ਹੋਇਆ ਵੀਰਜ ਧਰਤੀ ਉੱਤੇ ਡਿੱਗਾ ਤਾਂ ਰੰਭਾ ਦੀ ਕੁੱਖੋਂ ਇਕ ਸੱਸੀ, ਚੰਲ ਵਰਗੀ ਕੰਨਿਆ ਜੰਮ ਪਈ।" (ਵੇਰਵਾ ਵੇਖੋ ਚਰਿੱਤਰ ਨੰ: 108, ਦਸਮ ਗ੍ਰੰਥ)। ਹੈਰਾਨੀ ਹੁੰਦੀ ਹੈ ਕਿ ਕੀ ਇਹ ਵੀਰਜ-ਪਾਤ ਹੋਣ ਦੀ ਬੀਮਾਰੀ ਜਾਂ ਵਿਸ਼ੇ ਵਾਸਨਾ ਕਮਜ਼ੋਰੀ ਰਿਸ਼ੀਆਂ ਮੁਨੀਆਂ ਤੇ ਦੇਵਤਿਆਂ ਉੱਤੇ ਹੀ ਰੀਝੀ ਹੋਈ ਸੀ? ਭਲਾ, ਸਿੱਧੀ ਤਰ੍ਹਾਂ ਵਿਗਿਆਨਕ ਤੇ ਕੁਦਰਤੀ ਨੇਮਾਂ ਅਨੁਸਾਰ ਇਹਨਾਂ ਨੂੰ ਜੰਮਦਿਆਂ ਜਾਂ ਔਲਾਦ ਪੈਦਾ ਕਰਦਿਆਂ ਕੀ ਦਿੱਕਤ ਆਉਂਦੀ ਸੀ ਜਾਂ ਛੋਟਾਪਨ ਦਿਸਦਾ ਸੀ? ਗੱਲ ਇਹ ਕਿ ਕੋਈ ਵਾਰਤਾ ਜਾਂ ਘਟਨਾਂ ਸੱਚੀ ਹੋਵੇ ਤਾਂ ਜੰਮਣ ਤੇ ਜੀਵਨ ਦਾ ਸਿੱਧਾ ਤੇ ਕੁਦਰਤੀ ਰਾਹ ਅਪਣਾਇਆ ਜਾਵੇ। ਗੱਲਾਂ ਤਾਂ ਉਹ ਕਰਨੀਆਂ ਹਨ, ਜਿਹੜੀਆਂ ਗੈਰ ਸੁਭਾਵਿਕ, ਅਲੌਕਿਕ, ਕਰਾਮਾਤੀ ਤੇ ਲੋਕਾਂ ਦੀ ਅੰਧ ਵਿਸ਼ਵਾਸੀ ਸ਼ਰਧਾ ਵਿੱਚ ਵਾਧਾ ਕਰਨ ਵਾਲੀਆਂ ਤੇ ਚਮਤਕਾਰੀ ਭਾਸਣ।

ਖੰਡਨ :- ਗੁਰਬਾਣੀ ਐਸੀਆਂ ਸੱਭ ਕੂੜੀਆਂ ਤੇ ਕਰਾਮਾਤੀ ਗੱਲਾਂ ਦਾ ਭਰਪੂਰ ਖੰਡਨ ਕਰਦੀ ਹੈ। ਇਸੇ ਲਈ ਇਸ ਨੂੰ ਵਿਗਿਆਨਿਕ ਜਾਂ ਸਪੇਸ ਜੁੱਗ ਦਾ ਵਿਆਪਕ ਧਰਮ ਮੰਨਿਆ ਗਿਆ ਹੈ। ਗੁਰਬਾਣੀ ਸੱਚ ਆਖਦੀ ਹੈ ਕਿ ਮਾਤਾ ਪਿਤਾ ਦੇ ਸੰਜੋਗ ਤੋਂ ਬਗੈਰ ਔਲਾਦ ਨਹੀਂ ਹੋ ਸਕਦੀ:-

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ। (ਗੌਂਡ ਕਬੀਬ ਜੀ)

ਭਲਾ ਜੇ ਕੋਈ ਸੂਝਵਾਨ ਜਗਿਆਸੂ ਸਾਥੋਂ ਇਹ ਪੁੱਛ ਕਰੇ ਕਿ ਪਿਛਲੇ ਜਨਮ ਵਿਚ ਸਤਯੁਗੀ ਕਾਲ ਸਮੇਂ ਤਪ ਕਰਨ ਵਾਲਾ ਦੁਸ਼ਟ ਦਮਨ ਮੇਹਕੁੰਟ ਉਤੇ ਤਪ ਕਰਨ ਲਈ ਕਿਥੋਂ ਆਇਆ ਸੀ ਤੇ ਉਸ ਤੋਂ ਪਹਿਲਾਂ ਕਿਥੋਂ ਦਾ ਵਸਨੀਕ ਸੀ ਜਾਂ ਕਿਸ ਰੂਪ ਵਿਚ ਸੀ, ਤਾਂ ਉਸ ਨੂੰ ਇਹੋ ਉੱਤਰ ਦੇਣਾ ਪਵੇਗਾ ਕਿ ਇਹ ਦੁਸ਼ਟ ਦਮਨ, ਤੱਪਸਵੀ ਬ੍ਰਾਹਮਣ ਦੀ ਸ਼ੇਰ ਦੀ ਉਸ ਖੱਲੜੀ ਵਿਚ ਸੀ, ਜਿਸ ਤੇ ਬ੍ਰਾਹਮਣ ਬੈਠਾ ਤਪ ਕਰਦਾ ਸੀ।

ਇਸ ਉਤੇ ਸੂਝਵਾਨ ਸੱਜਣ ਪ੍ਰਸ਼ਨ ਕਰ ਸਕਦਾ ਹੈ ਕਿ ਕੀ ਬ੍ਰਾਹਮਣ ਦਾ ਆਸਣ ਕਿਸੇ ਮਦਾਰੀ ਦਾ ਖੇਲ-ਥੈਲਾ ਸੀ, ਜਿਸ ਨੂੰ ਝਾੜਿਆਂ ਬੱਚੇ-ਜਮੂਰੇ ਵਾਂਗ ਕੋਈ ਦੁਸ਼ਟ ਦਮਨ ਭੁੜਕ ਕੇ ਬਾਹਰ ਨਿਕਲ ਆਇਆ? ਕੀ ਇਸ ਤੋਂ ਵੱਡੀ ਹੋਰ ਮਿਥਿਆ ਕਲਪਨਾ ਵੀ ਕੋਈ ਹੋ ਸਕਦੀ ਹੈ? ਤੇ ਐਸੀ ਹਵਾਈ ਕਲਪਨਾ ਨੂੰ ਸੱਤ ਕਰ ਕੇ ਮੰਨਣ ਵਾਲਿਆਂ ਨੂੰ ਕੀ ਆਖੀਏ। ਹੈਰਾਨੀ ਇਹ ਹੈ ਕਿ ਵਰਤਮਾਨ ਵਿਗਿਆਨਕ ਯੁੱਗ ਵਿਚ ਵਹਿਮ, ਪਾਖੰਡ ਤੇ ਝੂਠੀਆਂ ਕਰਾਮਾਤਾਂ ਦਾ ਦਿਨੇ ਦਿਨ ਹੋਰ ਵਾਧਾ ਹੋ ਰਿਹਾ ਹੈ। ਰੱਬ ਹੀ ਰਾਖਾ।

ਇਕ ਹੋਰ ਦੁਸ਼ਟ ਦਮਨ

ਹੇਮਕੁੰਟੀ ਸ਼ਰਧਾਲੂਆਂ ਵਿਚੋਂ ਕਈ ਸੱਜਣ ਇਹ ਕਹਿੰਦੇ ਹਨ ਕਿ ਰਾਜਾ ਸੋਢੀ ਰਾਏ ਦਾ ਪੋਤਰਾ, ਪ੍ਰਿਥੀ ਰਾਏ ਦਾ ਪੁੱਤਰ, ਰਾਜਾ ਵਛਲ ਰਾਏ ਆਪਣੇ ਆਪ ਨੂੰ ਦੁਸ਼ਟ ਦਮਨ ਅਖਵਾਉਣ ਵਾਲਾ ਵੱਡਾ ਸੂਰਮਾ ਸੀ, ਜੋ ਇਕ ਜੋਗੀ ਦੇ ਪ੍ਰਭਾਵ ਹੇਠ ਰਾਜ ਛੱਡ ਕੇ ਹੇਮਕੁੰਟ ਉਤੇ ਤੱਪਸਿਆ ਸਾਧਣ ਚਲਿਆ ਗਿਆ ਸੀ।

ਪਰਖ

ਪਹਿਲਾਂ ਤਾਂ ਸੂਰਜ ਪ੍ਰਕਾਸ਼ ਅਤੇ ਉਪਰੋਕਤ ਹਵਾਲੇ ਵਿਚ ਆਪਾ-ਵਿਰੋਧ ਹੈ। ਦੂਸਰਾ ਕਾਲ-ਦੋਸ਼ ਕਾਰਣ ਇਹ ਹਵਾਲਾ ਸੂਰਜ ਪ੍ਰਕਾਸ਼ ਵਿਚਲੇ ਹਵਾਲੇ ਨਾਲੋਂ ਵੀ ਹਾਸੋਹੀਣਾ ਹੈ ਕਿਉਂਕਿ ਰਾਜਾ ਸੋਢੀ ਰਾਏ ਲਵੀ ਕੁਲ ਦੇ ਰਾਜਾ ਕਾਲ ਰਾਏ ਦਾ ਪੁੱਤਰ ਦੁਆਪਰ ਯੁੱਗ ਵਿਚ ਹੋਇਆ ਹੈ। ਪ੍ਰੰਤੂ ਸੂਰਜ ਪ੍ਰਕਾਸ਼ ਵਿਚ ਲਿਖੇ ਅਨੁਸਾਰ ਹੇਮਕੁੰਟ ਉਤੇ ਦੁਸ਼ਟ ਦਮਨ ਨੂੰ ਸਤਯੁਗ ਵਿਚ ਤੱਪਸਿਆ ਕਰਦਾ ਵਿਖਾਇਆ ਗਿਆ ਹੈ।

ਦੁਸ਼ਟ ਦਮਨ ਦਾ ਰੂਪ:- ਦੁਸ਼ਟ ਦਮਨ ਜਿਸ ਨੇ ਭਗਵਤੀ ਦੇਵੀ ਤੋਂ ਚਿਰੰਜੀਵਤਾ ਦਾ ਵਰ ਲੈਣ ਉਪ੍ਰੰਤ ਉਸ ਦੀ ਆਗਿਆ ਪਾਲਣ ਹਿਤ ਤਪ ਅਰੰਭਿਆ ਸੀ, ਨੂੰ ਮੌਨਧਾਰੀ ਰੂਪ ਵਿਚ ਸਿਰ ਤੇ ਜਟਾਂ, ਸਰੀਰੋਂ ਨਗਨ, ਅੱਖਾਂ ਬੰਦ, ਇਕੋ ਪੈਰ ਤੇ ਖੜੋ ਕੇ ਤੱਪਸਿਆ ਕਰਦਾ ਵਿਖਾਇਆ ਗਿਆ ਹੈ।

"ਸਿਰ ਤੇ ਜਟਾਂ, ਸਰੀਰੋਂ ਨਗਨ, ਅੱਖਾਂ ਬੰਦ, ਨਿਰਾਹਾਰੀ ਤੇ ਮੌਨਧਾਰੀ ਰੂਪ ਵਿਚ, ਇਕ ਪੈਰ ਦੇ ਭਾਰ ਖੜੇ ਕੇ, ਦੋਵੇਂ ਬਾਹਵਾਂ ਉੱਪਰ ਕਰ ਕੇ ਨਿਰਜੀਵ ਅਤੇ ਜਲਹੀਨ ਬਣ ਵਿਚ ਅਸੰਖਾਂ ਵਰ੍ਹੇ ਇਹੋ ਜਿਹੀ ਕਠਿਨ ਤੱਪਸਿਆ ਕੀਤੀ ਕਿ ਸਰੀਰ

ਸ਼ੁੱਕ ਕੇ ਹੱਡੀਆਂ ਹੀ ਹੱਡੀਆਂ ਰਹਿ ਗਿਆ।"(ਸੂਰਜ ਪ੍ਰਕਾਸ਼, ਰਾਸ 11 ਅੰਸੂ 52)

ਨਿਰਣਾ

ਅਸੰਖਾਂ ਵਰ੍ਹੇ ਤੱਪ ਕਰਨ ਵਾਲੀ ਉਤਲੀ ਲਿਖਤ ਪੜ੍ਹ ਕੇ ਸਾਧਾਰਣ ਤੋਂ ਸਾਧਾਰਣ ਸੂਝ ਵਾਲੇ, ਬਲਕਿ ਪੁਰਾਣਾਂ ਨੂੰ ਸੱਤ ਕਰ ਕੇ ਮੰਨਣ ਵਾਲੇ ਵੀ ਸਵੀਕਾਰ ਕਰਨਗੇ ਕਿ ਅਸੱਖਾਂ ਵਰ੍ਹਿਆਂ ਵਿਚ ਤਾਂ ਅਨੇਕਾਂ ਵਾਰ ਪਰਲੋ ਅਤੇ ਕਈ ਵਾਰੀ ਮਹਾਂਪਰਲੋ ਵੀ ਆਉਂਦੀ ਹੈ, ਜਿਸ ਕਾਰਨ ਹੇਮਕੁੰਟ ਪਰਬਤ ਆਦਿਕ ਸਾਰੀ ਰਚਨਾ ਦਾ ਹੀ ਨਾਸ ਹੋ ਕੇ:

"ਅਰਬਦ ਨਰਬਦ ਧੁੰਧੂਕਾਰਾ,

ਧਰਣਿ ਨ ਗਗਨਾ ਹੁਕਮੁ ਅਪਾਰਾ।" (ਮ: ਪਹਿਲਾ, ਪੰਨਾ : 1035)

ਵਾਲਾ ਉਹ ਦ੍ਰਿਸ਼ ਪੈਦਾ ਹੋ ਜਾਂਦਾ ਹੈ ਜਿਸ ਦਾ ਕੋਈ ਧੁਰਾ ਹੀ ਨਹੀਂ ਬੰਨ੍ਹਿਆ ਜਾ ਸਕਦਾ। ਤਾਂ ਫਿਰ ਰੱਬ ਜਾਣੇ ਅਸੰਖਾਂ ਵਰ੍ਹੇ ਤੱਪਸਿਆ ਸਾਧਣ ਵਾਲਾ (ਕਲਪਤ) ਦੁਸ਼ਟ ਦਮਨ ਕਿਥੇ ਖੜੋ ਕੇ ਤੱਪ ਕਰਦਾ ਰਿਹਾ ਹੈ?

ਸਿੱਟਾ ਇਹ ਹੈ ਕਿ ਨਾ ਕੋਈ ਦੁਸ਼ਟ ਦਮਨ ਹੈ ਤੇ ਨਾ ਹੀ ਕਿਸੇ ਨੇ ਭਗੌਤੀ ਦੀ ਆਗਿਆ ਪਾਲਣ ਹਿਤ ਹੇਮਕੁੰਟ ਉਤੇ ਅਸੰਖਾਂ ਵਰ੍ਹੇ ਖੜੋ ਕੇ ਸਰੀਰ ਨੂੰ ਕਸ਼ਟ ਦੇਣ ਵਾਲਾ ਤੱਪ ਕੀਤਾ।

ਇਕ ਹੋਰ ਗੱਲ ਨੋਟ ਕਰਨ ਵਾਲੀ ਇਹ ਵੀ ਹੈ ਕਿ ਆਦਿ ਕਾਲ ਤੋਂ ਲੈ ਕੇ ਵਰਤਮਾਨ ਕਾਲ ਤਕ ਸੰਸਾਰ-ਮੰਡਲ ਵਿਚ ਆਉਣ ਵਾਲੇ ਜਪੀ ਤਪੀ ਆਦਿਕਾਂ ਦੇ ਨਾਂ ਆਮ ਤੌਰ ਤੇ ਅਤੇ ਜਗਤ-ਪ੍ਰਸਿੱਧ ਵਿਅਕਤੀਆਂ ਦੇ ਨਾਂ ਵਿਸ਼ੇਸ਼ ਕਰ ਕੇ ਹਿੰਦੂਆਂ ਦੇ ਅਨੇਕਾਂ ਗ੍ਰੰਥਾਂ ਵਿਚ ਨਿਰੂਪਤ ਹਨ; ਜਿਵੇਂਕਿ 24 ਅਵਤਾਰ, 16 ਦੇਵੀਆਂ (ਜਿਨ੍ਹਾਂ ਨੂੰ ਖੋੜਸਾਂ ਮਾਈ ਵੀ ਕਹਿੰਦੇ ਹਨ), 9 ਮੁਨੀ, 7 ਰਿਸ਼ੀ, 9 ਨਾਥ, 84 ਸਿੱਧ ਤੇ 6 ਚਿਰੰਜੀਵੀ, ਜਤੀ ਆਦਿਕ।

ਉਪਰਲੇ ਕਥਨ ਦਾ ਭਾਵ ਇਹ ਹੈ ਕਿ ਬਚਿੱਤ੍ਰ ਨਾਟਕ ਤੇ ਸੂਰਜ ਪ੍ਰਕਾਸ਼ ਦੇ ਲਿਖੇ ਅਨੁਸਾਰ ਜੇ ਅਸੰਖਾਂ ਵਰ੍ਹੇ ਜੀਉਣ ਵਾਲੇ ਕਿਸੇ 'ਦੁਸ਼ਟ-ਦਮਨ' ਨੇ ਹੇਮਕੁੰਟ ਉਤੇ ਮਹਾਂਕਾਲ ਤੇ ਕਾਲਕਾ ਨੂੰ ਆਰਾਧਿਆ ਹੁੰਦਾ ਤਾਂ ਉਤੇ ਲਿਖੇ ਛੇ ਚਿਰੰਜੀਵੀਆਂ ਵਾਂਗੂ, ਅਸੰਖਾਂ ਵਰ੍ਹੇ ਜੀਉਣ ਵਾਲੇ ਸਤਵੇਂ ਚਿਰੰਜੀਵੀ 'ਦੁਸਟ-ਦਮਨ' ਦਾ ਵੀ ਕਿਸੇ ਨਾ ਕਿਸੇ ਗ੍ਰੰਥ ਵਿਚ ਜ਼ਰੂਰ ਜ਼ਿਕਰ ਹੋਣਾ ਸੀ। ਪਰ ਇਸ ਦਾ ਇਸ਼ਾਰੇ ਮਾਤਰ ਵੀ ਜ਼ਿਕਰ ਨਹੀਂ।

ਆਰੰਭ ਕਾਲ ਦੇ ਲਿਖਾਰੀ : ਦੁਆਪਰ ਜੁੱਗ ਵਿਚ 18 ਪੁਰਾਣਾਂ ਦੇ ਰਚੇਤਾ ਦੱਸੇ ਜਾਂਦੇ ਵੇਦ ਵਿਆਸ ਨੇ ਕਿਸੇ ਪੁਰਾਣ ਵਿਚ ਵੀ ਕੋਈ 'ਦੁਸਟ ਦਮਨ' ਦਾ ਨਾਂ ਤਕ ਨਹੀਂ ਲਿਆ।

ਦੂਜੇ, ਗੁਰੂ ਘਰ ਵਿਚ ਦੇਵੀ ਦੇਵਤਿਆਂ ਤੇ ਏਹੋ ਜਿਹੇ ਹਠਯੋਗ ਤੇ ਮਨਮਤਾਂ ਦਾ ਕੱਟੜ ਵਿਰੋਧ ਹੈ, ਜਿਵੇਂ:-

ੳ) ਹਰਿ ਬਿਨੁ ਅਵਰ ਕ੍ਰਿਆ ਬਿਰਥੇ।

ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ।(ਗਉੜੀ ਮ :5, ਪੰਨਾ 216)

ਅ) ਅੰਨੁ ਨ ਖਾਇਆ ਸਾਦੁ ਗਵਾਇਆ।

ਬਸਤ੍ਰ ਨ ਪਹਿਰੈ, ਅਹਿਨਿਸਿ ਕਹਰੈ।।

ਮੋਨਿ ਵਿਗੂਤਾ, ਕਿਉ ਜਾਗੈ ਗੁਰ ਬਿਨੁ ਸੂਤਾ। (ਆਸਾ ਦੀ ਵਾਰ, ਮ :1)

ੲ) ਮਨ ਹਠਿ ਕਿਨੈ ਨਾ ਪਾਇਓ, ਸਭ ਥਕੇ ਕਰਮ ਕਮਾਇ।

ਮਨ ਹਠਿ ਭੇਖ ਕਰਿ ਭਰਮਦੇ, ਦੁਖ ਪਾਇਆ ਦੂਜੇ ਭਾਇ।

(ਵਡਹੰਸ ਦੀ ਵਾਰ, ਪੰਨਾ 593)

## ਇਕ ਹੋਰ ਗੱਲ

ਇਕ ਹੋਰ ਗੱਲ ਇਹ ਹੈ ਕਿ ਭਾਈ ਲਹਿਣਾ ਜੀ ਗੁਰੂ ਦੀ ਸ਼ਰਣ ਆਉਣ ਤੋਂ ਪਹਿਲਾਂ ਵਰ੍ਹਿਆਂ ਬੱਧੀ ਵੈਸ਼ਨੋ ਦੇਵੀ ਆਦਿਕ ਦੇ ਭਗਤ ਸਨ ਪਰ ਕੋਈ ਗੁਰਸਿੱਖ ਉਨ੍ਹਾਂ ਦੀ ਰੀਸੇ ਦੇਵੀ ਦਰਸ਼ਨਾਂ ਆਦਿ ਲਈ ਨਹੀਂ ਵੱਗ ਤੁਰਦਾ। ਹਾਂ, ਜਦੋਂ ਗੁਰੂ ਅੰਗਦ ਰੂਪ ਵਿਚ ਆਏ ਤਾਂ ਖਡੂਰ ਸਾਹਿਬ ਆਦਿ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਕੇ, ਗੁਰਸਿਖ ਆਪਣੇ ਧਨ ਭਾਗ ਸਮਝਣ ਲੱਗੇ।ਏਸੇ ਤਰ੍ਹਾਂ ਗੁਰੂ ਅਮਰਦਾਸ 19-20 ਸਾਲ ਗੰਗਾ ਪੁੱਜ ਕੇ ਇਸ਼ਨਾਨ ਕਰਦੇ ਰਹੇ, ਜਿਨ੍ਹਾਂ ਦੀ ਰੀਸੋ ਰੀਸ ਕੋਈ ਵੀ ਸਿਦਕਵਾਨ ਇਸ ਭਾਵਨਾਂ ਨਾਲ ਗੰਗਾ ਯਾਤਰਾ ਨਹੀਂ ਕਰਦਾ ਕਿ ਗੁਰੂ ਅਰਮਦਾਸ ਜੀ ਗੰਗਾ ਮਾਈ ਦੇ ਦਰਸ਼ਨ ਕਰਦੇ ਸਨ, ਸੋ ਅਸੀਂ ਵੀ ਜ਼ਰੂਰ ਕਰੀਏ। ਗੁਰੂ ਅੰਗਦ ਦੇਵ ਜੀ ਦੀ ਸ਼ਰਣ ਲੈਣ ਉਪ੍ਰੰਤ ਸਭ ਕਰਮਕਾਂਡ ਦਾ ਨਾਸ ਹੋ ਗਿਆ ਸੀ।

ਉਤਲੇ ਹਵਾਲਿਆਂ ਦਾ ਸਿੱਟਾ ਇਹ ਹੈ ਕਿ ਇਸੇ ਜਨਮ ਵਿਚ ਹੁੰਦਿਆਂ ਵੀ ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਵਲੋਂ ਕੀਤੀਆਂ ਤੀਰਥ ਯਾਤਰਾਵਾਂ ਦੀ ਰੀਸੇ ਅਸੀਂ ਵੈਸ਼ਨੋ ਦੇਵੀ ਤੇ ਗੰਗਾ ਮਾਈ ਦੀ ਯਾਤਰਾ ਮਨਮਤ ਸਮਝਦੇ ਹਾਂ। ਐਸੀ ਸੂਰਤ ਵਿਚ ਦਸਮ ਪਿਤਾ ਦੇ ਪਿਛਲੇ ਜਨਮ ਦੇ ਰੂਪ 'ਦੁਸ਼ਟ ਦਮਨ' (ਅਤੇ ਉਹ ਵੀ ਅਖੌਤੀ) ਦੇ ਤੱਪ ਅਸਥਾਨ ਹੇਮਕੁੰਟ ਦੀ ਯਾਤਰਾ ਕਰਨੀ ਕਿਥੋਂ ਤਕ ਗੁਰਮੱਤ ਹੈ?

ਪਿਛਲੇ ਜਨਮ ਵਿਚ ਸੋਚੋ ਕਿ ਜੇ ਗੁਰੂ ਦਸਮੇਸ਼ ਜੀ ਨੇ ਹੇਮਕੁੰਟ ਉਤੇ ਤੱਪ ਆਦਿ ਸਾਧਨਾ ਕਰ ਕੇ ਪਰਮ ਅਵੱਸਥਾ ਪਾਈ ਹੁੰਦੀ ਤਾਂ ਐਸੇ ਉਘੇ ਤੇ ਨਿਜੀ ਅਸਥਾਨ ਦੀ ਯਾਤਰਾ ਕਰਨ ਸ੍ਰੀ ਦਸ਼ਮੇਸ਼ ਜੀ ਆਪ ਨਾ ਜਾਂਦੇ? ਜਾਂ ਸੰਗਤਾਂ ਨੂੰ ਜਾਣ ਲਈ ਪਰੇਰਣਾ ਨਾ ਕਰਦੇ? ਪ੍ਰੰਤੂ, ਆਪ ਨੇ ਸਾਰੀ ਆਯੂ, ਇਕ ਵੇਰ ਵੀ ਹੇਮਕੁੰਟ ਜਾਣ ਦਾ ਕੋਈ ਉੱਦਮ ਤੇ ਵੀਚਾਰ ਨਹੀਂ ਕੀਤਾ, ਅਤੇ ਨਾ ਹੀ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਕਿਸੇ ਉੱਘੇ ਗੁਰਸਿੱਖ ਨੇ।

ਹਰ ਕੋਈ ਜਾਣਦਾ ਹੈ ਕਿ ਮ: ਰਣਜੀਤ ਸਿੰਘ ਜੀ ਨੂੰ ਜਿਥੇ ਜਿਥੇ ਗੁਰਧਾਮਾਂ ਦੀ ਸੂਹ ਪੈਂਦੀ ਸੀ, ਉਥੇ ਹੀ  ਪੁੱਜ ਕੇ ਦਰਸ਼ਨ ਕਰਦੇ ਅਤੇ ਬੇਅੰਤ ਖ਼ਰਚ ਨਾਲ ਯਾਦ

ਕਾਇਮ ਕਰਦੇ ਸਨ। ਕੀ ਉਨ੍ਹਾਂ ਨੂੰ ਕਿਸੇ ਗੁਰਸਿੱਖ ਨੇ ਹੇਮਕੁੰਟ ਦੀ ਸੂਹ ਨਾ ਦਿੱਤੀ?

ਮੁਕਦੀ ਗੱਲ ਇਹ ਹੈ ਕਿ 'ਦੁਸ਼ਟ ਦਮਨ' ਦੀ ਹੋਂਦ ਅਤੇ ਹੇਮਕੁੰਟ ਉਤੇ ਗੁਰੂ ਜੀ ਦੀ ਤੱਪ ਸਾਧਨਾ ਆਦਿ ਕਿਸੇ ਪਖੋਂ ਵੀ ਸਿਧ ਨਹੀਂ ਹੁੰਦੀ । ਇਸ ਲਈ ਸਿੱਖਾਂ ਦੀਆਂ ਉਸ ਵਲ ਵਹੀਰਾਂ ਪਾਉਣੀਆਂ ਤੇ ਹੋਰ ਅਡੰਬਰ ਆਦਿ ਕਰਨੇ, ਸਾਰੇ ਦਾ ਸਾਰਾ ਉੱਦਮ ਨਿਸਫਲ ਤੇ ਨਿਰੋਲ ਮਨਮਤ ਹੈ, ਕੂੜੀ ਕ੍ਰਿਆ ਹੈ, ਆਪਣੇ ਆਪ ਨਾਲ ਇਕ ਛੱਲ ਹੈ ।

## "ਤਪ ਸਾਧਤ ਪ੍ਰਭ ਮੋਹਿ ਬੁਲਾਇਓ"

ਹੁਣ ਬੱਚਿਤਰ ਨਾਟਕ ਤੇ ਸੂਰਜ ਪ੍ਰਕਾਸ਼ ਰਾਸ 11 ਅੰਸੂ 53 ਵਿਚ ਦਿਤੇ ਇਸ ਵਿਸਤਾਰ ਭੰਡਾਰ ਚੋਂ ਵੰਨਗੀ ਮਾਤਰ ਟੂਕਾਂ ਪੇਸ਼ ਹਨ:

"ਮੈ (ਦੁਸ਼ਟ ਦਮਨ) ਪਿਛਲੇ ਜਨਮ ਹੇਮਕੁੰਟ ਉਤੇ ਵੱਡੀ ਤੱਪਸਿਆ ਕਰ ਰਿਹਾ ਸਾਂ ਕਿ ਅਕਾਲ ਪੁਰਖ ਨੇ ਸੇਵਕਾਂ ਰਾਹੀਂ ਪਾਲਕੀ-ਵਿਮਾਨ ਭੇਜ ਕੇ ਮੈਨੂੰ ਆਪਣੇ ਕੋਲ (ਆਪਣੇ ਰਿਹਾਇਸ਼ੀ ਟਿਕਾਣੇ ਉਤੇ) ਬੁਲਾਇਆ ਤੇ ਮੈਨੂੰ ਝੋਲੀ ਵਿਚ ਬਿਠਾ ਕੇ ਬੜੇ ਪਿਆਰ ਨਾਲ ਮੇਰਾ ਮੱਥਾ ਚੁੰਮਿਆ..... ਮੈਨੂੰ ਕਿਹਾ ਕਿ ਤੂੰ ਜ਼ਰੂਰ ਬਰ ਜ਼ਰੂਰ ਮਾਤ ਲੋਕ ਜਾ ਕੇ ਮੇਰਾ ਨਾਮ ਜਪਾ। 'ਸ੍ਰਿਸ਼ਟੀ ਰਚਣ ਵੇਲੇ ਸਭ ਤੋਂ ਪਹਿਲਾਂ ਦੁਸ਼ਟ ਦੈਂਤ ਬਣਾਏ; ਯਥਾ-

"ਜਬ ਪਹਿਲੇ ਹਮ ਸ੍ਰਿਸ਼ਟਿ ਬਣਾਈ,

ਦਯਤ ਰਚੇ ਦੁਸ਼ਟ ਦੁਖਦਾਈ॥" (ਬਚਿਤ੍ਰ ਨਾਟਕ, ਅਧਿ 6)

ਫੇਰ, ਮੈਂ ਗੁੱਸੇ ਵਿਚ ਆ ਕੇ ਉਹ ਦੈਂਤ ਖ਼ਤਮ ਕਰਨ ਉਪ੍ਰੰਤ, ਦੇਵਤੇ ਥਾਪੇ ਪਰ ਉਨ੍ਹਾਂ ਵੀ ਆਪਣੀ ਹੀ ਪੂਜਾ ਕਰਾਉਣੀ ਆਰੰਭ ਕਰ ਦਿੱਤੀ। ਫੇਰ ਅਸ਼ਟ ਸਿੱਧ, ਰਿਖੀ, ਦਤ, ਮਨੁੱਖ, ਗੋਰਖ, ਆਦਿ ਭੇਜੇ, ਪਰ ਮੇਰਾ ਨਾਮ ਕਿਸੇ ਨੇ ਨਾ ਜਪਿਆ, ਨਾ ਜਪਾਇਆ। ਏਸੇ ਤਰ੍ਹਾਂ ਰਾਮਨੰਦ ਬੈਰਾਗੀ ਨੂੰ ਬਣਾਇਆ, ਉਸ ਨੇ ਵੀ ਪ੍ਰਭੂ ਕਿਰਪਾ ਨੂੰ ਨਾ ਜਾਤਾ, ਫੇਰ ਮੁਹੰਮਦ (ਮਹਾਦੀਨ) ਨੂੰ ਅਰਬ ਦਾ ਰਾਜਾ ਬਣਾਇਆ। ਉਸ ਨੇ ਵੀ ਸਤਿ ਨਾਮ ਦੀ ਥਾਂ ਸਭ ਤੋਂ ਆਪਣਾ ਨਾਮ ਜਪਾਇਆ, ਤਾਂ ਤੱਪ ਸਾਧਦੇ ਮੈਨੂੰ (ਦੁਸ਼ਟ ਦਮਨ ਨੂੰ) ਪ੍ਰਭੂ ਨੇ ਬੁਲਾਇਆ ਅਤੇ ਇਹ ਕਹਿ ਕੇ ਸੰਸਾਰ ਤੇ ਭੇਜਿਆ," ਇਤਿਆਦਿ।

## ਪਰਖ

ਉਪਰਲੀ ਲਿਖਤ ਤੋਂ ਸੱਪਸ਼ਟ ਹੋਇਆ ਕਿ ਪ੍ਰਭੂ ਨੇ ਸੇਵਕਾਂ ਰਾਹੀਂ ਵਿਮਾਨ ਭੇਜ ਕੇ ਦੁਸ਼ਟ ਦਮਨ ਨੂੰ ਬੁਲਾਇਆ। ਕੀ ਸਰਬ ਵਿਆਪੀ ਅਕਾਲ ਪੁਰਖ ਦਾ ਕੋਈ ਵਿਸ਼ੇਸ਼ ਟਿਕਾਣਾ ਜਾਂ ਨਿਵਾਸ ਹੈ ਜਿਥੇ 'ਦੁਸ਼ਟ ਦਮਨ' ਨੂੰ ਬੁਲਾਇਆ ਗਿਆ ਤੇ ਮੱਥਾ ਚੁੰਮਿਆ?

ਇਸ ਦਾ ਭਾਵ ਇਹ ਹੋਇਆ ਕਿ ਪ੍ਰਭੂ ਸਰਬ-ਦੇਸ਼ੀ ਤੇ ਸਰਬ-ਕਾਲੀ ਤੇ ਨਿਰਗੁਣੀ ਨਹੀਂ। (ਇਹ ਵੀਚਾਰ ਗੁਰਮੱਤ-ਵਿਰੁਧ ਹੈ)। ਕੀ ਪਤਾ ਕਿਤੇ ਕੋਈ ਸਿਰ ਫਿਰਿਆ ਇਹ ਦਾਅਵਾ ਵੀ ਕਰ ਦੇਵੇ ਕਿ "ਮੈਂ ਉਹ ਅਸਥਾਨ ਵੀ ਲੱਭ ਲਿਆ ਹੈ

ਜਿਥੇ ਪ੍ਰਭੂ ਨੇ ਦੁਸ਼ਟ ਦਮਨ ਨੂੰ ਸੱਦ ਕੇ ਤੇ ਗੋਦੀ ਵਿਚ ਬਿਠਾ ਕੇ ਮੱਥਾ ਚੁੰਮਿਆ ਸੀ। ਦੂਜੇ ਪਾਸੇ ਸ੍ਰੀ ਦਸਮੇਸ਼ ਜੀ ਜਾਪੁ ਸਾਹਿਬ ਵਿਚ ਵਾਹਿਗੁਰੂ ਨੂੰ ਆਦੇਸ਼ (ਦੇਸ ਰਹਿਤ) ਅਠਾਮੇ, ਥਾਂ-ਰਹਿਤ ਦਸਦੇ ਹਨ। ਨਾਲੇ, ਹਜ਼ਰਤ ਮੁਹੰਮਦ ਨੇ ਕਦੋਂ ਅੱਲਹ ਦੀ ਥਾਂ ਆਪਣਾ ਨਾਮ ਜਪਾਇਆ ਸੀ?" ਉਹ ਤਾਂ ਰੱਬ ਨੂੰ ਅੱਲਾਹ, ਅਕਬਰ, ਲਾ ਇਲ ਇਲਾ (ਲਾਸ਼ਰੀਕ) ਆਦਿ ਨਾਵਾਂ ਤੇ ਸਿਫਤਾਂ ਨਾਲ ਪੁਕਾਰਦੇ ਹਨ।

**ਕਾਲ-ਦੋਸ਼**- ਰਾਮਾਨੰਦ ਬੈਰਾਗੀ ਨੂੰ ਮੁਹੰਮਦ ਸਾਹਿਬ ਤੋਂ ਪਹਿਲਾਂ ਬੁਲਾਇਆ ਦਸਿਆ ਗਿਆ ਹੈ, ਹਾਲਾਂਕਿ ਦੋਹਾਂ ਵਿਚ 800 ਕੁ ਸਾਲ ਦਾ ਅੰਤਰ ਹੈ। ਮਹਾਂਕਾਲ ਦੇ ਉਪਾਸ਼ਕ ਸ਼ਾਕਤ ਕਵੀ ਦਾ ਇਕ ਹਿਮਾਲੀਆ ਜਿਡਾ ਝੂਠ ਇਕ ਥਾਂ ਇਹ ਹੈ ਕਿ (ਚਰਿਤਰੋ ਪਖਯਾਨ 108) ਸਤਿਜੁਗ ਵਿਚ ਸੁਆਸ ਬੀਰਜ ਦੈਂਤ ਨੇ ਮਹਾਂ ਕਾਲ ਨਾਲ ਜੁੱਧ ਕਰਦਿਆਂ ਆਪਣੇ ਮੂੰਹ ਦੀ ਹਵਾੜ ਨਾਲ ਮੁਸਲਮਾਨੀ ਨਾਂਵਾਂ ਵਾਲੇ ਸ਼ੇਖ, ਮੁਗਲ, ਪਠਾਣ ਪੈਦਾ ਕੀਤੇ (ਅੰਕ 198 ਤੇ 199)। ਵੇਖੋ, ਕਵੀ ਦਾ ਕਿਤਨਾ ਅਨਰਥ ਤੇ ਦੀਦਾ ਦਲੇਰੀ ਹੈ ਕਿ ਸਤਿਜੁਗ ਵਿਚ ਵੀ ਮੁਸਲਮਾਨ ਪੈਦਾ ਕਰ ਦਿਤੇ। ਸੱਚ ਦੇ ਕਤਲ ਤੇ ਕੂੜ ਦੀ ਸਰਦਾਰੀ ਦੀ ਇਸ ਤੋਂ ਵੱਡੀ ਮਿਸਾਲ ਸੱਚੀ ਮੁੱਚੀ ਦੇ ਯਥਾਰਥ ਸੰਸਾਰ ਵਿਚ, ਕੀ ਹੋਰ ਕੀਤੇ ਮਿਲ ਸਕਦੀ ਹੈ? ਪਰ ਸਾਡੇ ਵਿਦਵਾਨ ਵੀਰਾਂ ਨੇ ਕਿਉਂ ਦਸਮ ਗ੍ਰੰਥ ਵਿਚਲੇ ਇਸ ਸਭ ਗੱਪ ਗਪੌੜ ਵਲੋਂ ਅੱਖਾਂ ਮੀਟ ਕੇ ਸੱਚ ਦਾ ਪਤਾ ਨਹੀਂ ਕੀਤਾ ਤੇ ਜਨਤਾ ਨੂੰ ਕੀ ਸਮਝ ਕੇ ਏਨਾ ਵੱਡਾ ਝੂਠ ਮੰਨਣ ਦਾ ਹੌਂਸਲਾ ਦਿਤਾ ਤੇ ਮਨਮਤ ਕਰਨ ਦਾ ਗੁਨਾਹ ਕੀਤਾ?

**ਹੋਰ ਦੋਸ਼** : ਉਪਰ ਕੀਤੇ ਕਥਨ ਦੇ ਦੋਸ਼ਾਂ ਦੇ ਨਾਲ ਹੀ ਇਸ ਰਚਨਾ ਵਿਚ ਜਿਥੇ ਵਿਆਕਰਣਕ ਅਤੇ ਕਾਲ-ਭੰਗ ਦੋਸ਼ ਹਨ, ਉਥੇ ਸੱਭ ਤੋਂ ਵੱਡਾ ਦੋਸ਼ ਮਿਥਿਆਵਾਦ ਹੈ, ਮਨ ਘੜਤ ਬੇਤੁਕੀਆਂ ਕਾਮਕ ਕਹਾਣੀਆਂ ਦਾ ਹੈ। ਏਸੇ ਲਈ ਇਸ ਸਾਰੀ ਰਚਨਾ ਨੂੰ ਸ੍ਰੀ ਦਸ਼ਮੇਸ਼ ਰਚਨਾ ਕਹਿਣਾ ਅਨੁਚਿਤ ਹੀ ਨਹੀਂ, ਬੇਇਨਸਾਫੀ ਹੈ ਤੇ ਪਾਪ ਹੈ। ਮਹਾਂਕਾਲ ਦੇ ਉਪਾਸ਼ਕ ਸ਼ਾਕਤ ਕਵੀ ਦੀ ਨਿਰਲੱਜ ਤੇ ਛੱਲ ਭਰਪੂਰ ਇਸ ਲਿਖਤ ਨੂੰ "ਅਕਾਲ ਬਾਚ ਇਸ ਕੀਟ ਪ੍ਰਤਿ", ਅਤੇ "ਮੈਂ ਆਪਣਾ ਸੁਤ ਤੁਹਿ ਨਿਵਾਜਾ" ਤਥਾ "ਠਾਢ ਭਇਓ ਮੈਂ ਜੋਰ ਕਰ" ਆਦਿਕ ਮਨਘੜਤ ਕੁਫ਼ਰ ਨੂੰ ਦਸਮ ਗੁਰੂ ਦੇ ਬਚਨ ਦੱਸ ਕੇ ਸੰਗਤਾਂ ਨੂੰ ਵੱਡਾ ਧੋਖਾ ਦਿਤਾ ਗਿਆ ਹੈ।

**ਇਕ ਹੋਰ ਅਹਿਮ ਸਵਾਲ:** ਇਸ ਮਿਥਿਆਵਾਦ ਨੂੰ ਹੋਰ ਚਾਰ ਚੰਦ ਲਾਉਣ ਵਾਲੀ ਇਹ ਪੁੱਛ ਕੀਤੀ ਜਾ ਸਕਦੀ ਹੈ ਕਿ ਕੀ ਗੁਰੂ ਨਾਨਕ ਦੇਵ ਜੀ ਨੂੰ ਲੋਕਾਈ ਦੀ ਪੁਕਾਰ ਸੁਣ ਕੇ ਪ੍ਰਭੂ ਨੇ ਆਪ ਨਹੀਂ ਸੀ ਭੇਜਿਆ। ਜਿਨ੍ਹਾਂ ਨੇ ਕਿ ਹੋਰ ਬਾਕੀ ਗੁਰੂਆਂ, ਪੀਰਾਂ, ਪੈਗੰਬਰਾਂ, ਭਗਤਾਂ ਅਤੇ ਸੂਫੀ ਸੰਤਾਂ ਆਦਿ ਨੂੰ ਨਾਲ ਲੈ ਕੇ ਕੇਵਲ ਅਕਾਲ ਪੁਰਖ ਦਾ ਨਾਮ ਜਪਾਇਆ। ਐਸੀ ਸੂਰਤ ਵਿਚ ਪ੍ਰਭੂ ਦਾ ਸ੍ਰੀ ਗੋਬਿੰਦ ਸਿੰਘ ਜੀ ਨੂੰ ਸੰਸਾਰ ਵਿਚ ਆਉਣ ਦੀ ਪ੍ਰੇਰਣਾ ਹਿਤ ਦਿੱਤਾ ਜਾ ਰਿਹਾ ਅਖੌਤੀ ਬਿਆਨ ਕਿਤਨਾ ਬੇਮਾਨ੍ਹੀ, ਸੱਚ ਤੋਂ ਦੂਰ ਤੇ ਲਗਵ ਹੈ।

**ਸਾਰ :** ਪਿਛੇ ਦਿਤੀ ਇਸ ਸਾਰੀ ਰਚਨਾ ਨੂੰ ਪੜ੍ਹ ਕੇ ਚਿੱਟੇ ਦਿਨ ਵਾਂਗ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ (ਹੇਮਕੁੰਟ ਅਤੇ ਦੁਸ਼ਟ ਦਮਨ ਵਾਲੀ) ਮਹਾਂਕਾਲ, ਕਾਲੀ

ਦੇਵੀ ਅਥਵਾ ਕਾਲਕਾ ਦੇ ਇਕੋ ਉਪਾਸਕ, ਸਯਾਮ ਕਵੀ ਦੀ ਵੱਡੀ ਕੁਟਲ ਨੀਤੀ ਦੇ ਪ੍ਰਭਾਵ ਵਾਲੀ, ਮਨੋਕਲਪਤ, ਨਿਰੋਲ ਮਿਥਿਆਵਾਦੀ ਤੇ ਮਨਮੱਤੀ ਰਚਨਾ ਹੈ।

## ਨਿਰਣਾ

ਉਤਲੀ ਲਿਖਤ ਤੋਂ ਸਪੱਸ਼ਟ ਭਾਵ ਪੈਦਾ ਹੁੰਦਾ ਹੈ ਕਿ ਪ੍ਰਭੂ ਦਾ ਕੋਈ ਖ਼ਾਸ (ਰਿਹਾਇਸ਼) ਟਿਕਾਣਾ ਹੈ ਤੇ ਉਹ ਸਰਬ–ਵਿਆਪੀ ਨਹੀਂ : ਬਲਕਿ ਈਸਾਈਆਂ ਅਤੇ ਮੁਸਲਮਾਨਾਂ ਦੀ ਮਨੌਤ ਅਨੁਸਾਰ ਸਤਵੇਂ ਅਸਮਾਨ ਉੱਤੇ ਰਹਿਣ ਵਾਲੇ ਰੱਬ ਵਾਂਗ ਕਿਸੇ ਨਿਸ਼ਚਤ ਥਾਂ ਉਤੇ ਰਹਿੰਦਾ ਹੈ। ਇਸ ਖ਼ਿਆਲ ਨੂੰ ਇਕ ਕਵੀ ਨੇ ਆਪਣੇ ਅੰਦਾਜ਼ ਵਿਚ ਇਉਂ ਬਿਆਨ ਕੀਤਾ ਹੈ।

"ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ

ਜਹਾਂ ਤਕ ਜਿਸ ਕੀ ਪਰਵਾਜ਼ ਥੀ, ਵਹੁ ਵਹਾਂ ਤਕ ਪਹੁੰਚਾ",

ਪਰ, ਕਲਗੀਧਰ ਪਾਤਸ਼ਾਹ ਅਨੁਸਾਰ ਅਕਾਲ ਪੁਰਖ ਅ–ਦੇਸ਼ ਅ–ਦੈਸੇ, ਅਨਾਮ (ਅ–ਨਾਮੈ), ਨਿਰੰਕਾਰ (ਅਨੰਗੀ), ਅਠਾਮੇ (ਅ–ਠਾਮੇ) ਹੈ। ਦੂਜੇ, ਮੱਥਾ ਚੁੰਮਣ ਵਾਲਾ ਤੇ ਆਪਣੇ ਮੋਹਰੇ ਮੱਥੇ ਟਿਕਾਉਣ ਵਾਲਾ ਕੋਈ ਸ਼ਖਸੀ ਰੱਬ ਹੀ ਹੋ ਸਕਦਾ ਹੈ। ਸੁਘੜ ਸ਼ਾਇਰ ਤਾਂ ਇਸ ਸੱਚ ਦਾ ਇਨਸਾਫ਼ ਇਉਂ ਕਰਦਾ ਹੈ:

"ਦਰਦਿ ਦਿਲ ਕੇ ਵਾਸਤੇ ਪੈਦਾ ਕੀਆ ਇਨਸਾਨ ਕੋ,

ਓਰਨਾ, ਤਾਇਤ ਕੇ ਲੀਏ, ਕੁਛ, ਕੰਮ ਨਾ ਥੇ ਕਰੂਬੀਆਂ।

ਨੋਟ: ਇਸਲਾਮੀ ਖ਼ਿਆਲ ਤੇ ਮਨੌਤ ਅਨੁਸਾਰ, ਸਤਵੇਂ ਅਕਾਸ਼ ਉਤੇ ਤਖ਼ਤ ਤੇ ਬੈਠੇ ਖ਼ੁਦਾ ਗਿਰਦ, ਕਰੂਬੀਆਂ (ਫ਼ਰਿਸ਼ਤੇ) ਉਸ ਦੀ ਸਿਫਤ ਵਿਚ ਲਗਾਤਾਰ ਗੇੜੇ ਕੱਢ ਰਹੇ ਹਨ।

ਤੀਜੇ, ਕਵਿਤਾ ਵਿਚ ਕਿਤੇ ਅਕਾਲ ਪੁਰਖ ਨੂੰ ਅਨ ਪੁਰਖ (III Person) ਅਤੇ ਕਿਤੇ ਉੱਤਮ ਪੁਰਖ ਦਰਸਾਇਆ ਹੈ। ਇਹ ਵਿਆਕਰਣ ਦੀਆਂ ਭੁੱਲਾਂ ਸ੍ਰੀ ਕਲਗੀਧਰ ਪਾਤਸ਼ਾਹ ਨਹੀਂ ਕਰ ਸਕਦਾ।

## ਇਕ ਵਰਤਮਾਨ ਗਵਾਹੀ :

ਤਰੀਕ ਤੇ ਅੰਕ ਤਾਂ ਹੁਣ ਵਿਸਰ ਗਿਆ ਹੈ, ਪਰ ਦਾਸ ਨੇ 'ਸਿੰਘ ਸਭਾ ਪਤ੍ਰਕਾ' ਵਿਚ ਸ: ਪਰਤਾਪ ਸਿੰਘ (ਜੈਨਰਲ ਸੱਕਤਰ) ਤੇ ਗਿਆਨੀ ਗੁਰਦਿੱਤ ਸਿੰਘ ਦਾ ਲਿਖਿਆ ਇਕ ਲੇਖ ਪੜ੍ਹਿਆ ਸੀ ਕਿ ਭਾਈ ਵੀਰ ਸਿੰਘ ਵਲੋਂ ਮਾਸਟਰ ਅਭੈ ਸਿੰਘ ਤੇ ਗਿਆਨੀ ਪਰਤਾਪ ਸਿੰਘ, ਦੋਵੇਂ ਕੇਮਕੁੰਟ ਦਾ ਅਸਥਾਨ ਭਾਲਣ ਪਹਾੜਾਂ ਵਿਚ ਗਏ ਅਤੇ ਕਿਵੇਂ ਛੇ ਕੁ ਮਹੀਨੇ ਖੱਜਲ ਖੁਆਰ ਹੋ ਕੇ ਵਾਪਸ ਆ ਕੇ ਭਾਈ ਵੀਰ ਸਿੰਘ ਜੀ ਨੂੰ ਦਸਿਆ ਕਿ ਹੇਮਕੁੰਟ ਪਰਬਤ ਜਾਂ 'ਬਚਿੱਤ੍ਰ ਨਾਟਕ' ਵਿਚ ਬਿਆਨ ਕੀਤੇ ਵਰਗਾ ਕੋਈ ਅਸਥਾਨ ਨਹੀਂ।

'ਆਖ਼ਰ ਪੰਡਤ ਤਾਰਾ ਸਿੰਘ ਨਰੋਤਮ (ਨਿਰਮਲੇ) ਤੇ ਕਵੀ ਸੰਤੋਖ ਸਿੰਘ ਦੀ ਭੁਲ ਦਾ ਨਤੀਜਾ ਇਹੋ ਨਿਕਲਿਆ ਕਿ ਭੋਲੇ ਭਾ 'ਹੇਮਕੁੰਟ' ਦਾ ਵਜੂਦ ਮੰਨ ਲਿਆ ਗਿਆ, ਗੁਰਦਵਾਰਾ ਬਣ ਗਿਆ ਜੋ ਵੱਡਾ ਮੁਕਤੀ-ਦਾਤਾ ਮੰਨਿਆ ਜਾਣ ਲੱਗਾ ਹੈ ਅਤੇ ਇਹ ਕੂੜ ਕੌੜੀ ਵੇਲ ਵਾਂਗੂ ਵਧਦਾ ਜਾ ਰਿਹਾ ਹੈ। ਕਈ ਕਰਾਮਾਤੀ ਕੂੜੀਆਂ ਕਹਾਣੀਆਂ ਇਸ ਨਾਲ ਜੋੜੀਆ ਜਾ ਚੁਕੀਆਂ ਹਨ।

ਉਪਰਲੇ ਸੰਖੇਪ ਜਿਹੇ ਨੋਟ ਤੋਂ ਸੂਝਵਾਨ ਪਾਠਕਾਂ ਨੇ ਵੇਖ ਲਿਆ ਹੈ ਕਿ ਉਪ੍ਰੋਕਤ ਸਾਕਤ ਨੇ (ਸ਼ਕਤੀ- ਕਾਲਕਾ ਦੇ ਪੁਜਾਰੀ ਨੇ) ਕਿਸ ਚਾਲਾਕੀ ਨਾਲ ਇਨ੍ਹਾਂ ਵਾਰਤਾਵਾਂ ਨੂੰ ਵਿਉਂਤਿਆ ਹੈ, ਤੇ ਆਖ਼ਰ ਆਪਣੀ ਰਚਨਾ ਨੂੰ ਸ੍ਰੀ ਦਸ਼ਮੇਸ਼ ਰਚਨਾ ਦਸ ਕੇ ਭਗਵਤੀ ਦੇਵੀ ਦਾ ਖ਼ਾਲਸੇ ਦੇ ਲੂੰ ਲੂੰ ਵਿਚ ਪਰਵੇਸ਼ ਕਰਾਇਆ ਤੇ "ਭਗਉਤੀ" ਅਗੇ ਝੁਕਾਇਆ ਹੈ। ਵੱਡਾ ਦੁੱਖ ਇਹ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ ਇਸ ਸਾਕਤ ਦੀ ਚੁਸਤੀ ਨੂੰ ਨਾ ਭਾਂਪਦਿਆਂ, ਸਗੋਂ ਆਪਣੀ ਕਵਿਤਾ ਵਿਚ ਇਸ ਦੇ ਸਹੀ ਹੋਣ ਦੀ ਪੁਸ਼ਟੀ ਕੀਤੀ ਤੇ ਮੋਹਰ ਲਾ ਦਿਤੀ ਹੈ। (ਵੇਖੋ ਸੂਰਜ ਪ੍ਰਕਾਸ਼, ਰਾਸ 11 ਅੰਸੂ 50, ਅੰਸੂ53 ਅੰਕ 13, ਆਦਿ)

ਇਹ ਸੱਭ ਪੜ੍ਹ ਸਣ ਕੇ ਬੇ-ਸਾਖ਼ਤਾ ਆਪਣੀ ਬੇਬਸੀ ਦਾ ਪ੍ਰਗਟਾਅ ਕਰਨ ਲਈ ਇਉਂ ਮਜਬੂਰ ਹੋਣਾ ਪੈਂਦਾ ਹੈ-

"ਇਕ ਚਾਕ ਹੋ ਤੋ ਸੀ ਲੂੰ, ਹਮਦਮ ਗ੍ਰੇਬਾਂ ਅਪਨਾ।

ਜ਼ਾਲਮ ਨੇ ਫਾੜ ਡਾਲਾ ਹੈ ਯਿਹ ਤਾਰ ਤਾਰ ਕਰ ਕੇ।"

ਸੋ, ਇਹ ਸੀ ਬਣਾਉਟੀ ਹੇਮਕੁੰਟ ਤੀਰਥ ਤੇ ਬ੍ਰਾਹਮਣ ਦੀ ਸ਼ੇਰ ਦੀ ਖੱਲ ਦੀ ਸੰਖੇਪ ਕਲਪਤ ਕਹਾਣੀ ਜਿਸਦਾ ਵਿਸਥਾਰ ਸਬੰਧਿਤ ਪੁਸਤਕਾਂ ਤੋਂ ਪੜ੍ਹਿਆ ਜਾ ਸਕਦਾ ਹੈ। "ਕਹੀਂ ਕੀ ਈਂਟ, ਕਹੀਂ ਕਾ ਰੋੜਾ-ਭਾਨਮਤੀ ਨੇ ਕੁਨਬਾ ਜੋੜਾ" ਦੇ ਅਖਾਣ ਵਾਂਗ ਹਰ ਵਸਤੂ ਹਰ ਵਿਅਕਤੀ ਤੇ ਕੂੜੋ ਕੂੜ ਕਹਾਣੀ ਦੇ ਬੁਣੇ ਜਾਲ ਦੀ ਹਰ ਤੰਦ ਮਿਥਿਆ ਹੈ, ਕਲਪਤ ਤੇ ਖ਼ਿਆਲੀ ਹੈ। ਲੋਕ ਕਿਤਨੇ ਭੋਲੇ, ਅਗਿਆਨੀ ਹਨ ਕਿ ਸੱਚ ਦੇ ਰਤਨਾਂ ਜਵਾਹਰਾਂ ਦੀ ਸਦੀਵੀ ਤੇ ਸੁਖਦਾਈ ਬੇਸ਼ਕੀਮਤੀ ਦੌਲਤ ਦੀ ਥਾਂ ਕੂੜ ਦਾ ਕੱਚ ਵਿਹਾਝ ਕੇ ਦੁਰਲਭ ਜੀਵਨ ਬਰਬਾਦ ਕਰ ਕੇ ਜੱਗ ਤੋਂ ਤੁਰਦੇ ਬਣਦੇ ਹਨ। ਸ੍ਰੀ ਗੁਰੂ ਨਾਨਕ ਦੇ ਕਥਨ ਅਨੁਸਾਰ ਮਨੁੱਖ, ਪੂਰ ਦੇ ਪੂਰ ਡੋਬਣ ਵਾਲੇ ਕੂੜ, ਮਿਥਿਆ ਦੇ ਜ਼ਹਿਰ ਨੂੰ ਤਾਂ "ਕੂੜੁ ਮਿਠਾ, ਕੂੜੁ ਮਾਖਿਉਂ (ਸ਼ਹਿਦ) ਮੰਨ ਕੇ ਖਾਈ ਜਾਂਦਾ ਹੈ, ਪਰ ਸਫ਼ਲ ਸੁਖਦਾਈ ਅੰਮ੍ਰਿਤ ਬਾਣੀ ਦੇ ਸੱਚ ਵੱਲੋਂ ਅੱਖਾਂ ਤੇ ਕੰਨ ਬੰਦ ਕਰੀ ਬੈਠਾ ਹੈ। ਗੁਰਵਾਕ ਹੈ-

ਅੰਮ੍ਰਿਤ ਕਉਰਾ ਬਿਖਿਆ ਮੀਠੀ।

ਸਾਕਤ ਕੀ ਬਿਧਿ ਨੈਨਹੁ ਡੀਠੀ। (ਪੰਨਾ 892)

ਬੱਸ, ਇਹ ਉਹ ਸਾਕਤ ਹੈ ਜਿਸ ਨੇ ਦਸਮ ਗ੍ਰੰਥ ਵਿਚ ਸ੍ਰੀ ਦਸ਼ਮੇਸ਼ ਜੀ ਦੀਆਂ ਉਚਾਰੀਆਂ ਚੰਦ ਬਾਣੀਆਂ ਛੱਡ ਕੇ, ਉਨ੍ਹਾਂ ਵਿਚ ਕਾਲਪਨਿਕ ਮਿਥਿਹਾਸਕ, ਬਣਾਉਟੀ,

ਅਸ਼ਲੀਲ, ਕਾਮਕ ਵਾਰਤਾਵਾਂ ਦਾ ਜਾਲ ਬੁਣ ਛਡਿਆ ਹੈ ਕਿ ਕਿਸੇ ਨਾ ਕਿਸੇ ਢੰਗ ਜੁਗਤੀ, ਠੱਗੀ ਨਾਲ ਸਿੱਖ ਮਹਾਂਕਾਲ, ਕਾਲਕਾ ਦੇ ਉਪਾਸਕ (ਸਾਕਤ) ਬਣ ਕੇ ਸਚਿਆਰ ਬਨਾਉਣ ਵਾਲੀਆਂ ਕੀਮਤਾਂ ਨੂੰ ਤਿਲਾਂਜਲੀ ਦੇ ਦੇਣ।

## ਇਕੋ ਆਸ, ਇਕ ਦੀ ਟੇਕ

ਇਸ ਸਾਰੇ ਕੱਲਰ ਕੂੜ, ਅਗਿਆਨਤਾ 'ਚੋਂ ਬਚਣ ਦੀ ਤੇ ਘੁੱਪ ਹਨੇਰੇ 'ਚੋਂ ਬੱਚ ਨਿਕਲਣ ਦੀ ਜੇ ਕੋਈ ਆਸ, ਕੋਈ ਕਿਰਨ ਨਜ਼ਰ ਪੈਂਦੀ ਹੈ ਤਾਂ ਉਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਲ, ਸਾਦੀ ਸਰਬ-ਕਾਲੀ, ਸਰਬ-ਦੇਸ਼ੀ ਤੇ ਮਨੁੱਖ ਨੂੰ ਸਚਿਆਰ ਤੇ ਸੁਖੀ ਬਣਾਉਣ ਦੀ ਪਰਮ ਸ਼ਕਤੀ ਰੱਖਣ ਵਾਲੀ ਧੁਰ ਕੀ ਬਾਣੀ, ਪਿਉ ਦਾਦੇ ਦਾ ਰਤਨੀ-ਭਰਪੂਰ ਖਜ਼ਾਨਾ। ਸੋ ਆਉ ਇਸ ਨੂੰ ਪੜ੍ਹੀਏ, ਸਮਝੀਏ ਤੇ ਕਮਾਈਏ। ਇਸ ਦੇ ਪ੍ਰਚੰਡ ਪ੍ਰਕਾਸ਼ ਵਿਚ ਜੁਗਾਂ ਦੇ ਅੰਧਕਾਰ ਦਾ ਨਾਸ਼ ਹੋਵੇਗਾ ਅਤੇ ਜਿੰਨਾਂ, ਭੂਤਾਂ ਦੇ ਭਰਮ ਦੂਰ ਹੋਣਗੇ। ਪੁਰਾਣਕ ਕਹਾਣੀਆਂ ਤੇ ਕੂੜੀ ਕਲਪਨਾ ਦਾ ਸਰਵਨਾਸ਼ ਹੋਵੇਗਾ।

ਐ ਸੰਸਾਰ ਦੇ ਲੋਕੋ! ਜੇ ਮੰਗਣਾ ਹੈ ਤਾਂ ਰਾਮ, ਰੱਬ, ਵਾਹਿਗੁਰੂ ਤੋਂ ਮੰਗੋ, ਜਿਸ ਤੋਂ ਪਦਾਰਥ ਹੀ ਨਹੀਂ, ਮੁਕਤੀ ਵੀ ਤੁਹਾਡੇ ਚਰਨ ਚੁੰਮੇਗੀ। ਗੁਰਬਾਣੀ ਸਰਬੱਤ ਨੂੰ ਇਕ ਸਮਾਨ ਆਵਾਜ਼ ਦੇ ਰਹੀ ਹੈ:-

ਮਾਂਗਉ ਰਾਮ ਤੇ ਸਭਿ ਥੋਕ॥

ਮਾਨੁਖ ਕਉ ਜਾਚਤ ਸ੍ਰਮੁ ਪਾਈਐ,

ਪ੍ਰਭ ਕੈ ਸਿਮਰਨਿ ਮੋਖ।।(ਪੰਨਾ, 682)

ਅਤੇ ਇਹ ਕਲਪਤ, ਮਿਥਿਹਾਸਕ, ਫਰਜ਼ੀ ਕਥਾਵਾਂ (fables) ਦੇ 'ਦੇਵਤੇ' ਤਾਂ ਮਨੁੱਖ ਜਿੰਨੀ ਸਮਰੱਥਾ ਵੀ ਨਹੀਂ ਰਖਦੇ। ਸੁਖ ਦੁਖ ਦੇਣ ਦੀ ਸਮਰੱਥਾ ਤੇ ਤਾਂ ਰੱਖਣ ਜੇ ਇਨ੍ਹਾਂ ਦੀ ਕੋਈ ਹਸਤੀ ਹੁੰਦੀ। ਲੋਕ ਕਿਤਨੇ ਭੋਲੇ , ਕਮਲੇ ਤੇ ਮੂਰਖ ਹਨ। ਰੱਬ ਨੂੰ ਤਾਂ ਉਸ ਦੀ ਕੁਦਰਤ ਰਾਹੀਂ ਨਹੀਂ ਜਾਣਦੇ ਕਿ "ਵਿਚਿ ਕੁਦਰਤ ਹਰਿ ਪ੍ਰਭ ਵਸੈ" (ਵਾਰ ਆਸਾ), ਪਰ ਰੇਗਿਸਤਾਨਾਂ ਵਿਚ ਫੁਲਵਾੜੀ ਲੱਭਣ ਦੀ ਮੂਰਖਤਾ ਕਰਦੇ ਹਨ। ਇਹ ਮਨੁੱਖਾ ਜਨਮ ਵਿਚ ਹੁੰਦੇ ਵੀ ਉਸ ਰਾਹੀ ਵਾਂਗ ਹਨ-

ਮੰਜ਼ਲ ਪਰ ਆ ਕਰ ਭੀ ਜਿਸੇ ਮੰਜ਼ਲ ਨਾ ਨਜ਼ਰ ਆਏ,

ਭਟਕਾ ਹੂਆ ਵੁਹ ਰਾਹੀ ਜਾਏ ਤੋ ਕਿਧਰ ਜਾਏ?

ਸੋ ਅਰਦਾਸ ਹੈ ਕਿ ਆਕਲਪੁਰਖ ਸੱਚ ਤੇ ਝੂਠ, ਸੋਨੇ ਤੇ ਮੁਲੰਮੇ ਦੀ ਪਹਿਚਾਣ ਕਰਨ ਦਾ ਬਲ ਬਖ਼ਸ਼ੇ!

(ਸਪੋਕਸਮੈਨ ਤੋਂ ਧੰਨਵਾਦ ਸਾਹਿਤ)

# ਦਸਮ ਗ੍ਰਥ ਦ ਪ੍ਰਸਗ ਵਿਚ

## “ਚੌਬੀਸ ਅਵਤਾਰ”

ਦਸਮ ਗ੍ਰੰਥ ਦੇ ਕਿਸੇ ਵੀ ਭਾਗ ਜਾਂ ਪੱਖ ਉਤੇ ਗੰਭੀਰ ਤੇ ਨਿਰਣਾਇਕ ਅਥਵਾ ਵਿਗਿਆਨਕ ਵੀਚਾਰ ਕਰਨ ਵੇਲੇ,ਹਕੀਕੀ ਖੋਜਕਾਰ ਨੂੰ ਭਾਵੁਕ ਭਾਵਾਂ ਤੋਂ ਉਚੇਰੇ ਉਠ ਕੇ ਇਹਨਾਂ ਤੱਥਾਂ ਦੀ ਰੋਸ਼ਨੀ ਵਿਚ ਆਪਣੇ ਖੋਜ ਕਾਰਜ ਨੂੰ ਆਰੰਭ ਕਰਨਾ ਹੋਵੇਗਾ:–

(1) ਪਹਿਲਾ :– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨੰਦੇੜ ਵਿਖੇ, ਗੁਰਿਆਈ, ਜੁਗੋ ਜੁਗ ਅਟਲ ਸ਼ਬਦ ਗੁਰੂ “ਸ੍ਰੀ ਗੁਰੂ ਗ੍ਰੰਥ ਸਾਹਿਬ ਜੀ” ਨੂੰ ਬਖ਼ਸ਼ੀ ਅਤੇ ਪੰਥ ਨੂੰ ਉਸ ਦੀ ਤਾਬਿਆ ਕੀਤਾ ਸੀ। ਇਸ ਸੰਬੰਧ ਵਿਚ ਭਾਈ ਨਰਬੁਦ ਸਿੰਘ ਭੱਟ, “ਗੁਰ ਬਿਲਾਸ” (ਭਾਈ ਕੁਇਰ ਸਿੰਘ), ਬੰਸਾਵਲੀਨਾਮਾ (ਭਾਈ ਕੇਸਰ ਸਿੰਘ ਛਿੱਬਰ), ਮਹਿਮਾ ਪ੍ਰਕਾਸ਼ (ਬਾਵਾ ਸਰੂਪ ਦਾਸ ਭੱਲਾ) ਅਤੇ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) ਦੀ ਗਵਾਹੀ ਵਾਚੀ ਜਾ ਸਕਦੀ ਹੈ।

(2) ਦੂਜਾ :– ਬੰਸਾਵਲੀਨਾਮਾ ਭਾਈ ਕੇਸਰ ਸਿੰਘ ਛਿੱਬਰ ਅਤੇ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਅਨੁਸਾਰ, ਜਦੋਂ ਸਿੱਖਾਂ ਨੇ ਸ੍ਰੀ ਗੁਰੂ ਗੁਬਿੰਦ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਮਾਨ ਆਪਣੀ ਬਾਣੀ ਦਾ ਵਖਰਾ ਗ੍ਰੰਥ ਬਣਾਉਣ ਜਾਂ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਲਈ ਬੇਨਤੀ ਕੀਤੀ ਤਾਂ ਸ੍ਰੀ ਦਸ਼ਮੇਸ਼ ਜੀ ਨੇ ਇਨਕਾਰ ਕਰਦਿਆਂ ਫੁਰਮਾਇਆ ਸੀ:–

(ੳ) “.. ਇਹ ਸੁਣ ਦਸਮੇ ਗੁਰੂ ਉਚਾਰੀ।
ਗੁਰੂ ਅਰਜਨ ਬਡ ਭਏ ਉਪਕਾਰੀ।
ਤਿਨ ਕੀ ਨਹਿ ਬਰਾਬਰੀ ਚਾਹੀਏ।
ਨ ਹਮ ਕਰੈਂ, ਨ ਤੁਮ ਫਿਰ ਕਹੀਏ।”

(ਪੰਥ ਪ੍ਰਕਾਸ਼ ਨਿਵਾਸ 36, ਅੰਕ –19)

(ਅ)“ ਗਰੀਬ ਨਿਵਾਜ ਜੇ ਬਚਨ ਹੋਵੈ ਤਾਂ
ਦੋਹਾਂ ਗ੍ਰੰਥਾਂ ਦੀ ਜਿਲਦ ਇਕ ਚਹੀਐ ਕਰਿ ਲੀਤੀ।
ਸਾਹਿਬ ਬਚਨ ਕੀਤਾ, ਇਹ ਆਦਿ ਗੁਰੂ ਹੈ ਗ੍ਰੰਥ।
ਉਹ ਅਸਾਡੀ ਖੇਡ ਹੈ, ਜੁਦਾ ਰਹੇ ਮੰਨ ਮੰਥ।” (389)

(ਚਰਨ ਦਸਵਾਂ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,
ਕ੍ਰਿਤ ਕੇਸਰ ਸਿੰਘ ਛਿੱਬਰ)

3) ਤੀਜਾ :– ਸ੍ਰੀ ਗੁਰੂ ਗੁਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਸਮੇਂ, “ਦਸਮ ਗ੍ਰੰਥ” ਨਾਮ ਦਾ ਕੋਈ ਗ੍ਰੰਥ ਵਜੂਦ ਵਿਚ ਨਹੀਂ ਸੀ। ਭਾਈ ਕਾਨ੍ਹ ਸਿੰਘ

ਜੀ ਨਾਭਾ, ਡਾਕਟਰ ਰਤਨ ਸਿੰਘ ਜੱਗੀ ਅਥਵਾ ਹੋਰ ਇਸ ਪੰਥ ਦੇ ਸਮੂਹ ਵਿਦਵਾਨਾਂ ਦੀ ਰਾਏ ਹੈ ਕਿ ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੋਂ, ਘਟੋ-ਘਟ 13 ਸਾਲ ਬਾਅਦ, ਅਥਵਾ ਸੰਨ 1736 ਤੋਂ ਪਹਿਲਾਂ ਪਹਿਲਾਂ, ਭਾਈ ਮਨੀ ਸਿੰਘ ਜੀ ਨੇ ਜਿਥੋਂ ਕਿਥੋਂ, ਵੱਡੇ ਜਤਨ ਨਾਲ, ਦਸਮ ਗੁਰੂ ਜੀ ਦੀ ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਇਕਤ੍ਰ ਕਰਕੇ, ਇਕ ਜਿਲਦ “ਦਸਵੇਂ ਪਾਤਸ਼ਾਹ ਕਾ ਗ੍ਰੰਥ” ਕਰ ਕੇ ਲਿਖੀ।.... ਉਨ੍ਹਾਂ ਦੇ ਦੇਹਾਂਤ ਪੁਰ ਪੰਥ ਨੇ “ਦਸਮ ਗ੍ਰੰਥ” ਦਮਦਮੇ ਸਾਹਿਬ (ਸਾਬੋ ਕੀ ਤਲਵੰਡੀ) , ਜੋ ਉਸ ਸਮੇਂ ਵਿਦਿਆ ਦੀ ਟਕਸਾਲ (ਗੁਰੂ ਕੀ ਕਾਸ਼ੀ) ਕਰਕੇ ਪ੍ਰਸਿੱਧ ਸੀ, ਵਿਚਾਰ ਲਈ ਭੇਜ ਦਿੱਤਾ। ਖਾਲਸਾ ਦੀਵਾਨ ਵਿਚ ਚਿਰ ਤੋੜੀ ਇਸ ਬੀੜ ਤੇ ਚਰਚਾ ਹੋਈ। ਕਿਤਨਿਆਂ ਨੇ ਕਿਹਾ ਕਿ ਜੁਦੀ ਪੋਥੀਆਂ ਵਿਚ ਬਾਣੀ ਦਾ ਰਹਿਣਾ ਯੋਗ ਨਹੀਂ, ਇਕ ਜਿਲਦ ਵਿਚ ਹੀ ਸਭ ਦਾ ਇਕਤ੍ਰ ਰਹਿਣਾ ਠੀਕ ਹੈ: ਕਈਆਂ ਨੇ ਆਖਿਆ ਕਿ ਇਸ ਬੀੜ ਦੀਆਂ ਜੁਦੀਆਂ ਜੁਦੀਆਂ ਪੋਥੀਆਂ ਰਹਿਣ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ ਗਿਆਨੀ ਵਿਦਿਆਰਥੀ ਪਠਨ ਪਾਠਨ ਕਰ ਸਕਣ! ਬਹੁਤਿਆਂ ਨੇ ਆਖਿਆ ਕਿ ਇਸ ਦੀਆਂ ਦੋ ਜਿਲਦਾਂ ਬਣਾਈਆਂ ਜਾਣ, ਇਕ ਵਿਚ ਉਹ ਬਾਣੀ ਹੋਵੇ ਜੋ ਕਲਗੀਧਰ ਜੀ ਦੀ ਅਕਾਲੀ ਬਾਣੀ (ਗੁਰਬਾਣੀ ਤੁਲ) ਹੈ, ਅਰ ਦੂਜੀ ਵਿਚ ਇਤਿਹਾਸ ਆਦਿ ਲਿਖੇ ਜਾਣ: ਬਹੁਤਿਆਂ ਨੇ ਰਾਇ ਦਿੱਤੀ ਕਿ ਹੋਰ ਸਭ ਬਾਣੀਆਂ ਭਾਈ ਮਨੀ ਦੀਆਂ ਲਿਖੀਆਂ!, ਜਿਉ ਦੀਆਂ ਤਿਉਂ ਰਹਿਣ, ਪਰ “ਬਚਿਤ੍ਰ” (ਚਰਿਤਰੋ ਪਾਖਿਆਨ) ਅਤੇ ਜ਼ਫ਼ਰਨਾਮੇ ਦੇ ਨਾਲ ਜੋ ਫ਼ਾਰਸੀ ਵਿਚ 11 ਹਕਾਯਤਾਂ ਲਿਖੀਆਂ ਹਨ, ਇਹ (615 ਪੰਨਿਆਂ ਦੇ ਕਰੀਬ) ਬੀੜ ਤੋਂ ਅਲਗ ਕੀਤੀਆਂ ਜਾਣ (ਮਹਾਨ ਕੋਸ਼ ਪੰਨਾ 461)।

4) ਚੌਥਾ :- ਭਾਈ ਮਨੀ ਸਿੰਘ ਜੀ ਵਲੋਂ ਲਿਖੀ ਮੰਨੀ ਜਾਂਦੀ ਬੀੜ ਤੋਂ ਬਿਨਾ ਤਿੰਨ ਹੋਰ ਬੀੜਾਂ ਵੀ, ਪ੍ਰਾਚੀਨ ਬੀੜਾਂ ਕਰਕੇ ਪ੍ਰਸਿੱਧ ਹਨ, ਜਿਵੇਂ-

ੳ) ਮੋਤੀ ਬਾਗ ਵਾਲੀ ਬੀੜ

ਅ) ਸੰਗਰੂਰ ਦੀਵਾਨਖਾਨੇ ਵਾਲੀ ਬੀੜ

ੲ) ਪਟਨੇ ਵਾਲੀ, ਭਾਈ ਸੁੱਖਾ ਸਿੰਘ ਵਲੋਂ ਲਿਖੀ ਬੀੜ।

ਡਾ ਰਤਨ ਸਿੰਘ ਜੱਗੀ ਲਿਖਦੇ ਹਨ ਕਿ “ਉਪ੍ਰੋਕਤ ਚਾਰ ਬੀੜਾਂ ਦੇ ਬਾਣੀ ਕ੍ਰਮ, ਬਾਣੀ ਸੰਖਿਆ ਅਤੇ ਛੰਦ ਸੰਖਿਆ ਵਿਚ ਅਸਮਾਨਤਾ, ਮੰਗਲਿਕ ਅਤੇ ਆਰੰਭਕ ਕਰਤ੍ਰਿਤਵ-ਸੂਚਕ ਉਕਤੀਆਂ ਵਿਚ ਭੇਦ ਤੇ ਪਾਠੰਤਰ ਅਤੇ ਕੁਝ ਰਚਨਾਵਾਂ ਦੇ ਕ੍ਰਮ ਜਾਂ ਖੰਡਾਂ ਦੀ ਵੰਡ ਵਿਚ ਫ਼ਰਕ ਆਦਿ ਵੀ ਨੋਟ ਕਰਨ ਯੋਗ ਹਨ।” (ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਨਾ 91)

5) ਪੰਜਵਾਂ:- “ਦਸਮ ਗ੍ਰੰਥ” ਦੇ ਸਮੇ ਸਮੇ ਬਦਲਦੇ ਨਾਮ ਵੀ ਵੇਖਣ-ਵੀਚਾਰਨ ਵਾਲਾ ਨੁਕਤਾ ਹੈ। ਆਰੰਭ ਵਿਚ ਇਸ ਦਾ ਨਾਮ ‘ਬਚਿਤ੍ਰ ਨਾਟਕ’ ਸੀ। ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ) ਅਨੁਸਾਰ, ‘ਬਚਿਤ੍ਰ ਨਾਟਕ’ ਦੇ ਅਰਥ ਹਨ -ਇਕ ਬਚਿਤ੍ਰ ਅਦਭੂਤ, ਹਾਸ ਵਿਲਾਸ ਵਾਲਾ ਅਜੀਬ ਜਿਹਾ ਗ੍ਰੰਥ। ਫੇਰ ਇਸ ਦਾ ਨਾਮ

ਹੋਇਆ "ਦਸਵੇਂ ਪਾਤਸ਼ਾਹ ਕਾ ਗ੍ਰੰਥ", ਫੇਰ "ਸ੍ਰੀ ਦਸਮ ਗ੍ਰੰਥ ਸਾਹਿਬ' ਅਤੇ ਹੁਣ ਹੈ– 'ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ'। ਨਾਵਾਂ ਵਿਚ ਇਹ ਤਬਦੀਲੀ, ਸਮੇਂ ਸਮੇਂ ਪੰਥ ਵੱਲੋਂ ਬਾਕਾਇਦਾ ਪ੍ਰਾਪਤ ਕੀਤੀ ਪ੍ਰਵਾਨਗੀ ਨਾਲ ਨਹੀਂ ਹੁੰਦੀ ਰਹੀ: ਸਗੋਂ ਦੁਕਾਨਦਾਰ ਪ੍ਰਕਾਸ਼ਕਾਂ ਵਲੋਂ ਆਪਣੇ ਤੌਰ ਉਤੇ ਹੀ ਕਰ ਲਈ ਜਾਂਦੀ ਰਹੀ ਹੈ।

## ਚੌਬੀਸ ਅਵਤਾਰ

"ਦਸਮ ਗ੍ਰੰਥ" ਵਿਚ 24 ਅਵਤਾਰਾਂ ਦੀਆਂ ਕਥਾਵਾਂ ਨਾਲ, "ਸ਼ਬਦਾਰਥ ਦਸਮ ਗ੍ਰੰਥ (ਛਾਪਕ–ਪੰਜਾਬੀ ਯੂਨੀਵਰਸਿਟੀ, ਪਟਿਆਲਾ)" ਦੇ ਕੋਈ 862 ਪੰਨੇ ਭਰੇ ਪਏ ਹਨ। (ਇਸ ਦੀ ਯੁਕਤੀਪੂਰਵਕ ਵਿਆਖਿਆ ਅਕੱਟ ਦਲੀਲਾਂ ਰਾਹੀਂ ਅਵਤਾਰਵਾਦ ਸੰਬੰਧੀ ਲੇਖਾਂ ਵਿਚ ਦਿੱਤੀ ਜਾ ਚੁੱਕੀ ਹੈ। ਇਹ ਉਸਦੀ ਰੌਸ਼ਨੀ ਵਿਚ ਵਾਚਣਾ ਲਾਭਦਾਇਕ ਹੋ ਸਕਦਾ ਹੈ।) ਇਹ ਸਾਰੇ ਅਵਤਾਰ 'ਵਿਸਨੂ' ਦੇ ਮੰਨੇ ਜਾਂਦੇ ਹਨ। ਸ੍ਰੀ ਵਿਸਨੂ ਨੂੰ ਜਿਥੇ ਸ੍ਰੀ ਕ੍ਰਿਸ਼ਨ ਅਤੇ ਰਾਮ ਜੀ ਦਾ ਅਵਤਾਰ ਧਾਰਨਾ ਪਿਆ, ਓਥੇ ਮੋਹਨੀ, ਕੱਛ, ਮੱਛ ਤੇ ਸੂਰ ਆਦਿਕ ਦੀਆਂ ਜੂਨਾਂ ਦਾ ਵੀ। ਗੁਰਮਤਿ ਅਵਤਾਰਵਾਦ ਨੂੰ ਨਹੀਂ ਪ੍ਰਵਾਨਦੀ। ਗੁਰਬਾਣੀ ਹੀ ਨਹੀਂ, ਸ੍ਰੀ ਦਸ਼ਮੇਸ਼ ਬਾਣੀ ਵੀ ਇਸ ਦਾ ਸਪੱਸ਼ਟ ਖੰਡਨ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਅਤੇ ਉਹਨਾਂ ਦੀ ਹੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅਕਾਲ ਪੁਰਖ ਦੇ ਦੋ ਹੀ ਸਰੂਪ ਮੰਨਦੇ ਹਨ–ਇਕ ਨਿਰਗੁਣ ਤੇ ਦੂਜਾ ਸਰਗੁਣ। ਨਿਰਗੁਣ ਸਰੂਪ ਉਹ ਹੈ ਜੋ ਆਕਾਰ, ਰੂਪ–ਰੰਗ, ਰੇਖ–ਭੇਖ ਤੋਂ ਰਹਿਤ ਹੈ, ਅਤੇ ਸਰਗੁਣ ਵਿਚ ਉਹ ਆਪਣੀ ਦਿਸਦੀ–ਅਣਦਿਸਦੀ ਰਚਨਾ ਵਿਚ ਸਮਾਇਆ ਹੋਇਆ ਹੈ। ਉਸ ਦੀ ਜੋਤ ਕੁਦਰਤ ਵਿਚ ਹਰ ਥਾਂ ਪ੍ਰਵੇਸ਼ ਕਰਦੀ ਹੈ, ਅਤੇ ਉਹ ਕਰਤਾਰ ਆਪ ਆਪਣੀ ਸਾਰੀ ਕਿਰਤ ਨੂੰ ਧਾਰ ਰਿਹਾ ਹੈ। ਉਹ ਅਜੂਨੀ ਹੈ, ਸੋ ਕਿਸੇ ਵਿਸ਼ੇਸ਼ ਵਿਅਕਤੀ ਵਿਚ ਪ੍ਰਵੇਸ਼ ਕਰ ਕੇ ਜਨਮ ਨਹੀਂ ਲੈਂਦਾ।

ਦੂਜੇ, "ਚੌਬੀਸ ਅਵਤਾਰ" ਦੇ ਆਰੰਭ ਵਿਚ ਹੀ ਇਹ ਨਿਰਣਾ ਹੋ ਜਾਂਦਾ ਹੈ ਕਿ ਇਹ ਸਾਰਾ ਬ੍ਰਿਤਾਂਤ "ਸਯਾਮ" ਕਵੀ ਲਿਖ ਰਿਹਾ ਹੈ। ਜਿਵੇਂ ਕਿ :–

ਸੁਨਿਅਹੁ ਸੰਤ ਸਭੈ ਚਿਤ ਲਾਈ।

ਬਰਨਤ 'ਸਯਾਮ' ਜਥਾ ਮਤਿ ਭਾਈ।

ਫੇਰ ਕ੍ਰਿਸ਼ਨਾਵਤਾਰ ਦੇ ਅੰਤ ਵਿਚ ਬਾਰ ਬਾਰ ਇਹ ਕਥਨ ਹੈ:–

ੳ) ਜੋ ਬ੍ਰਿਜਨਾਇਕ ਕੇ ਰੁਚ ਸੋ, ਕਬਿ 'ਸਯਾਮ' ਭਨੈ, ਫੁਨਿ ਕੀਤਨ ਗੈਹੈ।

ਅ) ਪਾਪਨ ਕੀ ਤੇਊ ਪਾਵਕ ਮੈ, ਕਬਿ 'ਸਯਾਮ' ਭਨੈ, ਕਬਹੂੰ ਨ ਜਰੈਂਗੇ।

ੲ) ਪ੍ਰੇਮ ਬਿਨਾ, ਕਬਿ 'ਸਯਾਮ' ਭਨੈ ਕਰਿ ਕਾਹੂ ਕੇ ਮੈਂ ਬ੍ਰਿਜਨਾਇਕ ਆਯੋ।

ਤੀਜੇ, ਕਵੀ 'ਸਯਾਮ' ਜੋ ਸ੍ਰੀ ਦਸ਼ਮੇਸ਼ ਜੀ ਦੇ ਦਰਬਾਰੀ ਕਵੀਆਂ ਵਿਚੋਂ ਸੀ, ਨਾ ਕੇਵਲ "ਚੌਬੀਸ ਅਵਤਾਰ" ਦਾ ਹੀ ਕਰਤਾ ਹੈ, ਸਗੋਂ 'ਚਰਿਤ੍ਰੋ ਪਾਖਯਾਨ' ਦਾ ਵੀ। ਏਥੋਂ ਤਕ ਕਿ ਚਰਿਤ੍ਰ ਨੰ: 109 ਵਿਚ, ਸਾਮ ਤੇ ਰਾਮ, ਦੋਹਾਂ ਕਵੀਆਂ ਦਾ ਨਾਮ ਆਉਂਦਾ ਹੈ। ਜਿਵੇਂ:–

ੳ) ਝੂਮਕ ਦੇਤ ਝੁਕੈ, ਕਬਿ ‘ਰਾਮ’ ਸੁਭਾਵ ਭਲੋ ਲਖਿ ਪਾਯੋ। (ਛੰਦ 19)

ਅ) ‘ਸਯਾਮ’ ਭਨੈ ਮਹਿਲੋਕ ਕੀ ਮਾਨਹੁ, ਮਾਨਨਿ ਕੋ ਮਨੁ ਮੋਹਨੁ ਆਯੋ। (ਛੰਦ 32)

ਨੋਟ :- ਕੁਝ ਪ੍ਰਬੀਨ ਵਿਦਵਾਨਾਂ ਦਾ ਵੀਚਾਰ ਹੈ ਕਿ ਰਾਮ ਤੇ ਸਯਾਮ, ਇਕੇ ਕਵੀ ਸਯਾਮ ਦੀ ਹੀ ਕਵੀ-ਛਾਪ ਹੈ।

ਵੱਖ-ਵੱਖ ਕਵੀ ਛਾਪਾਂ ਬਾਰੇ :-

ਜਿਹੜੀ ਧਿਰ ਸਾਰੇ ‘ਦਸਮ ਗ੍ਰੰਥ’ ਨੂੰ ਗੁਰੂ ਕ੍ਰਿਤ ਮੰਨਦੀ ਹੈ, ਉਹ ਆਖਦੀ ਹੈ ਕਿ ਇਸ ਗ੍ਰੰਥ ਵਿਚ ਰਾਮ, ਸਯਾਮ, ਕਾਲ, ਗੋਬਿੰਦ ਆਦਿ ਸਭ ਛਾਪਾਂ, ਸ੍ਰੀ ਦਸ਼ਮੇਸ਼ ਜੀ ਦੀਆਂ ਹੀ ਕਵੀ-ਛਾਪਾਂ ਹਨ। ਗੁਰੂ ਜੀ ਦੀ ਮਾਤਾ ਜੀ ਨੇ ਉਹਨਾਂ ਦਾ ਬਚਪਨ ਦਾ ਨਾਮ ‘ਸਯਾਮ’ ਰਖਿਆ ਹੋਇਆ ਸੀ; ਕਿਉਂਕਿ ‘ਗੋਬਿੰਦ’ ਨਾਮ ਉਹਨਾਂ ਦੇ ਸਹੁਰਾ ਜੀ ਦਾ ਹੋਣ ਕਰਕੇ, ਉਹ ਰਿਵਾਜ-ਵੱਸ ਇਸ ਨਾਮ ਨਾਲ ਬੁਲਾਉਣੋਂ ਸੰਕੋਚ ਕਰਦੇ ਸਨ। ਇਸ ਮਨੌਤ ਨੂੰ ਸੰਖੇਪ ਵਿਚ ਕੁਝ ਇਉਂ ਪਰਖਿਆ ਜਾ ਸਕਦਾ ਹੈ:-

ੳ) ‘ਦਸਮ ਗ੍ਰੰਥ’ ਦੀਆਂ ਪ੍ਰਾਚੀਨ ਹੱਥ-ਲਿਖਤਾਂ, ਅਤੇ ਚਰਿਤ੍ਰੋ ਪਖਯਾਨ ਨੰ: 109 ਵਿਚ ਰਾਮ ਤੇ ਸਯਾਮ ਦਾ ਇਕਠਿਆਂ ਆ ਜਾਣਾ, ਇਹ ਸਿੱਧ ਕਰਦਾ ਹੈ ਕਿ ਰਾਮ ਤੇ ਸਯਾਮ ਇਕੇ ‘ਸਯਾਮ’ ਦੀ ਹੀ ਕਵੀ-ਛਾਪ ਹੈ।

ਅ) ਜਿਥੋਂ ਤਕ ਮਾਤਾ ਜੀ ਬਾਰੇ ਦਿੱਤੀ ਜਾਂਦੀ ਦਲੀਲ ਦਾ ਸੰਬੰਧ ਹੈ, ਪ੍ਰਾਚੀਨ ਇਤਿਹਾਸ ਇਸ ਬਾਰੇ ਖਾਮੋਸ਼ ਹੈ। ਦੂਜੇ, ‘ਸਯਾਮ’ ਦਾ ਨਾਮ ਸਿਖ ਇਤਿਹਾਸ ਅਨੁਸਾਰ ਗੁਰੂ ਜੀ ਦੇ ਕਵੀਆਂ ਵਿਚ ਆਉਂਦਾ ਹੈ, ਰਾਮ ਦਾ ਨਹੀਂ। ਤੀਜੇ, ਮਾਤਾ ਜੀ ਨੂੰ ਬਾਲਕ ਸਤਿਗੁਰੂ ਜੀ ਦਾ ਨਾਮ ‘ਗੋਬਿੰਦ’ ਰੱਖਣ ਵੇਲੇ ਵੀ ਪਤਾ ਸੀ ਕਿ ਉਹਨਾਂ ਦੇ ਸਹੁਰਾ ਜੀ ਦਾ ਨਾਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੈ। ਚੌਥੇ, “ਰਾਮ” ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਵਿਚ ਆਉਂਦਾ ਹੈ, ਸੋ ਐਸੀ ਮਨੌਤ ਜਾਂ ਕਲਪਨਾ ਕਰਨੀ ਉੱਕਾ ਹੀ ਨਿਰਮੂਲ ਹੈ।

ੲ) ਸਾਰੇ ਦਸਮ ਗ੍ਰੰਥ ਵਿਚ ‘ਗੋਬਿੰਦ’ ਸ਼ਬਦ, ਸ੍ਰੀ ਦਸ਼ਮੇਸ਼ ਜੀ ਦੀ ਕਵੀ-ਛਾਪ ਵਜੋਂ ਕਿਤੇ ਨਹੀਂ ਆਉਂਦਾ। ‘ਗੋਬਿੰਦ ਦਾਸ ਤੁਹਾਰ’ ਵਿਚ ਇਸ ਦੇ ਅਰਥ ਪ੍ਰਭੂ ਹਨ - ਹੇ ਗੋਬਿੰਦ! ਮੈਂ ਤੁਹਾਡਾ ਦਾਸ ਹਾਂ। ਵੇਖੋ ਚਰਿਤ੍ਰ ਨੰ: 242 ਵਿਚ ‘ਗੋਬਿੰਦ’ ਪਦ ਦੀ ਵਰਤੋਂ ਕੇਵਲ ਪ੍ਰਮਾਤਮਾ ਵਾਸਤੇ ਹੋਈ ਹੈ।

‘ਹੋ ਬੈਠੀ ਗ੍ਰਿਹਿ ਕੇ ਮਾਂਝ, ਗੋਬਿੰਦ ਗੁਨ ਗਾਵਈ।’ (ਛੰਨ 19)

‘ਚੌਬੀਸ ਅਵਤਾਰ’ ਦਾ ਲਿਖਾਰੀ ਦੇਵੀ-ਪੂਜਕ ਹੈ-

ਕਿਸੇ ਕਵੀ ਦਾ ਇਸ਼ਟ ਉਸ ਵਲੋਂ ਰਚਨਾ ਦੇ ਆਰੰਭ ਵਿਚ ਕੀਤੇ ਮੰਗਲਾਚਰਨ ਤੋਂ ਜਾਣਿਆ ਜਾਂਦਾ ਹੈ। ਕਵੀ, ਉਪਰ ‘ੴ ਵਾਹਿਗੁਰੂ ਜੀ ਕੀ ਫਤਹਿ’ ਦੇ ਕੇ ਹੇਠਾ ਇਸ ਇਸ਼ਟ ਦੇ ਐਨ ਉਲਟ, ਸ੍ਰੀ ਗੁਰੂ ਜੀ ਦੇ ਮੁਖ ਤੋਂ ਇਹ ਸ਼ਬਦ ਅਖਵਾਉਂਦਾ ਹੈ:-

ਅਥ ਦੇਵੀ ਜੂ ਕੀ ਉਸਤਤਿ ਕਥਨੰ।।

ਅੱਗੇ ਕਵੀ ਦੇਵੀ ਪਾਸੋਂ ਇਉਂ ਵਰ ਮੰਗਦਾ ਹੈ:-

ੳ) ਹੋਇ ਕ੍ਰਿਪਾ ਤੁਮਰੀ ਹਮ ਪੈ, ਤੂ ਸਭੈ ਸਗੁਨੰ ਗੁਨ ਹੀ ਧਰਿਹੋਂ।

ਬਿਨ ਚੰਡਿ ਕ੍ਰਿਪਾ ਤੁਮਰੀ ਕਬਹੂੰ, ਮੁਖ ਤੇ ਨਹੀਂ ਅੱਛਰ ਹਉਂ ਕਰਿਹੋਂ। (ਛੰਦ-5)

ਅ) ਦੋਹਰਾ।

ਰੇ ਮਨ ਭਜ ਤੂੰ ਸਾਰਦਾ, ਅਨਗਨ ਗੁਨ ਹੈ ਜਾਹਿ।

ਰਚੌ ਗ੍ਰੰਥ ਇਹ ਭਾਗਵਤ, ਜਉ ਵੈ ਕ੍ਰਿਪਾ ਕਰਾਹਿ। (ਛੰਦ-6)

ੲ) ਸਵੈਯਾ।।

ਅਦ੍ਰਸੁਤਾ (ਪਾਰਬਤੀ) ਹੂੰ ਕੀ ਜੋ ਤਨਯਾ, ਮਹਿਖਾਸੁਰ ਕੀ ਮਰਤਾ ਫੁਨਿ ਜੋਊ।

ਇੰਦ੍ਰ ਕੋ ਰਾਜਹਿ ਕੀ ਦਿਵੱਯਾ, ਕਰਤਾ ਬਧ ਸੁੰਭ ਨਿਸੰਭਹਿ ਦੋਊ।

ਜੋ ਜਪ ਕੈ ਇਹ ਸਵ ਕਰੈ, ਬਰ ਕੋ ਸੁ ਲਹੈ, ਮਨ ਇੱਛਤ ਸੋਊ।

ਲੋਕ ਬਿਖੈ ਉਹ ਕੀ ਸਮਤੁੱਲ, ਗਰੀਬ ਨਿਵਾਜ ਨ ਦੂਸਰ ਕੋਊ।। (ਛੰਦ-8)

**ਸਾਰ ਅੰਸ਼:**- ਗੱਲ ਕੀ-

1) 'ਦਸਮ ਗ੍ਰੰਥ' ਦੀਆਂ ਰਚਨਾਵਾਂ ਸਵੈ-ਵਿਰੋਧ ਦਾ ਮਜਮੂਆ ਹਨ।

2) ਇਸ ਵਿਚਲੀ ਬਹੁਤ ਸਾਰੀ ਰਚਨਾ ਗੁਰਬਾਣੀ ਤੇ ਗੁਰਮਤ-ਸਿਧਾਂਤਾਂ ਦੇ ਅਨੁਕੂਲ ਨਾ ਹੋਣ ਕਰਕੇ, ਸ੍ਰੀ ਦਸ਼ਮੇਸ਼ ਜੀ ਦੀ ਆਪਣੀ ਕ੍ਰਿਤ ਮੰਨਣੀ ਖ਼ਤਰਨਾਕ ਹੈ।

3) ਚੌਬੀਸ ਅਵਤਾਰ ਤੇ ਚਰਿਤ੍ਰੋ ਪਖਯਾਨ ਰਚਨਾਵਾਂ ਦੇਵੀ ਭਗਤ ਤਾਂਤ੍ਰਿਕ ਤੇ ਸ਼ਾਕਤ ਕਵੀ 'ਸਯਾਮ' ਦੀਆਂ ਰਚਨਾਵਾਂ ਹਨ।

4) ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ 'ਨਿਰਮਲ ਤੇ ਨਿਰਾਲੇ ਪੰਥ' ਨੂੰ ਖਾਲਸ ਰੱਖਣ ਲਈ,'ਦਸਮ ਗ੍ਰੰਥ' ਦੀ ਵੀਚਾਰ ਦੀਰਘ ਦ੍ਰਿਸ਼ਟੀ ਨਾਲ ਕਰਨ ਦੀ ਡਾਢੀ ਲੋੜ ਹੈ। ਵਰਨਾ ਸਿੱਖ ਕਦੇ ਵੀ ਇਸ ਉਲਝਨ ਦੀ ਦੁਬਿਧਾ ਕਾਰਨ ਗੁਰੂ ਨਾਨਕ ਨਿਰਮਲ ਤੇ ਨਿਰਾਲੇ, ਅਦੁੱਤੀ ਤੇ ਵਿਸ਼ਵਵਿਆਪੀ ਨਾਲ ਨਿਆਂ ਨਹੀਂ ਕਰ ਸਕਣਗੇ, ਅਤੇ ਨਾ ਆਪਣੇ ਅਤੇ ਨਾ ਹੀ ਗੁਰੂ ਸਾਹਿਬਾਨ ਦੇ ਉਪਕਾਰ-ਉਦੇਸ਼ ਨਾਲ। ਸੋਚੋ! ਗੁਰੂ ਜੀ ਦੁਬਿਧਾਵਾਂ ਦੂਰ ਕਰਨ ਆਏ ਸਨ ਜਾਂ ਇਕ ਦੁਬਿਧਾ ਹੋਰ ਖੜੀ ਕਰਨ ਲਈ ?

# 'ਠਾਕੁਰ ਛੋਡਿ, ਦਾਸੀ ਕਉ ਸਿਮਰਹਿ' . . .

(ਨੋਟ : ਨਿਮਨਲਿਖਤ ਖ਼ਬਰ 'ਇੰਡੀਅਨ ਐਕਸਪ੍ਰੈਸ' ਮਿਤੀ 12-7-88 ਦੇ ਪਰਚੇ ਵਿਚ ਛਪੀ ਸੀ। ਇਸ ਦੇ ਖੰਡਨ ਵਿਚ, ਇਕ 50 ਕੁ ਪੰਨੇ ਦਾ ਟ੍ਰੈਕਟ ਛਾਪਿਆ ਤੇ ਭੇਟਾ-ਰਹਿਤ ਵੰਡਿਆ ਗਿਆ ਸੀ, ਜਿਸ ਦਾ ਸੰਖਿਪਤ ਰੂਪ ਹਥਲੀ ਪੁਸਤਕ ਵਿਚ ਸੁਰਖਿਅਤ ਕੀਤਾ ਜਾਂਦਾ ਹੈ।)

**ABOUT 'GAVO SACHI BAANI'**

by Nirupama Dutt, Express News Service

'Gavo Sachi Banni', to be telecast by Jalandhar Doordarshan shortly, is a musical serial approved by Mandi House in special section of feature programmes on Punjab. The serial which seeks to present Gurbani in its proper perspective, is one with a difference and is likely to be telecast on the national hook-up also. For, the many tele-films and serials approved for Doordarshan seek to give the message of harmony by showing familes which have both Hindus and Sikhs or the friendship and marital ties between the two communities.

Produced by Rakesh Khatri and directed by N.K. Sharma, 'Gavo Sachi Baani' features the Singh Bandhu team and the commentary which precedes the shabads is by the eminent litterateur, Dr. Harbjajan Singh. Endeavour of the commentary is to once again bring out the very essence of Gurbani which by its very nature is secular and upholds the truth, common to all religions; for in the past years Gurbaani has often been deciphered to prove the contrary in the audio cassettes very popular in Punjab.

Mr.Surinder Singh, the younger of the Singh Bandhu in an interview with this reporter, said "We have selected ten representative shabads and Dr. Harbhajan Singh provides the interpretation. The need to do this was felt because very often we have found people, even Punjabis like us, misconceiving the meanings. While we have taken some very popular shabads, we have also

taken some those which are rarely heard now. For instance, the Krishan Stuti Shabads are hardly sung in Punjab. The Krishna Stuti Shabad incorporated in the serial is by Guru Arjun Dev- "Amrita Priya bachan tuhare, Att sunder Manmohan pyare."

Each Episode is to include a shabad, its interpretation and scenes from gurdwaras. Two of the shabads which became very popular in Tamas have been featured in this and Mr. Surinder Singh says, Though we are using the same compositions, the rythm and mood has been changed.

Commenting on Guru Gobind Singh's "Deh Shiva var mohe eh", Dr. Harbhajan Singh says that it is the Jai-gaan or victory song of all Punjab which integrates them with the whole nation and entire humanity. It is an excellent example of the Guru's belief, in both Chandi and Saraswati, in both precept and practice. Along with the Baani of the Sikh Gurus are two shabads by Kabir. These are 'Awwal Allah nur upaya', and 'Jo larhe din ke het'.

Speaking of Kabir poetry, Dr. Harbhajan Singh syas that it is so akin to that written by the Gurus that it is impossible to separate the two. And the latter Kabir shabad which speaks for the upliftment of the poor and downtrodden, a concern of all medieval saints, has a place of greatest respect in Punjab, though the poet had uttered these words in Benares…!

(ਨੋਟ:- ਅਗਾਂਹ ਇਸ ਖ਼ਬਰ ਉਤੇ ਪ੍ਰਤਿਕਿਰਿਆ ਵਜੋਂ, ਸ਼੍ਰੋਮਣੀ ਕਮੇਟੀ ਨੂੰ ਯੋਗ ਕਾਰਵਾਈ ਕਰਨ ਹਿਤ ਲਿਖੀ ਗਈ ਚਿੱਠੀ ਦੀ ਨਕਲ ਛਾਪੀ ਜਾ ਰਹੀ ਹੈ।)

ੴ ਵਾਹਿਗੁਰੂ ਜੀ ਕੀ ਫਤਹਿ॥

ਸੇਵਾ ਵਿਖੇ

ਸਕੱਤਰ ਸਾਹਿਬ,

ਸ਼੍ਰੋ. ਗੁ. ਪ੍ਰ. ਕਮੇਟੀ,

ਅੰਮ੍ਰਿਤਸਰ।

ਵਿਸਾ :- 'ਗਾਵਹੁ ਸੱਚੀ ਬਾਣੀ' ਸੀਰੀਅਲ।

ਸ੍ਰੀਮਾਨ ਜੀਓ,

'ਇੰਡੀਅਨ ਐਕਸਪ੍ਰੈਸ' ਮਿਤੀ 12 ਜੁਲਾਈ, 1988 ਵਿਚ ਜਲੰਧਰ ਦੂਰਦਰਸ਼ਨ ਰਾਹੀਂ ਬ੍ਰਾਡਕਾਸਟ ਕੀਤੇ ਜਾਣ ਵਾਲੇ ਸੀਰੀਅਲ - 'ਗਾਵਹੁ ਸੁੱਚੀ ਬਾਣੀ' ਬਾਰੇ ਇਕ ਖਬਰ ਛਪੀ ਹੈ। ਡਾਕਟਰ ਹਰਿਭਜਨ ਸਿੰਘ ਜੀ ਦਿੱਲੀ ਵਾਲਿਆਂ ਨੇ, ਇਨ੍ਹਾਂ ਦਸਾਂ ਸ਼ਬਦਾਂ ਵਿਚੋਂ ਕੁਝ ਇਕ ਉੱਤੇ ਕਮੈਂਟਰੀ ਕਰਦਿਆਂ, ਇਸ ਖਬਰ ਅਨੁਸਾਰ, ਇਹ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਦੁਆਰਾ ਸ੍ਰੀ ਕ੍ਰਿਸ਼ਨ ਜੀ ਦੀ ਉਸਤਤ ਕੀਤੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਰਚਨਾ ਦੁਆਰਾ ਚੰਡੀ (ਦੁਰਗਾ) ਦੇਵੀ ਅਤੇ ਸਰਸਵਤੀ ਦੇਵੀ ਵਿਚ ਸਿਧਾਂਤਕ ਤੇ ਅਮਲੀ ਤੌਰ ਉੱਤੇ ਵਿਸ਼ਵਾਸ ਪ੍ਰਗਟਾਇਆ, ਅਥਵਾ ਆਪਣਾ ਇਸ਼ਟ ਮੰਨ ਕੇ ਵਰ ਲਈ ਜਾਚਨਾ ਕੀਤੀ ਹੈ। ਇਹ ਦੋਵੇਂ ਤੱਥ ਕਤਅਨ ਨਿਰਾਧਾਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ' ਤੇ 'ਨਿਰਾਲੇ' ਧਰਮ ਦੇ ਪ੍ਰਤਿਕੂਲ ਹਨ। ਇਨ੍ਹਾਂ ਰਚਨਾਵਾਂ ਦੇ ਕੀਤੇ ਗਏ ਅਰਥ ਸੌ ਫੀ ਸਦੀ ਅਸੰਗਤ ਤੇ ਗਲਤ ਹਨ। ਸੋ, ਇਸ ਬਾਰੇ ਸਮੇਂ ਸਿਰ ਦੂਰਦਰਸ਼ਨ ਦੇ ਅਧਿਕਾਰੀਆਂ ਨੂੰ ਸੂਚਤ ਕਰਨ ਦੀ ਲੋੜ ਹੈ। ਵਰਨਾ, ਸਿੱਖ ਸਤਿਗੁਰੂਆਂ ਦੇ ਪਵਿੱਤਰ ਨਾਮ ਨਾਲ ਆਪਣਿਆਂ ਤੇ ਬਿਗਾਨਿਆਂ ਵੱਲੋ ਥਪਿਆ ਜਾ ਰਿਹਾ ਕੂੜ ਹੋਰ ਤਹਿਦਾਰ ਤੇ ਪਰਤਾਂ ਵਾਲਾ ਹੋ ਜਾਵੇਗਾ, ਅਤੇ ਸਿੱਖ ਧਰਮ ਦੀ ਰੂਪ ਰੇਖਾ ਅਤੇ ਸੁੰਦਰ ਤੇ ਸਾਰਥਕ ਸਰੂਪ, ਕਰੂਪ।

ਦਾਸ ਇਸ ਸੰਬੰਧੀ, ਇਕ ਸਵਿਸਥਾਰ ਤੇ ਤੱਥਾਂ ਉੱਤੇ ਆਧਾਰਿਤ ਲੇਖ ਲਿਖ ਰਿਹਾ ਹੈ, ਜੋ ਸੰਪੂਰਨ ਹੋਣ ਉੱਤੇ 'ਗੁਰਮਤਿ ਪ੍ਰਕਾਸ਼' ਅਤੇ ਹੋਰ ਪੱਤਰਾਂ ਤੇ ਪੱਤ੍ਰਕਾਵਾਂ ਨੂੰ ਪ੍ਰਕਾਸ਼ਤ ਕਰਨ ਹਿੱਤ ਭੇਜਿਆ ਜਾਵੇਗਾ। ਤੁਰੰਤ ਯੋਗ ਕਾਰਵਾਈ ਕੀਤੇ ਜਾਣ ਅਤੇ ਸ਼ੀਘਰ ਉੱਤਰ ਦਾ ਅਭਿਲਾਖੀ:

19/7/88 ਹਰਿਭਜਨ ਸਿੰਘ

ਉਤਾਰਾ - ਚੀਫ਼ ਖਾਲਸਾ ਦੀਵਾਨ ਦੀ ਸੇਵਾ ਵਿਚ, ਤੁਰੰਤ ਯੋਗ ਕਾਰਵਾਈ ਕਰਨ ਹਿੱਤ।

(ਹਰਿਭਜਨ ਸਿੰਘ)

# ਖੰਡਨ

## (‘ਠਾਕੁਰ ਛੋਡਿ, ਦਾਸੀ ਕਉ ਸਿਮਰਹਿ’. . .)

ਸ੍ਰੀ ਗੁਰੂ ਨਾਨਕ ਦੇਵ ਤਥਾ ਉਨ੍ਹਾਂ ਦੇ ਉਤ੍ਰਾਧਿਕਾਰੀ ਗੁਰੂ ਸਾਹਿਬਾਨ ਵਲੋਂ ਮਨੁੱਖ ਦੀ ਸਦੀਵੀ ਅਗਵਾਈ ਤੇ ਭਲਾਈ ਲਈ ਚਲਾਏ ‘ਨਿਰਮਲ’ ਤੇ ‘ਨਿਰਾਲੇ’ ਪੰਥ (ਜੀਵਨ–ਮਾਰਗ) ਨੂੰ, ਵਰਣ–ਆਸ਼੍ਰਮ ਦੀ ਗੈਰ–ਕੁਦਰਤੀ ਵੰਡ, ਕਰਮ–ਕਾਂਡ, ਧਾਰਮਿਕ ਪਾਖੰਡ ਅਤੇ ਬਹੁ–ਪੂਜਾ ਦੀ ਵਲਗਣ ਵਿਚ ਘਿਰੇ ਬ੍ਰਾਹਮਣ ਨੇ ਢਿੱਡੋਂ ਤਾਂ ਕੀ ਸਮਝਣਾ ਤੇ ਅਪਨਾਉਣਾ ਸੀ, ਗੁਰੂ ਬਾਬੇ ਦੇ ਆਪਣੇ ਅਖਵਾਉਣ ਵਾਲੇ ‘ਸਿੱਖ ਵਿਦਵਾਨਾਂ’ ਨੇ ਹੀ ਇਸ ਸੱਚੇ ਸੁੱਚੇ ਪੰਥ ਅਥਵਾ ਨਾਮ–ਧਰਮ ਬਾਰੇ ਉਹ ਭੁਲੇਖੇ ਪਾਏ ਅਤੇ ਇਸ ਨੂੰ ਰੂਪੋਂ ਕੁਰੂਪ ਕੀਤਾ ਹੈ ਕਿ ‘ਦੁਸ਼ਮਨਾਂ ਦੀ ਦੁਸ਼ਮਨੀ ਦਾ ਗਿਲਾ ਕਰਨਾ ਬੇ–ਸੂਦ ਤੇ ਨਕਾਰਆਤਮਕ ਹੋ ਜਾਂਦਾ ਹੈ। ਗੈਰ ਸਿੱਖਾਂ ਦੀਆਂ ਤੁਹਮਤਾਂ ਦਾ ਉੱਤਰ ਤਾਂ ਦਿੱਤਾ ਜਾ ਸਕਦਾ ਹੈ; ਪਰ; ਜੇ ‘ਆਪਣੇ’ ਹੀ ਇਸ ਨਿਰਮਲ ਪੰਥ ਬਾਰੇ ਦੋਗਲੀ ਨੀਤੀ ਅਪਨਾਅ ਲੈਣ, ਅਤੇ ਸਵੈ–ਵਿਰੋਧੀ ਲਿਖਤਾਂ ਲਿਖਣੋਂ ਸੰਕੋਚ ਨ ਕਰਨ, ਸੱਚ ਤੇ ਦੂਰ–ਅੰਦੇਸ਼ੀ ਨੂੰ ਤਿਲਾਂਜਲੀ ਦੇਣ ਉੱਤੇ ਤੁਲ ਜਾਣ, ਤਾਂ ਬੇਸਾਖਤਾ ਮੂੰਹੋਂ ਨਿਕਲ ਜਾਂਦਾ ਹੈ ਕਿ ‘ਖੁਦ ਕਰਦਾ ਰਾ ਚਿ: ਇਲਾਜ? (ਆਪੋ ਕੀਤੇ ਦਾ ਕੀ ਇਲਾਜ?)

ਤਥਾ: ਗਿਲਾ ਸੱਯਾਦ ਸੇ ਹੈ, ਨ ਸ਼ਿਕਵਾ ਹੈ ਮੁਕੱਦਰ ਸੇ,

ਅਜਬ ਕੁੱਛ ਢੰਗ ਸੇ ਬਿਗੜਾ ਹੈ ਨਜ਼ਮਿ ਚਮਨ ਅਪਨਾ।

ਜਾਂ – ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ ਸੇ,

ਇਸ ਘਰ ਕੋ ਆਗ ਲਗ ਗਈ, ਘਰ ਕੇ ਚਰਾਗ ਸੇ।

ਸ੍ਰੀ ਗੁਰੂ ਸਾਹਿਬ ਦੀ ਪਰਮ ਪ੍ਰਮਾਣਿਤ ਬਾਣੀ ਦੀ ਅਕਟ ਗਵਾਹੀ ਅਤੇ ਕਸਵੱਟੀ ਉੱਤੇ ਪਰਖੀਆਂ ਗੁਰੂ–ਸਾਖੀਆਂ, ਅਤੇ ‘ਬਾਬਾਣੀਆਂ ਕਹਾਣੀਆਂ’ ਦੀ ਪ੍ਰਚੰਡ ਰੋਸ਼ਨੀ ਵਿਚ ਵੇਖਿਆਂ ਵੀਚਾਰਿਆਂ, ਸੂਰਜ ਵੱਤ ਰੋਸ਼ਨ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਕੇਵਲ ਤੇ ਕੇਵਲ, ਇਕ ਅਕਾਲ ਦੇ ਪੁਜਾਰੀ ਸਨ। ‘ਅਕਾਲ ਪੁਰਖ’ ਉਹ ਹੈ ਜੋ ਕਾਲ ਅਥਵਾ ਕਲਪਣਾ ਕੀਤੇ ਹੋਏ ਮਹਾਂਕਾਲ ਦਾ ਵੀ ਕਾਲ ਕਰਦਾ ਹੈ: ਕਾਲ ਕਰੈ ਜੋ ਕਾਲ ਕੋ, ਸੋਈ ਪੁਰਖੁ ਅਕਾਲ’। ਇਸ ਲਈ, ਉਸ ਨੂੰ ਕਾਲ ਜਾਂ ਮਹਾਂਕਾਲ ਦੀ ਸੰਗਿਆ ਦੇਣੀ ਭਿਆਨਕ ਭੁਲ ਹੈ। ਸ੍ਰੀ ਦਸ਼ਮੇਸ਼ ਅਨੁਸਾਰ ਉਹ ‘ਕਾਲ–ਰਹਿਤ ਅਨਕਾਲ ਸਰੂਪਾ’ ਅਲੱਖ ਪੁਰਖੁ ਅਬਿਗਤੁ ਅਵਧੂਤਾ’ (ਚੌਪਈ) ਹੈ। ਕੇਵਲ ‘ਜਾਗਤ ਜੋਤਿ’ ਦੇ ਪੁਜਾਰੀ ਸਤਿਗੁਰੂ ਨਾਲ, ਮਹਾਂਕਾਲ ਨੂੰ, ਉਨ੍ਹਾਂ ਦੇ ਇਸ਼ਟ ਜਾਂ ਅਕਾਲ ਪੁਰਖ ਦੀ ਥਾਂ ਜੋੜਨਾ, ਗੁਰਮਤ ਨਾਲ ਘੋਰ ਅਨਿਆਇ ਤੇ ਪਾਪ ਹੈ। ਇਕ ਓਅੰਕਾਰ ਹੀ ਉਨ੍ਹਾਂ ਦਾ ਪਰਮ ਇਸ਼ਟ ਸੀ, ਜੋ ਇਸ ਦਿਸਦੇ ਅਤੇ ਅਣ–ਦਿਸਦੇ ਸੰਸਾਰ ਅਥਵਾ ਕੁਲ–ਕਾਇਨਾਤ ਦਾ ਇਕ–ਮਾਤ੍ਰ ਕਰਤਾ ਧਰਤਾ, ਹਰਤਾ ਤੇ ਚਾਲਕ ਹੈ। ਗੁਰਬਾਣੀ ਵਿਚ ਆਇਆ ਮੂਲ–ਮੰਤ੍ਰ– ‘ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਅਥਵਾ 'ਜਪੁ' ਜੀ ਵਿਚ ਬਿਆਨਿਆ ਇਹ ਸੱਚ:

'ਆਦੇਸੁ ਤਿਸੈ ਆਦੇਸੁ॥ਆਦਿ ਅਨਾਦਿ ਅਨਾਹਤਿ ਜੁਗ ਜੁਗੁ ਏਕੋ ਵੇਸੁ॥' ਇਸ ਅਮਰ ਹਕੀਕਤ ਦੀ ਭਰਵੀਂ ਤੇ ਅਕੱਟ ਗਵਾਹੀ ਭਰਦਾ ਹੈ। ਗੁਰੂ ਬਾਬੇ ਜੀ ਦੇ ਨਿਰਮਲ ਪੰਥ ਸੰਬੰਧੀ ਦੂਜਾ ਇਹ ਵੱਡਾ ਸੱਚ ਜਾਨਣ ਤੇ ਮੰਨਣ ਦੀ ਲੋੜ ਹੈ ਕਿ ਗੁਰੂ ਸਾਹਿਬਾਨ ਦੀ ਕੇਵਲ ਕਾਇਆ ਬਦਲਦੀ ਰਹੀ ਹੈ, ਜੋਤ ਤੇ ਜੁਗਤ ਨਹੀਂ 'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥ (ਵਾਰ ਰਾਮਕਲੀ ਸ੍ਰੀ ਗੁਰੂ ਗ੍ਰੰਥ ਜੀ, ਪੰਨਾ 966) ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਇਕ ਨਿਰੰਕਾਰ ਦੇ ਪੁਜਾਰੀ ਹੋਣ ਕਰਕੇ ਹੀ ਨਿਰੰਕਾਰੀ ਕਹਾਏ। ਸੋ, ਉਨ੍ਹਾਂ ਦੀ ਜੋਤ, ਬਾਕੀ ਗੁਰੂ ਸਾਹਿਬਾਨ ਵੀ ਉਸੇ ਤਰ੍ਹਾਂ ਹੀ ਨਿਰੰਕਾਰੀ ਤੇ ਇਕ ਐਸਾ ਕਥਨ ਜਾਂ ਕਰਤੱਵ, ਕੋਈ ਐਸੀ ਲੀਲ੍ਹਾ ਚਿਤਵ ਹੀ ਨਹੀਂ ਸਕਦੇ ਜੋ ਸਿਧਾਂਤਕ ਤੌਰ ਤੇ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਪ੍ਰਗਟਾਏ ਵਿਚਾਰਾਂ ਦੇ ਵਿਰੁੱਧ ਹੋਵੇ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਵੀ ਦੇਵਤਿਆਂ ਦੀ ਪੂਜਾ ਦਾ ਵਿਰੋਧ ਤੇ ਖੰਡਨ ਕਰਦੇ ਹਨ, ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਸ੍ਰੀ ਦਸ਼ਮੇਸ਼ ਜੀ ਕਲਪਤ ਚੰਡੀ, ਚੰਡਿਕਾ, ਸ਼ਾਰਦਾ, ਦੁਰਗਾ ਜਾਂ ਸ਼ਿਵਾ (ਪਾਰਬਤੀ) ਦੇ ਉਪਾਸ਼ਕ ਹੋਣ। ਇਸ ਸੰਬੰਧ ਵਿਚ, ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਪੱਸ਼ਟ ਕਥਨ ਹੈ ਕਿ:

'ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਂਗਉ ਕਿਆ ਦੇਹਿ?

ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ'॥

(ਸੋਰਠਿ, ਪੰਨਾ 637)

(ਭਾਵਾਰਥ: ਹੇ ਭਾਈ, (ਮੂਰਖ ਲੋਕ) ਦੇਵੀ ਦੇਵਤੇ ਪੂਜਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਇਹ ਕੀ ਦੇ ਸਕਦੇ ਹਨ? ਭਾਵ, ਪੂਜਣ ਵਾਲੇ ਦੀ ਕੋਈ ਵੀ ਮੰਗ ਪੂਰੀ ਨਹੀਂ ਕਰ ਸਕਦੇ। ਇਨ੍ਹਾਂ ਪਾਸੋਂ ਮੰਗਣਾ ਇਵੇਂ ਹੀ ਹੈ, ਜਿਵੇਂ, ਪੱਥਰ ਦੀਆਂ ਮੂਰਤੀਆਂ ਦਾ ਪਾਣੀ ਵਿਚ ਧੋਣ ਤੇ ਪਾਉਣ ਨਾਲ ਆਪ ਹੀ ਡੁੱਬ ਜਾਣਾ। ਐਸੀਆਂ ਮੂਰਤੀਆਂ ਨੇ ਹੋਰਨਾਂ ਨੂੰ ਕੀ ਤਾਰਨਾ ਹੈ।)

ਫਿਰ, ਸਵਾਲ ਪੈਦਾ ਹੁੰਦਾ ਹੈ ਕਿ ਕੀ ਪਹਿਲੇ ਜਾਮੇ ਵਿਚ, ਵਜੂਦ ਰਹਿਤ, ਕਲਪਤ, ਪੌਰਾਣਿਕ ਤੇ ਮਿਥਿਹਾਸਿਕ ਦੇਵੀ ਦੇਵਤਿਆਂ ਦਾ ਖੰਡਨ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ, ਆਪਣੇ ਦਸਵੇਂ ਜਾਮੇ ਵਿਚ, ਇਹਨਾਂ ਦੇਵੀਆਂ ਅੱਗੇ ਹੱਥ ਫੈਲਾ ਕੇ, ਆਪਾ-ਵਿਰੋਧੀ ਹਰਕਤ ਕਰ ਸਕਦੇ ਹਨ? ਕਦਾਚਿੱਤ ਨਹੀਂ। ਕੀ, 'ਸਚ ਕੀ ਬਾਣੀ ਨਾਨਕ ਆਖੈ ਦਾ ਨਾਅਰਾ ਬੁਲੰਦ ਕਰਨ ਵਾਲਾ ਬੇਬਾਕ ਬਾਬਾ, ਕਦੀ ਸੁਪਨੇ ਵਿਚ ਵੀ ਐਸੀ ਨਿਰਾਧਾਰ ਗੱਲ ਸੋਚ ਸਕਦਾ ਹੈ? ਗੁਰੂ ਨਾਨਕ ਜੋਤ, ਸ੍ਰੀ ਦਸ਼ਮੇਸ਼ ਜੀ ਤਾਂ ਆਪਣੇ ਪੂਜਯ ਇਸ਼ਟ, ਅਕਾਲ ਪੁਰਖ ਵਾਹਿਗੁਰੂ ਦੀ, ਇਉਂ ਵਜ਼ਾਹਤ ਕਰਦੇ ਹਨ:

ੳ) ਬਿਨ ਕਰਤਾਰ, ਨ ਕਿਰਤਮ ਮਾਨੋ॥

ਆਦਿ, ਅਜੋਨਿ, ਅਜੈ, ਅਬਿਨਾਸੀ, ਤਿਹ ਪਰਮੇਸਰ ਜਾਨੋ॥ (ਸ਼ਬਦ ਹਜ਼ਾਰੇ)

ਅ) ਜਾਗਤ ਜੋਤ ਜਪੈ ਨਿਸ ਬਾਸੁਰ,

ਏਕ ਬਿਨਾਂ ਮਨ, ਨੈਕ ਨ ਆਨੈ।।(33 ਸਵੈਯੇ)

ਸ੍ਰੀ ਦਸ਼ਮੇਸ਼ ਜੀ ਦਾ, ਜਾਗਤ ਜੋਤ ਅਕਾਲ ਪੁਰਖ, ਕਿਤਨਾ ਬੇਅੰਤ ਤੇ ਅਨੰਤ ਹੈ, ਵਾਚੋ ਉਹਨਾਂ ਦੇ ਆਪਣੇ ਸ਼ਬਦਾਂ ਵਿਚ:

ਕਈ ਕੋਟਿ ਇੰਦ੍ਰ, ਜਿਹ ਪਾਨਿਹਾਰ।। (ਪਾਣੀ ਭਰਦੇ ਹਨ)

ਕਈ ਕੋਟਿ ਰਦ੍ਰ (ਸ਼ਿਵ) ਜੁਗੀਆ ਦੁਆਰਾ।।(ਦੁਆਰ ਉੱਤੇ ਪਹਿਰੇਦਾਰ)

ਕਈ ਬੇਦਬਿਆਸ, ਬ੍ਰਹਮਾ ਅਨੰਤ। ਜਿਹ ਨੇਤ ਨੇਤ, ਨਿਸਦਿਨ ਉਚਰੰਤ।।

(ਆਕਾਲ ਉਸਤਤਿ, ਛੰਦ 242)

ਹੁਣ ਵਾਚੋ: 'ਦਸਮ ਗ੍ਰੰਥ' ਵਿਚਲੀ ਉਹ ਲਿਖਤ, ਜੋ ਉਪ੍ਰੋਕਤ ਰਚਨਾ ਵਿਚ ਪ੍ਰਗਟਾਏ ਵਿਚਾਰਾਂ ਦੇ ਐਨ ਉਲਟ ਹੈ; ਪਰ, ਜਾਣੇ ਅਨਜਾਣੇ, ਸ੍ਰੀ ਗੁਰੂ ਜੀ ਦੇ ਪਾਵਨ ਨਾਮ ਨਾਲ ਮੜ੍ਹਨ ਦਾ ਅਨਰਥ ਕੀਤਾ ਜਾ ਰਿਹਾ ਹੈ, ਅਤੇ ਉਹ ਵੀ ਉਨ੍ਹਾਂ ਦੇ ਸਿੱਖ ਹੋਣ ਦਾ ਦਮ ਭਰਨ ਵਾਲੇ ਵਿਦਵਾਨਾਂ ਵਲੋਂ:

ੳ) ਦੋਹਰਾ: ਰੇ ਮਨ, ਭਜ ਤੂੰ ਸ਼ਰਦਾ (ਵਿਦਿਆ ਤੇ ਕਲਾ ਦੀ ਦੇਵੀ)

ਅਨਗਨ ਗੁਣ ਹੈ ਜਾਹਿੰ।।

ਰਚੋਂ ਗ੍ਰੰਥ ਇਹ ਭਾਗਵਤ, ਜੋ ਵਹਿ (ਸ਼ਾਰਦਾ) ਕ੍ਰਿਪਾ ਕਰਾਹਿੰ॥ (ਕ੍ਰਿਸ਼ਨਾਵਤਾਰ, ਛੰਦ 6)

(ਨੋਟ : ਜਦ ਇਕ ਜੋਤ ਤੇ ਜੁਗਤ  ਹੋ ਵਰਤੇ, ਪਹਿਲੇ ਗੁਰੂ ਸਾਹਿਬਾਨ ਨੇ, ਸਿਵਾਏ ਇੱਕ ਆਕਲ ਪੁਰਖ ਦੇ, ਨ ਕਿਸੇ ਦੂਜੀ ਹਸਤੀ ਨੂੰ ਵਾਹਿਗੁਰੂ ਤੁਲ ਮੰਨਿਆ ਅਤੇ ਨਾ ਹੀ ਪੂਜਿਆ ਹੈ, ਤਾਂ ਫੇਰ ਆਪਣੀ ਦਸਵੀਂ ਜੋਤ -ਸ੍ਰੀ ਦਸਮੇਸ਼ ਦੁਆਰਾ ਸ੍ਵੈ-ਖੰਡਨ ਅਤੇ ਆਪਾ ਵਿਰੋਧੀ ਰਵਿਸ਼ ਇਖਤਿਆਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ? ਦਸ ਗੁਰੂ ਸਾਹਿਬਾਨ ਦਾ ਧਰਮ, ਅਥਵਾ ਜੀਵਨ-ਆਧਾਰ ਹੈ, ਕੇਵਲ ਸੱਚ ਤੇ ਸੱਚਾ ਆਚਾਰ। ਗੁਰਬਾਣੀ ਵਿਚ ਆਏ 567 ਸੰਖੇਪ ਤੇ ਸੰਪੂਰਨ ਇਸ਼ਟ-ਮੰਗਲ (ੴ ਸਤਿਨਾਮ) ਇਸ ਹਕੀਕਤ ਦੀ ਅਕੱਟ ਤੇ ਅਟੱਲ ਗਵਾਹੀ ਭਰਦੇ ਹਨ ਕਿ ਗੁਰੂ ਸਾਹਿਬਾਨ ਕੇਵਲ ਉਸ ਆਦਿ, ਅਜੂਨੀ ਤੇ ਅਜੈ ਓਅੰਕਾਰ ਦੇ ਉਪਾਸ਼ਕ ਹਨ, ਜੋ ਸਭ ਦਾ ਕਰਤਾ, ਹਰਤਾ ਤੇ ਮੂਲ ਹੈ। ਰਚਨਾ ਦੇ ਆਦਿ ਵਿਚ ਲਿਖਾਰੀ ਸਦਾ ਆਪਣੇ ਇਸ਼ਟ ਦਾ ਮੰਗਲ ਕਰਦਾ ਹੈ।)

ਅ) ਹੁਣ ਵਾਚੋ, ਕ੍ਰਿਸ਼ਨਾਵਤਾਰ ਦੇ ਅਠਵੇਂ  ਛੰਦ ਵਿਚ ਕਵੀ ਵਲੋਂ,'ਪਾਰਵਤੀ ਦੇਵੀ' ਦੀ 'ਗਰੀਬ ਨਿਵਾਜ਼ੀ' ਅਤੇ ਉਸ ਦੀ ਵਰ ਦੇਣ ਦੀ ਸ਼ਕਤੀ ਤੇ ਸਮਰਥਾ ਦਾ ਵਰਨਣ ਅਤੇ ਸੋਚੋ ਕਿ ਇਸ ਕਲਪਤ ਦੇਵੀ ਅੱਗੇ ਐਸੀਆਂ ਲਿਲਕੜੀਆਂ ਲੈਣ ਵਾਲਾ 'ਕਵੀ, ਕਦੀ ਦਸਵਾਂ ਨਾਨਕ -ਸ੍ਰੀ ਗੁਰੂ ਗੋਬਿੰਦ ਸਿੰਘ, ਹੋ ਸਕਦਾ ਹੈ?

ਸਵੈਯਾ: ਅਦ੍ਰਸੁਤਾ ਹੂੰ ਕੀ ਜੋ ਤਨਯਾ, ਮਹਿਖਾਸੁਰ ਕੀ ਮਰਤਾ ਫੁਨਿ ਜੋਊ।

ਇੰਦ੍ਰ ਕੋ ਰਾਜਹਿ ਕੀ ਦਿਵੱਯਾ, ਕਰਤਾ ਬਧ ਸੁੰਭ ਨਿਸੁੰਭਹਿ ਦੋਊ।

ਜੋ ਜਪ ਕੈ ਇਹ ਸੇਵ ਕਰੈ, ਘਰ ਕੋ ਸੁ ਲਹੈ ਮਨ- ਇੱਛਤ ਸੋਊ।

ਲੋਕ ਵਿਖੇ, ਉਹ ਕੀ ਸਮਤੁਲ, ਗਰੀਬ-ਨਿਵਾਜ ਨ ਦੂਸਰ ਕੋਊ।

(ਅਦ੍ਰਸੁਤਾ-ਪਰਬਤ ਕੀ ਬੇਟੀ : ਪਾਰਬਤੀ। ਮਹਿਖਾਸੁਰ ਤੇ ਸੁੰਭ ਨਿਸੁੰਭ ਦੈਂਤਾਂ ਦੇ ਨਾਮ ਹਨ।)

ਨੋਟ :- "ਚੇਤੇ ਰਹੇ ਕਿ ਚੰਡਿ, ਚੰਡਿਕਾ, ਚੰਡੀ, ਦੁਰਗਾ, ਭਵਾਨੀ, ਭਗਉਤੀ, ਹਿੰਗਲਾ, ਪ੍ਰਿੰਗਲਾ, ਸ਼ੀਤਲਾ, ਸ਼ਿਵਾ ਆਦਿ ਸਾਰੇ ਨਾਮ ਪਾਰਬਤੀ ਦੇ ਹੀ ਹਨ ਜੋ 16 ਅਵਤਾਰਾਂ ਦੀ ਹੇਤੂ ਹੈ।"

ਹੋਰ ਵੇਖੋ: ਚੰਡੀ ਚਰਿਤ੍ਰ (ਦੂਜਾ) ਦੇ ਅੰਤਲੇ ਛੰਦ, ਨੰ 262 ਦੁਆਰਾ, 'ਕਵੀ' ਕਿਸ ਸ਼ਰਧਾ ਭਾਵਨਾ ਨਾਲ, ਚੰਡੀ ਦੇਵੀ ਦਾ ਧਿਆਨ ਧਰ ਕੇ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਕਰ ਰਿਹਾ ਹੈ, ਅਤੇ ਦੇਵੀ-ਭਗਤ ਸਿੱਖ ਵਿਦਵਾਨ, ਇਸ ਕਵੀ ਨੂੰ, ਸ੍ਰੀ ਦਸਮੇਸ਼ ਜੀ ਮੰਨਣ ਤੇ ਮਿਥਨ ਦਾ ਅਨਰਥ ਮਾਰ ਰਹੇ ਹਨ, ਜੋ ਦਰਅਸਲ ਸ਼ਾਕਤ-ਪੁਜਾਰੀ ਕੋਈ ਸਯਾਮ ਕਵੀ ਹੈ :

ਜੋ ਜੋ ਤੁਮਰੇ ਧਿਆਨ ਕੋ, ਨਿਤਿ ਉਠਿ ਧਿਐ ਹੈਂ ਸੰਤ।

ਅੰਤ ਲਹੈਂਗੇ ਮੁਕਤਿ ਫਲੁ, ਪਾਵਹਿਗੇ ਭਗਵੰਤ।

(ਇਸ ਅਨੁਸਾਰ ਪੂਜੇ ਜਾਣ ਵਾਲੀ ਦੇਵੀ ਤੇ ਭਗਵਾਨ ਅਵੱਸ਼ ਦੋ ਹਸਤੀਆਂ ਹੋਈਆਂ।)

ਪਰਖ : ਕਿਉਂ ਜੀ! ਕੀ ਬਾਕੀ ਰਹਿ ਗਿਆ ਹੈ, ਜਿਸ ਲਈ ਇਕ ਅਕਾਲ ਪੁਰਖ ਵਾਹਿਗੁਰੂ ਨੂੰ ਸਿਮਰਿਆ, ਅਤੇ ਗੁਰਬਾਣੀ ਅਨੁਸਾਰ ਜੀਵਨ ਢਾਲ ਕੇ ਸੱਚੇ ਆਚਾਰ ਦੀ ਪ੍ਰਾਪਤੀ ਲਈ ਯਤਨਸ਼ੀਲ ਹੋਇਆ ਜਾਵੇ, ਜਦ ਕਿ ਦੇਵੀ ਭਗਤੀ ਦੁਆਰਾ ਹੀ ਮੁਕਤੀ ਪ੍ਰਾਪਤ ਹੋ ਜਾਣੀ ਹੈ? ਜੇ ਕਲਪਤ ਦੇਵੀ ਦੇਵਤਿਆਂ ਤੋਂ ਹੀ ਮੁਕਤ, ਭੁਗਤ ਲਈ ਤਰਲੇ ਮਾਰਨੇ ਸਨ ਤਾਂ ਗੁਰੂ ਨਾਨਕ ਦੇਵ ਜੀ ਵਲੋਂ 'ਨਿਰਮਲ' ਤੇ 'ਨਿਰਾਲਾ' ਪੰਥ ਚਲਾਉਣ ਦੇ ਦਾਅਵੇ ਦੇ ਕੀ ਅਰਥ? ਪਰ, ਸਾਡੇ ਵਿਦਵਾਨ ਹਨ ਜੋ ਵੱਡੀ ਦੀਦਾ-ਦਲੇਰੀ ਨਾਲ, ਇੱਕੋ ਸਾਹ, ਸੌ ਫੀਸਦੀ ਵਿਰੋਧੀ ਗੱਲਾਂ ਕਰੀ ਜਾ ਰਹੇ ਹਨ ਕਿ ਗੁਰੂ ਸਾਹਿਬਾਨ ਦਾ ਪੰਥ ਨਿਰਮਲ, ਨਿਆਰਾ ਤੇ 'ਬਿਪਰਨ ਦੀ ਰੀਤਿ' ਤੋਂ ਕਤਅਨ ਵੱਖਰਾ ਹੈ, ਅਤੇ ਨਾਲ ਹੀ ਕਲਪਤ, ਮਿਥਿਹਾਸਿਕ ਦੇਵੀ ਤੋਂ ਮੁਕਤੀ ਦਾ ਵਰ ਮੰਗਣ ਵਾਲਾ ਸੀ। ਨਾ ਤਾਂ ਇਹਨਾਂ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਵਿਚਲੀ ਗੁਰਬਾਣੀ ਵਿਚ ਬਖਸ਼ੀ ਸੇਧ ਦੀ ਪ੍ਰਵਾਹ ਹੈ, ਅਤੇ ਨਾ ਹੀ ਸ੍ਰੀ ਦਸਮੇਸ਼ ਜੀ ਦੀ ਉਸ ਬਾਣੀ ਦੀ ਜੋ ਸਿਧਾਂਤਕ ਤੌਰ ਉਤੇ ਗੁਰਬਾਣੀ ਨਾਲ ਪੂਰਨ ਮੇਲ ਖਾਂਦੀ ਹੈ। ਸੁਹਿਰਦ ਪਾਠਕਾਂ ਦੀ ਜਾਣਕਾਰੀ ਲਈ ਅਸੀਂ ਗੁਰਬਾਣੀ ਵਿਚੋਂ ਕੁਝ ਹੋਰ ਅਜਿਹੇ ਹਵਾਲੇ ਪੇਸ਼ ਕਰਦੇ ਹਾਂ, ਜਿਨ੍ਹਾਂ ਵਿਚ ਪ੍ਰਭੂ ਦੀ ਸਰਬੱਗਤਾ ਅਤੇ ਇਹਨਾਂ ਕਲਪਤ ਦੇਵੀ ਦੇਵਤਿਆਂ ਦੀ ਤੁੱਛਤਾ

ਵਿਖਾਈ ਗਈ ਹੈ :-

ੳ) ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀਂ ਜਾਨਹਿ ਭੇਦ॥

ਸੰਕਰਾ ਨਹੀਂ ਜਾਨਹਿ ਭੇਵ॥ ਖੋਜਤ ਹਾਰੇ ਦੇਵ॥

ਦੇਵੀਆਂ ਨਹੀਂ ਜਾਨੈ ਮਰਮ॥ ਸਭ ਉਪਰਿ ਅਲੱਖ ਪਾਰਬ੍ਰਹਮ॥(ਪੰ 894)

(ਨੋਟ : ਪੰਜਵੇਂ ਗੁਰੂਦੇਵ ਦੀ ਉਪ੍ਰੋਕਤ ਰਚਨਾ ਵਿਚ ਬੇਦ, ਬ੍ਰਹਮੇ, ਸ਼ਿਵ ਅਤੇ ਦੇਵੀਆਂ ਦੇਵਤੇ, ਸਭ ਪਦ ਬਹੁਵਚਨ ਹਨ- ਇਕ ਬ੍ਰਹਮਾ ਅਤੇ ਸ਼ਿਵ ਦੀ ਗੱਲ ਹੀ ਕੀ, ਇਹ ਸਭ ਨ ਲਖੇ, ਨਾ ਜਾਣੇ ਜਾਣ ਵਾਲੇ ਜਿਸ ਬਿਅੰਤ ਵਾਹਿਗੁਰੂ ਨੂੰ ਖੋਜਦੇ ਖੋਜਦੇ ਹਾਰ ਟੁੱਟ ਗਏ, ਐਸੇ ਪਾਰਬ੍ਰਹਮ ਦੇ ਉਪਾਸ਼ਕ ਹਨ ਸ੍ਰੀ ਗੁਰੂ ਅਰਜਨ ਦੇਵ ਜੀ ਅਥਵਾ ਉਹਨਾਂ ਦੀ ਜੋਤ ਸ੍ਰੀ ਦਸਮੇਸ਼ ਜੀ।)

ਅ) ਘਰਿ ਮਹਿ ਠਾਕੁਰ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥

ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥ ਰਹਾਉ॥

ਜਿਸੁ ਪਾਹਣ ਕਉ ਠਾਕੁਰ ਕਹਤਾ॥ ਓਹ ਪਾਹਣੁ ਲੈ ਉਸ ਕਉ ਡੁਬਤਾ॥2॥

ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰਗਿਰਾਮੀ॥3॥

ਗੁਰ ਮਿਲਿ ਨਾਨਕ, ਠਾਕੁਰ ਜਾਤਾ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥4॥

(ਪੰਨਾ 738, ਮ 5)

ਨੋਟ :- ਉਪ੍ਰੋਕਤ ਸ਼ਬਦ ਵਿਚ ਪੰਚਮ ਗੁਰੂ ਜੀ, ਦੇਵੀ ਦੇਵਤਿਆਂ ਦੀਆਂ ਪੱਥਰਾਂ ਦੀਆਂ ਮੂਰਤੀਆਂ ਬਣਾ ਕੇ ਕੀਤੀ ਜਾ ਰਹੀ ਪੂਜਾ ਦਾ ਖੰਡਨ ਕਰਦੇ ਹਨ ਅਤੇ ਵਾਹਿਗੁਰੂ ਠਾਕੁਰ, ਜੋ ਹਰ ਥਾਂ ਵਿਆਪਕ ਹੈ, ਨੂੰ ਹੀ ਆਪਣਾ ਪੁਜਯ ਮੰਨਦੇ ਹਨ। ਐਸੇ ਨਿਰਾਕਾਰ ਪ੍ਰਭੂ ਦੇ ਉਪਾਸ਼ਕ ਗੁਰੂ ਜੀ ਨੂੰ, ਸ੍ਰੀ ਕ੍ਰਿਸ਼ਨ ਆਦਿ ਦੀ ਉਸਤਤਿ ਕਰਦੇ ਦਰਸਾਉਣਾ ਅਤੇ ਉਹਨਾਂ ਦੀ ਅੰਮ੍ਰਿਤ ਬਾਣੀ ਦੇ ਅਰਥਾਂ ਦੇ ਅਨਰਥ ਕਰਨੇ, ਕਿਤਨਾ ਅਨਿਆਇ ਹੈ, ਬ੍ਰਹਮ ਗਿਆਨੀ ਤੇ ਗੋਬਿੰਦ ਰੂਪ ਸਤਿਗੁਰੂ ਜੀ ਨਾਲ !

ੲ) ਸਿਵ ਸਿਵ ਕਰਤੇ ਜੋ ਨਰੁ ਧਿਆਵੈ।। ਬਰਦ ਚਢੇ ਡਉਰੂ ਢਮਕਾਵੈ॥

ਮਹਾ ਮਾਈ (ਦੁਰਗਾ, ਭਵਾਨੀ, ਸ਼ਿਵਾ ਆਦਿ) ਕੀ ਪੂਜਾ ਕਰੈ।

ਨਰ ਸੈ ਨਾਰਿ ਹੋਇ ਅਉਤਰੈ।"

ਤੂ ਕਹੀਅਤ ਹੀ ਆਦਿ ਭਵਾਨਿ॥ ਮੁਕਤਿ ਕੀ ਬਰੀਆ ਕਹਾ ਛਪਾਨੀ?

ਗੁਰਮਤਿ ਰਾਮ ਨਾਮ ਗਹੁ ਮੀਤਾ॥ਪ੍ਰਣਵੈ ਨਾਮਾ ਇਉ ਕਹੈ ਗੀਤਾ॥(ਪੰਨਾ 874)

(ਨੋਟ :- ਭਗਤ ਨਾਮ ਦੇਵ ਜੀ ਉਪ੍ਰੋਕਤ ਬਾਣੀ ਰਾਹੀਂ ਸ਼ਬਦ ਦੇ ਅੰਤ ਵਿਚ

ਜਿਥੇ ਆਪਣਾ ਮੱਤ, ਜੋ ਗੁਰਮਤ ਦੁਆਰਾ ਰਾਮ ਦੇ ਨਾਮ ਨੂੰ ਹਿਰਦੇ ਵਸਾਉਣਾ ਹੈ, ਦਸਦੇ ਹਨ, ਉਥੇ ਦੇਵੀ ਦੇਵਤਿਆਂ ਦੀ ਤੁੱਛਤਾ ਵੀ ਦਰਸਾਂਦੇ ਹਨ, ਅਤੇ ਦੁਰਗਾ (ਭਵਾਨੀ, ਭਗਉਤੀ, ਸ਼ਿਵਾ ਆਦਿ) ਨੂੰ ਸਪੱਸ਼ਟ ਸੰਬੋਧਨ ਕਰ ਕੇ ਪੁੱਛਦੇ ਹਨ ਕਿ ਤੂੰ ਜੋ 'ਸਾਰੇ' ਵਰਾਂ ਦੀ (ਭੋਲੇ ਭਟਕੇ ਲੋਕਾਂ ਵਲੋਂ) ਦਾਤੀ ਮੰਨੀ ਜਾਂਦੀ ਹੈ, ਭਗਤਾਂ ਨੂੰ ਮੁਕਤੀ ਦੇਣ ਵੇਲੇ ਕਿੱਥੇ ਜਾ ਲੁੱਕਦੀ ਹੈ? ਪ੍ਰੰਤੂ, ਸਾਡੇ ਆਪਣੇ ਲੇਖਕਾਂ ਅਤੇ ਲਘੂ-ਦ੍ਰਿਸ਼ਟੀ ਵਾਲੇ ਸਿੱਖ ਵੀਰਾਂ ਨੇ **'ਅੰਤ ਲਹੈਂਗੇ ਮੁਕਤਿ ਫਲ ... ਪਾਵੈਂਗੇ ਭਗਵੰਤ॥"** ਵਰਗੀਆਂ, ਕਿਸੇ ਦੇਵੀ-ਭਗਤ ਅਥਵਾ ਸ਼ਾਕਤ ਕਵੀ ਦੀਆ ਰਚਨਾਵਾਂ ਨੂੰ ਸ੍ਰੀ ਦਸਮੇਸ਼ ਜੀ ਦੇ ਨਾਮ ਨਾਲ ਜੋੜ ਕੇ, ਅਟੱਲ ਤੇ ਅਮਰ ਗੁਰਮਤ ਸਿਧਾਂਤਾਂ ਨੂੰ ਵਲੂੰਦਰ ਛੱਡਿਆ ਹੈ। ਇਸ ਨੂੰ ਨਾ ਨਿਰਮਲ ਰਹਿਣ ਦਿੱਤਾ ਹੈ, ਅਤੇ ਨਾ ਹੀ ਨਿਆਰਾ ਤੇ ਨਿਰਾਲਾ।)

ਸ) ਲਓ, ਹੁਣ ਵਾਚੋ, ਸ੍ਰੀ ਦਸਮੇਸ਼ ਜੀ ਦੀ ਆਪਣੀ ਬਾਣੀ ਵਿਚੋਂ, ਇਹਨਾਂ ਮਿਥਿਹਾਸਕ ਦੇਵੀ ਦੇਵਤਿਆਂ ਦੀ ਅਸਲੀਅਤ :-

1) ਸਾਰੇ ਵਿਦਵਾਨ ਸਰਬ-ਸੰਮਤੀ ਨਾਲ ਇਹ ਸਵੀਕਾਰਦੇ ਹਨ ਕਿ 'ਅਕਾਲ ਉਸਤਤਿ' ਦੇ ਅਰੰਭ ਵਿਚ ਅੰਕਿਤ ਚੌਪਈ: "ਪ੍ਰਣਵੋ ਆਦਿ ਏਕੰਕਾਰਾ। ਜਲ ਥਲ ਮਹੀਅਲ ਕੀਓ ਪਸਾਰਾ। ਆਦਿ ਪੁਰਖ ਅਬਿਗਤਿ ਅਬਿਨਾਸੀ। ਲੋਕ ਚੱਤ੍ਰਦਸ ਜੋਤਿ ਪ੍ਰਕਾਸੀ।।" ਸ੍ਰੀ ਦਸਮੇਸ਼-ਕ੍ਰਿਤ ਹੈ। ਇਸ ਚੌਪਈ ਦੇ ਪੰਜਵੇਂ ਪਦੇ ਵਿਚ ਆਪ ਜੀ, ਆਦਿ ਪ੍ਰਭੂ ਦੀ ਵਡਿਆਈ ਕਰਦੇ ਹੋਏ, ਲਿਖਦੇ ਹਨ ਕਿ ਭਵਾਨੀ ਆਦਿ (ਕਥਿਤ ਦੇਵੀਆਂ) ਉਸ ਦੇ ਚਰਨਾਂ ਵਿਚ ਵਸਦੀਆਂ, ਭਾਵ, ਉਸ ਦੀਆਂ ਸੇਵਕਾ ਤੇ ਦਾਸੀਆਂ ਹਨ। ਐਸੇ ਸਪੱਸ਼ਟ ਤੇ ਪੁਖਤਾ ਵਿਸ਼ਵਾਸ ਦੀ ਹੋਂਦ ਵਿਚ ਠਾਕੁਰ (ਮਾਲਿਕ) ਦੀ ਪੂਜਾ ਛੱਡ ਕੇ ਚੇਰੀ (ਦਾਸੀ) ਦੀ ਪੂਜਾ ਕਿਉਂ?

ਅਨਹਦ ਰੂਪ, ਅਨਾਹਦ ਬਾਨੀ। ਚਰਨ ਸਰਨਿ ਜਿਹ ਸਬਤ ਭਵਾਨੀ।

ਬ੍ਰਹਮਾ ਬਿਸਨ ਅੰਤੁ ਨਹੀ ਪਾਇਓ। ਨੇਤ ਨੇਤ ਮੁਖ ਚਾਰ ਬਤਾਇਉ। (5 ਅਕਾਲ ਉਸਤਤਿ), ਸ੍ਰੀ ਦਸਮੇਸ਼।

ਟਿੱਪਣੀ :-ਐਸੇ ਸਰਬ ਸ਼ਕਤੀਮਾਨ ਠਾਕੁਰ, ਸਵਾਮੀ ਨੂੰ ਛੱਡ ਕੇ ਉਸ ਦੇ ਚਰਨਾਂ ਦੀ ਸ਼ਰਨ ਵਿਚ ਰਹਿਣ ਵਾਲੀ ਭਵਾਨੀ (ਭਗਉਤੀ, ਦੁਰਗਾ, ਸ਼ਿਵਾ, ਹਿੰਗਲਾ ਆਦਿ) ਨੂੰ ਪੂਜਣ ਤੇ ਪ੍ਰਸ਼ੰਸਾ ਦੀ ਗੱਲ, ਕਿਸੇ ਦੇਵੀ-ਭਗਤ ਸ਼ਾਕਤ ਦੇ ਕਥਨ ਨੂੰ ਸਬੂਤ ਬਣਾ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਨਾਮ ਨਾਲ ਮੜ੍ਹਨ ਤੇ ਜੋੜਨ ਤੋਂ ਵੱਧ ਹੋਰ ਕੀ ਅਨਰਥ, ਧੱਕਾ ਅਤੇ ਗੁਰੂ-ਅਵੱਗਿਆ ਹੋ ਸਕਦੀ ਹੈ?

2) ਕੋਈ ਦਿਜੇਸ[1] ਕੋ ਮਾਨਤ ਹੈ, ਔਰ ਕੋਈ ਮਹੇਸ਼[2] ਕੋ ਏਸ਼[3] ਬਤੈ ਹੈ।

ਕੋਈ ਕਹੈ ਬਿਸਨੋ ਬਿਸੁਨਾਯਕ[4], ਜਾਹਿ ਭਜੇ ਅਘ ਓਘ[5] ਕਟੈ ਹੈ।

ਬਾਰ ਹਜ਼ਾਰ ਵਿਚਾਰ ਅਰੇ ਜੜ! ਅੰਤ ਸਮੇਂ ਸਭ ਹੀ ਤਜਿ ਜੈ ਹੈ।

ਤਾਂਹੀ ਕੋ ਧਿਆਨ ਪ੍ਰਮਾਨ ਹੀਯੇ, ਜੋਊ ਥਾ, ਅਬ ਹੈ, ਅਰ ਆਗੇਊ ਹ੍ਵੈ ਹੈ।

ਤੈਤੀ ਸ੍ਵੈਯੇ ਪਾ 10

(ਅਰਥ ਸੰਕੇਤ –1 ਬ੍ਰਹਮਾ, 2 ਸ਼ਿਵਜੀ, 3 ਈਸ਼ਵਰ, 4 ਵਿਸ਼ਵ ਦਾ ਮਾਲਕ 5 ਪਾਪ ਕਲੇਸ਼)

3) ਦੇਨਹਾਰ ਦਾਤਾਰ ਕੇਵਲ ਇਕ ਤੇ ਇਕ ਹੈ, ਅਤੇ ਹੋਰ ਸਭ ਮੰਗਤੇ ਹਨ। ਮੰਗਤਿਆਂ ਤੋਂ ਮੰਗਣਾ ਲੱਜਾ ਦਾ ਕਾਰਨ ਹੈ। ਗੁਰਮਤਿ ਸਿਧਾਂਤ ਹੈ : "ਮਾਂਗਉ ਰਾਮ ਤੇ ਸਭ ਥੋਕ" (ਮ 5), ਤਥਾ– ਸ੍ਰੀ ਦਸਮੇਸ਼ : 'ਸਾਹਿਬ ਸ੍ਰੀ ਸਭ ਕੋ ਸਿਰਨਾਯਕ, ਯਾਚਕ ਅਨੇਕ, ਸੋ ਏਕ ਦਵੱਯਾ।" (ਸੁਧਾ ਸਵੱਯੇ)

4) ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ,

ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।

ਬ੍ਰਹਮਾ ਅਰੁ ਬਿਸਨੁ ਕੇਤੇ, ਬੇਦ ਔ ਪੁਰਾਨ ਕੇਤੇ,

ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਏ ਹੈਂ।

ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,

ਅੰਸਾਹ ਅਵਾਤਰ ਕੇਤੇ, ਕਾਲ ਬਸਿ ਭਏ ਹੈਂ।

ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,

ਭੂਮਿ ਹੀ ਤੇ ਹੁਇ ਕੈ, ਫੇਰਿ ਭੂਮਿ ਹੀ ਮਿਲਦੇ ਹੈ। (77, ਅਕਾਲ ਉਸਤਤਿ)

ਵੰਨਗੀ ਵਜੋਂ, ਉਪ੍ਰੋਕਤ ਦਿੱਤੇ ਕੁਝ ਕੁ ਪ੍ਰਮਾਣ ਇਸ ਸੱਚ ਨੂੰ ਸੂਰਜ–ਵੱਤ ਰੋਸ਼ਨ ਕਰ ਦਿੰਦੇ ਹਨ ਕਿ ਗੁਰੂ ਸਾਹਿਬਾਨ ਇਕ ਅਕਾਲ ਤੋਂ ਸਿਵਾ, ਨਾ ਕਿਸੇ ਦੇਵੀ ਦੇਵਤੇ ਆਦਿ ਦੇ ਉਪਾਸ਼ਕ ਤੇ ਵਿਸ਼ਵਾਸੀ ਸਨ, ਅਤੇ ਨਾ ਹੀ ਕਿਸੇ ਦੇ ਉਸਤਤਿ ਕਰਤਾ। ਸਗੋਂ ਉਹ ਤਾਂ ਇਨ੍ਹਾਂ ਸਭਨਾਂ ਨੂੰ ਹਉਮੈਂ ਦੇ ਦੀਰਘ ਰੋਗ ਵਿਚ ਜਕੜੇ ਹੋਏ ਤੇ ਨਾਸ਼ਮਾਨ ਮੰਨਦੇ ਹਨ।

ਚੇਤਾਵਨੀ :– 'ਨਿਰਮਲ ਤੇ ਨਿਰਾਲੇ ਪੰਥ ਦੇ ਖਾਲਸੇ ਨੂੰ ਕਦਾਚਿਤ ਇਹ ਨਹੀਂ ਭੁਲਣਾ ਚਾਹੀਦਾ ਕਿ ਜਾਣੇ, ਅਨਜਾਣੇ ਸਿੱਖ ਵਿਦਵਾਨਾਂ ਵੱਲੋਂ ਇਹ ਸਵੀਕਾਰਨਾ ਕਿ ਸਾਰਾ 'ਦਸਮ ਗ੍ਰੰਥ' ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹੈ, ਵਿਰੋਧੀ ਅਨਮੱਤੀਆਂ ਤੇ ਪੰਥ–ਦੋਖੀਆਂ ਨੂੰ ਉਤਸ਼ਾਹਤ ਕਰਨਾ ਹੈ ਕਿ ਉਹ ਗੁਰੂ ਜੀ ਨੂੰ ਦੇ ਵੀ–ਪੂਜਨ ਅਤੇ ਚਰਿਤ੍ਰੋ–ਪਾਖਿਆਨ ਨੂੰ ਉਤਸ਼ਾਹਤ ਕਰਨਾ ਹੈ ਕਿ ਉਹ ਗੁਰੂ ਜੀ ਨੂੰ ਦੇਵੀ–ਪੂਜਨ ਅਤੇ ਚਰਿਤ੍ਰੋ–ਪਾਖਿਆਨ ਜੈਸੀਆਂ ਅਤਿ ਅਸ਼ਲੀਲ, ਨਗਨ ਤੇ ਕਾਮ–ਉਪਜਾਊ ਰਚਨਾਵਾਂ ਦਾ ਲਿਖਾਰੀ ਸਿੱਧ ਕਰਨ ਦੀ ਨਾਪਾਕ ਕੋਸ਼ਿਸ਼ ਕਰਨ, ਅਤੇ ਸਿੱਖ ਜਗਤ ਨੂੰ ਅਤਿ ਅਨਉਚਿਤ ਕੁੜਿੱਕੀ ਵਿਚ ਕਸੂਤੇ ਫਸਾ ਦੇਣ। ਇਸੇ ਸੰਬੰਧ ਵਿਚ, ਹੁਣੇ ਜਿਹੇ ਵਾਪਰੀ ਇਕ ਘਟਨਾ ਦਾ ਉਲੇਖ ਕਰਦਾ ਹਾਂ:–

ਸ੍ਰੀ ਰਾਜਿੰਦਰ ਸਰੀਨ ਇਕ ਪ੍ਰਸਿੱਧ ਲਿਖਾਰੀ ਤੇ ਪੱਤਰਕਾਰ ਹਨ। ਉਨ੍ਹਾਂ ਦਾ ਪੰਜਾਬ ਦੀ ਸਥਿਤੀ ਬਾਰੇ 20 ਜੂਨ 1986 ਦੀ ਅੰਗਰੇਜ਼ੀ ਟ੍ਰਿਬਿਊਨ ਵਿਚ ਇਕ ਲੰਮਾ ਚੌੜਾ ਲੇਖ ਸੀ, ਇਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਮਸ਼ਵਰਾ ਦਿੱਤਾ ਸੀ ਕਿ ਉਹ ਸ਼ਿਵ ਸੈਨਾਂ ਦਾ ਇਸ ਕਰਕੇ ਵਿਰੋਧ ਨਾ ਕਰਨ; ਕਿਉਂਕਿ ਇਹ ਇਕ ਤਰ੍ਹਾਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੀ ਪੂਰਤੀ,ਅਤੇ ਉਨ੍ਹਾਂ ਦੇ ਸੁਪਣੇ ਨੂੰ ਸਾਕਾਰ ਕਰਨ ਵਾਲੀ ਗੱਲ ਹੈ। 'ਸਰੀਨ ਜੀ' ਦੀ ਇਸ ਮਨੌਤ ਤੇ ਪ੍ਰੇਰਨਾ ਦਾ ਆਧਾਰ ਸੀ : 'ਚੰਡੀ ਚਰਿਤ੍ਰ' (ਉਕਤ ਬਿਲਾਸ) ਦਾ 231 ਵਾਂ ਛੰਦ, ਜੋ ਸਿੱਖਾਂ ਨੇ ਬਿਨਾ ਪਰਖੇ, ਪਛਾਣੇ ਤੇ ਸੋਚੇ ਸਮਝੇ, ਕੌਮੀ ਤਰਾਨੇ* ਵਜੋਂ ਅਪਣਾ ਰੱਖਿਆ ਹੈ :

'ਦੇਹਿ ਸ਼ਿਵਾ ਬਰੁ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋ...।'

'ਸਰੀਨ ਜੀ' ਨੇ 'ਸ਼ਿਵਾ' ਦੇ ਅਰਥ 'ਸ਼ਿਵ ਜੀ' ਕੀਤੇ ਹਨ, ਜਦ ਕਿ ਡਾ ਹਰਿਭਜਨ ਸਿੰਘ ਜੀ ਨੇ 12-7-88 ਦੀ 'ਇੰਡੀਅਨ ਐਕਸਪ੍ਰੈਸ' ਦੇ ਪੰਨਾ 3 ਤੇ ਛਪੇ, ਹਵਾਲੇ ਵਾਲੇ ਨੋਟ ਅਨੁਸਾਰ ਇਸ ਦੇ ਅਰਥ ਚੰਡੀ ਕੀਤੇ ਹਨ, ਅਤੇ ਇਸ ਨਾਤੇ ਸ੍ਰੀ ਦਸਮੇਸ਼ ਜੀ ਨੂੰ ਸਿਧਾਂਤਕ ਤੇ ਅਮਲੀ ਤੌਰ ਤੇ (In precept and practice) 'ਚੰਡੀ ਤੇ ਸਰਸਵਤੀ' ਦੇਵੀ ਦਾ ਵਿਸ਼ਵਾਸੀ (Believer) ਕਰਕੇ ਬਿਆਨਿਆ ਹੈ। ਵੀਚਾਰਵਾਨਾਂ ਦਾ ਕਥਨ ਹੈ ਕਿ ਜਿਸ ਪਉਣ ਨੇ ਆਪਣੇ ਤਿੱਖੇ ਵੇਗ ਦੁਆਰਾ ਪਰਬਤ ਉਡਾ ਦਿੱਤੇ ਹੋਣ, ਉਸ ਅੱਗੇ ਰੂੰ ਕਿਸ ਲੇਖੇ ਵਿਚ ਆਉਂਦਾ ਹੈ? ਕੁਝ ਇਵੇਂ ਹੀ, ਜਦ ਡਾ: ਹਰਿਭਜਨ ਸਿੰਘ ਜੀ ਜੈਸੈ ਸਿੱਖ ਵਿਦਵਾਨਾਂ ਦੀ, ਸ੍ਰੀ ਗੁਰੂ ਨਾਨਕ ਦੇਵੀ ਜੀ ਦੇ 'ਨਿਰਮਲ ਤੇ ਨਿਰਾਲੇ' ਪੰਥ ਨੂੰ ਫੇਰ ਅਵਤਾਰਾਂ ਤੇ ਦੇਵੀ ਦੇਵਤਿਆਂ ਦੇ ਇੰਦਰਜਾਲ ਵਿਚ ਫਸਾਉਣ ਅਤੇ 'ਚਰਿਤ੍ਰੋ ਪਖਿਆਨ' ਜੈਸੀ ਨਗਨ ਤੇ ਕਾਮਕ ਲਿਖਤ ਨੂੰ ਗੁਰੂ ਕ੍ਰਿਤ ਸਿੱਧ ਕਰਲ ਲਈ ਐਸੀ ਤੱਤਪਰਤਾ ਹੋਵੇਗੀ, ਤਾਂ ਸਰਲ, ਸਾਦੇ ਤੇ ਸਾਧਾਰਣ ਵਿਅਕਤੀ ਜਾਂ ਅਨਮਤੀ ਦੇ ਬਚਾਅ ਦੀ ਕੀ ਆਸ ਹੋ ਸਕਦੀ ਹੈ? ਐਸੀ ਸਥਿਤੀ ਵਿਚ ਹਰ ਦੂਰ-ਅੰਦੇਸ਼ ਅਤੇ ਪੰਥ-ਦਰਦੀ ਨੂੰ ਖਦਸ਼ਾ ਹੋਣਾ ਸੁਭਾਵਕ ਹੈ ਕਿ ਕਲ ਨੂੰ ਪੰਥ-ਦੋਖੀ ਓਸੇ ਤਰ੍ਹਾਂ 'Riddles in Sikhism ("ਸਿੱਖ ਧਰਮ ਦੀਆਂ ਬੁਝਾਰਤਾਂ ਤੇ ਉਲਝਣਾਂ") ਲਿਖਣਗੇ, ਜਿਵੇਂ ਡਾ ਅੰਬੇਦਕਰ ਨੇ 'Riddles in Hinduism' ਲਿਖ ਕੇ ਸਾਰੇ ਹਿੰਦੂ-ਜਗਤ ਨੂੰ ਭੌਚਲ ਵਿਚ ਪਾ ਦਿੱਤਾ ਹੈ; ਅਤੇ ਇਸ ਦੇ ਜ਼ੁੰਮੇਵਾਰ ਹੋਣਗੇ ਉਹ ਸਿੱਖ-ਲਿਖਾਰੀ, ਜੋ ਗੁਰਬਾਣੀ ਦੀ ਕਸਵੱਟੀ ਤੇ ਪਰਖ ਉੱਤੇ ਪੂਰੀਆਂ ਨਾ ਉਤਰਨ ਵਾਲੀਆਂ ਦਸਮ ਗ੍ਰੰਥ ਵਿਚਲੀਆਂ ਰਚਨਾਵਾਂ ਨੂੰ ਵੀ, ਸ੍ਰੀ ਦਸਮੇਸ਼ ਜੀ ਦੀ ਕ੍ਰਿਤ ਮੰਨਣ ਉੱਤੇ ਬਜ਼ਿੱਦ ਹਨ। ਹੁਣੇ ਜਿਹੇ ਇਕ ਸ੍ਰੀ ਰਾਜਿੰਦਰ ਸਿੰਘ ਨਿਰਾਲਾ ਵੱਲੋਂ ਪੰਜਾਬੀ ਵਿਚ ਲਿਖੀ ਪੁਸਤਕ ਦਾ ਹਿੰਦੀ ਅਨੁਵਾਦ ਪ੍ਰਕਾਸ਼ਤ ਹੋਇਆ ਹੈ, ਜਿਸ ਵਿਚ ਉਸ ਨੇ 'ਸਿੱਖਾਂ' ਦੇ ਮੋਢੇ ਉੱਤੇ ਬੰਦੂਕ ਰੱਖ ਕੇ ਸਿੱਧ ਕੀਤਾ ਹੈ ਕਿ ਸਿੱਖ ਹਿੰਦੂ ਹਨ।

---

* ਖਾਲਸੇ ਦਾ ਇਤਿਹਾਸਕ ਕੌਮੀ ਤਰਾਨਾ ਹੈ :
ਦੇਗ਼ੋ ਤੇਗੋ ਫਤਹ ਓ ਨੁਸਰਤ ਬੇਦਰੰਗ । ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

# ਸ਼ਿਵਾ ਦੇ ਅਰਥ?

ਜਿਹਾ ਕਿ, ਇਸ਼ਾਰੇ ਮਾਤਰ, ਪਿਛੇ ਦੱਸਿਆ ਜਾ ਚੁੱਕਾ ਹੈ: ਸ਼ਿਵਜੀ ਦੀ ਪਤਨੀ ਪਾਰਬਤੀ ਦੇਵੀ ਓਸੇ ਤਰ੍ਹਾਂ ਦੁਰਗਾ, ਭਵਾਨੀ, ਭਗਉਤੀ, ਗਿਰਿਜਾ, ਚੰਡ, ਚੰਡਿਕਾ, ਅੰਬਿਕਾ, ਸੀਤਲਾ, ਹਿੰਗਲਾ, ਪਿੰਗਲਾ ਅਤੇ ਸ਼ਿਵਾ ਆਦਿ ਦੇਵੀਆਂ ਦੇ ਅਵਤਾਰ ਦੀ ਹੇਤੂ (ਕਾਰਨ) ਹੈ; ਜਿਵੇਂ ਪੌਰਾਣਿਕ ਸਾਹਿਤ ਵਿਚ ਵਿਸ਼ਨੂ ਜੀ ਨੂੰ ਬ੍ਰਹਮਾ, ਰੁਦ੍ਰ, ਰਾਮ, ਕ੍ਰਿਸ਼ਨ, ਮੱਛ, ਕੱਛ, ਨਾਰਾਇਣ, ਮਹਾਂ ਮੋਹਨੀ, ਬੈਰਾਹ (ਸੂਰ), ਬਾਵਨ, ਧਨੰਤਰ, ਸੂਰਜ ਅਤੇ ਨਰ ਆਦਿ 24 ਅਵਤਾਰਾਂ ਦਾ ਹੇਤੂ ਮੰਨਿਆ ਗਿਆ ਹੈ। ਸਾਰੇ ਦਸਮ ਗ੍ਰੰਥ ਵਿਚ ਜਿੱਥੇ ਵੀ 'ਸ਼ਿਵਾ' ਪਦ ਦੀ ਵਰਤੋਂ ਹੋਈ ਹੈ, ਓਥੇ, ਇਸ ਤੋਂ ਸਪੱਸ਼ਟ ਮੁਰਾਦ ਹੈ ਪਰਬਤ ਦੀ ਧੀ-ਪਾਰਬਤੀ। ਕਈ ਵੇਰ ਇਕੋ ਰਚਨਾ ਜਾਂ ਛੰਦ ਵਿਚ ਹੀ ਦੇਵੀ ਲਈ ਕਦੀ 'ਸ਼ਿਵਾ' ਪਦ ਦੀ ਵਰਤੋਂ ਕੀਤੀ ਗਈ ਹੈ, ਅਤੇ ਕਦੀ ਚੰਡ, ਚੰਡਿਕਾ ਜਾਂ ਦੁਰਗਾਂ ਪਦ ਦੀ। 'ਚੰਡੀ ਚਰਿਤ੍ਰ (ਉਕਤ ਬਿਲਾਸ) ਵਿਚੋਂ ਵੰਨਗੀ ਵਜੋਂ ਲਈਆਂ, ਇਹ ਉਦਾਹਰਣਾਂ ਸਾਡੇ ਇਸ ਨਿਰਣੈ ਨੂੰ, ਸੋਲਾਂ ਆਨੇ, ਸੱਚ ਸਿੱਧ ਕਰਨ ਲਈ ਕਾਫੀ ਹਨ-

1) ਖੇਤ (ਰਣਭੂਮੀ) ਜੀਤ ਦੈਤਨ (ਸੁੰਭ ਨੈਸੁੰਭ) ਲੀਓ, ਗਏ ਦੇਵਤੇ ਭਾਜ।

ਇਹ ਬੀਚਾਰਿਓ ਮਨ ਬਿਖੈ, ਲੇਹੁ 'ਸ਼ਿਵਾ' ਤੇ ਰਾਜ। (ਛੰਦ 72)

ਭਾਵ : ਭਾਂਜ ਖਾ ਕੇ, ਦੇਵਤੇ, ਮੁੜ, ਰਾਜ ਪ੍ਰਾਪਤੀ ਲਈ ਸ਼ਿਵਾ ਦੀ ਸ਼ਰਨ ਜਾ ਪਏ।

2) ਕਾਨ ਸੁਨੀ ਧੁਨਿ ਦੇਵਨ ਦੀ, ਸਭ ਦਾਨਵ ਮਾਰਨ ਕੋ ਪ੍ਰਨ ਕੀਨੋ। (ਛੰਦ 73)

ਨੋਟ :- ਅੱਗੇ ਇਹੀ ਸ਼ਿਵਾ (ਪਾਰਬਤੀ) ਆਪਣੇ ਅੰਦਰ 'ਕਾਲੀ' ਨੂੰ ਸਮਾ ਕੇ 'ਚੰਡਿਕਾ' ਦਾ ਨਾਮ ਧਾਰ ਲੈਂਦੀ ਹੈ:

ਨਿਰਖ ਚੰਡਿਕਾ ਤਾਸ ਕੋ, ਤਬੈ ਬਚਨ ਇਹ ਕੀਨ।

ਹੇ ਪੁਤ੍ਰੀ ਤੂੰ ਕਾਲਿਕਾ, ਹੋਹੁ ਜੁ ਮੁਝ ਮਹਿ ਲੀਨ।

ਸੁਨਤ ਬਚਨ ਯਹ ਚੰਡਿ ਕੋ, ਤਾਂ ਮਹਿ ਗਈ ਸਮਾਇ।

ਜਿਉਂ ਗੰਗਾ ਕੀ ਧਾਰ ਮੈ, ਜਮਨਾ ਪੈਠੀ ਧਾਇ।। (ਛੰਦ 76 ਤੇ 77)

(ਨੋਟ :- ਮਹਾਂ ਕਾਲਕਾ ਅਰਾਧੀ' ਵਿਚ 'ਕਾਲਿਕਾ' ਨੂੰ ਪ੍ਰਮੇਸ਼ਰ, ਅਕਾਲ, ਪੁਰਖ, ਮੰਨਣ ਵਾਲੇ ਸੱਜਣ ਨੋਟ ਕਰਨ ਕਿ ਏਥੇ 'ਕਾਲਿਕਾ' ਨੂੰ 'ਚੰਡਿਕਾ', ਦੇਵੀ ਤੇ 'ਪੁਤ੍ਰੀ' ਕਰ ਕੇ ਸੰਬੋਧਨ ਕੀਤਾ ਗਿਆ ਹੈ, ਅਤੇ ਹਰ ਥਾਂ ਇਸ ਦੀ ਵਰਤੋਂ 'ਇਸਤ੍ਰੀ ਲਿੰਗ' ਵਿਚ ਹੋਈ ਹੈ। ਚੰਡੀ ਚਰਿਤ੍ਰ ਦੇ ਅਗਲੇਰੇ ਛੰਦ 78 ਵਿਚ ਏਸੇ 'ਸ਼ਿਵਾ ਤੇ ਚੰਡਕਾ' ਨੂੰ 'ਗਿਰਿਜਾ' ਦਾ ਨਾਮ ਦਿੱਤਾ ਗਿਆ ਹੈ।)

3) ਬੈਠ ਤਬੈ 'ਗਿਰਿਜਾ' ਅਰ ਦੇਵਨ, ਬ੍ਰੱਧਿ ਇਹੈ ਮਨ ਮਧਿ ਬਿਚਾਰੀ,

ਜੁਧ ਕੀਏ ਬਿਨੁ ਫੇਰ ਫਿਰੇ ਨਹਿ, ਭੂਮ ਸਬੈ ਅਪਨੀ ਅਵਧਾਰੀ।

ਇੰਦ੍ਰ ਕਹਿਓ : 'ਅਬ ਢੀਲ ਬਨੇ ਨਹਿ, ਮਾਤ ਸੁਨੋ ਯਹ ਬਾਤ ਹਮਾਰੀ

ਦੈਤਨ ਕੇ ਬਧ ਕਾਜ ਚਲੀ ਰਣਿ, ਚੰਡ ਪ੍ਰਚੰਡ ਭੁਜੰਗਨਿ ਕਾਰੀ। (78)

(ਕਾਲੀ ਨਾਗਨ ਬਣ ਕੇ)

4) ਇਹ ਚੰਡਿਕਾ (ਪਾਰਬਤੀ ਦੇਵੀ) ਸੁਮੇਰ ਪਰਬਤ ਦੀ ਚੋਟੀ ਉਪਰ ਨਿਵਾਸ ਕਰਦੀ ਹੈ; ਕੈਲਾਸ਼ ਪਰਬਤ ਉੱਪਰ, ਆਪਣੇ ਪਤੀ ਸ਼ਿਵ ਜੀ ਨਾਲ:

ਸ੍ਰਿੰਗ ਸੁਮੇਰ ਕੇ ਚੰਡਿ ਬਿਰਾਜਤ, ਮਾਨੋ ਸਿੰਘਾਸਨ ਬੈਠੀ ਸ਼ਚੀ ਹੈ। (79)

(ਇੰਦਰ ਦੀ ਰਾਨੀ 'ਸ਼ਚੀ' ਵਾਂਗ)

5) ਮਹਿਖਾਸੁਰ ਦੈਂਤ ਨੂੰ ਜਿੱਤਣ ਉਪ੍ਰੰਤ ਚੰਡਿ ਦੇਵੀ ਦਾ ਨਿਵਾਸ ਅਸਥਾਨ ਫੇਰ ਕੈਲਾਸ਼ ਪ੍ਰਬਤ ਹੈ: ਸਭ ਦੈਤਨ ਕੋ ਛੈ ਕਰਉ, ਬਸਉ ਸ਼ਿਵਪੁਰੀ ਜਾਇ॥ (ਛੰਦ 23)

6) ਉਹੀ ਚੰਡਿਕਾ, ਸੁੰਭ ਦੇ ਸਿਰ ਉੱਤੇ ਗਦਾ (ਗੁਰਜ) ਮਾਰਦੀ ਹੈ, ਪਰ ਓਸ ਦਾ ਨਾਮ ਏਥੇ 'ਸ਼ਿਵਾ' ਕਰ ਕੇ ਵਰਤਿਆ ਗਿਆ ਹੈ। ਕਾਰਨ? ਇਹ ਸਾਰੇ ਨਾਮ ਪਾਰਬਤੀ ਦੇਵੀ ਅਥਵਾ ਸ਼ਿਵਾ ਦੇ ਹੋਣ ਕਰ ਕੇ ਸਮਾਨ ਤੇ ਇਕੋ ਅਰਥ ਰਖਦੇ ਹਨ, ਏਸੇ ਲਈ ਇੱਕੋ ਛੰਦ ਜਾਂ ਪ੍ਰਸੰਗ ਵਿਚ ਪਾਰਬਤੀ ਦਾ ਨਾਮ ਕਦੀ ਕੋਈ ਵਰਤਿਆ ਗਿਆ ਹੈ, ਕਦੀ ਕੋਈ। (ਵਾਚੋ, ਚੰਡੀ ਚਰਿਤ੍ਰ ਉਕਤ ਬਿਲਾਸ, ਛੰਦ 98)

ਧਾਇ ਗਦਾ ਗਹਿ, ਫੋਰਿ ਕੇ ਫਉਜ ਕੋ, ਘਾਉ 'ਸ਼ਿਵਾ' (ਚੰਡੀ) ਸਿਰਿ ਦੈਂਤ ਕੇ ਮਾਹਿਓ ।

(7) ਰਕਤਬੀਜ ਦੈਂਤ ਵਿਰੁਧ ਹੋਏ ਜੁੱਧ ਸਮੇਂ ਫੇਰ 'ਸ਼ਿਵਾ' ਦੇ ਨਾਮ ਦੀ ਹੀ ਵਰਤੋਂ ਕੀਤੀ ਗਈ ਹੈ:

ਰਕਤਬੀਜ ਦਲ ਸਾਜ ਕੈ, ਉਤਰੇ ਤਟਿ ਗਿਰਿਰਾਜ।

ਸ਼੍ਰਵਣਿ ਕੁਲਾਹਲ (ਸ਼ੋਰ) ਸੁਨਿ 'ਸ਼ਿਵਾ' ਕਹਿਓ ਜੁੱਧ ਕੋ ਸਾਜ। (ਛੰਦ 128)

ਨੋਟ :– ਖਾਸ ਤੌਰ ਉੱਤੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਅਗਲੇ (ਛੰਦ 129) ਵਿਚ ਹੀ ਏਸੇ 'ਸ਼ਿਵਾ' ਨੂੰ ਫੇਰ ਚੰਡਿਕਾ ਦਾ ਨਾਮ ਦਿੱਤਾ ਗਿਆ ਹੈ:

ਸੋਰਠਾ: ਹੁਇ ਸਿੰਘਹਿ (ਸ਼ੇਰ ਉੱਤੇ) ਅਸਵਾਰ ਗਾਜ ਗਾਜ ਕੈ 'ਚੰਡਿਕਾ

ਚਲੀ ਪ੍ਰਬਲ ਅਸਿ ਧਾਰ, ਰਕਤਿਬੀਜ ਕੇ ਬਧ ਨਮਿਤ (ਮਾਰਨ ਲਈ)।

8) ਵੇਖੋ : ਚੰਡੀ ਚਰਿਤ੍ਰ (ਦੂਜੇ) ਦੇ 229ਵੇਂ ਛੰਦ ਵਿਚ ਕਿਵੇਂ ਇਨ੍ਹਾਂ ਦੇਵੀਆਂ ਦੇ ਨਾਮ ਆਪਸ ਵਿਚ ਦੀ ਓਤ ਪੋਤ ਹਨ, ਪਾਰਵਤੀ ਅਥਵਾ ਚੰਡੀ ਨੂੰ ਸੰਬੋਧਨ ਕਰ

ਕੇ ਕਵੀ ਲਿਖਦਾ ਹੈ:

ਨਮੋ ਹਿੰਗੁਲਾ, ਪਿੰਗੁਲਾ, ਤੋਤਲਾਯੰ। ਨਮੋ ਕਰਤਿਕਯਾਨੀ 'ਸ਼ਿਵਾ' ਸੀਤਲਾਯੰ।

9) 'ਚਰਿਤ੍ਰੋ ਪਖਿਆਨ' ਦੇ ਪਹਿਲੇ 'ਚੰਡੀ ਚਰਿਤ੍ਰ' ਦਾ ਪਹਿਲਾ ਮੰਗਲ ਹੈ:

'ਦੁਰਗਾ ਤੂੰ, ਛਿਮਾ ਤੂੰ, 'ਸ਼ਿਵਾ' ਰੂਪ ਤੋਰੋ।

ਤੂੰ ਧਾਤ੍ਰੀ ਸਵਾਹਾ, ਨਮਸਕਾਰ ਮੋਰੋ। (12)

(ਕੀ ਇਹ ਨਮਸਕਾਰ ਕਰਨ ਵਾਲੇ ਸ੍ਰੀ ਦਸਮੇਸ਼ ਜੀ ਹੀ ਹਨ?)

10) ਇਸ ਸੰਬੰਧ ਵਿਚ ਅਸੀਂ ਕੇਵਲ ਇਕ ਪ੍ਰਮਾਣ 'ਕ੍ਰਿਸ਼ਨਾਵਤਾਰ' (ਅੰਕ 426) ਵਿਚੋਂ ਵੀ ਦਿੰਦੇ ਹਾਂ, ਜੋ ਸਾਡਾ ਦ੍ਰਿਸ਼ਟੀਕੋਣ : ਕਿ 'ਸ਼ਿਵਾ' ਦਾ ਅਰਥ, ਸਾਰੇ 'ਦਸਮ ਗ੍ਰੰਥ' ਵਿਚ, ਕੇਵਲ ਤੇ ਕੇਵਲ, ਪਾਰਬਤੀ ਦੇਵੀ ਹੀ ਹੈ, ਅਤੇ 'ਸ਼ਿਵਾ' ਉਸ ਦੇ 16 ਨਾਵਾਂ ਵਿਚ ਇਕ ਨਾਮ ਹੈ, ਸਪਸ਼ਟ ਹੋ ਜਾਵੇ:

ਜਯਾ, ਅਜਯਾ, ਹਿੰਗਲਾ, ਪਿੰਗਲਾ ਹੈ,ਸ਼ਿਵਾ ਸੀਤਲਾ ਮੰਗਲਾ ਤੋਤਲਾ ਹੈ।ਨੋਟ:- ਇਸ ਪ੍ਰਸੰਗ ਵਿਚ, ਏਥੇ ਫੇਰ ਇਹ ਦੱਸਣਾ ਵੀ ਲਾਹੇਬੰਦ ਹੋਵੇਗਾ ਕਿ -'ਦੇਹਿ ਸ਼ਿਵਾ ਬਰ ਮੋਹਿ ਇਹ' ਸਵੈਯਾ.... ਵਾਲਾ 'ਚੰਡੀ ਚਰਿਤ੍ਰ' (ਉਕਤ ਬਿਲਾਸ) ਵਿਚ 231 ਵੇਂ ਅੰਕ ਉੱਤੇ ਆਉਦਾ ਹੈ। ਇਸ ਤੋਂ ਅਗਲੇ ਦੋਹਾਂ ਛੰਦਾਂ ਵਿਚ, ਇਹ ਕੌਤਕੀ ਕਹਾਣੀ ਘੜਨ ਵਾਲਾ ਕਵੀ, 'ਸ਼ਿਵਾ' ਦੀ ਥਾਂ 'ਚੰਡਿ' ਅਤੇ ਚੰਡਿਕਾ ਪਦ ਵਰਤਦਾ ਹੈ, ਜਿਵੇਂ :

'ਚੰਡਿ ਚਰਿਤ੍ਰ' ਕਵਿਤਨ (ਕਵਿਤਾ) ਮੈ, ਬਰਨਿਓ ਸਭ ਹੀ ਰਸ ਰੁਦ੍ਰ ਮਈ ਹੈ।

ਏਕ ਤੇ ਏਕ ਰਸਾਲ ਭਇਓ, ਨਖ ਤੇ ਸ਼ਿਖ ਲਓ ਉਪਮਾ ਸੁ ਨਈ ਹੈ।

ਕਉਕਤ ਹੇਤ ਕਰੀ ਕਵਿ ਨੇ, ਸਤਸਯ ਕੀ ਕਥਾ ਇਹ ਪੂਰੀ ਭਈ ਹੈ।

ਜਾਹਿ ਨਮਿਤ ਪੜੈ ਸੁਨਿ ਹੈ ਨਰ, ਸੋ ਨਿਸਚੈ ਕਰ ਤਾਹਿ ਦਈ ਹੈ। (232)

ਛੰਦ 233: ਗ੍ਰੰਥ ਸਤਸਯ ਕੋ ਕਹਿਓ, ਜਾ ਸਮ ਅਵਰੁ ਨ ਕੋਇ।

ਜਿਹ ਨਮਿਤ ਕਵਿ ਨੇ ਕਹਿਓ, ਸੁ ਦੇਹ ਚੰਡਿਕਾ ਸੋਇ। (ਅੰਤਲਾ ਛੰਦ)

ਸਪਸ਼ਟ ਹੋਇਆ ਕਿ ਸ਼ਿਵਾ, ਚੰਡ ਤੇ ਚੰਡਿਕਾ ਆਦਿ ਨਾਮ, ਇਕੋ ਦੇਵੀ ਦੇ ਹੀ ਹਨ।

(ਨੋਟ : 'ਸਤਸਯ ਕੀ ਕਥਾ' ਤੋਂ ਮੁਰਾਦ ਚੰਡੀ ਦੀ ਉਹ ਕਥਾ ਹੈ ਜੋ 'ਮਾਰਕੰਡੇ ਪੁਰਾਣ' ਵਿਚ 700 ਸਲੋਕਾਂ ਉਤੇ ਆਧਾਰਤ ਹੈ।)

'ਸ਼ਿਵਾ' ਪਦ ਦੇ ਨਿਰਣੈ ਬਾਰੇ, ਉੱਪਰ ਕੀਤੀ ਵਿਚਾਰ ਨੂੰ ਗਹੁ ਤੇ ਈਮਾਨਦਾਰੀ ਨਾਲ ਵਾਚਿਆਂ, ਵਿਚਾਰਿਆਂ ਇਹ ਤੱਥ ਸੂਰਜ-ਵਤ ਰੋਸ਼ਨ ਹੋ ਸਾਹਮਣੇ ਆਉਂਦੇ ਹਨ:

**1) ਸ਼ਿਵਾ ਦਾ ਅਰਥ ਏਥੇ, ਕਦਾਚਿਤ ਸ਼ਿਵ ਨਹੀਂ, ਅਤੇ ਨਾ ਹੀ ਅਕਾਲ ਪੁਰਖ ਵਾਹਿਗੁਰੂ। ਸਾਰੇ ਦਸਮ ਗ੍ਰੰਥ ਵਿਚ ਹੀ, ਇਸ ਦਾ ਕੇਵਲ ਤੇ ਕੇਵਲ**

**ਇਕਮਾਤਰ ਅਰਥ: ਪਾਰਬਤੀ ਦੇਵੀ ਹੈ, ਜੋ ਵੱਖ ਵੱਖ ਰੂਪ ਤੇ ਨਾਂ ਧਾਰਦੀ ਹੈ।**

2) ਪਾਰਬਤੀ 16 ਅਵਤਾਰਾਂ ਦੀ ਹੇਤੂ ਹੈ, ਅਤੇ ਦੁਰਗਾ, ਭਗਉਤੀ, ਗਿਰਿਜਾ, ਚੰਡੀ, ਸੀਤਲਾ ਆਦਿ ਸਾਰੇ ਨਾਮ, ਅਸਲ ਵਿਚ, ਪਾਰਬਤੀ ਦੇ ਹੀ ਹਨ।

3) ਜਦ ਜਦ ਵੀ ਮਹਿਖਾਸੁਰ, ਸੁੰਭ ਨੈਸੁੰਭ, ਚੰਡਮੁੰਡ ਆਦਿ ਦਾਨਵ; ਦੇਵਤਿਆ ਨੂੰ ਇੰਦਰ ਸਮੇਤ, ਸੁਰਗੋਂ ਭਜਾ ਦੇਂਦੇ ਹਨ ਤਾਂ ਹਰ ਵਾਰ ਪਾਰਬਤੀ ਦੇ ਅਸਥਾਨ, ਕੈਲਾਸ਼ ਪਰਬਤ ਵੱਲ ਹੀ ਭੱਜਦੇ ਤੇ ਸਹਾਇਤਾ ਲਈ ਪ੍ਰਾਰਥਨਾ ਕਰਦੇ ਹਨ, ਅਤੇ ਪਾਰਬਤੀ : ਸ਼ਿਵਾ, ਚੰਡਿ, ਜਾਂ ਚੰਡਿਕਾ ਆਦਿ ਦੇ ਰੂਪ ਤੇ ਨਾਂ ਹੇਠ ਦੈਂਤਾਂ ਨਾਲ ਯੁੱਧ ਕਰਦੀ ਅਤੇ ਉਹਨਾਂ ਨੂੰ ਇਕੱਲੀ ਹੀ ਮਾਰ ਮੁਕਾ ਕੇ, ਇੰਦਰ ਜਿਹੇ ਐਸ਼-ਪ੍ਰਸਤ ਰਾਜੇ ਨੂੰ, ਸੁਰਗ ਦੇ ਰਾਜ ਉੱਤੇ ਬਹਾਲ ਕਰਦੀ ਹੈ।

4) ਸੱਤ ਸੌ ਸਲੋਕਾਂ ਉੱਤੇ ਨਿਰਭਰ ਚੰਡੀ ਦੀ ਇਹ ਕਥਾ ਮਾਰਕੰਡੇ ਪੁਰਾਣ ਤੋਂ ਲਈ ਗਈ ਹੈ, ਅਤੇ ਇਹ ਸਾਰੀ ਦੀ ਸਾਰੀ ਅਸੰਭਵਤਾ, ਕਲਪਨਾ ਤੇ ਮਿੱਥਿਆ ਉੱਤੇ ਆਧਾਰਤ ਹੈ: ਜਿਵੇਂ ਮਹਿਖਾਸੁਰ ਦੈਂਤ ਦਾ 45 ਪਦਮ ਫੌਜ, ਜਿਸ ਦੀ ਗਿਣਤੀ 4 ਕਰੋੜ 50 ਲੱਖ ਅਰਬ ਬਣਦੀ ਹੈ, ਨਾਲ ਦੇਵਲੋਕ ਉੱਤੇ ਧਾਵਾ ਕਰਨਾ (ਨੋਟ ਕਰੋ: ਸਾਰੀ ਦੁਨੀਆਂ ਦੀ ਵਧੀ ਆਬਾਦੀ ਤਾਂ ਇਸ ਵੇਲੇ ਕੇਵਲ ਪੰਜ ਅਰਬ ਹੈ, ਜੋ ਇਸ ਫੌਜ ਦਾ 60 ਕ੍ਰੋੜਵਾਂ ਹਿੱਸਾ ਬਣਦੀ ਹੈ।)

5) ਇਸ ਚਰਿਤ੍ਰ ਦਾ ਲਿਖਾਰੀ ਅੰਤ ਵਿਚ ਦਾਅਵਾ ਕਰਦਾ ਹੈ ਕਿ ਜੋ ਇਸ ਕਥਾ ਨੂੰ, ਜਿਸ ਭਾਵਨਾ ਨਮਿਤ ਪੜ੍ਹੇਗਾ, ਉਸ ਨੂੰ ਉਹ ਅਵੱਸ਼ ਪ੍ਰਾਪਤ ਹੋਵੇਗੀ, ਚੰਡੀ ਉਸ ਨੂੰ ਮਨ ਇੱਛਤ ਫਲਾਂ ਨਾਲ ਨਿਹਾਲ ਕਰੇਗੀ। (ਛੰਦ ਨੰ 232-ਉੱਪਰ)

6) ਗੁਰਮਤਿ ਅਥਵਾ ਗੁਰੂ ਸਾਹਿਬਾਨ ਦਾ ਇਹ ਅਮਰ ਤੇ ਅਟੱਲ ਸਿਧਾਂਤ ਹੈ ਕਿ ਕਿਸੇ ਮੰਤਵ ਦੀ ਪ੍ਰਾਪਤੀ ਲਈ, ਵਰਤੇ ਸਾਧਨ ਵੀ ਉਤਨੇ ਹੀ ਉੱਚੇ ਤੇ ਸ੍ਰੇਸ਼ਟ ਹੋਣੇ ਚਾਹੀਦੇ ਹਨ, ਜਿੰਨਾ ਕਿ ਉਹ ਮੰਤਵ ਜਾਂ ਨਿਸ਼ਾਨਾ। ਅੰਗਰੇਜ਼ੀ ਵਿਚ ਇਸ ਨੂੰ ਇਉਂ ਆਖਿਆ ਜਾ ਸਕਦਾ ਹੈ:

'The means should be as high as the end itself.'

7) ਐਸੀ ਸੂਰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਥਵਾ ਦਸਵੇਂ ਗੁਰੂ ਨਾਨਕ ਦੇਵ ਜੀ ਨੂੰ ਕੀ ਲੋੜ ਸੀ ਕਿ ਉਹ ਐਸੀਆਂ ਮਨੋ-ਕਲਪਤ, ਝੂਠੀਆਂ ਤੇ ਅਨਹੋਣੀਆਂ ਕਹਾਣੀਆਂ ਦੇ ਆਪੋਂ ਉਲੱਥੇ ਕਰਕੇ ਪ੍ਰਚਾਰਦੇ, ਜਿਸ ਨਾਲ ਸਿੱਖਾਂ ਵਿਚ ਇਹ ਭੁਲੇਖਾ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਸੀ, ਕਿ ਸ੍ਰੀ ਗੁਰੂ ਜੀ, ਬਕੌਲ ਡਾ ਹਰਿਭਜਨ ਸਿੰਘ, ਸਰਸਵਤੀ ਅਤੇ ਚੰਡੀ ਦੇਵੀ ਦੇ ਮਨੌਤੀ ਤੇ ਅਮਲੀ ਤੌਰ ਉਤੇ ਉਪਾਸ਼ਕ ਹਨ।

**8) ਜੇ ਕੋਈ ਇਹ ਆਖੇ ਕਿ ਸ੍ਰੀ ਦਸਮੇਸ਼ ਜੀ ਨੂੰ ਚੰਡੀ ਦੇ ਇਹਨਾਂ ਯੁੱਧਾਂ ਤੋਂ ਸਿੰਘਾਂ ਅੰਦਰ ਬੀਰਤਾ ਅਤੇ ਧਰਮ-ਯੁੱਧ ਦਾ ਚਾਅ ਭਰਨਾ ਮਕਸੂਦ ਸੀ, ਤਾਂ ਇਹ ਦਲੀਲ ਵੀ ਬੜੀ ਥੋਥੀ ਹੈ, ਜੋ ਹਕੀਕਤਾਂ ਮੋਹਰੇ ਬੇਅਰਥ ਹੋ ਨਿਬੜਦੀ ਹੈ। ਸਨਿਮਰ ਪੁੱਛਿਆ ਜਾ ਸਕਦਾ ਹੈ ਕਿ ਸ੍ਰੀ ਹਰਿਗੋਬਿੰਦ ਸਾਹਿਬ, ਛੇਵੇਂ ਸਤਿਗੁਰਾਂ**

**ਨੇ ਸਿੱਖਾਂ ਨੂੰ ਕਿਹੜੀ ਚੰਡੀ ਦੇਵੀ ਦਾ ਪਾਠ ਕੰਠ ਕਰਾਇਆ ਸੀ, ਜੋ ਸਿੱਖਾਂ ਨੇ ਬਾਦਸ਼ਾਹੀ ਸੈਨਾ ਨਾਲ ਚਾਰ ਵੱਡੇ ਯੁੱਧ ਲੜੇ ਅਤੇ ਚਾਰੇ ਹੀ ਜਿੱਤੇ।** ਸਿੱਖਾਂ ਅੰਦਰ ਸੱਚ ਕਹਿਣ, ਸੁਨਣ, ਪਾਲਣ ਦੀ ਸੂਰਮਤਾਈ ਤਾਂ ਬੇਬਾਕ ਤੇ ਮੋਢੀ ਸਤਿਗੁਰੂ ਜੀ ਉਨ੍ਹਾਂ ਦੇ ਅਗਲੇ ਉਤ੍ਰਾਧਿਕਾਰੀ ਸਤਿਗੁਰੂਆਂ ਦੇ ਅਤੇ ਪੁੱਗ ਚੁੱਕੇ ਸਿੱਖਾਂ ਦੇ ਸੱਚੇ ਆਚਾਰ, ਇਕ ਅਕਾਲ ਦੀ ਓਟ ਅਤੇ ਸ਼ਹਾਦਤ ਨੇ ਹੀ ਭਰ ਦਿੱਤੀ ਸੀ, ਸ੍ਰੀ ਦਸਮੇਸ਼ ਜੀ ਨੇ ਉਸ ਨੂੰ ਹੋਰ ਪੱਕਿਆਂ ਅਤੇ ਵਿਉੱਤਬੱਧ ਤੇ ਜੱਕੇਬੰਦ ਕੀਤਾ ਸੀ। ਡਾਕਟਰ ਗੋਕਲ ਚੰਦ ਲਾਰੰਗ ਦੇ ਕਥਨ ਅਨੁਸਾਰ ਖਾਲਸੇ ਰੂਪੀ ਸਟੀਲ ਦੀ ਜਿਸ ਤਲਵਾਰ ਨੂੰ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤਾ, ਉਸ ਦਾ ਲੋਹਾ ਪਹਿਲੇ ਸਤਿਗੁਰਾਂ ਵੱਲੋਂ ਤਿਆਰ ਕੀਤਾ ਜਾ ਚੁੱਕਾ ਸੀ। ਦੂਜੇ ਸ਼ਬਦਾਂ ਵਿਚ, ਪੂਰਨ ਮਨੁੱਖ ਖਾਲਸੇ ਦੀ ਸਿਰਜਨਾ ਦਾ ਕੰਮ ਆਦਿ ਸਤਿਗੁਰੂ ਨਾਨਕ ਦੇਵ ਜੀ ਤੋਂ, ਇਨ੍ਹਾਂ ਕਲਪਤ ਦੇਵੀ ਦੇਵਤਿਆਂ ਤੇ ਮੰਤ੍ਰਾਂ ਜੰਤ੍ਰਾਂ ਦੀ ਮਨੌਤ ਤੇ ਸਹਾਇਤਾ ਤੋਂ ਬਿਨਾਂ ਹੀ, ਆਰੰਭਿਆ ਜਾ ਚੁੱਕਾ ਸੀ।

9) ਜੇ ਦੇਵੀ ਦੇਵਤਿਆਂ ਦੀ ਇਹ ਮਿਥਿਹਾਸਿਕ ਕਹਾਣੀਆਂ ਹੀ ਕਿਸੇ ਵਿਅਕਤੀ ਵਿਚ ਸੂਰਬੀਰਤਾ ਭਰ ਸਕਦੀਆਂ ਤਾਂ ਹਿੰਦੂ ਕੌਮ ਗੁਲਾਮੀ ਤੇ ਅਧੋਗਤੀ ਦੇ ਰਸਾਤਲ ਵਿਚ ਕਿਉਂ ਡਿਗਦੀ?

10) ਜੇ ਭਲਾ ਸ੍ਰੀ ਦਸਮੇਸ਼ ਜੀ ਨੇ ਸਿੱਖਾਂ ਨੂੰ ਪੁਰਾਣੀ ਸਭਿਅਤਾ ਤੇ ਸਾਹਿਤ ਤੋਂ ਜਾਣੂ ਕਰਾਉਣਾ ਹੀ ਸੀ ਤਾਂ ਉਹ ਪ੍ਰਾਚੀਨ ਸਾਹਿਤ ਚੋਂ ਹੋਰ ਬਿਹਤਰੀਨ ਸਾਹਿਤ ਦੀ ਚੋਣ ਕਰ ਸਕਦੇ ਹਨ, ਨਾ ਕਿ ਉਹ, ਮੂਲੋਂ ਹੀ ਮਿਥਿਹਾਸਕ ਕਹਾਣੀਆਂ ਚੁਣਦੇ, ਜਿਥੇ ਇਕ ਦੇਵੀ 45 ਪਦਮ ਫੌਜ ਦਾ ਤਨ ਤਨਹਾ (ਇਕੱਲੀ ਹੀ) ਖੈ ਕਰਦੀ ਹੈ। ਐਸੀਆਂ ਕਤਅਨ ਅਨ-ਹੋਣੀਆਂ ਤੇ ਹਵਾਈ ਕਥਾਵਾਂ ਦੇ ਪਲੰਦਿਆਂ ਦਾ ਕੀ ਲਾਭ, ਜੋ ਨਾ ਜੀਵਨ ਵਿਚ ਹੀ ਸੰਭਵ (Practicable) ਹੋਣ, ਅਤੇ ਨਾ ਹੀ ਸਾਰਥਕ-ਅਰਥ ਭਰਪੂਰ?

11) ਜੇ ਜਰਾ ਗਹੁ ਅਤੇ ਨਿਰਪੱਖ, ਨਿਰਣਾਇਕ ਤੇ ਪੜਚੋਲੀ ਦ੍ਰਿਸ਼ਟੀ ਨਾਲ ਇਨ੍ਹਾਂ ਦੇਵੀ 'ਚਰਿਤ੍ਰਾਂ' ਨੂੰ ਵਾਚੋ, ਤਾਂ ਸਾਨੂੰ ਕਿਸੇ ਪ੍ਰਕਾਰ ਦੀ ਸਿੱਖਿਆ ਜਾਂ ਉਤਸ਼ਾਹ ਪ੍ਰਾਪਤ ਹੋਣ ਦੀ ਥਾਂ ਅਵਿਸ਼ਵਾਸ-ਭਰਪੂਰ ਹੈਰਾਨੀ, ਹਾਸਾ ਤੇ ਘਿਰਣਾ ਹੋਵੇਗੀ।

ਗੋਬਿੰਦ-ਰੂਪ ਗੁਰੂ ਸਾਹਿਬਾਨ ਐਸੇ ਕਰਾਮਾਤੀ ਮਿਥਿਆਵਾਦ ਤੋਂ ਨਾ ਕੇਵਲ ਕੋਹਾਂ ਦੂਰ ਤੇ ਉਚੇਰੇ ਹਨ: ਸਗੋਂ ਕੱਟੜ ਵਿਰੋਧੀ ਵੀ। ਉਹ ਮਨੁੱਖ ਨੂੰ 'ਸੱਚੇ ਸੁੱਚੇ ਆਚਾਰ' ਦੁਆਰਾ ਉਭਾਰਨ ਦੇ ਹਾਮੀ ਹਨ- "Human uplift based on truthful living".

## ਛੰਦਾਂ ਦੀ ਤਰਤੀਬ ਵਿਚ ਅਦਲਾ ਬਦਲੀ

ਜਿਹਾ ਕਿ ਪਿੱਛੇ ਦਸਿਆ ਜਾ ਚੁੱਕਾ ਹੈ: 'ਦੇਹਿ ਸ਼ਿਵਾ ਬਰ ਮੋਹਿ...' ਵਾਲੇ ਸਵੈਯੇ ਦਾ ਸਹੀ ਅੰਕ ਨੰ : 231 ਹੈ, ਛਾਪੇ ਦੇ 'ਦਸਮ ਗ੍ਰੰਥ' ਵਿਚ ਵੀ ਇਹ ਅੰਕ 231 ਵਾਂ ਹੀ ਹੈ, ਪ੍ਰੰਤੂ ਸਵਰਗੀ ਭਾਈ ਰਣਧੀਰ ਸਿੰਘ (ਸ਼੍ਰੋ : ਕਮੇਟੀ) ਨੇ, ਪੰ ਯੂਨੀ ਵਲੋਂ ਛਾਪੇ 'ਦਸਮ ਗ੍ਰੰਥ ਸ਼ਬਦਾਰਥ' ਵਿਚ ਇਸ ਛੰਦ ਨੂੰ ਇਸ ਰਚਨਾ ਦਾ ਅੰਤਲਾ,

ਅੰਕ ਨੰ 333 ਦੇ ਦਿੱਤਾ ਹੈ, ਜੋ ਕਤਅਨ ਗਲਤ, ਭੁਲੇਖਾ-ਪਾਊ ਅਤੇ ਵਿਸ਼ਾ-ਵਸਤੂ ਦੀ ਤਰਤੀਬ ਦੇ ਉਲਟ ਹੈ।

ਇਸ ਸੰਬੰਧ ਵਿਚ ਸਾਡੇ ਵਲੋਂ ਬਾਰ ਬਾਰ ਦੁਹਰਾਇਆ ਅਤੇ ਸਿੱਧ ਕੀਤਾ ਗਿਆ ਵੱਡਾ ਸੱਚ ਇਹ ਹੈ ਕਿ ਸ਼ਿਵਾ, ਚੰਡਿ, ਚੰਡਿਕਾ (ਚੰਡੀ), ਹਿੰਗਲਾ, ਪਿੰਗਲਾ, ਦੁਰਗਾ, ਭਗਉਤੀ, ਭਵਾਨੀ, ਜਗ-ਮਾਤਾ ਤੇ ਸੀਤਲਾ ਆਦਿ ਸਾਰੇ ਨਾਮ, ਸ਼ਿਵ ਜੀ ਦੀ ਪਤਨੀ, ਪਾਰਬਤੀ ਦੇ ਹੀ ਹਨ, ਜੋ ਇਨ੍ਹਾਂ ਦੇ 'ਅਖੌਤੀ' ਅਵਤਾਰਾ ਦੀ ਹੇਤੂ ਹੈ। ਸੋ, ਚੰਡੀ ਚਰਿਤ੍ਰ (ਉਕਤ ਬਿਲਾਸ) ਦੇ ਸਾਰੇ ਪ੍ਰਸੰਗਾਂ ਦੇ ਤੱਥਾ ਤੇ ਵਿਸ਼ਾ-ਵਸਤੂ ਨੂੰ ਅੱਖੋਂ ਪ੍ਰੋਖੇ ਕਰ ਕੇ, ਦੇਹਿ ਸ਼ਿਵਾ ਬਰ ਮੋਹਿ ਵਾਲੇ ਸਵੈਯੇ ਵਿਚ ਆਏ ਪਦ, 'ਸ਼ਿਵਾ' ਨੂੰ ਅਕਾਲ ਪੁਰਖ ਮੰਨ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਅੱਗੇ ਪ੍ਰਾਰਥਨਾ ਕਰਦੇ ਵਿਖਾਉਣਾ ਜਾਂ ਮੰਨਣਾ, ਖੋਜ ਤੇ ਸੱਚਾਈ ਦੇ ਪੱਖੋਂ ਸੌ ਫੀਸਦੀ, ਨਾ ਕੇਵਲ ਗਲਤ: ਬੇ-ਬਿਨਿਆਦ ਤੇ ਤੁਹਮਤ-ਭਰਪੂਰ ਹੀ ਹੈ: ਸਗੋਂ, ਇਕ ਅਕਾਲ-ਪੁਜਾਰੀ ਸਤਿਗੁਰੂ ਜੀ, ਅਤੇ ਉਨ੍ਹਾਂ ਦੇ ਨਾਨਕ ਨਿਰਮਲ ਤੇ ਨਿਆਰੇ ਪੰਥ ਨਾਲ ਵੱਡਾ ਧ੍ਰੋਹ ਤੇ ਧੱਕਾ ਵੀ। ਸਿੱਖ ਲਈ ਇਉਂ ਸੋਚਣਾ ਤੇ ਸਵੀਕਾਰਨਾ ਪਾਪ ਹੈ, ਮੁੱਦਈ ਬਣ ਕੇ ਇਸ ਘੋਰ ਮਨਮਤ ਦੇ ਪ੍ਰਚਾਰ ਕਰਨ ਬਾਰੇ ਕੀ ਆਖੀਏ? (ਇਹ ਛੰਦ ਤਾਂ, ਜਿੱਤ ਉਪ੍ਰੰਤ, ਸ਼ਿਵਾ ਦੇਵੀ ਅੱਗੇ ਦੇਵਤਿਆਂ ਦੀ ਪ੍ਰਾਰਥਨਾ ਹੈ।)

## ਇਕ ਅਹਿਮ ਨੁਕਤਾ ਹੋਰ :

ਪਾਰਬਤੀ ਦੇਵੀ ਅਥਵਾ ਇਸ ਦੇ ਚੰਡੀ ਆਦਿ ਹੋਰ ਅਵਤਾਰਾਂ ਨੂੰ ਇਕੋ ਹੀ ਰਚਨਾ ਵਿਚ ਚੰਡਿ (ਚੰਡੀ) ਵੀ ਕਿਹਾ ਗਿਆ ਹੈ ਅਤੇ ਜੱਗ-ਮਾਤਾ (ਸਾਰੇ ਜੱਗ ਦੀ ਮਾਤਾ) ਤੇ ਦੁਰਗਾ ਵੀ, ਜੋ ਇਸ ਗੱਲ ਦਾ ਅਕੱਟ ਸਬੂਤ ਹੈ ਕਿ ਸਾਰੀਆਂ ਦੇਵੀਆਂ ਆਪਸ ਵਿਚ ਓਤ ਪੋਤ ਤੇ ਇੱਕੋ ਹਨ: ਜਿਵੇਂ

ੳ) 'ਕੋਪ ਭਰੀ ਰਨ ਚੰਡਿ (ਚੰਡੀ) ਪ੍ਰਚੰਡ ਸੁ, ਪ੍ਰੇਰ ਕੇ ਸਿੰਘ ਧਸੀ ਰਨ ਮੈ।

ਮਨੁ ਤੇ ਤਨੁ ਤੇਜੁ ਚਲਿਓ 'ਜਗ ਮਾਤ' ਕੋ ਦਾਮਿਨ ਜਾਨ ਚਲੇ ਘਨ ਮੈ।

(ਛੰਦ 48, ਚੰਡੀ ਚਰਿਤ੍ਰ ਉਕਤਿ ਵਿਲਾਸ)

(ਨੋਟ :- ਸਾਰੇ 'ਦਸਮ ਗ੍ਰੰਥ' ਵਿਚ 'ਜਗਮਾਤ' ਜਾਂ 'ਜਗਮਾਤਾ' ਪਦ, ਦੇਵੀ ਲਈ ਵਰਤਿਆ ਗਿਆ ਹੈ। ਇਸ ਦਾ ਹੱਠ-ਅਧੀਨ ਖਿੱਚ ਧੂਹ ਕੇ 'ਅਕਾਲ ਪੁਰਖ ਵਾਹਿਗੁਰੂ' ਅਰਥ ਕਰਨਾ, ਕਤਅਨ ਗਲਤ ਤੇ ਨਿਰਮੂਲ ਹੈ।)

ਅ) ਅਹੁਰੋ ਅਰਿ ਸਿੰਧੁਰ ਕੇ ਦਲ ਪਠ ਕੈ, 'ਦਾਮਿਨਿ' ਜਿਉ ਦੁਰਗਾ ਦਮਕੈ।

'ਜਗਮਾਤ' ਪ੍ਰਤਾਪ ਹਨੇ ਸੁਰਤਾਪ, ਸੁ ਦਾਨਵ ਸੈਨ ਗਈ ਜਮ ਕੈ। (ਉਹੀ, ਛੰਦ 50)

(ਨੋਟ :- ਇਸ ਦੇ ਅੰਤ ਵਿਚ ਕਵੀ 'ਚਰਿਤ੍ਰੋ ਪਾਖਯਾਨ' ਦੇ 7555 ਛੰਦਾਂ ਤੇ 579 ਪੰਨਿਆਂ ਵਾਲੀ ਸਾਰੀ ਰਚਨਾ ਨੂੰ ਸਤਲੁਜ ਨਦੀ ਕੰਢੇ, ਭਾਦੋਂ ਸੁਦੀ ਅੱਠ, ਐਤਵਾਰ, ਸੰਮਤ 1753 ਨੂੰ ਰਚਿਆ ਤੇ ਸੰਪੂਰਨ ਕੀਤਾ ਦਸਦਾ ਹੈ, ਪਰ ਸਾਡੇ ਭੋਲੇ

ਵੀਰ ਚੌਪਈ ਨੂੰ ਨੰਗਲ ਪਾਸ ਸਤਲੁਜ ਕੰਢੇ ਰਚਿਆ ਮੰਨ ਕੇ ਓਥੇ ਭਭੋਰ ਸਾਹਿਬ ਗੁਰਦੁਆਰਾ ਬਣਾ ਬੈਠੇ ਹਨ ਅਤੇ ਇਤਿਹਾਸਕ ਤੌਰ ਉਤੇ ਇਹ ਮਿਥ ਪੱਕੀ ਕਰੀ ਜਾ ਰਹੇ ਹਨ ਕਿ ਸ੍ਰੀ ਦਸਮੇਸ਼ ਨੇ ਇਹ ਚੌਪਈ ਇਥੇ ਉਚਾਰੀ ਸੀ।)

ਸਾਡੇ ਉਹ ਭੋਲੇ ਵੀਰ, ਜਿਹੜੇ 'ਚਰਿਤ੍ਰੋ ਪਾਖਿਆਨ' ਵਰਗੀ ਵੱਡ ਆਕਾਰੀ (579 ਪੰਨੇ) ਅਸ਼ਲੀਲ ਤੇ ਕਾਮਕ ਰਚਨਾ ਦੇ ਅੰਤਲੇ 404 ਵੇਂ ਚਰਿਤ੍ਰ ਦੇ ਅਖੀਰ ਵਿਚ ਅੰਕਿਤ ਚੌਪਈ ਦੇ ਹੇਠਲੇ ਪਦੇ ਨੂੰ, ਨਿਤਨੇਮ ਵਿਚ ਸ਼ਾਮਿਲ ਕਰਨ ਤੇ ਚੌਪਈ ਮੋਖ-ਦਾਤੀ ਮੰਨਣ ਦਾ ਹੱਠ ਕਰਦੇ ਹਨ, ਉਹ ਨਹੀਂ ਜਾਣਦੇ ਕਿ ਇਸ ਛੰਦ ਵਿਚਲੀ ਜਗ-ਮਾਤਾ ਦਾ ਵੀ ਉਹੀ ਅਰਥ ਹੈ, ਜੋ ਬਾਕੀ ਦਸਮ ਗ੍ਰੰਥ, ਵਿਸ਼ੇਸ਼ ਕਰਕੇ ਚੰਡੀ ਚਰਿਤ੍ਰਾਂ ਵਿਚ, ਆਇਆ ਹੈ, ਭਾਵ-ਪਾਰਬਤੀ, ਚੰਡੀ, ਦੁਰਗਾ ਆਦਿ। ਇਹ ਛੰਦ ਹੈ:

ਕ੍ਰਿਪਾ ਕਰੀ ਹਮ ਪਰ ਜਗ ਮਾਤਾ। ਗ੍ਰੰਥ (ਚਰਿਤ੍ਰੋ ਪਾਖਿਆਨ) ਕਰਾ ਪੂਰਨ ਸੁਭਰਾਤਾ ਸ੍ਰੀ ਅਸਧੁਜ ਜਬ ਭਏ ਦਇਆਲਾ। ਪੂਰਨ ਕਰਾ ਗ੍ਰੰਥ ਤੱਤਕਾਲਾ।

ਮਨ ਬਾਛਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ। (ਚਰਿਤ੍ਰੋ ਪਾਖਿਆਨ)

## ਵਿਚਾਰਨ ਵਾਲੀ ਗੱਲ

ਗੁਰ ਸਿੱਖਾਂ ਲਈ ਪੂਰਨ ਠਰ੍ਹਮੇ ਤੇ ਗੰਭੀਰਤਾ ਨਾਲ ਸੋਚਣ ਵੀਚਾਰਨ ਵਾਲੀ ਗੱਲ ਹੈ ਕਿ, ਕੀ ਸ੍ਰੀ ਦਸਮੇਸ਼ ਜੀ ਆਪ 'ਜਗਤ ਮਾਤਾ' (ਪਾਰਬਤੀ) ਦੀ ਕਿਰਪਾ ਨਾਲ ਇਹ 'ਚਰਿਤ੍ਰੋ ਪਾਖਿਆਨ' ਜਿਹਾ ਅਸ਼ਲੀਲ ਗ੍ਰੰਥ ਲਿਖ ਤੇ ਸੰਪੂਰਨ ਕਰ ਰਹੇ ਹਨ? ਫੇਰ, ਕੀ ਇਸ ਗ੍ਰੰਥ ਦੇ ਪੜ੍ਹਨ ਵਾਲੇ ਸਿੱਖਾਂ ਦੇ ਸਾਰੇ ਦੁਖ ਦੂਰ ਹੋ ਜਾਣਗੇ ਅਤੇ ਸਾਰੇ ਮਨ-ਇੱਛਤ ਫਲ ਪ੍ਰਾਪਤ ਹੋਣਗੇ? ਚੇਤੇ ਰਹੇ ਕਿ 'ਚਰਿਤ੍ਰੋ ਪਾਖਿਆਨ' ਜਿਹੀ ਅਨੁਚਿਤ ਰਚਨਾ ਨੂੰ ਕੋਈ ਗੁਰਸਿੱਖ, ਮਾਤਾਵਾਂ, ਭੈਣਾਂ ਤੇ ਬੱਚਿਆਂ ਸਹਿਤ, ਸੰਮਲਿਤ, ਸਾਂਝੀ ਸੰਗਤ ਵਿਚ ਪੜ੍ਹਨ ਸੁਨਣ ਦਾ ਹੀਆ ਨਹੀਂ ਕਰ ਸਕਦਾ ਵਿਆਖਿਆ ਕਰ ਸਕਣੀ ਤਾਂ ਬਹੁਤ ਦੂਰ ਦੀ ਗੱਲ ਹੈ। ਇਹੀ ਕਾਰਨ ਹੈ ਕਿ ਵਰਤਮਾਨ ਪ੍ਰਕਾਸ਼ਕਾਂ: ਮੈਸਰਜ਼ ਸਿੰਘ ਬ੍ਰਦਰਜ਼, ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਤੇ ਗਿਆਨੀ ਲਾਲ ਸਿੰਘ ਜੀ (ਚੋਣਵੀਂ ਬਾਣੀ) ਨੇ 'ਦਸਮ ਗ੍ਰੰਥ' ਦੀ ਪ੍ਰਕਾਸ਼ਨਾ ਸਮੇਂ 'ਚਰਿਤ੍ਰੋ ਪਾਖਿਆਨ' ਅਤੇ ਹਕਾਇਤਾਂ (ਫਾਰਸੀ) ਨੂੰ ਇਸ ਵਿਚ ਸ਼ਾਮਿਲ ਨਹੀਂ ਕੀਤਾ, ਦਸਮ ਗ੍ਰੰਥ ਦੇ ਕੁਲ 1428 ਪੰਨਿਆਂ ਚੋਂ 616 ਪੰਨੇ ਦੀ ਇਸ ਰਚਨਾ ਨੂੰ ਛਾਪਣਾ ਯੋਗ ਨਹੀਂ ਜਾਤਾ। ਆਖਰ, ਇਸ ਵਿਤਕਰੇ ਦਾ ਕੋਈ ਤਾਂ ਕਾਰਨ ਯਕੀਨਨ ਹੈ।

### 'ਚਰਿਤ੍ਰੋ ਪਾਖਿਆਨ' ਬਾਰੇ ਸਿੰਘ ਸਾਹਿਬਾਨ ਦਾ ਅਹਿਮ ਫੈਸਲਾ :-

ਸਵਰਗੀ ਸ ਸੰਤੋਖ ਸਿੰਘ ਚੰਡੀਗੜ੍ਹ ਨੇ 6-7-73 ਨੂੰ ਇਕ ਪੱਤਰ ਸ਼੍ਰੋਮਣੀ ਗੁ ਕਮੇਟੀ, ਅੰਮ੍ਰਿਤਸਰ ਨੂੰ ਹੇਠ ਲਿਖੀਆਂ ਪੁੱਛਾਂ ਦਾ ਉੱਤਰ ਦੇਣ ਹਿਤ ਲਿਖਿਆ

1) ਅਰਦਾਸ ਉਪ੍ਰੰਤ 'ਰਾਜ ਕਰੇਗਾ ਖਾਲਾਸਾ' ਪੜ੍ਹਨ ਬਾਰੇ।

2) ਕੀ 'ਦਸਮ ਗ੍ਰੰਥ' ਵਿਚ ਅੰਕਿਤ 'ਚਰਿਤ੍ਰੋ ਪਾਖਿਆਨ' ਸ੍ਰੀ ਦਸਮੇਸ਼ ਬਾਣੀ

ਹੈ? ਸ਼੍ਰੋ. ਗੁ. ਪ੍ਰ. ਕਮੇਟੀ ਦੇ ਧਾਰਮਿਕ ਸਲਾਹਕਾਰ (ਸਿੰਘ ਸਾਹਿਬਾਨ) ਨੇ, ਉਪ੍ਰੋਕਤ ਪੁੱਛਾਂ ਦੇ ਜੋ ਉੱਤਰ ਬਖ਼ਸ਼ੇ, ਉਹ , ਸ: ਗੁਰਬਖਸ਼ ਸਿੰਘ ਜੀ, ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਪੱਤਰ ਨੰ: 36672 ਮਿਤੀ 3-8-1973 ਅਨੁਸਾਰ ਹਿਸ ਪ੍ਰਕਾਰ ਸਨ:-

ਸ੍ਰੀ ਮਾਨ ਜੀ, ਆਪ ਜੀ ਦੀ ਪਤ੍ਰਿਕਾ ਮਿਤੀ 6-7-73 ਦੇ ਸੰਬੰਧ ਵਿਚ, ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਦੀ ਰਾਇ, ਹੇਠ ਲਿਖੇ ਅਨੁਸਾਰ, ਆਪ ਜੀ ਨੂੰ ਭੇਜੀ ਜਾਂਦੀ ਹੈ:-

1) 'ਰਾਜ ਕਰੇਗਾ ਖਾਲਸਾ' ਜੋ ਸ੍ਰੀ ਆਕਲ ਤਖਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨੁਕੂਲ ਹੈ, ਕਿਉਂਕਿ ਇਹ ਦੋਹਰੇ ਪੜ੍ਹਨ ਦਾ ਪੰਥਕ ਫੈਸਲਾ ਹੈ। ਇਸ ਫੈਸਲੇ ਤੇ ਸ਼ੰਕਾ ਨਹੀਂ ਕਰਨੀ ਚਾਹੀਦੀ।

2) ਚਰਿਤ੍ਰੋ ਪਖਯਾਨ ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ ਦਸਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਸ਼ੁਭ ਚਿੰਤਕ -(ਸਹੀ) ਗੁਰਬਖ਼ਸ਼ ਸਿੰਘ

ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ,

ਸ਼੍ਰੋਮਣੀ ਗੁ ਪ੍ਰ ਕਮੇਟੀ, ਅੰਮ੍ਰਿਤਸਰ।

ਨੋਟ :- ਉਪੋਕਤ ਫ਼ੈਸਲਾ ਦੇਣ ਵਾਲੇ ਸਨ- ਸਿੰਘ ਸਾਹਿਬ ਗਿ. ਸਾਧੂ ਸਿੰਘ ਜੀ ਭੌਰਾ, ਜਥੇਦਾਰ ਅਕਾਲ ਤਖਤ ਸਾਹਿਬ ਅਤੇ ਸਿੰਘ ਸਾਹਿਬਾਨ -ਗਿਆਨੀ ਚੇਤ ਸਿੰਘ ਜੀ ਹੈਡ ਗ੍ਰੰਥੀ, ਗਿ: ਕਿਰਪਾਲ ਸਿੰਘ ਜੀ ਗ੍ਰੰਥੀ, ਗਿਆਨੀ ਸੋਹਨ ਸਿੰਘ ਜੀ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।

**ਹਵਾਲੇ ਵਾਲੇ ਸ਼ਬਦ ਦੇ ਸਹੀ ਅਰਥ:-**

ਆਓ ਹੁਣ, ਵਾਚੀਏ, ਅਰਥਾਈਏ ਤੇ ਵਿਚਾਰੀਏ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਸ ਸ਼ਬਦ ਨੂੰ, ਜਿਸ ਵਿਚ ਡਾਕਟਰ ਹਰਿਭਜਨ ਸਿੰਘ ਜੀ ਨੇ ਸਤਿਗੁਰਾਂ ਨੂੰ ਸ੍ਰੀ ਕ੍ਰਿਸ਼ਨ ਉਸਤਤਿ ਕਰਦੇ ਦਸਿਆ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 534 ਪੰਨੇ ਉੱਤੇ, ਰਾਗ ਦੇਵਗੰਧਾਰੀ ਵਿਚ, ਇਸ ਤਰ੍ਹਾਂ ਵਿੱਦਮਾਨ ਹੈ:-

'ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ।।

ਅਤਿ ਸੁੰਦਰ ਮਨਮੋਹਨ ਪਿਆਰੇ, ਸਭ ਹੂ ਮਧਿ ਨਿਹਾਰੇ।। ਰਹਾਉ।।

ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ।।

ਬ੍ਰਹਮ, ਮਹੇਸ ਸਿਧ, ਮੁਨਿ, ਇੰਦ੍ਰਾ, ਮੋਹਿ ਠਾਕੁਰ, ਸਰਨਿ ਪਰਿਓ ਸੰਤ ਹਾਰੇ॥

ਕਹੁ ਨਾਨਕ ਪ੍ਰਭ ਮਿਲੇ ਮਨੋਹਰ, ਮਨ ਸੀਤਲ ਬਿਗਸਾਰੇ।।2।।

ਉਪ੍ਰੋਕਤ ਸ਼ਬਦ ਦੇ ਠੀਕ ਅਰਥ ਕਰਨ ਤੋਂ ਪਹਿਲਾਂ ਸਾਨੂੰ ਗੁਰਮਤਿ ਦੇ ਇਹ,

ਕੁਝ ਕੁ ਬੁਨਿਆਦੀ ਸਿਧਾਂਤ ਜਾਨਣੇ ਜ਼ਰੂਰੀ ਹਨ :

1. ਗੁਰੂ ਸਾਹਿਬਾਨ ਕੇਵਲ ਤੇ ਕੇਵਲ ਉਸ ਅਕਾਲ ਦੇ ਪੁਜਾਰੀ ਹਨ, ਜਿਸਦਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਅਥਵਾ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਦੇ ਮੁੱਢ ਵਿਚ ਸੰਪੂਰਨ ਮੰਗਲ ਅਥਵਾ ਸੰਖੇਪ (ਮੂਲ-ਮੰਤ੍ਰ) ਦੇ ਰੂਪ ਵਿਚ ਇਸ ਪ੍ਰਕਾਰ ਆਇਆ ਹੈ:-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।

ਨੋਟ :- ਇਸ ਸੰਬੰਧ ਵਿਚ ਇਹ ਹਕੀਕਤ ਵਿਸ਼ੇਸ਼ ਤੌਰ ਉੱਤੇ ਨੋਟ ਕਰਨ ਵਾਲੀ ਹੈ ਕਿ ਕਿਸੇ ਰਚਨਾ ਦੇ ਆਰੰਭ ਤੋਂ ਪਹਿਲਾਂ, ਲਿਖਾਰੀ ਸਦਾ ਉਸ ਹਸਤੀ ਅੱਗੇ ਹੀ ਮੰਗਲਮਈ ਕਾਮਨਾ ਕਰਦਾ ਹੈ, ਜੋ ਉਸ ਦਾ ਇਸ਼ਟ ਅਥਵਾ ਪੂਜਯ ਹੋਵੇ। ਗੁਰੂ ਸਾਹਿਬਾਨ ਵਲੋਂ ਉਚਾਰਿਆ ਉਕਤ ਮੰਗਲਾਚਰਣ ਇਸ ਸੱਚ ਦਾ ਅਕਟ, ਅੱਟਲ ਸਬੂਤ ਹੈ ਕਿ ਗੁਰੂ ਜੀ ਕੇਵਲ ਉਸ ਇੱਕ ਅਕਾਲ ਪੁਰਖ ਵਾਹਿਗੁਰੂ ਦੇ ਉਪਾਸ਼ਕ ਹਨ, ਜਿਸ ਦੇ ਗੁਣ ਉੱਪਰ ਬਿਆਨ ਕੀਤੇ ਗਏ ਹਨ।

2) ਗੁਰੂ ਸਾਹਿਬਾਨ ਨਾ ਕੇਵਲ ਇਕ ਕਰਤਾਰ ਨੂੰ ਆਪਣਾ ਇਸ਼ਟ ਹੀ ਮੰਨਦੇ ਸਨ: ਸਗੋਂ, ਉਸ ਤੋਂ ਭਿੰਨ ਬ੍ਰਹਮਾਂ, ਵਿਸ਼ਨੂ ਆਦਿ ਪੌਰਾਣਿਕ ਹਸਤੀਆਂ ਨੂੰ, ਹਉਮੈ ਅਥਵਾ ਮਾਇਆਗ੍ਰਸਤ ਤੇ ਰੋਗੀ ਦਸਦੇ ਹਨ। ਐਸੀ ਸੂਰਤ ਵਿਚ ਉਹਨਾਂ ਦੇ ਗੁਣ ਆਉਣ ਤੇ ਉਹਨਾਂ ਉਤੇ ਈਮਾਨ ਰੱਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਬੂਤ ਵਜੋਂ ਕੁਝ ਪ੍ਰਮਾਣ ਹਾਜ਼ਰ ਹਨ:-

'ਰੋਗੀ ਬ੍ਰਹਮਾ, ਬਿਸਨੁ ਸ ਰੁਦ੍ਰਾ, ਰੋਗੀ ਸਗਲ ਸੰਸਾਰਾ।।

ਹਰਿ ਪਦੁ ਚੀਨੀ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ।।(ਮ ਪੰ 1153)

(ਨੋਟ : ਕੀ ਗੁਰ ਨਾਨਕ, ਆਪਣੇ ਪੰਜਵੇਂ ਸਰੂਪ ਵਿਚ, ਇਹਨਾਂ ਰੋਗੀ ਅਵਤਾਰਾਂ ਦੀ ਉਪਾਸ਼ਨਾ ਕਰ ਸਕਦਾ ਹੈ?)

ਨੋਟ :- ਭਾਈ ਕਾਨ੍ਹ ਸਿੰਘ ਜੀ ਨਾਭਾ, ਹਰੀ, ਨਾਰਾਇਣ, ਗੋਬਿੰਦ, ਗੋਪਾਲ ਆਦਿ ਨਾਵਾਂ ਉੱਤੇ ਟਿੱਪਣੀ ਕਰਦੇ ਹੋਏ 'ਗੁਰਮੱਤ ਮਾਰਤੰਡ' ਦੇ ਪੰਨੇ (2) ਉੱਤੇ, ਸਪੱਸ਼ਟ ਲਿਖਦੇ ਹਨ :-

'ਭਾਵੇਂ ਪੰਡਿਤ (ਤਾਰਾ ਸਿੰਘ ਨਿਰਮਲੇ) ਜੀ ਦੇ ਦੱਸੇ ਨਾਮ, ਕਰਤਾਰ ਤੋਂ ਛੁੱਟ, ਕਿਸੇ ਹੋਰ ਦੇਵਤਾ ਦੇ ਨਹੀਂ ਹਨ, ਪਰ ਉਹਨਾਂ ਨੂੰ ਵਿਸ਼ਨੂ ਦੇ ਸਮਝਣਾ ਭੁੱਲ ਹੈ। ਅਸੀਂ ਪੁਛਦੇ ਹਾਂ ਕਿ ਗੁਰਬਾਣੀ ਵਿਚ ਅਲਾਹ, ਕਬੀਰ, ਕਾਦਿਰ, ਖੁਦਾ, ਪਰਵਰਦਗਾਰ ਅਤੇ ਰਮੀਮ ਆਦਿਕ ਨਾਮ ਕਿਸ ਦੇ ਹਨ?"

3) ਨਾਨਕ, ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ।।

ਕੇਤੀਆ ਕੰਨ੍ਹ ਕਹਾਣੀਆਂ, ਕੇਤੇ ਬੇਦ ਬੀਚਾਰ।" (ਗੁਰੂ ਨਾਨਕ, ਵਾਰ ਆਸਾ)

(ਭਾਵ-ਹੇ ਨਾਨਕ, ਇਕ ਨਿਰੰਕਾਰ ਹੀ ਭੈ-ਰਹਿਤ ਹੈ। ਅਵਤਾਰੀ ਰਾਮ ਵਰਗੇ ਕਈ ਹੋਰ, ਉਸ ਨਿਰੰਕਾਰ ਦੇ ਸਾਹਮਣੇ ਰਵਾਲ (ਤੁੱਛ,ਪੈਰਾਂ ਦੀ ਖਾਕ) ਹਨ। ਉਸ ਨਿਰੰਕਾਰ ਦੇ ਗਿਆਨ ਦੇ ਟਾਕਰੇ, ਕ੍ਰਿਸ਼ਨ ਦੀਆ ਕਹਾਣੀਆਂ ਦੀਆਂ ਕਈ ਸਾਖੀਆਂ ਤੇ ਵੇਦਾ ਦੇ ਕਈ ਵਿਚਾਰ ਤੁੱਛ ਹਨ।)

4) ਜਿਸ ਅਦੁੱਤੀ ਸ਼ਹੀਦ ਤੇ ਬ੍ਰਹਮ ਗਿਆਨੀ ਸ੍ਰੀ ਗੁਰੂ ਅਰਜਨ ਜੀ ਨੂੰ, ਡਾ ਹਰਿਭਜਨ ਸਿੰਘ ਜੀ, ਹਵਾਲੇ ਵਾਲੇ ਸਬਦ ਵਿਚ, ਕਤਅਨ ਅਸੰਗਤ ਤੌਰ ਉੱਤੇ ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਦੇ ਹੋਏ ਵਿਖਾਉਂਦੇ ਹਨ, ਉਹ ਗੁਰੂ ਜੀ ਤਾਂ ਕੇਵਲ ਇਕ ਪ੍ਰਭੂਦੀ ਹੀ ਸਿਫਤ ਸਲਾਹ (ਉਸਤਤੀ) ਕਰਨ ਦੀ ਸਭ ਨੂੰ ਇਉਂ ਭਰਪੂਰ ਤਾਕੀਦ ਕਰਦੇ ਹਨ:-

"ਏਕੋ ਜਪਿ ਏਕੋ ਸਾਲਾਹਿ।। ਏਕੁ ਸਿਮਰਿ, ਏਕੋ ਮਨ ਆਹਿ।।

ਏਕਸ ਕੇ ਗੁਨ, ਗਾਉ ਅਨੰਤ।। ਮਨਿ ਤਨਿ ਜਾਪਿ ਏਕ ਭਗਵੰਤ।।

ਏਕੋ ਏਕੁ, ਏਕੁ ਹਰਿ ਆਪਿ।। ਪੂਰਨ ਪੂਰਿ ਰਹਿਓ, ਪ੍ਰਭੁ ਬਿਆਪਿ।।

ਅਨਿਕ ਬਿਸਥਾਰ, ਏਕ ਤੇ ਭਏ।। ਏਕੁ ਆਰਾਧਿ ਪਰਾਛਤ ਗਏ।

ਮਨ ਤਨ ਅੰਤਰਿ, ਏਕੁ ਪ੍ਰਭੁ ਰਾਤਾ। ਗੁਰ ਪ੍ਰਸਾਦਿ, ਨਾਨਕ ਇਕੁ ਜਾਤਾ।।

(ਸੁਖਮਨੀ, ਪੰਨਾ 289)

(ਨੋਟ :- ਵੇਖੋ, ਕਹਿਣੀ ਤੇ ਕਰਨੀ ਦੇ ਸੂਰੇ, ਪੰਜਵੇਂ ਗੁਰਦੇਵ, ਕਿੰਨਾ ਜ਼ੋਰ ਦੇਂਦੇ ਹਨ ਪ੍ਰਭੂ ਦੀ ਏਕਤ੍ਰਤਾ, ਇਕਾਈ ਵਾਹਦਾਨੀਅਤ ਅਤੇ ਉਸ ਇਕ ਦੇ ਹੀ ਗੁਣ ਗਾਉਣ ਤੇ ਉਸਤਤੀ ਕਰਨ ਉੱਤੇ। ਆਪ ਜੀ ਬਾਰੇ-ਬਰ-ਹੱਕ ਕਿਹਾ ਜਾ ਸਕਦਾ ਹੈ:-

ਉਨ ਕੀ ਨਜ਼ਰ ਮੇਂ, ਸ਼ੌਕਤ ਜਚਤੀ ਨਹੀਂ ਕਿਸੀ ਕੀ,

ਆਖੋਂ ਮੇਂ ਬਸ ਰਹਾ ਹੈ ਜਿਨਕੀ, ਜਲਾਲ ਤੇਰਾ। (ਹੇ ਪ੍ਰਭੂ! ਤੇਰਾ ਜਲਾਲ)

ਪ੍ਰਭੂ ਭਗਤ ਕਬੀਰ ਜੀ ਦਾ ਇਹ ਕਥਨ, ਗੁਰੂਜੀ ਉੱਤੇ ਐਨ ਸਾਦਿਕ ਹੁੰਦਾ ਹੈ:

'ਜਾ ਕੋ ਠਾਕੁਰ ਉਚਾ ਹੋਈ।। ਸੋ ਜਨੁ ਪਰ ਘਰ ਜਾਤ, ਨ ਸੋਹੀ।।' (ਪੰਨਾ 330)

ਜ਼ਰੂਰੀ ਸੂਚਨਾ :- ਜਦ ਅਸੀਂ, ਗੁਰੂ ਸਾਹਿਬਾਨ ਨੂੰ ਕੇਵਲ ਇਕ ਅਕਾਲ ਪੁਰਖ ਦਾ ਉਪਾਸ਼ਕ ਸਿੱਧ ਕਰਦੇ ਹਾਂ, ਤਾਂ ਇਸ ਦਾ ਇਹ ਅਰਥ ਕਾਦਾਚਿਤ ਨਹੀਂ ਕਿ ਸ੍ਰੀ ਕ੍ਰਿਸ਼ਨ ਜੀ ਨੂੰ, ਉਹਨਾਂ ਦੇ ਉਪਾਸ਼ਕਾਂ ਦੀ ਦ੍ਰਿਸ਼ਟੀ ਵਿਚ, ਕਿਸੇ ਤਰ੍ਹਾਂ ਵੀ ਛੁਟਿਆਇਆ ਜਾਵੇ। ਵਿਰੋਧਤਾ ਉਦੋਂ ਹੁੰਦੀ ਹੈ, ਜਦ ਇਹਨਾਂ ਅਵਤਾਰ-ਹਸਤੀਆਂ ਨੂੰ ਰੱਬ ਸਿੱਧ ਕੀਤਾ ਅਤੇ ਇੱਕ ਅਕਾਲ ਦੇ ਪੁਜਾਰੀ ਤੇ ਉਪਾਸ਼ਕ, ਸਿੱਖ ਗੁਰੂ ਸਾਹਿਬਾਨ ਨੂੰ, ਇਹਨਾਂ 'ਅਵਤਾਰਾਂ' ਤੇ ਦੇਵੀ ਦੇਵਤਿਆਂ ਦੇ ਵਿਸ਼ਵਾਸੀ ਤੇ ਭਗਤ ਸਿੱਧ ਕੀਤਾ ਜਾਂਦਾ ਹੈ। ਅਜਿਹਾ ਅਨੁਚਿਤ ਜਤਨ ਹੀ ਦੂਜਿਆਂ ਨੂੰ ਹਕੀਕਤ ਪ੍ਰਗਟ ਕਰਨ ਲਈ ਮਜ਼ਬੂਰ

ਕਰਦਾ ਹੈ। ਉਨ੍ਹਾਂ ਦਾ ਅਜਿਹਾ ਕਰਨਾ, ਕਦਾਚਿਤ, ਕਿਸੇ ਲਿਰਾਦਰੀ ਭਾਵ ਦੀ ਉਪਜ ਨਹੀਂ। ਵੈਸੇ, ਸਾਡਾ, ਹੋ ਚੁੱਕੇ ਸਭ ਸਤਿਪੁਰਖਾਂ ਤੇ ਵਲੀਅੱਲਾਹ-ਲੋਕਾਂ ਲਈ ਯੋਗ ਸਤਿਕਾਰ ਹੈ। ਮਨੁੱਖਤਾ ਦੇ ਨਾਤੇ ਗੁਰੂ ਸਾਹਿਬਾਨ ਅਥਵਾ ਗੁਰਬਾਣੀ ਇਨਸਾਨ ਨੂੰ ਇਨਸਾਨ ਨਾਲ ਜੋੜਦੀ ਹੈ, ਤੋੜਦੀ ਨਹੀਂ। ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਹਿ ਵਜੂਦ ਅਤੇ ਭਾਵਕ-ਏਕਤਾ ਦਾ ਸਫਲ ਤਜਰਬਾ ਤੇ ਬਿਹਤਰੀਨ ਨਮੂਨਾ ਹੈ। ਹਾਂ, ਗੁਰੂ ਸਾਹਿਬਾਨ, ਪ੍ਰਮਾਤਮਾ ਤੁੱਲ, ਕਿਸੇ ਦੂਜੇ ਨੂੰ ਨਹੀਂ ਮਿੱਖਦੇ। ਸ਼ਹਿਨਸ਼ੀਲਤਾ ਦੇ ਧਾਰਨੀ ਹੁੰਦਿਆਂ ਹੋਇਆਂ ਸਭ ਨੂੰ ਆਪਣਾ ਮੱਤ ਮੁਬਾਰਕ ਹੈ। ਅਸੀਂ ਸਨਿਮਰ ਇਸ ਸੱਚ ਨੂੰ ਇਉਂ ਕਹਿ ਸਕਦੇ ਹਾਂ:-

ਬੁਲਬੁਲ ਕੋ ਗੁਲ ਮੁਬਾਰਿਕ, ਗੁਲ ਕੋ ਚਮਨ ਮੁਬਾਰਿਕ,

ਨਾਨਕ ਕੇ ਆਸ਼ਕੋਂ ਕੋ, ਖਾਕਿ ਗੁਰੂ ਮੁਬਾਰਿਕ। (ਹ.ਸ.)

ਹੁਣ ਵਾਚੋ, ਸੰਬੰਧਤ ਸ਼ਬਦ ਦੇ ਸਹੀ ਅਰਥ : (1) 'ਸਟੀਕ- ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' (ਟੀਕਾਕਾਰ- ਪ੍ਰੋ ਸਾਹਿਬ ਸਿੰਘ ਜੀ) "ਹੇ ਪਿਆਰੇ, ਹੇ ਬਿਅੰਤ ਸੁੰਦਰ! ਹੇ ਪਿਆਰੇ ਮਨ ਮੋਹਨ! ਹੇ ਸਭ ਜੀਵਾਂ ਵਿਚ ਅਤੇ ਸਭ ਤੋਂ ਵਖਰੇ ਰਹਿਣ ਵਾਲੇ ਪ੍ਰਭੂ! ਤੇਰੀ ਸਿਫਤੀ ਸਾਲਾਹ ਦੇ ਬਚਨ ਆਤਮਕ ਜੀਵਨ ਦੇਣ ਵਾਲੇ ਹਨ॥ ਰਹਾਉ॥ ਹੇ ਪਿਆਰੇ ਪ੍ਰਭੂ! ਮੈਂ ਰਾਜ ਨਹੀਂ ਮੰਗਦਾ, ਮੈਂ ਕੁਕਤੀ ਨਹੀਂ ਮੰਗਦਾ, ਮੇਹਰ ਕਰ, ਸਿਰਫ ਤੇਰੇ ਸੋਹਣੇ ਕੋਮਲ ਚਰਨਾਂ ਦਾ ਪਿਆਰ ਮੇਰੇ ਮਨ ਵਿਚ ਟਿਕਿਆ ਰਹੇ। ਹੇ ਭਾਈ! ਲੋਕ ਤਾਂ ਬ੍ਰਹਮਾ, ਸ਼ਿਵ ਕਰਾਮਾਤੀ ਜੋਗੀ, ਰਿਸ਼ੀ ਮੁਨੀ, ਇੰਦ੍ਰ ਆਦਿਕ ਦੇ ਦਰਸ਼ਨ ਚਾਹੁੰਦੇ ਹਨ, ਪਰ ਮੈਨੂੰ ਮਾਲਕ-ਪ੍ਰਭੂ ਦਾ ਦਰਸ਼ਨ ਹੀ ਚਾਹੀਦਾ ਹੈ ॥1॥ ਹੇ ਠਾਕੁਰ! ਮੈਂ ਗਰੀਬ ਤੇਰੇ ਦਰ ਤੇ ਆਇਆ ਹਾਂ, ਮੈਂ ਹਾਰ ਕੇ ਤੇਰੇ ਸੰਤਾਂ ਦੀ ਸ਼ਰਨ ਪਿਆ ਹਾਂ। ਹੇ ਨਾਨਕ ! (ਆਖ-ਜਿਸ ਮਨੁੱਖ ਨੂੰ) ਮਨ ਮੋਹਨ ਵਾਲੇ ਪ੍ਰਭੂ ਜੀ ਮਿਲ ਪੈਂਦੇ ਹਨ, ਉਸ ਦਾ ਮਨ ਸ਼ਾਤ ਹੋ ਜਾਂਦਾ ਹੈ, ਖਿੜ ਪੈਂਦਾ ਹੈ।"

2) 'ਗੁਰ ਸੇਵਕ ਸਭਾ' ਵਾਲੇ ਬਜ਼ੁਰਗ ਵਿਦਵਾਨਾਂ: ਪ੍ਰਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਪ੍ਰਿੰ ਤੇਜਾ ਸਿੰਘ, ਪ੍ਰੋ ਨਾਰਾਇਣ ਸਿੰਘ ਅਤੇ ਹੈਡਮਾਸਟਰ ਮਹਿਤਾਬ ਸਿੰਘ ਦੇ ਵਿਚਾਰ, 'ਸ਼ਬਦਾਰਥ' (ਪ੍ਰਕਾਸ਼ਕ: ਸ਼੍ਰੋ.ਗੁ.ਕਮੇਟੀ) ਵਿਚ 'ਠਾਕੁਰ ਹੀ ਦਰਸਾਰੇ' ਵਾਲੀ ਤੁਕ ਨੂੰ ਇਸ ਪ੍ਰਕਾਰ ਅਰਥਾਇਆ ਗਿਆ ਹੈ:- (ਹੋਰਨਾਂ ਲਈ) ਬ੍ਰਹਮਾ, ਸ਼ਿਵ ਜੀ, ਕਰਾਮਾਤੀ ਜੋਗੀ, ਮੁਨੀ, ਤੇ ਇੰਦਰ ਵਰਗੀਆਂ, ਮਾਨਨੀਯ ਹਸਤੀਆਂ ਹੋਣਗੀਆਂ, ਪਰ ਮੇਰੇ ਲਈ ਤਾਂ ਹਰੀ (ਠਾਕੁਰ) ਦੇ ਦਰਸ਼ਨ ਹੀ ਸਭ ਕੁਝ ਹਨ। (ਪੰਨਾ 534)

ਹੁਣ, ਗੁਰੂ-ਆਸ਼ੇ ਤੇ ਗੁਰਮਤਿ ਅਨੁਕੂਲ ਉੱਪਰ ਹੋਏ, ਸੌ ਫੀਸਦੀ ਸ਼ੁੱਧ ਅਰਥਾਂ ਨੂੰ ਘੋਖੋ ਅਤੇ ਵੇਖੋ ਕਿ ਇਸ ਸ਼ਬਦ ਵਿੱਚ ਕ੍ਰਿਸ਼ਨ ਜੀ ਦੀ ਉਸਤਤੀ ਕਰਨ ਦਾ ਪ੍ਰਸੰਗ ਕਿਤਨਾ ਅਸੰਗਤ ਹੈ। ਪਹਿਲੇ, ਤਾਂ ਕ੍ਰਿਸ਼ਨ ਜੀ ਦਾ ਸ਼ਬਦ ਵਿਚ ਸਿੱਧੇ ਤੌਰ ਉੱਤੇ ਕੋਈ ਵਰਨਣ ਹੀ ਨਹੀਂ। ਦੂਜੇ, ਜੇ ਬ੍ਰਹਮਾ ਤੇ ਸ਼ਿਵਜੀ ਦਾ ਜ਼ਿਕਰ ਹੈ, ਤਾਂ ਨਾਲ ਹੀ ਕਰਾਮਾਤੀ ਜੋਗੀਆਂ (ਸਿੱਧਾਂ), ਰਿਸ਼ੀਆਂ-ਮੁਨੀਆਂ ਅਤੇ 'ਇੰਦਰ, ਵਰਗੇ 'ਭੋਗੀ' ਦੇਵਤਿਆਂ ਦਾ ਵੀ। ਕੀ ਇਹ ਸਾਰੇ ਹੀ ਗੁਰੂ ਜੀ ਦੇ ਠਾਕੁਰ (ਸਵਾਮੀ, ਇਸ਼ਟ-ਦੇਵ)

ਹਨ? ਕੀ ਇੰਦਰ ਦੇਵਤਾ ਜਿਸ ਦੇ ਤਨ ਉਤੇ, ਗੌਤਮ ਰਿਸ਼ੀ ਦੀ ਪਤੀਵਰਤਾ ਇਸਤਰੀ ਨਾਲ ਛੱਲ ਕਰ ਕੇ ਵਿਭਚਾਰ ਕਰਨ ਉਤੇ, ਰਿਸ਼ੀ ਦੇ ਸਰਾਪ ਕਾਰਨ, ਇਕ ਹਜ਼ਾਰ ਭਗਾਂ (ਯੋਨੀਆਂ) ਦੇ ਨਿਸ਼ਾਨ ਪੈ ਗਏ ਸਨ: ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਹਮ-ਗਿਆਨੀ, ਤੱਤ-ਵੇਤਾ ਤੇ ਇਕ ਅਕਾਲ -ਪੁਜਾਰੀ ਦਾ ਠਾਕੁਰ ਅਥਵਾ ਇਸ਼ਟਦੇਵ ਹੋ ਸਕਦਾ ਹੈ? ਗੁਰਬਾਣੀ ਵਚ ਤਾਂ ਇੰਦਰ ਦੇਵਤੇ ਦਾ ਜ਼ਿਕਰ ਅਪ੍ਰਸ਼ੰਸਕ ਤੌਰ ਉਤੇ ਇਉਂ ਆਇਆ ਹੈ:-

ੳ) ਸਹੰਸਰ ਦਾਨ ਦੇ ਇੰਦ੍ਰ ਰੋਆਇਆ।।(ਗੁ: ਨਾਨਕ, ਪੰ 953)

ਅ) ਗੋਤਮ ਨਾਰਿ, ਉਮਾਪਤਿ ਸ੍ਵਾਮੀ।। ਸੀਸੁ ਧਰਨਿ, ਸਹਸ ਭਗ ਗਾਮੀ॥

(ਰਵਿਦਾਸ)

ਹੋਰ ਵੇਖੋ : **ਗੁਰਬਾਣੀ ਵਿਚ 'ਠਾਕੁਰ' ਪਦ ਦੀ ਸਹੀ ਵਰਤੋਂ**:-

ਮਹਾਂ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ) ਅਨੁਸਾਰ 'ਠਾਕੁਰ' ਪਦ ਦੇ, ਜਿਸ ਨੂੰ ਡਾਕਟਰ ਹਰਿਭਜਨ ਸਿੰਘ ਜੀ ਨੇ ਗਲਤ ਤੌਰ ਉਤੇ ਬ੍ਰਹਮਾ, ਸ਼ਿਵ ਤੇ ਇੰਦਰ ਆਦਿ ਨਾਲ ਜੋੜ ਕੇ ਅਤੇ ਵਿਸ਼ੇ ਵਸਤੂ ਨੂੰ ਨਜ਼ਰ-ਅੰਦਾਜ਼ ਕਰ ਕੇ, ਅਸੰਗਤ ਅਰਥ ਕਰ ਮਾਰੇ ਹਨ, ਇਉਂ ਅਰਥ ਕੀਤੇ ਹਨ:-

ੳ) ਠਕੁਰ: ਦੇਵਤਾ, ਪੂਜਯ ਇਸ਼ਟ ਦੇਵਤਾ,

'ਕਵਿ ਕਲਯ ਠਕੁਰ ਹਰਿਦਾਸ ਤਨੈ ਮ: ਪੰਜਵਾਂ ਕੇ)

ਅਰਥ ਹਨ -ਹਰਿਦਾਸ ਦੇ ਤਨਯ (ਪੁੱਤ੍ਰ ਗੁਰੂ ਰਾਮ ਦਾਸ ਜੀ) ਕਵਿ ਕਲਯ ਦੇ ਪੂਜਯ ਇਸ਼ਟ ਹਨ।

2) ਸ੍ਵਾਮੀ, ਰਾਜਾ, 3) ਰਾਜਪੂਤਾਂ ਦੀ ਖ਼ਾਸ ਪਦਵੀ

ਅ) ਠਾਕੁਰ : ਦੇਖੋ, ਠਕੁਰ,"ਠਾਕੁਰ ਸਰਬੇ ਸਮਾਣਾ॥(ਸ੍ਰੀ , ਮ 5)

ਨੋਟ :- ਏਥੇ ਸ੍ਰੀ ਗੁਰ ਅਰਜੁਨ ਦੇਵ ਜੀ ਆਪ 'ਠਾਕੁਰ' ਦੇ ਅਰਥ ਕਰਦੇ ਹਨ ਕਿ ਉਹ ਪਰਮ ਹਸਤੀ ਜੋ ਸਾਰੇ, ਸਭ ਵਿੱਚ ਵਿਆਪਕ ਹੈ, ਜੋ ਪੁਰਖੁ (ਵਿਆਪਕ) ਹੈ। ਕੀ ਕੋਈ ਕਲਪਤ ਦੇਵੀ ਦੇਵੀਤਾ ਹਰ ਸਮੇਂ ਆਦਿ ਜੁਗਾਦਿ ਤੇ ਹਰ ਥਾਂ ਵਿਆਪਕ ਹੈ? ਉਹ ਤਾਂ ਕੇਵਲ ਨਿਰੰਕਾਰ, ਨਿਰਗੁਣ ਬ੍ਰਹਮ ਹੀ ਹੋ ਸਕਦਾ ਹੈ, ਜੋ ਅਜੂਨੀ ਤੇ ਸ੍ਵੈਭੰ ਹੈ।

ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ 5954, ਸਲੋਕ, ਛੰਦ ਤੇ ਸ਼ਬਦ ਆਦਿ ਹਨ, ਜਿਨ੍ਹਾਂ ਵਿਚੋ 2218 ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਰਚਿਤ ਹਨ। ਇਹਨਾਂ ਵਿਚ ਗੁਰੂ ਜੀ ਨੇ 250 ਕੁ ਵੇਰ ਠਾਕੁਰ (ਜਾਂ ਠਾਕੁਰ) ਪਦ ਦੀ ਵਰਤੋਂ ਕੀਤੀ ਹੈ। ਹਰ ਥਾਂ ਇਸ ਦੇ ਅਰਥ-ਭਾਵ ਹਨ- ਮਾਲਿਕ, ਵਾਹਿਗੁਰੂ, ਅਕਾਲ ਪੁਰਖ। ਕੇਵਲ ਵਿਚਾਰ ਅਧੀਨ ਇਕਮਾਤ੍ਰ ਸ਼ਬਦ-'ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ' ਵਿਚ, ਠਾਕੁਰ ਪਦ ਤੋਂ ਸੰਕੇਤ ਬ੍ਰਹਮਾ, ਸ਼ਿਵਜੀ, ਸਿੱਧ, ਮੁਨੀ ਤੇ ਇੰਦਰ ਜਾਂ ਕ੍ਰਿਸ਼ਨ ਜੀ ਕਿਵੇਂ ਹੋ ਗਿਆ? ਡਾ ਹਰਿਭਜਨ ਸਿੰਘ ਜੀ ਨੇ ਕਿਵੇਂ ਠਾਕੁਰ ਉਸਤਤੀ ਤੋਂ ਭਾਵ, ਸ੍ਰੀ ਕ੍ਰਿਸ਼ਨ ਉਸਤਤੀ ਲੈ ਲਿਆ? ਏਡਾ ਵੱਡਾ ਭੁਲੇਖਾ-ਪਾਊ ਅਤੇ ਗੁਰਮਤਿ ਸਿਧਾਂਤਾਂ ਤੇ ਐਨ ਪ੍ਰਤਿਕੂਲ (ਉਲਟ) ਗੱਲ,

ਆਪ ਜੀ ਕਿਵੇਂ ਕਹਿ ਗਏ? ਮਹਵਿ ਹੈਰਤ ਹਾਂ।

## ਚੰਡੀ ਚਰਿਤ੍ਰ (ਉਕਤਿ ਬਿਲਾਸ) ਦਾ ਸੰਖੇਪ ਬ੍ਰਿਤਾਂਤ:

ਲੇਖ ਸਪਾਪਤ ਕਰਨ ਤੋਂ ਪਹਿਲਾਂ ਅਤਿ ਉਚਿਤ ਹੋਵੇਗਾ ਕਿ ਚੰਡੀ ਚਰਿਤ੍ਰ (ਪਹਿਲਾ) ਜਿਸ ਦੇ 231 ਵੇਂ ਅੰਕ ਉੱਤੇ 'ਦੇਹਿ ਸ਼ਿਵਾ ਬਰ ਮੋਹਿ ਇਹੈ' ਵਾਲਾ ਭੁਲੇਖਾ-ਪਾਊ ਸਵੈਯਾ ਅੰਕਿਤ ਹੈ, ਦਾ ਫੇਰ ਸਾਰ ਦੇ ਦਿੱਤਾ ਜਾਵੇ, ਤਾਂ ਜੋ ਸੰਗਤਾਂ ਆਪ ਅੰਦਾਜ਼ਾ ਲਾ ਲੈਣ ਕਿ ਕਿਵੇ ਂ ਕੂੜੀਆਂ ਅਤੇ ਅਨਹੋਣੀਆਂ ਵਾਰਤਾਵਾਂ, "ਮਰਦ ਅਗੰਮੜੇ ਤੇ ਸਾਹਿਬਿ ਕਮਾਲ " ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਾਵਨ ਨਾਮ ਨਾਲ ਮੜ੍ਹੀਆਂ ਜਾ ਰਹੀਆਂ ਹਨ। ਸੰਖੇਪਤਾ ਦੇ ਖਿਆਲ ਨਾਲ ਅਸੀਂ ਵਿਸ਼ਨੂ ਤੇ ਚੰਡੀ ਦੇ ਦੈਂਤਾਂ ਨਾਲ ਲੜੇ ਪਹਿਲੇ ਪੰਜਾਂ ਜੁੱਧਾਂ ਦਾ ਹੀ ਸੰਖੇਪ ਮਾਤ੍ਰ ਜ਼ਿਕਰ ਕਰਾਂਗੇ। ਸੁਹਿਰਦ ਤੇ ਵਿਚਾਰ-ਸ਼ੀਲ ਪਾਠਕਾਂ ਨੂੰ ਇਹ ਕੂੜੇ ਬਿਰਤਾਂਤ, ਕਲੇਜਾ ਥੰਮ੍ਹ ਕੇ ਪੜਨੇ ਜਾਂ ਸਰਵਨ ਕਰਨੇ ਪੈਣਗੇ:

1 ਮਹਾਂ ਵਿਸ਼ਨੂ (ਭਗਵਾਨ) ਦੇ ਕੰਨ ਦੀ ਮੈਲ ਤੋਂ ਪੈਦਾ ਹੋਏ ਮਧੁ ਤੇ ਕੈਟਭ ਦੈਂਤਾਂ ਨੇ ਆਪਣੇ ਕਰਤਾ, ਭਗਵੰਤ ਵਿਰੁਧ ਹੀ ਜੁੱਧ ਛੇੜ ਲਿਆ, ਜੋ 5000 ਸਾਲ ਤਕ ਚਲਦਾ ਰਿਹਾ। ਆਖਰ ਦੈਂਤਾਂ ਨੇ ਰੀਝ ਕੇ ਮਹਾਂ ਵਿਸ਼ਨੂ ਨੂੰ ਵਰ ਮੰਗਣ ਲਈ ਕਿਹਾ, ਜਿਸ ਵਜੋਂ ਉਸ ਨੇ ਉਨ੍ਹਾਂ ਦੇ ਸੀਸ ਮੰਗ ਲਏ। ਦੋਵਾਂ ਦਾਨਵਾਂ ਨੇ ਦਿੱਤਾ ਬਚਨ ਪਾਲਣ ਹਿਤ ਆਪਣੇ ਸਿਰ ਚੱਕ੍ਰ ਨਾਲ ਕਟਵਾ ਲਏ। ਇਸ ਤਰ੍ਹਾਂ ਦੇਵਤਿਆਂ ਦਾ ਦੇਵਲੋਕ ਵਿਚ ਫੇਰ ਰਾਜ ਅਸਥਾਪਤ ਹੋਇਆ ਅਤੇ ਜੈ ਜੈ ਕਾਰ ਹੋਈ। (ਟਿੱਪਣੀ: ਪਾਠਕ ਜੀ! ਜ਼ਰਾ ਵੀਚਾਰੋ ਕਿ ਸੀਸ ਵਾਰਨ ਵਾਲੇ ਦੈਂਤ ਮਹਾਨ ਹੋਏ, ਜਾਂ ਵਰ ਪ੍ਰਾਪਤ ਹੋ ਜਾਣ ਉੱਤੇ ਉਨ੍ਹਾਂ ਦੇ ਸਿਰ ਵੱਢਣ ਵਾਲਾ 'ਮਹਾਂ ਵਿਸ਼ਨੂ?)

2 ਤ੍ਰੇਤਾ ਜੁਗ ਦੇ ਆਰੰਭ ਵਿਚ ਮਹਿਖਾਸੁਰ ਦੈਂਤ ਹੋਇਆ, ਜਿਸ ਨੇ ਇੰਦਰ ਸਮੇਤ ਸਾਰੇ ਦੇਵਤੇ ਸੁਰਗ ਲੋਕ ਵਿੱਚੋਂ ਭਜਾ ਦਿੱਤੇ। ਦੇਵਤਿਆਂ ਦੀ ਪ੍ਰਕਾਰ ਉੱਤੇ ਪਾਰਬਤੀ ਦੇਵੀ, ਚੰਡਿਕਾ ਦੇ ਰੂਪ ਵਿਚ, ਦੈਂਤ ਦ ਟਾਕਰੇ ਲਈ ਮੈਦਾਨ ਵਿਚ ਆਈ। ਦੈਂਤਾਂ ਦੀ ਫੌਜ ਦੀ ਗਿਣਤੀ 45 ਪਦਮ (4 ਕ੍ਰੋੜ 50 ਲੱਖ ਅਰਬ) ਸੀ। (ਨੋਟ ਸਾਡੀ ਦੁਨੀਆਂ ਦੀ ਵਧੀ ਕੁਲ ਆਬਾਦੀ ਏਸ ਵੇਲੇ 5 ਅਰਬ ਹੈ। ਮਹਿਖਾਸੁਰ ਦੀ ਸੈਨਾ ਦੀ ਗਿਣਤੀ ਇਸ ਹਿਸਾਬ ਨਾਲ ਦੁਨੀਆਂ ਦੀ ਵਰਤਮਾਨ ਆਬਾਦੀ ਨਾਲੋਂ 445 ਲੱਖ ਅਰਬ ਗੁਣਾਂ ਵਧ ਗਈ।) ਦੱਸੋ, ਇਸ ਤੋਂ ਵਧ ਕੂੜੀ ਕਲਪਨਾ ਤੇ ਗਪੌੜਾ ਹੋਰ ਕੀ ਹੋ ਸਕਦਾ ਹੈ? ਚੰਡਿਕਾ (ਚੰਡੀ) ਦੇਵੀ (ਪਾਰਬਤੀ) ਨੇ ਇਕੱਲਿਆਂ ਹੀ ਦੈਂਤ ਨੂੰ, ਏ ਡੀ ਵੱਡੀ ਫੌਜ਼ ਸਮੇਤ ਮਾਰ ਮੁਕਾਇਆ ਅਤੇ ਇੰਦਰ ਅਤੇ ਦੇਵਤਿਆਂ ਨੂੰ, ਐਸ਼-ਪ੍ਰਸਤੀ ਤੇ ਸੁਰਗ ਦੀਆਂ ਨੇਅਮਤਾਂ ਮਾਨਣ ਲਈ, ਸੁਰਗ ਬਹਾਲ ਕਰਨ ਦਾ ਕ੍ਰਿਸ਼ਮਾ ਕਰ ਦਿੱਤਾ, ਅਤੇ ਆਪ ਅਲੋਪ ਹੋ ਕੇ, ਕੈਲਾਸ਼ ਪ੍ਰਬਤ ਉੱਤੇ, ਆਪਣੇ ਪਤੀ ਸ਼ਿਵ ਜੀ ਪਾਸ ਜਾ ਬਿਰਾਜੀ। ਇਸ ਜਿੱਤ ਉਪ੍ਰੰਤ ਦੇਵਤਿਆਂ ਨੇ ਚੰਡੀ ਦੇਵੀ ਦੀ ਇਸ ਤਰ੍ਹਾਂ ਜੈ ਜੈ ਕਾਰ ਕੀਤੀ, ਯੱਗ ਕੀਤੇ ਤੇ ਵੇਦ-ਮੰਤਰ ਪੜ੍ਹੇ:

'ਯਾਤੇ ਪ੍ਰਸੰਨ ਭਏ ਹੈ ਮਹਾਮੁਨਿ, ਦੇਵਨ ਕੇ ਤਪ ਮੈ ਸੁਖ ਪਾਵੈ।

ਜੱਗਯ ਕਰੈ, ਇਕ ਬੇਦ ਰਰੈ, ਭਵ ਤਾਪ ਹਰੈ, ਮਿਲਿ ਧਿਆਨਹਿ ਲਾਵੈ॥

ਝਾਲਰ ਤਾਲ ਮ੍ਰਿਦੰਗ ਉਪੰਗ, ਰਬਾਬ ਲੀਏ ਸੁਰ ਸਾਜ ਮਿਲਾਵੈ।
ਕਿੰਨਰ ਗੰਧਰਬ ਗਾਨ ਕਰੈ, ਗਨਿ ਯੱਛ ਅਪੱਛਰ ਨਿਰਤ ਦਿਖਾਵੈ॥ (54)
ਸੰਖਨ ਕੀ ਧੁਨ, ਘੰਟਨ ਕੀ ਕਰਿ, ਫੂਲਨ ਕੀ ਬਰਖਾ ਬਰਖਾਵੈ।
ਆਰਤੀ ਕੋਟਿ ਕਰੈ ਸੁਰ-ਸੁੰਦਰਿ, ਪੇਖ ਪਰੰਦਰ (ਇੰਦ੍ਰ) ਕੇ ਬਲਿ ਜਾਵੈ।
ਦਾਨ ਦਛਨ ਦੇ ਕੇ ਪ੍ਰਦੱਛਨ ਡਾਲ ਮੈ ਕੁੰਕਮ ਅੱਛਤ ਲਾਵੈ।
ਹੋਤ ਕੁਲਾਹਲ ਦੇਵਪੁਰੀ ਮਿਲਿ ਦੇਵਨ ਕੇ ਕੁਲਿ ਮੰਗਲਿ ਗਾਵੈ। (55)

ਨੋਟ:- ਸਾਡੇ ਕਈ ਭੋਲੇ ਸਿੱਖ ਵੀਰ ਅਤੇ ਵਿਸ਼ੇਸ਼ ਕਰ ਕੇ ਸਿੱਖ ਡੇਰਿਆਂ, ਚੇਲਿਆਂ ਬਾਲਿਆਂ ਅਤੇ ਸ਼੍ਰੋ: ਕਮੇਟੀ ਨਾਲੋਂ ਵਖਰੀ ਮਰਯਾਦਾ ਤੋਰਨ ਵਾਲੇ ਸੰਤ, ਮਹੰਤ ਜੀ, ਛੈਣਿਆਂ, ਚਿਮਟਿਆਂ, ਘੜਿਆਲਾਂ ਤੇ ਸ਼ੰਖਾ ਦੇ ਸ਼ੋਰ ਵਿਚ ਲਹਿਰਾ ਲਹਿਰਾ, ਆਰਤੀ ਸਮੇਂ ਉਪ੍ਰੋਕਤ ਅਸੰਗਤ ਸਵੈਯਾ, ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੜ੍ਹਦੇ ਹਨ, ਜੋ ਇਸ ਸਾਰੇ ਅਡੰਬਰ ਦਾ ਖੰਡਨ ਕਰਦਾ ਅਤੇ ਕੇਵਲ ਇਕ ਅਕਾਲ ਦੀ ਪੂਜਾ ਦ੍ਰਿੜ੍ਹ ਕਰਾਉਂਦਾ ਹੈ। ਇਸ ਤੋਂ ਵੱਡਾ ਦੁਖਾਂਤ ਤੇ ਖਿਲਵਾੜ ਗੁਰਬਾਣੀ, ਸ੍ਰੀ ਦਸਮੇਸ਼ ਜੀ ਤੇ ਗੁਰੂ ਬਾਬੇ ਦੇ ਨਿਰਮਲ ਪੰਥ ਨਾਲ ਹੋਰ ਕੀ ਹੋ ਸਕਦਾ ਹੈ?

3 ਚੰਡੀ ਦਾ ਤੀਜਾ, ਚੌਥਾ ਤੇ ਪੰਜਵਾਂ ਜੁੱਧ ਸੁੰਭ ਨੈਸੁੰਭ ਅਤੇ ਉਸ ਵਲੋਂ ਭੇਜੇ ਸੁਰਮੇ ਦੈਂਤਾਂ-ਚੰਡ ਮੁੰਡ ਅਤੇ ਰਕਤਬੀਜ- ਨਾਲ ਹੋਇਆ। ਸਭ ਵਿਚ ਕਹਾਣੀ ਇਕੋ ਹੈ ਕਿ 'ਦਾਨਵਾਂ ਨੇ ਦੇਵਤਿਆਂ ਦੇ ਰਾਜੇ ਇੰਦਰ ਨੂੰ ਦੇਵਤਿਆਂ ਸਮੇਤ, ਸੁਰਗੋਂ (ਦੇਵ ਲੋਕੋਂ) ਮਾਰ ਭਜਾਇਆ, ਜਿਨ੍ਹਾਂ ਨੇ ਕੈਲਾਸ਼ ਪਰਬਤ ਉੱਤੇ ਬਿਰਾਜ ਰਹੀ ਪਾਰਬਤੀ ਪਾਸ ਪਨਾਹ ਅਤੇ ਸਹਾਇਤਾ ਲਈ ਪ੍ਰਾਰਥਨਾ ਕੀਤੀ। ਉਹ ਸ਼ਿਵਾ, ਚੰਡਿਕਾ, ਜਗਮਾਤ ਦੇ ਨਾਮ ਹੇਠ ਦੇਵਤਿਆਂ ਦੀ ਸਹਾਇਤਾ ਲਈ ਜੁੱਧ ਦੇ ਮੈਦਾਨ ਵਿਚ ਉੱਤਰੀ ਅਤੇ ਹਮਲਾਆਵਰ ਦੈਂਤਾਂ ਨੂੰ ਮਾਰ ਕੇ ਸੁਰਗ ਲੋਕ, ਰਾਜੇ ਇੰਦ੍ਰ ਤੇ ਦੇਵਤਿਆਂ ਨੂੰ ਵਾਪਸ ਲੈ ਦਿੱਤਾ। ਦੇਵਤਿਆਂ ਦੇ ਰਾਜੇ ਇੰਦ੍ਰ ਦੇ ਭੋਗ ਬਿਲਾਸ ਵਾਲੇ ਜੀਵਨ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ। ਹੈਰਾਨੀ ਹੈ ਕਿ 'ਜੱਗ ਦੀ ਮਾਤਾ', ਭਵਾਨੀ, ਚੰਡੀ, ਦੈਤਾਂ ਨੂੰ ਮਾਰ ਕੇ, ਧਰਮ-ਧੁੱਜਾ ਬੁਲੰਦ ਕਰਨ ਵਾਲੀ ਅਤੇ ਆਪਣੇ ਭਗਤਾਂ ਦੀ ਵਰ-ਦਾਤੀ ਪਾਰਬਤੀ ਦੇਵੀ, ਸਦਾ ਰਾਜੇ ਇੰਦ੍ਰ ਤੇ ਦੇਵਤਿਆਂ ਨੂੰ ਕਾਹਦੇ ਲਈ ਬਾਰ-ਬਾਰ ਖੁੱਸਿਆ ਸੁਰਗ ਵਾਪਸ ਦਿਵਾਉਂਦੀ ਰਹੀ? ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਇੰਦਰ ਨੇ ਅਜ ਤਕ ਕੇਹੜਾ ਕੰਮ, ਚੰਗਾ ਕੀਤਾ ਅਤੇ ਲੋਕਾਂ ਦਾ ਕੀ ਸਵਾਰਿਆ ਹੈ? ਆਪ ਜੀ ਲਿਖਦੇ ਹਨ:

ਜ਼ਰੂਰੀ ਹਵਾਲਾ: "ਅਸਾਡੇ ਅਨੇਕ ਗੁਰ ਭਾਈਆਂ ਨੇ, ਗੁਰਬਾਣੀ ਦਾ ਸਿਧਾਂਤ ਜਾਣੇ ਬਿਨਾ, ਆਪਣੇ ਲੇਖਾਂ ਵਿਚ ਲਿਖ ਦਿੱਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਦਾ ਪੂਜਨ ਕੀਤਾ ਹੈ। ਜਦ ਆਪ 'ਗੁਰਮਤ ਮਾਰਤੰਡ' ਵਿਚ, ਹੋਰਥੇ, 'ਦੇਵੀ ਦੇਵਤਾ' ਸਰਨਾਮੇ ਹੇਠ ਲਿਖੇ ਸਾਰੇ ਮਜ਼ਮੂਨ ਪੜ੍ਹੋਗੇ, ਤਾਂ ਬਿਨਾ ਸੰਸੇ ਮੰਨ ਲਵੋਗੇ ਕਿ ਦੇਵੀ ਪੂਜਨ ਦੀ ਸਾਰੀ ਕਥਾ ਕਲਪਿਤ ਹੈ।" (ਗੁਰਮਤ ਮਾਰਤੰਡ (ਪ੍ਰਕਾਸ਼ਕ ਸ਼੍ਰੋ ਕਮੇਟੀ) ਦੇ ਪੰਨਾ 595 ਤਕ ਦਾ ਇਹ ਸਾਰਾ ਪ੍ਰਸੰਗ ਹਰੇਕ ਗੁਰਸਿਖ ਲਈ ਵਾਚਣ,

ਵੀਚਾਰਨ ਯੋਗ ਹੈ।)–'ਫੇਰ, ਜਿਸ ਦੇਵੀ ਨੂੰ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਦੇਵੀ ਜੀ ਦੀ ਝਾੜੂ ਬਰਦਾਰ ਮੰਨਿਆ ਹੈ, ਤਦ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਸੀ ਗੁਰਗੱਦੀ ਦੇ ਮਾਲਿਕ ਆਪਣੇ ਬਜ਼ੁਰਗਾਂ ਦੇ ਆਸ਼ਯ ਤੋਂ ਵਿਰੁੱਧ, ਔਰ ਆਪਣੇ ਲੇਖ ਦੇ ਵਿਰੁੱਧ ਦੇਵੀ ਦੀ ਉਪਾਸਨਾ ਕਰਦੇ? ਭਾਈ ਮਨੀ ਸਿੰਘ ਜੀ ਨੇ ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹੇ, ਉਹ ਭਾਈ ਸਾਹਿਬ 'ਗਿਆਨ ਰਤਨਾਵਲੀ' ਦੇ ਆਦਿ ਵਿਚ ਇਹ ਮੰਗਲਾਚਰਨ ਕਰਦੇ ਹਨ:

'ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸ਼ਿਵਾ ਨੂੰ, ਕੋਈ ਗਣੇਸ਼ ਨੂੰ, ਕੋਈ ਦੇਵਤਿਆਂ ਨੂੰ; ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹਨ, ਜਿਸ ਕਰ ਕੇ ਸਭ ਵਿਘਨ ਨਾਸ਼ ਹੁੰਦੇ ਹਨ, ਤਾਂ ਤੇ 'ਸਤਿਨਾਮ' ਦਾ ਮੰਗਲਾਚਾਰ ਆਦਿ ਰੱਖਿਆ ਗਿਆ ਹੈ।' ਜੇ ਦਸਵੇਂ ਸਤਿਗੁਰੂ ਦਾ ਇਸ਼ਟ ਦੇਵੀ ਹੁੰਦੀ, ਤਾਂ ਕੀ ਭਾਈ ਮਨੀ ਸਿੰਘ ਜੀ ਆਪਣੇ ਗੁਰੂ ਦੀ ਪੂਜਯ ਦੇਵੀ ਬਾਬਤ ਐਸਾ ਲਿਖ ਸਕਦੇ ਸੀ?"

ਨੋਟ :– ਇਸ ਉਪ੍ਰੰਤ ਭਾਈ ਸਾਹਿਬ ਨੇ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਕੀਰਤਪੁਰ ਵਿਖੇ ਘੱਟਿਆ ਇਕ ਪ੍ਰਸੰਗ, ਇਕ ਸਿਖ ਭਾਈ ਭੈਰੋਂ ਦੇ ਦੇਵੀ ਦੀ ਮੂਰਤੀ ਦਾ ਨੱਕ ਤੋੜਨ ਵਾਲਾ, 'ਦਬਿਸਤਾਨੇ ਮਜ਼ਾਹਬ' (ਮੋਹਸਨ ਫਾਨੀ) ਵਿਚੋਂ ਦਿੱਤਾ ਹੈ, ਜੋ ਇਸ ਬਾਰੇ ਜਾਣਕਾਰੀ ਲਈ ਗੁਰਮਤ ਮਾਰਤੰਡ ਵਿਚੋਂ ਵਾਚਿਆ ਜਾ ਸਕਦਾ ਹੈ।

ਇਸ ਚੱਲੇ ਹੋਏ ਦੇਵੀ ਦੇ ਪ੍ਰਸੰਗ ਵਿਚ ਮੁਨਾਸਬ ਮਾਲੂਮ ਹੁੰਦਾ ਹੈ ਕਿ ਅਸੀਂ ਆਪਣੇ ਭਾਈਆਂ ਨਾਲ ਦੋ ਗੱਲਾਂ ਦੇਵੀ ਬਾਬਤ ਕਰੀਏ:

'ਪਿਆਰੇ ਗੁਰੂ ਨਾਨਕ ਪੰਥੀਓ! ਸਭ ਤੋਂ ਪਹਿਲਾਂ ਆਪ ਇਹ ਵੀਚਾਰੋ ਕਿ ਦੇਵੀ ਕੌਣ ਹੋਈ ਹੈ, ਅਤੇ ਉਸ ਨੇ ਸੰਸਾਰ ਦਾ ਕੀ ਉਪਕਾਰ ਕੀਤਾ ਹੈ। ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਉਹ ਹਿਮਾਲਯ ਦੀ ਬੇਟੀ ਸੀ, ਇਸ ਵਾਸਤੇ ਉਸ ਦਾ ਨਾਮ ਪਾਰਬਤੀ, ਗਿਰਿਜਾ, ਭਵਾਨੀ ਆਦਿ ਹਨ, ਉਸ ਨੇ ਦੇਵਤਿਆਂ ਦੀ ਹਿਮਾਯਤ ਵਿਚ ਦੈਂਤਾਂ ਨਾਲ ਯੁੱਧ ਕੀਤਾ ਅਤੇ ਇੰਦ੍ਰ ਨੂੰ ਕਈ ਵੇਰ ਰਾਜਗੱਦੀ ਮੁੜ ਦਿੱਤੀ, ਅਤੇ ਇੰਦ੍ਰ ਉਹ ਦੇਵਤਾ ਹੈ, ਜੋ ਸਾਰਾ ਦਿਨ ਅਪਸਰਾਂ ਦਾ ਨਾਚ ਔਰ ਤਮਾਸ਼ਾ ਦੇਖਦਾ ਹੋਇਆ, ਐਸ਼ ਆਰਾਮ ਨਾਲ ਸਮਾਂ ਬਿਤਾਉਂਦਾ ਹੈ, ਔਰ ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ, ਜਿਸ ਦੇ ਭਜਨ ਅਤੇ ਤੱਪ ਵਿਚ ਵਿਘਨ ਪਾਉਣ ਵਾਸਤੇ ਇੰਦ੍ਰ ਨੇ ਲੁੱਚੀਆਂ ਤੀਵੀਆਂ ਨ ਭੇਜੀਆਂ ਹੋਣ, ਔਰ ਉਹ ਖ਼ੁਦ ਰਿਸ਼ੀਆਂ ਦੀਆਂ ਇਸਤਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ; ਜਿਹੀ ਕਿ ਅਹਲਯਾ (ਗੌਤਮ ਰਿਖੀ ਦੀ ਪਤਨੀ) ਦੀ ਕਥਾ ਹੈ। ਐਸੇ ਵਿਭਚਾਰੀ ਅਤੇ ਕੁਕਰਮੀ ਦੀ ਸਹਾਇਤਾ ਕਰ ਕੇ ਦੇਵੀ ਨੇ ਜਗਤ ਨੂੰ ਕੀ ਸੁਖ ਦਿੱਤਾ? ਇੰਦ੍ਰ ਨੇ ਰਾਜ ਲੈ ਕੇ ਸੰਸਾਰ ਦਾ ਕਿਹੜਾ ਸੁਧਾਰ ਕੀਤਾ?

ਕਈ ਮੰਤਕੀ ਇਹ ਆਖਦੇ ਹਨ ਕਿ ਅਸੀਂ ਹਿਮਾਲਯ ਦੀ ਬੇਟੀ ਅਥਵਾ ਅਸ਼ਟਭੁਜੀ ਆਦਿਕ ਸਰੂਪ ਵਾਲੀ ਦੇਵੀ ਨੂੰ ਨਹੀਂ ਪੂਜਦੇ, ਅਸੀਂ ਤਾਂ ਅਕਾਲ ਪੁਰਖ ਦੀ ਜੋ ਸ਼ਕਤੀ ਹੈ, ਉਸ ਨੂੰ ਮੰਨਦੇ ਹਾਂ। ਉਨ੍ਹਾਂ ਪ੍ਰਤੀ ਅਸੀਂ ਇਹ ਪ੍ਰਸ਼ਨ ਕਰਦੇ ਹਾਂ ਕਿ ਅਕਾਲ ਪੁਰਖ ਦੀ ਸ਼ਕਤੀ ਉਸ ਤੋਂ ਭਿੰਨ ਹੈ ਜਾਂ ਅਭਿੰਨ? ਜੜ੍ਹ ਹੈ ਜਾਂ ਚੇਤਨ?

ਔਰ ਅਨਿੱਤ ਹੈ ਵਾ ਨਿੱਤ? ਜੇ ਨਿੱਤ ਤੁਸੀਂ ਮੰਨਦੇ ਹੋ ਅਰ ਉਸ ਨੂੰ ਪੂਜਦੇ ਹੋ, ਤਾਂ ਨਿਸ਼ਚਯ ਕਰੋ ਕਿ ਗੁਰੂ ਸਾਹਿਬ ਨੇ ਜੋ ਓਅੰਕਾਰ ਦੇ ਆਦਿ ਵਿਚ ਏਕਾ ਲਾਇਆ ਹੈ, ਤੁਸੀਂ ਉਸ ਉੱਪਰ ਹੜਤਾਲ ਦੇ ਫਿਕਰ ਵਿਚ ਹੋ, ਔਰ ਸਿੱਖੀ ਤੋਂ ਪਤਿਤ ਹੋ: ਔਰ ਜੇ ਦੇਵੀ ਅਕਾਲ ਪੁਰਖ ਤੋਂ ਭਿੰਨ ਨਹੀਂ; ਕੇਵਲ ਉਸ ਦੀ ਸ਼ਕਤੀ ਮਾਤ੍ਰ ਦਾ ਨਾਉਂ ਹੈ ਤਾਂ ਉਸ ਦਾ ਦੇਵੀ ਨਾਮ ਲੈ ਕੇ ਭਿੰਨ ਪੂਜਣਾ ਭੀ ਮਹਾ ਅਗਿਆਨ ਤੇ ਮੂਰਖਤਾ ਹੈ।

'ਜੇ ਦੇਵੀ ਕੋਈ ਜੜ੍ਹ ਔਰ ਅਨਿੱਤ ਪਦਾਰਥ ਹੈ ਤਾਂ ਭੀ ਉਸ ਦੀ ਪੂਜਾ ਸਿੱਖ ਧਰਮ ਅਨੁਸਾਰ ਨਹੀਂ ਬਣਦੀ। ਸਿਧਾਂਤ ਇਹ ਹੈ ਕਿ ਕਿਸੀ ਤਰ੍ਹਾਂ ਭੀ ਦੇਵੀ ਦੀ ਪੂਜਾ ਸਿੱਖ ਧਰਮ ਵਿਚ ਯੋਗ ਨਹੀਂ ਹੋ ਸਕਦੀ।' (ਗੁਰਮੱਤ ਮਾਰਤੰਡ, ਪੰ 597-598)

ਸਿੱਟਾ :- ਸਿਆਣਿਆਂ ਦਾ ਕਥਨ ਹੈ ਕਿ ਪਾਓ ਭਰ ਲੂਣ ਵਿਚ ਇਕ ਅੱਧ ਛਟਾਂਕ ਆਟਾ ਮਿਲਾ ਲਈਏ, ਤਾਂ ਲੂਣ ਦਾ ਪਿੰਨਾ ਬਣ ਜਾਂਦਾ ਹੈ, ਪਰ ਨਿਰੇ ਲੂਣ ਦਾ ਪਿੰਨਾ ਨਹੀਂ ਬਣ ਸਕਦਾ। ਇਹੀ ਸੱਚ ਇਨ੍ਹਾਂ ਮਹਾਂਕਾਲ ਤੇ ਦੇਵੀ-ਪੂਜਕ ਸ਼ਾਕਤ ਕਵੀਆਂ ਦੀਆਂ ਇਨ੍ਹਾਂ ਰਚਨਾਵਾਂ ਉੱਤੇ ਲਾਗੂ ਹੁੰਦਾ ਹੈ, ਜੋ ਨਿਰੇ ਝੂਠੇ ਤੇ ਕਾਲਪਨਿਕ ਕਹਾਣੀਆਂ ਦੇ ਪਲੰਦੇ ਹਨ। ਇਹ ਸ਼ਾਮ (ਸਯਾਮ) ਆਦਿ ਤਾਂਤ੍ਰਿਕ ਦੇ ਸ਼ਾਕਤ (ਮਾਸ, ਮਦਰਾ ਤੇ ਮੈਥਨ ਦੇ ਹਾਮੀ) ਕਵੀ 'ਚੰਡੀ ਚਰਿਤ੍ਰ' ਤੇ 'ਚਰਿਤ੍ਰੋ ਪਾਖਯਾਨ' ਆਦਿ ਰਚਨਾਵਾਂ ਉੱਪਰ '੧ੴ ਵਾਹਿਗੁਰੂ ਜੀ ਕੀ ਫਤਹ' ਆਦਿ ਮੰਗਲਾਚਰਨ ਦੀ ਵਰਤੋਂ ਕਰਨ ਦੀ ਵੀ ਚੁਸਤੀ ਕਰਦੇ ਹਨ, ਤਾਂ ਜੋ ਮਾਸੂਮ ਸਿੱਖ ਇਨ੍ਹਾਂ ਰਚਨਾਵਾਂ ਨੂੰ ਗੁਰੂ ਕ੍ਰਿਤ ਮੰਨ ਕੇ, ਉਨ੍ਹਾਂ ਦੇ ਵੀਚਾਰਾਂ ਦੇ ਕਾਇਲ ਅਥਵਾ ਦੇਵੀ ਭਗਤ ਤੇ ਸ਼ਾਕਤ ਹੋ ਜਾਣ।

ਇਹ ਕਵੀ ਆਪਣੇ ਇਸ ਨਾਪਾਕ ਮਨਸੂਬੇ ਵਿਚ ਕਿਥੋਂ ਤਕ ਸਫਲ ਹੋਏ ਹਨ, ਇਹ ਗਲ ਡਾਕਟਰ ਹਰਿਭਜਨ ਸਿੰਘ ਜੀ, ਡਾ: ਤਾਰਨ ਸਿੰਘ ਜੀ, ਡਾ ਜੋਧ ਸਿੰਘ ਜੀ, ਹਰਬੰਸ ਸਿੰਘ ਜੀ 'ਨਿਰਣੈਕਾਰ' ਗਿ: ਲਾਲ ਸਿੰਘ ਜੀ ਤੇ ਪ੍ਰੋ : ਪਿਆਰਾ ਸਿੰਘ ਜੀ ਪਦਮ ਆਦਿ ਸਿੱਖ ਵਿਦਵਾਨਾਂ ਦੇ, ਉਨ੍ਹਾਂ ਵਲੋਂ ਫੈਲਾਏ ਜਾਲ ਵਿਚ ਫੱਸ ਜਾਣ ਤੋਂ ਸਿੱਧ ਹੋ ਜਾਂਦੀ ਹੈ। ਜ਼ਹਿਰ ਨੂੰ ਖੰਡ ਵਿਚ ਗਲੇਫ ਲੈਣ ਨਾਲ ਉਸ ਦਾ ਮਾਰੂ ਅਸਰ ਘਟ ਨਹੀਂ ਹੁੰਦਾ। ਸ਼ਾਕਤ ਕਵੀਆਂ ਦੀਆਂ ਰਚਨਾਵਾਂ ਸ੍ਰੀ ਦਸਮੇਸ਼ ਜੀ ਨਾਲ ਜੋੜ ਲੈਣ ਉਪ੍ਰੰਤ, ਉਨ੍ਹਾਂ ਦੇ, ਭਾਈ ਸਾਹਿਬ ਕਾਨ੍ਹ ਸਿੰਘ ਦੇ ਕਥਨ ਅਨੁਸਾਰ, ਹੋਰ ਹੋਰ ਅਰਥ-ਭਾਵ ਕੱਢ ਲੈਣ ਤੇ Interpretation ਕਰ ਲੈਣ ਨਾਲ ਗੱਲ ਨਹੀਂ ਬਣ ਸਕਦੀ। ਇਸ ਅਤਿ ਖਤਰਨਾਕ ਤੇ ਮਾਰੂ ਸਮੱਸਿਆ ਦਾ ਹੱਲ, ਬੁਰੇ ਨੂੰ ਮਾਰਨ ਵਿਚ ਨਹੀਂ, ਬੁਰੇ ਦੀ ਮਾਂ ਨੂੰ ਮਾਰਨ ਵਿਚ ਹੈ; ਭਾਵ ਉਨ੍ਹਾਂ ਰਚਨਾਵਾਂ ਨੂੰ ਜੋ ਗੁਰਬਾਣੀ ਦੇ ਬੁਨਿਆਦੀ ਸਿਧਾਂਤਾਂ ਦੀ ਕਸਵੱਟੀ ਉੱਤੇ ਪਰਖੀਆਂ ਜਾ ਕੇ, ਪੂਰੀਆਂ ਨਹੀਂ ਉੱਤਰਦੀਆਂ, ਉਨ੍ਹਾਂ ਨੂੰ ਸ੍ਰੀ ਦਸਮੇਸ਼ ਜੀ ਦੀਆਂ ਰਚਨਾਵਾਂ ਨਾ ਮੰਨਣ ਨਾਲ ਕੀ ਥੁੜਦਾ ਹੈ? ਕਿਥੋਂ ਤੇ ਕਿਵੇਂ ਗੁਰਮਤਿ ਉਜਾਗਰ ਹੋਣੋਂ ਰਹਿ ਜਾਂਦੀ ਹੈ? ਇਸ ਸੰਬੰਧ ਵਿਚ, To err on the right side (ਠੀਕ ਪਾਸੇ ਭੁੱਲ ਕਰਨ) ਵਾਲਾ ਸਿਧਾਂਤ ਹੀ ਗੁਰਮਤਿ ਨੂੰ ਨਿਰਮਲ, ਨਿਰੋਲ ਤੇ ਨਿਆਰਾ ਰੱਖ ਸਕਦਾ ਹੈ। ਵਰਨਾ ਬਿਪਰ ਸੰਸਕਾਰ ਸਾਡੇ ਖਾਲਸ-ਪਨ ਨੂੰ ਇੰਨਾ ਧੁੰਦਲਾ ਤੇ ਰੂਪੋਂ ਕਰੂਪ ਕਰ ਦੇਵੇਗਾ ਕਿ ਅਸਲ ਤੇ ਨਕਲ ਵਿਚ ਫਰਕ ਤੇ

ਪਛਾਣ ਅਸੰਭਵ ਹੋ ਜਾਵੇਗੀ, ਬਿਪਰ-ਸੰਸਕਾਰ ਸਿੱਖ-ਧਰਮ ਦੇ ਆਰੰਭ ਤੋਂ ਹੀ ਐਸੇ ਮੌਕੇ ਦੀ ਤਾੜ ਵਿਚ ਰਿਹਾ ਹੈ, ਅਤੇ ਸਾਡੇ 'ਸਿੱਖ ਵਿਦਵਾਨ' ਉਨ੍ਹਾਂ ਦਾ ਇਹ ਕਾਰਜ ਆਪੋਂ ਹੀ ਸਹਿਲ ਕਰਨ ਉੱਤੇ ਤੁਲੇ ਹੋਏ ਹਨ।

ਫ਼ਾਰਸੀ ਵਿਚ ਇਕ ਅਖਾਣ ਹੈ: ਮਨ ਚਿ: ਮੇ ਸਰਾਇਮ ਵ ਤੰਬੂਰਾਇ ਮਨ ਚਿ: ਮੇ ਸਰਾਯਦ? (ਮੈਂ ਕੁਝ ਗਾਉਂਦਾ ਹਾਂ, ਪਰ ਮੇਰਾ ਤੰਬੂਰਾ ਕੁਝ ਹੋਰ ਹੀ ਗਾਉਂਦਾ ਹੈ) ਕੁਝ ਇਵੇਂ ਹੀ ਗੁਰਮੱਤ-ਸਿਧਾਂਤ ਸੂਰਜਵੱਤ ਕੁਝ ਹੋਰ ਸੇਧ ਬਖਸ਼ਦਾ ਹੈ, ਪਰ ਸਾਡੇ 'ਤੰਬੂਰਾ ਵਿਦਵਾਨ' ਉਸ ਦੇ ਐਨ ਉੱਲਟ, ਵਿਰੋਧੀ ਸੁਰ ਅਲਾਪ ਰਹੇ ਹਨ। ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਸ੍ਰੀ ਕ੍ਰਿਸ਼ਨ ਜੀ ਨੂੰ ਠਾਕੁਰ (ਵਾਹਿਗੁਰੂ) ਮੰਨ ਕੇ ਉਸਤਤਿ-ਕਰਤਾ ਦੱਸਣ ਵਾਲੇ ਸੱਜਣ ਵਾਚਣ: ਗੁਰੂ ਨਾਨਕ ਮਿਸ਼ਨ, ਪਟਿਆਲਾ ਦੇ 135 ਵੇਂ ਟ੍ਰੈਕਟ 'ਸਿੱਖ ਦਾ ਨਿਆਰਾਪਣ' ਵਿਚੋਂ ਇਹ ਕੁਝ ਕੁ ਬਹੁ-ਮੁੱਲੇ ਹਵਾਲੇ।

ੳ) ਬ੍ਰਹਮਾ ਬਿਸਨੁ ਨ ਕੋਈ, ਅਵਰੁ ਨ ਦੀਸੈ ਏਕੋ ਸੋਈ॥ (ਮ: 1)

ਅ) ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥

ਨਾਨਕ, ਭੰਡੈ ਬਾਹਰਾ, ਏਕੋ ਸਚਾ ਸੋਇ॥ (ਮ ਵਾਰ ਆਸਾ)

ੲ) ਗੁਰਮਤਿ, ਨਿਰੰਕਾਰ ਤੋਂ ਵਖਰਾ, ਕੋਈ ਜੀਵ ਸ਼ਿਵ ਜੀ, ਬ੍ਰਹਮਾ, ਵਿਸ਼ਨੂ, ਪਾਰਬਤੀ ਸਵੀਕਾਰ ਨਹੀਂ ਕਰਦਾ, ਬਲਕਿ, ਗੁਰਮਤਿ ਦਾ ਫੁਰਮਾਨ ਹੈ ਕਿ ਨਿਰੰਕਾਰ ਗੁਰੂ ਆਪ ਹੀ ਸਭ ਕੁਝ ਹੈ:

'ਗੁਰ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ॥' (ਜਪੁਜੀ)

ਸ) 'ਜੋ ਪਰਮੇਸ਼ਰ' ਅਕਾਲ ਅਥਵਾ ਮੌਤ-ਰਹਿਤ ਹੈ ਅਤੇ ਅਜੂਨੀ, ਅਥਵਾ ਜਨਮ ਨਹੀਂ ਲੈਂਦਾ, ਉਹ ਆਕਾਰ (ਸਰੀਰ) ਵਾਲਾ ਮਿਥਿਆ ਨਹੀਂ ਜਾ ਸਕਦਾ, ਅਤੇ ਜਿਸ ਦਾ ਸਰੀਰ ਹੀ ਕੋਈ ਨਹੀਂ, ਉਸ ਦੀ ਮੂਰਤੀ (ਬੁੱਤ) ਕਿਵੇਂ ਹੋ ਸਕਦੀ ਹੈ? ਇਸ ਲਈ ਗੁਰਮਤਿ ਅੰਦਰ ਪੱਥਰ ਦੇ ਬਣੇ ਠਾਕੁਰਾਂ (ਬੁੱਤਾਂ) ਦੀ ਪੂਜਾ ਦਾ ਖੰਡਨ, ਬੜੀ ਬੇਕਿਰਕੀ ਨਾਲ ਕੀਤਾ ਗਿਆ ਹੈ, ਅਤੇ ਦੱਸਿਆ ਹੈ ਕਿ ਠਾਕੁਰ (ਨਿਰੰਕਾਰ) ਤਾਂ ਹਰ ਕਿਸੇ ਦੇ ਆਪਣੇ ਅੰਦਰ ਹੈ। ਉਸ ਨੂੰ ਛੱਡ ਕੇ ਪੱਥਰਾਂ ਦੇ ਪੈਰੀ ਪੈਣਾ ਫੋਕਟ ਤੇ ਨਿਸਫਲ ਕਰਮ ਹਨ:

ਜੋ ਪਾਥਰ ਕਉ ਕਹਤੇ ਦੇਵ। ਤਾਂ ਕੀ ਬਿਰਥਾ ਹੋਵੈ ਸੇਵ॥

ਜੋ ਪਾਥਰ ਕੀ ਪਾਂਈ ਪਾਇ, ਤਿਸ ਕੀ ਘਾਲ ਅਜਾਂਈ ਜਾਇ॥

ਠਾਕੁਰ ਹਮਰਾ ਸਦ ਬੋਲੰਤਾ। ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥

ਅੰਤਰਿ ਦੇਉ, ਨ ਜਾਨੈ ਅੰਧੁ। ਭ੍ਰਮ ਕਾ ਮੋਹਿਆ ਪਾਵੈ ਫੰਧੁ॥

ਨਾ ਪਾਥਰੁ ਬੋਲੈ ਨਾ ਕਿਛੁ ਦੇਇ। ਫੋਕਟ ਕਰਮ ਨਿਹਫਲ ਹੈ ਸੇਵ॥

(ਭੈਰਉ ਮ 5)

## ਪ੍ਰੋ: ਮਹਬੂਬ ਜੀ ਦੀ ਰਚਨਾ 'ਚੋਂ ਅਹਿਮ ਹਵਾਲਾ

'ਚੰਡੀ ਚਰਿਤ੍ਰ' ਅਤੇ ਚਰਿਤ੍ਰੋ ਪਾਖਿਆਨ' ਆਦਿ ਸੰਦਿਗਧ (ਸ਼ੱਕੀ) ਰਚਨਾਵਾਂ ਨੂੰ ਸ੍ਰੀ ਦਸਮੇਸ਼ ਜੀ ਦੀ ਕ੍ਰਿਤ ਨ ਮੰਨਣ ਨਾਲ ਸਤਿਗੁਰੂ ਜੀ ਦੀ ਮਹਾਨਤਾ ਤੇ ਖਾਲਸਾ ਪੰਥ ਦੀ ਵਡਿਆਈ ਵਿਚੋਂ ਨ ਹੀ ਕੁਝ ਘੱਟਦਾ ਹੈ ਅਤੇ ਨ ਹੀ ਪੰਥ ਦੇ ਦੋਖੀਆਂ ਨੂੰ ਐਸੀਆਂ ਅਨੁਚਿੱਤ ਲਿਖਤਾਂ ਲਿਖਣ ਦਾ ਮੌਕਾ ਮਿਲਦਾ ਹੈ, ਪਰ ਦੂਸਰੀ ਹਾਲਤ ਵਿਚ, ਇਨ੍ਹਾਂ ਨੂੰ ਗੁਰੂ ਦੀ ਕ੍ਰਿਤ ਮੰਨ ਲੈਣ ਨਾਲ ਪੰਥ ਬੜਾ ਕਸੂਤਾ ਫੱਸ ਜਾਂਦਾ ਅਤੇ ਗੁਰਮਤਿ ਦੇ ਉੱਜਲ ਤੇ ਅਮਰ ਸਿਧਾਂਤਾਂ ਦੀ ਆਭਾ ਤੇ ਨਿਰਮਲਤਾ ਹੀ ਗਵਾ ਬੈਠਦਾ ਹੈ। ਸੋ, ਉਚਿਤ ਇਹੀ ਹੈ ਕਿ ਐਸੀਆਂ ਗੁਰਬਾਣੀ-ਆਸ਼ੇ ਵਿਰੁਧ ਰਚਨਾਵਾਂ ਨੂੰ, ਗੁਰੂ-ਕ੍ਰਿਤ ਨਾ ਮੰਨਿਆ ਜਾਵੇ। 'ਨ ਹੋਵੇ ਬਾਂਸ, ਨ ਵਜੇ ਬੰਸਰੀ'।

ਪ੍ਰੋਫੈਸਰ ਹਰਿੰਦਰ ਸਿੰਘ 'ਮਹਬੂਬ', ਐਮ.ਏ. (ਅੰਗਰੇਜ਼ੀ ਤੇ ਪੰਜਾਬੀ) ਨੇ ਵੱਡੀ ਖੋਜ ਉਪ੍ਰੰਤ ਆਪਣੀ ਪੁਸਤਕ 'ਸਹਿਜੇ ਰਚਿਓ ਖਾਲਸਾ' (ਪੰਨੇ 1237) ਵਿਚ ਚੰਡੀ ਚਰਿਤ੍ਰ ਅਤੇ ਚਰਿਤ੍ਰੋ ਪਖਿਆਨ ਆਦਿ ਬਾਰੇ ਇਉਂ ਬਾਦਲੀਲ ਨਿਰਣਾ ਕੀਤਾ ਹੈ:

ੳ) (ਦਸਮ ਗ੍ਰੰਥ ਵਿਚ) ਮਿਲਾਵਟ ਕਰਨ ਅਤੇ ਗੁਰੂ ਸਾਹਿਬਾਨ ਦੇ ਨਾਂ ਨਾਲ ਗਲਤ ਲਿਖਤਾਂ ਸੰਬੰਧਿਤ ਕਰਨ ਦਾ ਅਮਲ ਬਹੁਤੀ ਵਾਰ ਜਾਣ ਬੁੱਝ ਕੇ ਕੀਤਾ ਗਿਆ। ਇਹ ਕੁਹਜਾ ਅਮਲ ਸ਼ਰਾਰਤੀ ਤੇ ਈਰਖਾਲੂ ਲੋਕਾਂ ਦੇ ਇਸ਼ਾਰੇ ਉੱਤੇ ਹੋਇਆ। (ਪੰ-698)

ਅ) ਕਪਟੀਆਂ ਨੇ ਸਿੱਖ ਗ੍ਰੰਥਾਂ ਵਿਚ ਮਿਲਾਵਟ ਕੀਤੀ, ਗੁਰੂ ਨਾਨਕ ਅਮਲ ਦੀ ਨਿਰਮਲ ਨੁਹਾਰ ਨੂੰ ਵਿਗਾੜਨ ਦੇ ਯਤਨ ਕੀਤੇ, ਗੁਰੂ ਜੀ ਦੇ ਨਾਮ ਨਾਲ ਝੂਠੀਆਂ ਲਿਖਤਾਂ ਜੋੜਨ ਦਾ ਅਪਰਾਧ ਕੀਤਾ, ਅਤੇ ਖਾਲਸੇ ਦਾ ਮਾਸੂਮ ਯਕੀਨ, ਹਰ ਕੋਹਝੇ ਰੂਪ ਨੂੰ ਜੀਅ ਆਇਆਂ ਆਖਦਾ ਰਿਹਾ।(ਪੰ: 699)

ੲ) ਜੇ ਹਜ਼ੂਰ (ਸ੍ਰੀ ਦਸਮੇਸ਼ ਜੀ) ਪੁਰਾਤਨ ਸੰਸਕ੍ਰਿਤੀ ਦਾ ਬੋਧ ਆਪਣੇ ਪੰਥ ਨੂੰ ਦੇਣ ਦੀ ਜ਼ਰੂਰਤ ਮਹਿਸੂਸ ਕਰਦੇ, ਤਾਂ ਇਹ ਬਿਲਕੁਲ ਸਾਫ ਹੈ ਕਿ ਭਾਰਤੀ ਸੰਸਕ੍ਰਿਤੀ ਦੇ ਉਹਨਾਂ ਰੂਪਾਂ ਦੀ ਚੋਣ ਕਰਦੇ, ਜਿਹੜੇ ਕਿ ਸੁਹਜ ਜੀਵਨ ਰਸਿਕਤਾ ਦੀ ਵਿਸ਼ਾਲਤਾ ਅਤੇ ਚਿੰਤਨ ਦੇ ਪੱਖੋਂ, ਉਸ ਵਿਚ ਸਰਬੋਤਮ ਦਰਜਾ ਰਖਦੇ ਹੁੰਦੇ। ਇਹ ਅਸੰਭਵ ਸੀ ਕਿ ਗੁਰੂ ਸਾਹਿਬ, ਖਾਲਸੇ ਨੂੰ ਭਾਰਤੀ ਸੰਸਕ੍ਰਿਤੀ-ਰਹਿਤ ਕਥਾਵਾਂ ਸੁਣਾ ਕੇ ਇਸ ਦੀ ਪੂਰਤੀ ਕਰ ਰਹੇ ਹੋਣ। ਚੰਦ੍ਰ, ਜੋ ਕਿ ਪ੍ਰਮਾਣੀਕ ਪੌਰਾਣਿਕ ਸਾਹਿਤ ਅਨੁਸਾਰ ਵਿਸ਼ਨੂ ਦਾ ਅਵਤਾਰ ਨਹੀਂ, ਦਸਮ ਗ੍ਰੰਥ ਦੇ ਕਿਸੇ ਕਰਤਾ ਨੇ ਅਗਿਆਨ-ਵੱਸ ਇਸ ਨੂੰ ਵਿਸ਼ਨੂ ਦਾ ਉਨੀਵਾਂ ਅਵਤਾਰ ਮਿਥ ਲਿਆ ਹੈ। ਜੋ ਮਨੁੱਖ ਦੇ ਕੱਚੇ ਅਨੁਭਵ ਤੋਂ ਉਪਜੀ ਮਿੱਥ (myth) ਹੈ। (ਪੰ 753)

ਸ) 'ਚਰਿਤ੍ਰੋ ਪਾਖਿਆਨ' ਜੀਵਨ ਦੀ ਇਕਹਿਰੀ ਅਤੇ ਸੁਸਤ ਚੇਤਨਾ-ਗਤੀ ਦਾ ਲਖਾਇਕ ਹੈ। ਇਸਤ੍ਰੀ ਦੇ ਉਲਾਰੂ ਕਾਮ-ਜਜ਼ਬੇ ਨੂੰ ਇੰਞ ਅਤਿਕਥਿਤ ਕਰੂਪਤਾ ਨਾਲ ਗੁਣਾ ਕਰਨ (ਵਧਾਉਣ) ਵਾਲਾ ਵਤੀਰਾ, ਜਿੱਥੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਗਲਤ

ਹੈ, ਉਥੇ ਸਦਾਚਾਰਕ ਦ੍ਰਿਸ਼ਟੀ ਤੋਂ ਸਰਾਸਰ ਝੂਠਾ ਹੈ, ਅਤੇ ਗੁਰਮੱਤ ਦੀ ਦ੍ਰਿਸ਼ਟੀ ਤੋਂ ਅਣ-ਮਨੁੱਖੀ ਅਤੇ ਬੇਸਮਝ ਹੈ। (ਪੰ 755)

ੲ) 'ਦਸਮ ਗ੍ਰੰਥ' ਦੀ ਹਰ ਇਕ ਰਚਨਾ ਦੇ ਆਤਮਕ ਤੌਰ ਉੱਤੇ ਕਲਿਆਣਕਾਰੀ ਹੋਣ ਦਾ ਦਾਅਵਾ ਕੀਤਾ ਗਿਆ ਹੈ ਏਥੋਂ ਤੱਕ ਕਿ ਚਰਿਤ੍ਰੋ ਪਾਖਿਆਨ' ਵਰਗੀ ਅਸ਼ਲੀਲਤਾ- ਭਰੀ ਰਚਨਾ ਨੂੰ ਵੀ ਧਾਰਮਿਕ ਉੱਚਤਾ ਪ੍ਰਦਾਨ ਕੀਤੀ ਗਈ ਹੈ:

'ਕ੍ਰਿਪਾ ਕਰੀ ਹਮ ਪਰ ਜਗ ਮਾਤਾ। ਗਰੰਥ ਕਰਾ ਪੂਰਨ ਸੁਭਰਾਤਾ। 402/405 ਅਤੇ 'ਮਨ ਬਾਂਝਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ। 403/405, ਇਸੇ ਤਰ੍ਹਾਂ 'ਚੰਡੀ ਦੀ ਵਾਰ', 'ਰਾਮਾਵਤਾਰ ਅਤੇ ਕ੍ਰਿਸ਼ਨਾਵਤਾਰ ਆਦਿ ਦੇ ਪਾਠ ਨੂੰ ਵੀ, ਕਿਸੇ ਨ ਕਿਸੇ ਸ਼ਕਲ ਵਿਚ, ਮੁਕਤੀ ਦਾ ਸਾਧਨ ਮੰਨਿਆਂ ਗਿਆ ਹੈ..... । ਇਸ ਤੋਂ ਸਾਫ ਹੈ ਕਿ ਇਹ ਰਚਨਾਵਾਂ ਕੇਵਲ ਕਾਵਿ-ਰਸਿਕਤਾ ਅਤੇ ਪੁਰਾਤਨ ਸੰਸਕ੍ਰਿਤੀ ਦਾ ਗਿਆਨ ਦੇਣ ਲਈ ਹੀ ਨਹੀਂ ਲਿਖੀਆਂ, ਬਲਕਿ ਇਹ ਰਚਨਾਵਾਂ ਕਵੀ ਦੀ ਰੂਹਾਨੀਅਤ ਦਾ ਆਧਾਰ ਹਨ, ਅਤੇ ਇਹ ਰਚਨਾਵਾਂ ਕਵੀ ਦੇ ਧਰਮ ਵਿਚ ਬਤੌਰ ਧਰਮ-ਗ੍ਰੰਥਾਂ ਦੇ ਪ੍ਰਵੇਸ਼ ਕਰਦੀਆਂ ਹਨ। (ਪੰ 758)

ਕ) ਜੇ 'ਚੌਬੀਸ ਅਵਤਾਰ' ਅਤੇ 'ਚੰਡੀ ਚਰਿਤ੍ਰ' ਵਿਚ ਕਵੀ ਆਪਣੀ ਧਾਰਮਿਕ ਭਾਵਨਾ ਦੱਸ ਰਿਹਾ ਹੈ, ਤਾਂ ਇਹ ਮੰਨਣਾ ਪਵੇਗਾ ਕਿ ਕ੍ਰਿਸ਼ਨਾਵਤਾਰ (6 ਤੋਂ 8) ਵਿਚ 'ਦੇਵੀ ਜੂ ਕੀ ਉਸਤਤਿ' ਵਾਲਾ ਹਿੱਸਾ ਉਸੇ ਭਾਵਨਾ ਦਾ ਅੰਗ ਹੈ। ਇਸ ਤਰ੍ਹਾਂ ਸਾਨੂੰ ਇਹ ਪ੍ਰਸ਼ਨ ਕਰਨ ਦਾ ਹੱਕ ਮਿਲ ਜਾਂਦਾ ਹੈ ਕਿ ਕਵੀ ਦੀ ਦ੍ਰਿਸ਼ਟੀ ਵਿਚ 'ਦੇਵੀ' ਦਾ ਕੀ ਸਥਾਨ ਤੇ ਸਰੂਪ ਹੈ? ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਕਵੀ ਦੀ ਦ੍ਰਿਸ਼ਟੀ ਵਿਚ ਦੇਵੀ ਉਸ ਦੇ ਗੁਰੂ (ਇਸ਼ਟ) ਦਾ ਦਰਜਾ ਰਖਦੀ ਹੈ।" (ਪੰ: 758)

ਖ) "ਸਚਾਈ ਐਨੀ ਪ੍ਰਤੱਖ ਹੈ ਕਿ ਇਨ੍ਹਾਂ ਰਚਨਾਵਾਂ ('ਚੰਡੀ ਚਰਿਤ੍ਰਾਂ') ਨੂੰ ਗੁਰੂ ਸਾਹਿਬ ਦੀਆਂ ਰਚਨਾਵਾਂ ਮੰਨਣ ਵਾਲੇ ਵਿਦਵਾਨ ਵੀ ਅਚੇਤ ਤੌਰ ਉੱਤੇ ਇਸ ਤੋਂ ਤ੍ਰਬਕਦੇ ਹਨ। ਉਹ ਇਸ ਮਨੋਤ ਨੂੰ ਧਾਰਨ ਕਰਨ ਪਿੱਛੋਂ ਵੀ ਕਿ ਗੁਰੂ ਸਾਹਿਬ ਆਪ ਇਨ੍ਹਾਂ ਰਚਨਾਵਾਂ ਤੋਂ ਬਾਹਰ ਖਲੋਤੇ ਹਨ, 'ਦੇਹਿ ਸ਼ਿਵਾ ਬਰ ਮੋਹਿ ਇਹੋ' ਵਿਚ 'ਸ਼ਿਵਾ' ਦਾ ਅਰਥ ਪਾਰਬਤੀ ਦੀ ਥਾਂ ਪ੍ਰਮੇਸ਼ਰ, ਕਰਦੇ ਹਨ; ਜਦੋਂ ਕਿ ਬਾਕੀ ਚੰਡੀ ਚਰਿਤ੍ਰ ਵਿਚ 'ਸ਼ਿਵਾ' ਦਾ ਅਰਥ ਪਾਰਬਤੀ ਤੋਂ ਬਿਨਾਂ ਹੋਰ ਕੋਈ ਨਹੀਂ।" (ਪੰ 759)

ਗ) "ਮਹਾਨ ਲੇਖਕਾਂ (ਜਿਵੇਂ ਕਾਲੀ ਦਾਸ, ਵਾਲਟ ਵਿਟਮੈਨ ਅਤੇ ਡੀ ਐਚਲਾਰੈਂਸ ਆਦਿ) ਦਾ ਨੰਗੇਜਵਾਦ ਹਮੇਸ਼ਾ ਹੀ ਜੀਵਨ ਦੇ ਅਲੌਕਿਕ ਸੁਹਜ ਦੇ ਦਰਾਂ ਨੂੰ ਖੋਲ੍ਹਦਾ ਹੈ ਪਰ, 'ਚਰਿਤ੍ਰੋ ਪਾਖਿਆਨ' ਦਾ ਨੰਗੇਜਵਾਦ, ਕਰੂਪ ਤੇ ਉਲਾਰ ਕਾਮ-ਰੁੱਚੀਆਂ ਦੇ ਪ੍ਰਗਟਾ ਤੋਂ ਸਿਵਾ ਜੀਵਨ ਦਾ ਹੋਰ ਕੋਈ ਵੀ ਪੱਖ ਨਹੀਂ ਪੇਸ਼ ਕਰਦਾ। ਜਦੋਂ ਕਾਮ-ਰੁੱਚੀਆਂ ਕਿਸੇ ਸ਼ਰਾਰਤੀ ਘਟਨਾ ਵਿਚੋਂ ਉਤਪੰਨ ਹੋ ਰਹੀਆਂ ਹੋਣ ਅਤੇ ਉਸ ਸ਼ਰਾਰਤੀ ਘਟਨਾ ਵਿਚ ਕਿਸੇ ਪ੍ਰਕਾਰ ਦੀ ਸਾਹਿਤਕਤਾ ਤੇ ਕਲਪਨਾ-ਬ੍ਰੀਕੀ ਨ ਹੋਵੇ, ਤਾਂ ਇਹ ਸਚਾਈ ਪ੍ਰਤੱਖ ਹੁੰਦੀ ਹੈ, ਕਿ ਲੇਖਕ ਦਾ ਸ੍ਵੈ (ਆਪਣਾ ਆਪ) ਉਨ੍ਹਾਂ ਕਾਮ-ਰੁੱਚੀਆਂ ਦੀ ਲਪੇਟ ਵਿਚ ਹੈ।" (ਪੰ 760)

ਘ) 'ਚਰਿਤ੍ਰੋ ਪਾਖਿਆਨ' ਦੇ ਫਰਜ਼ੀ ਕਿੱਸਿਆਂ ਵਿਚ ਸਾਹਿੱਤਿਕ ਕਲਪਨਾ ਦਾ ਅੰਸ਼, ਨਾਮ ਮਾਤ੍ਰ ਵੀ ਨਹੀਂ। ਬਸ, ਕਵੀ ਦਾ ਸ਼ਰਾਰਤੀ ਆਪਾ ਜਾ ਤਾਂ ਇਸਤ੍ਰੀ ਦੇ ਅੰਗ-ਰਸ ਨੂੰ ਬਹੁਤ ਹੀ ਨੀਵੇਂ ਪੱਧਰ ਉੱਤੇ ਪ੍ਰਗਟਾ ਰਿਹਾ ਹੈ ਜਾਂ ਕਿਸੇ ਲੁਕੀ ਈਰਖਾ-ਵੱਸ, ਇਸਤ੍ਰੀ ਦਾ ਘਟੀਆ ਚਿੱਤਰ ਬਣਾ ਕੇ ਬਦਲੇ ਦਾ ਨੀਵਾਂ ਸੁਆਦ ਲੈ ਰਿਹਾ ਹੈ ਕਵੀਆਂ ਜਾਂ ਕਵੀ ਦਾ ਬੀਮਾਰ ਆਪਾ ਅਨੰਦਪੁਰ ਨੂੰ ਅਨੇਕਾਂ ਵਿਭਚਾਰਨਾਂ ਦੀ ਨਗਰੀ ਦਰਸਾ ਰਿਹਾ ਹੈ। ਇਹ ਕਲਪਨਾ ਨਹੀਂ; ਕਿਉਂਕਿ ਕਲਪਨਾ, ਨਵੀਨਤਾ ਅਤੇ ਬਾਰੀਕੀ ਦੀ ਸਿਰਜਣਾ ਕਰਦੀ ਹੈ। ਇਹ ਸ਼ਰਾਰਤ ਹੈ, ਕਿਉਂਕਿ ਸ਼ਰਾਰਤ ਹੀ ਆਦਰਸ਼ ਦੀ ਉੱਚੀ ਹੋਂਦ ਬਾਰੇ ਗਲਤ ਖਬਰਾਂ ਦਿੰਦੀ ਹੈ।" (ਪੰਨਾ 760)

ਨੋਟ : ਪ੍ਰੋ ਮਹਿਬੂਬ ਜੀ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦਾ 'ਬਿਪਰ ਸੰਸਕਾਰ' (ਛੇਵੀਂ ਕਿਤਾਬ) ਵਾਲਾ ਭਾਗ ਵਿਸ਼ੇਸ਼ ਕਰ ਕੇ ਘੋਖਣ ਯੋਗ ਹੈ।

'ਅਕਾਲ ਉਸਤਤਿ' ਸ੍ਰੀ ਦਸਮੇਸ਼ ਜੀ ਕ੍ਰਿਤ ਹੋਣ ਬਾਰੇ ਕੋਈ ਦੋ ਰਾਵਾਂ ਨਹੀਂ : ਪ੍ਰੰਤੂ ਉਸ ਵਿਚ ਵੀ ਕਿਸੇ ਚਤੁਰ, ਕਪਟੀ ਤੇ ਗੁਰਮਤਿ ਦੇ ਨਿਰਮਲ ਸਿਧਾਂਤਾਂ ਦੇ ਦੋਖੀ ਨੇ 20 ਸਤੋਤ੍ਰ (211 ਤੋਂ 230) ਦੇਵੀ ਦੇ ਪਾ ਦਿੱਤੇ ਹਨ,* ਜਿਨ੍ਹਾਂ ਦਾ 'ਅਕਾਲ ਉਸਤਤਿ' ਦੀ ਬਾਕੀ ਰਚਨਾ ਨਾਲ ਦੂਰ ਦਾ ਵੀ ਸੰਬੰਧ ਨਹੀਂ। ਇਹ ਇੱਕ ਇਕੱਲਾ ਸਬੂਤ ਹੀ, ਇਹ ਸੱਚ ਸਿਧ ਕਰਨ ਲਈ ਕਾਫੀ ਹੈ ਕਿ 'ਦਸਮ ਗ੍ਰੰਥ' ਕਿਵੇਂ ਸੰਦਿਗਧ (ਸ਼ੱਕੀ) ਰਚਨਾਵਾਂ ਨਾਲ ਭਰਪੂਰ ਹੈ। ਐਸੀ ਸਥਿਤੀ ਵਿਚ ਪ੍ਰੋ ਮਹਿਬੂਬ ਦਾ ਨਿਰਣਾ ਵੱਡੀ ਅਹਿਮੀਅਤ ਰਖਦਾ ਤੇ ਸੇਧ ਬਖਸ਼ਦਾ ਹੈ ਕਿ ਦਸਮ ਗ੍ਰੰਥ ਵਿਚ ਕੇਵਲ ਇਹ ਪੰਜ ਬਾਣੀਆਂ ਹੀ ਸ੍ਰੀ ਦਸਮੇਸ਼ ਜੀ ਦੀ ਆਪਣੀ ਰਚਨਾ ਹਨ: ਜਾਪੁ ਸਾਹਿਬ, ਅਕਾਲ ਉਸਤਤਿ (ਚੰਡੀ ਵਾਲੇ ਕਬਿੱਤਾਂ ਨੂੰ ਛੱਡ ਕੇ), ਸਵੈਯੇ 33 ਸ਼ਬਦ ਹਜ਼ਾਰੇ ਅਤੇ ਜ਼ਫਰਨਾਮਾ।

(* ਨਮੂਨਾ: ਦੁਰਜਨ ਦਲ ਦੰਡਣ, ਅਸੁਰ ਬਿਹੰਡਣ, ਦੁਸ਼ਟ ਨਿਕੰਦਣ, ਆਦਿ ਬ੍ਰਿਤੇ। ਚਛਰਾਸੁਰ ਮਾਰਣ, ਪਤਿਤ ਉਧਾਰਣ, ਨਰਕ ਨਿਵਾਰਣ, ਗੂੜ੍ਹ ਗਤੇ।

ਅਛੈ[1] ਅਖੰਡੇ, ਤੇਜ ਪ੍ਰਚੰਡੇ ਖੰਡ ਉਦੰਡੇ, ਅਲਖ ਮਤੇ।

ਜੈ ਜੈ ਹੋਸੀ ਮਹਖਾਸੁਰ ਮਰਦਨ, ਰੰਮ ਕਪਰਦਨ[2] ਛਤ੍ਰ ਛਿਤੇ[3]। (211)

ਅਰਥ ਸੰਕੇਤ : 1 ਨਾਮ-ਰਹਿਤ 2 ਸੁੰਦਰ ਕੇਸਾਂ ਦੇ ਜੂੜੇ ਵਾਲੀ, 3 ਦੁਨੀਆ ਦੀ ਛਤਰ)

**ਖਾਲਸਾ ਜੀ! ਅਸੀਂ ਕਦਾਚਿਤ ਨਹੀਂ ਭੁਲਣਾ ਕਿ:**

'ਸਰਬ-ਕਾਲੀ ਤੇ ਸਰਬ-ਦੇਸੀ ਭਾਵਕ-ਏਕਤਾ ਅਤੇ ਸਹਿਵਾਸ ਦਾ ਅਲਮ-ਬਰਦਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਪਣੀ ਤ੍ਰੈਕਾਲ ਸਤਿ, ਅੰਮ੍ਰਿਤ, ਸਫਲ, ਸੁਖਦਾਈ ਤੇ ਰੱਹਸਮਈ ਬਾਣੀ ਦੁਆਰਾ ਸੰਸਾਰ ਦੀ ਕੁਲ ਮਖ਼ਲੂਕ ਨੂੰ, ਇੱਕ ਸਮਾਨ ਆਦਰਸ਼ਕ ਜੀਵਨ-ਜਾਚ ਦੀ ਰਮਜ਼ ਸਮਝਾਉਦੇ ਅਤੇ ਇੱਕ ਤੇ ਕੇਵਲ ਇੱਕ ਅਕਾਲ ਪੁਰਖ ਵਾਹਿਗੁਰੂ ਦੇ ਲੜ ਲਾਉਂਦੇ ਹਨ। ਇਹ ਦਸਦੇ ਹਨ ਕਿ ਦੁਬਿਧਾ ਤੇ ਦੂਈ ਤੋਂ ਉਪਜੀ ਹਉਮੈਂ ਹੀ, ਅਸਲ ਵਿਚ, ਸਾਰੇ ਦੁੱਖਾਂ, ਕਲੇਸ਼ਾ ਤੇ ਵਿਤਕਰਿਆ ਦਾ

ਕਾਰਨ ਹੈ। ਮਨੁੱਖ ਦਾ ਕਲਿਆਣ 'ਇੱਕ ਓਅੰਕਾਰੀ' ਏਕਤਾ ਨੂੰ ਧੁਰ ਹਿਰਦੇ ਵਿਚ ਵਸਾਉਣ ਵਿਚ ਹੈ। ਦੂਈ ਅਥਵਾ 'ਦੂਜਾ ਭਾਵ' ਦੋਜ਼ਖ ਹੈ– (The other is hell)। ਇੱਕ ਤੇ ਕੇਵਲ ਇੱਕ ਵਾਹਿਗੁਰੂ ਦੇ ਉਪਾਸ਼ਕ, ਸ੍ਰੀ ਗੁਰੂ ਅਰਜੁਨ ਦੇਵ ਜੀ, ਦਾ ਆਪਣਾ ਦੈਵੀ ਫੁਰਮਾਨ ਹੈ:

ਏਕੋ ਸੇਵੀ (ਸੇਵੀਂ), ਅਵਰੁ ਨ ਦੂਜਾ।। (ਪੰਨਾ 1136)

ਭਾਵਾਰਥ : ਮੈਂ ਕੇਵਲ ਇੱਕ ਪ੍ਰਮਾਤਮਾ ਨੂੰ ਸੇਂਵਦਾ (ਸਿਮਰਦਾ) ਹਾਂ ਅਤੇ ਹੋਰ ਕਿਸੇ ਦੂਜੇ ਨੂੰ ਉਸ ਤੁਲ ਨਹੀਂ ਜਾਣਦਾ (ਅਤੇ ਸਦਾ, ਆਦਿ ਗੁਰੂ ਜੀ ਦਾ ਇਹ ਉਪਦੇਸ਼ ਚਿਤਵਦਾ ਹਾਂ: ਏਕੋ ਹੈ, ਭਾਈ ਏਕੋ ਹੈ।। ਸਾਹਿਬ ਮੇਰਾ ਏਕੋ ਹੈ।।) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ, ਆਪਣੇ ਪਿਆਰੇ ਤੇ 'ਸੱਜਨ ਸੂਰੇ' ਖਾਲਸੇ ਨੂੰ ਏਸੇ ਭਾਵ ਦਾ ਅਮਰ ਉਪਦੇਸ਼ ਬਖਸ਼ਦੇ ਹਨ:

"ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ'।

ਤਥਾ : 'ਜਾਗਤ ਜੋਤਿ ਜਪੈ ਨਿਸਬਾਸੁਰ,

ਏਕ ਬਿਨਾ ਮਨਿ ਨੈਕ ਨ ਆਨੈ॥' (33 ਸਵੈਯੇ)

ਐਸੇ ਸਪੱਸ਼ਟ ਸੇਧ–ਬਖਸ਼ੂ ਪੈਗ਼ਾਮ ਦੇ ਹੁੰਦਿਆਂ ਸੁੰਦਿਆਂ, ਜੇ ਕੋਈ ਬਦਕਿਸਮਤ ਰਾਹੀ, ਗੁਰਮੱਤ ਅਥਵਾ 'ਗੁਰੂ ਨਾਨਕ ਦੇ ਗਾਡੀ ਰਾਹ' ਤੋਂ ਉੱਖੜ ਜਾਵੇ, ਤਾਂ ਉਸ 'ਧੁਰ ਦਰਗਾਹੋਂ" ਮਾਰੇ ਦਾ ਕੀ ਇਲਾਜ? ਅਤੇ ਜੋ ਇਹ ਪ੍ਰਚਾਰੇ ਕਿ ਪੰਚਮ ਗੁਰੂਦੇਵ 'ਹਵਾਲੇ ਵਾਲੀ ਰਚਨਾ' ਵਿਚ ਵਾਹਿਗੁਰੂ ਦੀ ਥਾਂ, ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਦੇ ਅਤੇ ਸ੍ਰੀ ਦਸਮੇਸ਼ ਜੀ ਚੰਡੀ (ਸ਼ਿਵ, ਦੁਰਗਾ) ਅਤੇ ਸਰਸਵਤੀ ਦੇਵੀ ਵਿੱਚ ਈਮਾਨ, ਰਖਦੇ ਤੇ ਉਸ ਨੂੰ ਪੂਜਦੇ ਹਨ, ਤਾਂ ਉਸ ਗੁਰਮੱਤ ਗਿਆਨ ਤੋਂ ਅਨਜਾਣ 'ਸਿੱਖ ਵਿਦਵਾਨ' ਦਾ ਰੱਬ ਹੀ ਰਾਖਾ ਹੈ।

## ਮੇਰੀ ਪੁਕਾਰ, ਮੇਰੀ ਜੋਦੜੀ

ਗੁਰੂ ਖਾਲਸਾ ਪੰਥ ਦਾ ਇਹ ਅਤਿ ਨਿਮਾਣਾ ਤੇ ਨਮ੍ਰ ਸੇਵਕ, ਜਿਸ ਨੇ ਪਿਛਲੇ 60 ਸਾਲਾਂ ਤੋਂ ਜਗਤ–ਗੁਰੂ ਬਾਬੇ ਅਤੇ ਗੁਰਬਾਣੀ ਦੀ ਰੌਸ਼ਨ ਤੇ ਪੁਰ–ਸੋਜ਼ ਗੱਲ ਆਖਣ ਤੇ ਲਿਖਣ ਲਈ ਹਰ ਉਚਿਤ ਤਰਲਾ ਮਾਰਿਆ ਅਤੇ ਹੀਲਾ ਵਰਤਿਆ ਹੈ, ਉਹ ਗੁਰੂ ਖਾਲਸਾ ਪੰਥ ਨੂੰ, 'ਗੁਰੂ ਨਾਨਕ ਨਿਰਮਲ ਪੰਥ' ਵਿਚ ਆਨੇ ਬਹਾਨੇ ਰਲਾ ਪਾਉਣ ਵਾਲਿਆਂ ਤੋਂ ਇਸ ਇੱਕ ਅਤਿ ਢੁਕਵੇਂ ਸ਼ੇਅਰ ਦੁਆਰਾ ਸੁਚੇਤ ਕਰਦਾ ਹੈ, ਮੁਹਤਾਤ ਤੇ ਬੇਦਾਰ ਕਰਦਾ ਹੈ:

'ਲਿਬਾਸਿ ਖਿਜ਼ਰ ਮੇਂ, ਯਾ ਸੈਂਕੜੋਂ ਰਾਹਜ਼ਨ ਭੀ ਫਿਰਤੇ ਹੈਂ,

ਅਗਰ ਦੁਨੀਆ ਮੇਂ ਜੀਨਾ ਹੈ, ਤੋ ਕੁੱਛ ਪਹਿਚਾਨ ਪੈਦਾ ਕਰ।'

ਅਤੇ ਨਾਲ ਹੀ, ਸਤਿਕਾਰਤ ਵਿਪੱਖੀ ਵਿਦਵਾਨਾਂ ਪਾਸੋਂ 'ਕਹੇ ਸੁਣੇ' ਕਿਸੇ

ਅਨਸੁਖਾਵੇਂ ਸ਼ਬਦ ਲਈ, ਇਸ ਮਜ਼ਬੂਰੀ ਸਹਿਤ ਖਿਮਾ ਦੀ ਜਾਚਨਾ ਕਰਦਾ ਹੈ:

ਐ ਮੋਹਰਬਾਨੋ, ਦੋਸਤੋ, ਸ਼ਿਕਵਾ ਨ ਕਰਿਓ ਦਾਸ ਤੇ,

ਮੇਰੀ ਜ਼ੁਬਾ, ਮੇਰਾ ਬਿਆਂ, ਬਾਣੀ ਦਾ ਹੀ ਸਤਿਕਾਰ ਹੈ।

ਮੇਰੀ ਹਾਰਦਿਕ ਅਰਦਾਸ ਹੈ ਕਿ ਵਾਹਿਗੁਰੂ ਜੀ ਸਭ ਨੂੰ, ਸਤਿ ਤੇ ਅਸਤਿ ਦਾ ਨਿਰਣਾ ਕਰਨ ਵਾਲੀ, ਉਹ ਬਿਬੇਕ ਅਥਵਾ ਨਿਰਮਲ ਬੁਧਿ ਪ੍ਰਦਾਨ ਕਰਨ, ਜਿਸ ਲਈ ਮੇਰੇ ਸਿਰਤਾਜ, ਪੰਜਵੇਂ ਸਤਿਗੁਰੂ ਜੀ, ਆਪ, ਇਉਂ ਜੋਦੜੀ ਕਰਨ ਦਾ ਵੱਲ ਦਸਦੇ ਹਨ:

"ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ।" (ਸੋਰਠਿ,ਪੰ 641)

'ਗੁਰੂ ਪੰਥ' ਨੂੰ 'ਨਿਰਮਲ ਤੇ ਨਿਆਰਾ' ਵੇਖਣ ਦਾ ਮੁਸ਼ਤਾਕ:

ਗੁਰੂ ਪੰਥ ਦਾ ਦਾਸਨ ਦਾਸ,

1186/18-ਸੀ, ਚੰਡੀਗੜ੍ਹ। ਹਰਿਭਜਨ ਸਿੰਘ (ਭਾਈ ਸਾਹਿਬ)

## ਅੰਤਿਕਾ (ਹਥਲੇ ਲੇਖ ਦਾ)

ਭਾਈ ਸਾਹਿਬ ਕਾਨ੍ਹ ਸਿੰਘ ਨਾਭਾ ਨੇ 'ਗੁਰਮੱਤ ਮਾਰਤੰਡ' (ਛਾਪਕ ਸ਼੍ਰੋਮਣੀ ਕਮੇਟੀ) ਦੇ ਪੰਨਾ 587 ਤੋਂ 599 ਤੱਕ, 'ਦੇਵੀ ਦੇਵਤਿਆਂ' ਦੀ ਅਸਲੀਅਤ ਤੇ ਮਨੌਤ ਆਦਿ ਬਾਰੇ ਡਾਢਾ ਵਾਕਫੀ-ਭਰਪੂਰ ਅਤੇ ਸੇਧ-ਬਖਸ਼ੂ ਲੇਖ ਲਿਖਿਆ ਹੈ, ਇਸ ਵਿਚੋਂ ਇਸ਼ਾਰੇ ਮਾਤਰ, ਕੁਝ ਕੁ ਪ੍ਰਮਾਣ, ਇਸ ਕਿਤਾਬਚੇ ਵਿਚ ਪਿੱਛੇ ਦਿੱਤੇ ਜਾ ਚੁੱਕੇ ਹਨ। ਪਾਠਕਾਂ ਦੀ ਜਾਣਕਾਰੀ ਲਈ, ਕੁਝ ਹੋਰ ਹਵਾਲੇ ਅੰਤਿਕਾ ਵਜੋਂ ਹੇਠਾਂ ਅੰਕਿਤ ਹਨ।

1 .... ਦੇਵਤਾ ਅਤੇ ਅਸੁਰ ਮਨੁੱਖਾਂ ਅੰਦਰ ਹੀ ਹਨ, ਪਰ ਵੇਦ ਪੁਰਾਣਾਂ ਦੇ ਕਲਪੇ ਹੋਏ ਖਾਸ ਸ਼ਕਲ ਅਤੇ ਗੁਣ ਸੁਭਾਵ ਵਾਲੇ ਦੇਵੀ ਦੇਵਤਾ, ਜੋ ਲੋਕਾ ਨੇ ਮੰਨ ਰੱਖੇ ਹਨ, ਉਨ੍ਹਾਂ ਬਾਬਤ ਅੱਗੇ ਲਿਖੇ ਵਾਕਾਂ ਤੋਂ ਯਥਾਰਥ ਸਮਝਣ ਲਈ ਸਹਾਇਤਾ ਲੈਣੀ ਚਾਹੀਏ:

i) ਸੰਕਰ ਕ੍ਰੋੜਿ ਤੇਤੀਸ ਧਿਆਇਓ, ਨਹੀਂ ਜਾਨਿਓ ਹਰਿ ਮਰਮਾਮ[1]॥

ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ, ਸਭ ਗਾਵਤ ਜੇਤ ਉਪਾਮ॥ (ਬੈਰਾੜੀ, ਮ 4)

ii) ਬੇਦ ਪੜੇ ਪੜਿ ਬ੍ਰਹਮੇ ਹਾਰੇ, ਇਕੁ ਤਿਲ ਨਹੀ ਕੀਮਤਿ ਪਾਈ।

ਸਾਧਿਕ ਸਿਧ ਫਿਰਹਿ ਬਿਲਲਾਤੇ, ਤੇ ਭੀ ਮੋਹੇ ਮਾਈ (ਮਾਇਆ)॥

ਦਸ ਅਉਤਾਰ ਰਾਜੇ ਹੋਇ ਵਰਤੇ, ਮਹਾਦੇਵ ਅਉਧੂਤਾ॥

ਤਿਨ ਭੀ ਅੰਤੁ ਨ ਪਾਇਓ ਤੇਰਾ, ਲਾਇ ਥਕੇ ਬਿਭੂਤਾ॥ (ਮ 5 ਸੂਹੀ)

iii) ਨਾਰਦ ਸਾਰਦ[2] ਸੇਵਕ ਤੇਰੇ॥ ਤ੍ਰਿਭਵਣਿ ਸੇਵਕ ਵਡਹੁ ਵਡੇਰੇ॥

ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ, ਸਭੁ ਤੇਰੋ ਕਾਰਣ ਕੀਨਾ ਹੇ॥(ਮ 1)

(iv) ਠਾਕੁਰੁ ਛੋਡਿ, ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ॥(ਮ 5)

(v) ਸਗਲ ਪਰਾਧ, ਏਕੁ ਗੁਣੁ ਨਾਹੀ, ਠਾਕੁਰ ਛੋਡਹ ਦਾਸ ਭਜਹਾਂ॥(ਮ 5)

(vi) ਜਿਹ ਕੋਟਿ ਇੰਦ੍ਰ ਨਿਰਪਾਰ[3]॥ ਕਈ ਬ੍ਰਹਮ ਬਿਸ਼ਨ ਬਿਚਾਰ॥

ਕਈ ਰਾਮ ਕ੍ਰਿਸ਼ਨ ਰਸੂਲ। ਬਿਨ ਭਗਤਿ ਕੋ ਨ ਕਬੂਲ॥(38)

ਕਈ ਇੰਦਰ ਬਾਰ-ਬੁਹਾਰ[4]॥ ਕਈ ਬੇਦ ਅਉ ਮੁਖ ਚਾਰ॥

ਕਈ ਰੁਦ੍ਰ ਛੁਦ੍ਰ, ਸਰੂਪ॥ ਕਈ ਰਾਮ ਕਿਸ਼ਨ ਅਨੂਪ॥(40)

(ਅਕਾਲ ਉਸਤਤਿ, ਪਾਤਸ਼ਾਹੀ 10)

(vii) ਲਖ ਲਖ ਬ੍ਰਹਮੇ ਵੇਦ ਪੜਿ, ਇੱਕਸ ਅੱਖਰ ਭੇਦ ਨ ਜਾਤਾ।

ਜੋਗ ਧਿਆਨ ਮਹੇਸ਼ ਲਖ, ਰੂਪ, ਨ ਭੇਖ ਪਛਾਤਾ।

ਲਖ ਅਵਤਾਰ ਆਕਾਰ ਕਰ, ਤਿਲ ਵੀਚਾਰ ਨ ਬਿਸ਼ਨ ਪਛਾਤਾ।

ਦਾਤੁ ਲੁਭਾਇ, ਵਿਸਾਰਨਿ ਦਾਤਾ। (ਭਾਈ ਗੁਰਦਾਸ, ਵਾਰ 18)

(ਅਰਥ ਸੰਕੇਤ:- 1 ਭੇਤ, 2 ਵਿਦਿਆ ਦੀ ਦੇਵੀ ਸਰਸਵਤੀ, 3 ਰਾਜਾ, 4 ਬੂਹੇ 'ਤੇ ਝਾੜੂ-ਬਰਦਾਰ)

2 ਅਸਾਡੇ ਅਨੇਕ ਭਾਈਆਂ ਨੇ, ਗੁਰਬਾਣੀ ਦਾ ਸਿਧਾਂਤ ਜਾਣੇ ਬਿਨਾਂ, ਆਪਣੇ ਲੇਖਾਂ ਵਿਚ ਲਿਖ ਦਿੱਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇਵੀ ਦਾ ਪੂਜਨ ਕੀਤਾ ਹੈ, ਜਦ ਆਪ 'ਦੇਵੀ ਦੇਵਤਾ' ਸਰਨਾਮੇ ਹੇਠ (ਪੰਨਾ 587 ਤੋਂ) ਲਿਖੇ ਸਾਰੇ ਮਜ਼ਮੂਨ ਪੜ੍ਹੋਗੇ, ਤਾਂ ਬਿਨਾ ਸੰਸੇ ਮੰਨ ਲਓਗੇ ਕਿ ਦੇਵੀ ਪੂਜਨ ਦੀ ਸਾਰੀ ਕਥਾ ਕਲਪਿਤ ਹੈ, ਪਰ ਆਪ ਨੂੰ ਨਿਰਸੰਦੇਹ ਕਰਨ ਲਈ ਅਸੀਂ ਪ੍ਰਬਲ ਯੁਕਤੀਆਂ ਨਾਲ ਦੇਵੀ ਦੇ ਪੂਜਨ ਦਾ ਖੰਡਨ ਦਿਖਾਉਂਦੇ ਹਾਂ:

ੳ) ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਹੁਕਮ ਦਿੱਤਾ ਹੈ ਕਿ:

ਬਿਨ ਕਰਤਾਰ, ਨ ਕਿਰਤਮ ਮਾਨੋ।। (ਸ਼ਬਦ ਹਜ਼ਾਰੇ)

....ਕੀ ਇਹ ਹੋ ਸਕਦਾ ਹੈ ਕਿ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕੁਛ ਦੇਣ, ਅਤੇ ਆਪ ਉਸ ਦੇ ਵਿਰੁੱਧ ਅਮਲ ਕਰਨ?

ਅ) ਗ੍ਰੰਥ ਕਰਤਾ, ਜਿਸ ਦੇਵਤਾ ਨੂੰ ਪੂਜਦਾ ਹੈ, ਆਪਣੀ ਰਚਨਾ ਦੇ ਆਦਿ ਵਿਚ ਆਪਣੇ ਪੂਜਯ ਦੇਵਤਾ ਦਾ ਮੰਗਲ ਕਰਦਾ ਹੈ; ਬਲਕਿ, ਵਿਦਵਾਨ ਲੋਕ ਗ੍ਰੰਥ ਦਾ ਮੰਗਲਾਚਰਣ ਦੇਖ ਕੇ ਹੀ ਕਵੀ ਦਾ ਇਸ਼ਟ ਸਮਝ ਲੈਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ-

ੴ ਸਤਿ ਗੁਰ ਪ੍ਰਸਾਦਿ ੴ ਵਾਹਿਗੁਰੂ ਜੀ ਕੀ ਫਤਹਿ

ਸ੍ਰੀ ਮੁਖਵਾਕ ਬਾਣੀ ਦੇ ਆਦਿ ਮੰਗਲਾਚਰਣ ਰਖਿਆ ਹੈ। ਫੇਰ, ਕਿਸ ਤਰ੍ਹਾਂ ਖਿਆਲ ਕੀਤਾ ਜਾ ਸਕਦਾ ਹੈ ਕਿ ਦਸਮ ਗੁਰੂ ਜੀ ਦੇਵੀ ਭਗਤ ਸੇ?

ੲ) ਸਿੱਖਾਂ ਵਿਚ ਦਸ ਸਤਿਗੁਰੂ ਇਕ ਰੂਪ ਮੰਨੇ ਗਏ ਹਨ। ਜੋ ਆਸ਼ਯ ਗੁਰੂ ਨਾਨਕ ਦੇਵ ਦਾ ਹੈ, ਉਹੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ

ਸ) ਭਾਈ ਮਨੀ ਸਿੰਘ ਜੀ ਨੇ ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛੱਕਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹੇ। ਉਹ ਭਾਈ ਸਾਹਿਬ 'ਗਿਆਨ ਰਤਨਾਵਲੀ' ਦੇ ਆਦਿ ਵਿਚ ਇਹ ਮੰਗਲਾਚਰਣ ਕਰਦੇ ਹਨ:

'ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸ਼ਿਵਾ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ, ਨੂੰ। ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹੈਨ, ਜਿਸ ਕਰ, ਸਭ ਵਿਘਨ ਨਾਸ ਹੁੰਦੇ ਹਨ: ਤਾਂ ਤੇ ਸਤਿਨਾਮੁ ਦਾ ਮੰਗਲਾਚਾਰ ਆਦਿ ਰਖਿਆ ਹੈ।' (ਗੁ ਮਾਰਤੰਡ, ਪੰਨਾ 597)

# ਅੰਤਿਕਾ

**ਅੰਤਿਕਾ -1**

# ਕਬੀਰ, ਰਾਮ ਕਹਨ ਮਹਿ ਭੇਦੁ ਹੈ

– ਗਿਆਨੀ ਜਗਤਾਰ ਸਿੰਘ 'ਜਾਚਕ'

ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਅਕਾਲ ਪੁਰਖ ਵਾਹਿਗੁਰੂ ਜੀ ਦੇ ਗੁਣ-ਕਰਮਾਂ ਨੂੰ ਪ੍ਰਗਟਾਉਂਦੇ ਅਨੰਤ ਨਾਮ ਵਰਤੇ ਗਏ ਹਨ, ਜਿਨ੍ਹਾਂ ਵਿਚੋਂ 'ਰਾਮ' ਸ਼ਬਦ ਦੀ ਵਰਤੋਂ ਵਧੇਰੇ ਮਿਲਦੀ ਹੈ। ਇਸ ਗੂੜ੍ਹ-ਭੇਦ ਨੂੰ ਸਮਝਣਾ ਤੇ ਸਮਝਾਉਣਾ ਅਤਿ ਲੋੜੀਂਦਾ ਹੈ ਕਿਉਂਕਿ ਚਲ ਰਹੇ ਅਜੋਕੇ ਦੌਰ ਵਿਚ ਦੇਸ਼ ਦੇ ਕੁਝ ਧਾਰਮਿਕ ਤੇ ਰਾਜਨੀਤਕ ਸੁਆਰਥੀ ਆਗੂ ਗੁਰਬਾਣੀ ਵਿਖੇ 'ਰਾਮ' ਸ਼ਬਦ ਦੀ ਵਰਤੋਂ ਨੂੰ ਤਰੇਤੇ ਜੁਗ ਦੇ ਅਵਤਾਰ ਸ੍ਰੀ ਰਾਮ ਚੰਦਰ ਦੀ ਉਪਾਸ਼ਨਾ ਤੇ ਪ੍ਰਸ਼ੰਸਾ ਦੱਸ ਕੇ ਜਨ-ਸਾਧਾਰਨ ਲੋਕਾਂ ਨੂੰ ਗੁਮਰਾਹ ਕਰਦਿਆਂ, ਆਪਣਾ ਲਾਭ ਪ੍ਰਾਪਤ ਕਰਨ ਦੇ ਯਤਨਾਂ ਵਿਚ ਹਨ।

ਗੁਰਬਾਣੀ ਵਿਚ ਬਹੁਤ ਨਾਮ ਐਸੇ ਆਉਂਦੇ ਹਨ ਜੋ ਅਨੇਕ ਅਰਥ ਰੱਖਦੇ ਹਨ। ਜਿਵੇਂ 'ਗੋਰਖ' ਪਦ ਦਾ ਅਰਥ ਹੇਠ ਲਿਖੀਆਂ ਪੰਕਤੀਆਂ ਵਿਚ ਤਰਤੀਬ-ਵਾਰ ਜੋਗੀ ਵਿਸ਼ੇਸ਼-1, ਵਿਸ਼ਨੂ 2 ਅਤੇ ਪਰਮੇਸ਼ਰ -3 ਹੈ।

1-ਗੋਰਖ ਪੂਤੁ ਲੋਹਾਰੀਪਾ ਬੋਲੈ 939)

2- ਗੁਰੁ ਈਸਰੁ, ਗੁਰੁ ਗੋਰਖੁ ਬਰਮਾ,,, (ਪੰਨਾ -2)

3-ਗੋਰਖੁ ਸੋ ਜਿਨਿ ਗੋਇ ਉਠਾਲੀ 877)

ਅਥਵਾ

– ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥ (ਪੰਨਾ – 992)

ਗੁਰਬਾਣੀ ਵਿਚ ਹੀ ਐਸਾ ਨਹੀਂ ਸਗੋਂ ਸੰਸਕ੍ਰਿਤ ਗ੍ਰੰਥਾਂ ਵਿਚ ਭੀ ਅਜਿਹਾ ਮਿਲਦਾ ਹੈ, ਜਿਥੇ ਇਕ ਸ਼ਬਦ ਦੀ ਕਈ ਅਰਥਾਂ ਵਿਚ ਵਰਤੋਂ ਮਿਲਦੀ ਹੈ, ਜਿਵੇਂ ਅਸੁਰ ਦਾ ਅਰਥ ਹੈ-ਸੂਰਜ ਅਤੇ ਰਾਖਸ਼ ਦਾ ਅਰਥ ਬ੍ਰਹਮਾਂ, ਬਿਸ਼ਨ, ਸ਼ਿਵ, ਬੱਕਰਾ, ਬਦਲ। ਸ਼ਿਵਾ ਦਾ ਅਰਥ ਹੈ, ਦੇਵੀ, ਧਰਮ-ਸ਼ਕਤੀ, ਗਿੱਦੜੀ। ਇਸ ਤਰ੍ਹਾਂ ਸੰਸਾਰ ਦੀਆਂ ਅਨੇਕ ਭਾਸ਼ਾਵਾਂ ਇਕ ਸ਼ਬਦ ਦੇ ਭਿੰਨ-ਭਿੰਨ ਅਰਥ ਰੱਖਦੀਆਂ ਹਨ, ਜਿਨ੍ਹਾਂ ਨੂੰ ਵਿਦਵਾਨ ਪੁਰਸ਼ ਪ੍ਰਕਰਣ ਅਨੁਸਾਰ ਯਥਾਰਥ ਅਰਥ ਵਿਚ ਵਰਤਦੇ ਹਨ।

ਜਿਸ ਮਨੁੱਖ ਨੇ ਆਪਣੇ ਇਸ਼ਟ ਦਾ ਜੋ ਨਾਮ ਕਲਪਿਆ ਹੈ, ਉਸ ਦਾ ਉਹੀ ਅਰਥ ਰਹੇ, ਇਹ ਨਿਯਮ ਨਹੀ। ਵਿਦਵਾਨਾਂ ਅਤੇ ਉਪਾਸ਼ਕਾਂ ਦੇ ਮਤ ਅਤੇ ਨਿਸ਼ਚੇ ਮੁਤਾਬਿਕ ਅਰਥਾਂ ਵਿਚ ਭੇਦ ਹੁੰਦਾ ਹੈ, ਜਿਵੇਂ ਮਨੂੰ ਦੁਆਰਾ ਰਚਿਤ ਸਿਮ੍ਰਤੀ ਦੇ ਪਹਿਲੇ ਅਧਿਆਇ ਦੇ 10 ਵੇਂ ਸਲੋਕ ਵਿਚ ਨਾਰਾਇਣ ਦਾ ਅਰਥ ਕੀਤਾ ਗਿਆ

ਹੈ-(ਨਾਰ) ਜਿਸ ਦਾ ਜਲ ਵਿਚ ਨਿਵਾਸ ਹੋਵੇ, ਉਹ ਨਾਰਾਇਣ, ਪਰ ਗੁਰੂ ਸਾਹਿਬਾਂ ਨੇ ਲਿਖਿਆ ਜਿਸ ਦਾ ਜਲ ਵਿਚ ਨਿਵਾਸ ਹੋਵੇ, ਉਹ ਨਾਰਾਇਣ, ਪਰ ਗੁਰੂ ਸਾਹਿਬਾਂ ਨੇ ਲਿਖਿਆ ਹੈ:

ਨਾਰਾਇਣ (-ਪ੍ਰਭੂ) ਸਭ ਮਾਹਿ ਨਿਵਾਸ।। (ਪੰਨਾ-868)

ਅਰਬੀ ਵਿਚ ਮੌਲਾ (ਮਉਲਾ) ਦਾ ਅਰਥ ਹੈ-ਮੁਕਤਿ ਦਾਤਾ ਅਤੇ ਆਜ਼ਾਦ ਕਰਨ ਵਾਲਾ, ਪਰ ਸਤਿਗੁਰਾਂ ਨੇ ਮੌਲਣਾ ਧਾਤੂ ਤੋਂ ਬਣਿਆ ਪੰਜਾਬੀ ਸ਼ਬਦ ਕਥਨ ਕੀਤਾ ਹੈ-

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ।। (ਪੰਨਾ -24)

ਸੋ ਇਸ ਲਈ ਜ਼ਰੂਰੀ ਨਹੀਂ ਕਿ ਜਿਥੇ ਕਿਤੇ 'ਰਾਮ' ਪਦ ਵਰਤਿਆ ਜਾਵੇ, ਉਸ ਦਾ ਅਰਥ ਸ੍ਰੀ ਰਾਮ ਚੰਦਰ ਹੋਵੇ। 'ਰਾਮ' ਸ਼ਬਦ ਧਾਰਮਿਕ ਦੁਨੀਆਂ ਵਿਚ ਆਦਿ ਕਾਲ ਤੋਂ ਹੀ ਪ੍ਰਚੱਲਤ ਰਿਹਾ ਹੈ। ਜਿਸ ਕਰਕੇ ਲੋਕਾਂ ਨੂੰ ਉਪਦੇਸ਼ ਦਿੰਦਿਆਂ ਗੁਰੂ ਸਾਹਿਬਾਂ ਇਸ ਦੀ ਵਰਤੋਂ ਵਧੇਰੇ ਕੀਤੀ ਹੈ। ਕਈ ਵਾਰ ਪਦ ਅਰਥ ਛੱਡ ਕੇ ਸਾਧਾਰਨ ਰੀਤੀ ਨਾਲ ਆਮ ਲੋਕਾਂ ਦੇ ਮਨ ਚੜ੍ਹੇ ਹੋਏ ਨਾਮ ਆਪਣੇ ਇਸ਼ਟ ਲਈ ਕਹੇ ਅਤੇ ਲਿਖੇ ਜਾਂਦੇ ਹਨ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਿਆਸੂ-ਜਨ ਦੀ ਗੁਰੂ ਪ੍ਰਤੀ ਮਿਲਾਪ ਦੀ ਤੜਪ ਨੂੰ ਪ੍ਰਗਟਾਉਂਦੀਆਂ ਸਤਿਗੁਰੂ ਨੂੰ 'ਮੁਰਾਰੀ' ਤੇ 'ਸਾਰਿੰਗਪਾਣੀ' ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਗੁਰਦੇਵ ਦੇ ਮੁਬਾਰਕ ਬਚਨ ਹਨ:

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥

ਚਿਰੁ ਹੋਆ ਦੇਖੇ ਸਾਰਿੰਗਪਾਣੀ।।

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥ (ਪੰਨਾ-96)

ਇਸੇ ਤਰ੍ਹਾਂ 'ਰਾਮ', 'ਰਘੁਨਾਥ' ਅਤੇ 'ਗੋਪਾਲ' ਸ਼ਬਦ ਅਕਾਲ-ਬੋਧਕ ਆਏ ਹਨ। ਪਾਵਨ ਪੰਕਤੀਆਂ ਹਨ-

ੳ) ਪ੍ਰਲਾਦ ਕਹੈ ਸੁਨਹੁ ਮੇਰੀ ਮਾਇ॥

ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥ (ਪੰਨਾ -1133)

ਅ) ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ॥ (ਪੰਨਾ-1133)

ੲ) ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ॥(ਪੰਨਾ-1194)

ਹੁਣ ਜੇਕਰ ਉਪਰੋਕਤ ਪੰਕਤੀਆਂ ਵਿਚ ਪਰਕਰਣ ਨੂੰ ਪਾਸੇ ਰੱਖ ਕੇ ਪਦ ਅਰਥ ਦਸ਼ਰਥੀ ਰਾਮ ਅਤੇ ਯਸੁਧਾਸੁਤ ਕ੍ਰਿਸ਼ਨ ਕੀਤੇ ਜਾਣ ਤਾਂ ਇਹ ਇਤਿਹਾਸ ਦੇ ਵਿਪਰੀਤ ਹੈ ਕਿਉਂਕਿ ਪ੍ਰਲਾਦ ਦੀ ਰੱਖਿਆ ਵੇਲੇ ਰਾਮ, ਕ੍ਰਿਸ਼ਨ ਪੈਦਾ ਵੀ ਨਹੀਂ ਸਨ ਹੋਏ।

ਨੌਵੇ ਪਾਤਸ਼ਾਹ ਦੇ ਸਲੋਕਾਂ ਵਿੱਚ 'ਟੇਕ ਏਕ ਰਘੁਨਾਥ' ਦਾ ਅਰਥ ਵੀ ਵਾਹਿਗੁਰੂ ਹੈ, ਦਸ਼ਰਥ-ਪੁੱਤਰ 'ਰਾਮ' ਨਹੀਂ, ਕਿਉਂਕਿ, 'ਰਾਮ ਗਇਓ ਰਾਵਨ ਗਇਓ' ਬਚਨਾਂ ਅਨੁਸਾਰ ਸਰੀਰਧਾਰੀ ਰਾਮ ਬਿਨਸਨਹਾਰ ਹੈ ਜੋ ਸਤਿਗੁਰੂ ਦਾ ਇਸ਼ਟ ਨਹੀਂ ਹੋ ਸਕਦਾ।

ਗੁਰੂ ਸਾਹਿਬਾਂ ਅਵਿਨਾਸ਼ੀ ਦਾ ਨਾਉਂ 'ਰਾਮ' ਲਿਖਿਆ ਹੈ:

ਸਾਧੋ ਇਹੁ ਤਨੁ ਮਿਥਿਆ ਜਾਨਉ।।

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ।। (ਪੰਨਾ-1186)

ਗੁਰਬਾਣੀ ਵਿਖੇ ਜਦੋਂ ਵੀ 'ਰਾਮ' ਨਾਮ ਦਾ ਜਾਪ, ਚਿੰਤਨ ਤੇ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਜਾਂ ਪੂਜਾ ਕਰਨ ਲਈ ਕਿਹਾ, ਉਥੇ ਇਹ ਪਦ ਸਰਬ-ਵਿਆਪੀ ਵਾਹਿਗੁਰੂ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਰਾਗ ਸਾਰੰਗ ਵਿਚ ਬੜੇ ਪਿਆਰ ਨਾਲ ਸਾਨੂੰ ਭਈਆ ਆਖ ਕੇ ਨਾਮ ਜਪਣ ਦਾ ਉਪਦੇਸ਼ ਦਿੰਦੇ ਹੋਏ 'ਰਾਮ' ਨਾਮ ਦਾ ਅਰਥ ਵੀ ਸਪੱਸ਼ਟ ਕਰ ਦਿੰਦੇ ਹਨ। ਗੁਰਵਾਕ ਹੈ:

ਜਪਿ ਮਨ ਸਿਰੀ ਰਾਮੁ॥ ਰਾਮ ਰਮਤ ਰਾਮੁ॥

ਸਤਿ ਸਤਿ ਰਾਮੁ॥ ਬੋਲਹੁ ਭਈਆ ਸਦ ਰਾਮ ਰਾਮੁ ਰਾਮੁ

ਰਵਿ ਰਹਿਆ ਸਰਬਗੇ॥ 1॥ ਰਹਾਉ॥ (ਪੰਨਾ-1202)

ਪੰਚਮ ਗੁਰਦੇਵ ਜੀ ਦੇ ਹੇਠ ਲਿਖੇ ਬਚਨ ਤਾਂ ਕੋਈ ਭੁਲੇਖਾ ਹੀ ਨਹੀਂ ਰਹਿਣ ਦਿੰਦੇ-

ਰਮਤ ਰਾਮੁ ਸਭ ਰਹਿਓ ਸਮਾਇ॥1॥ (ਪੰਨਾ-865)

ਅਥਵਾ

ਰਮਤ ਰਾਮ ਘਟ ਘਟ ਆਧਾਰ॥(ਪੰਨਾ-897)

'ਰਾਮ' ਨਾਮ ਗੁਰੂ ਸਾਹਿਬਾਂ ਜਾਂ ਭਗਤ ਜਨਾਂ ਜਦੋਂ ਵੀ ਰਾਜਾ ਦਸ਼ਰਥ ਦੇ ਬੇਟੇ ਸ੍ਰੀ ਰਾਮਚੰਦਰ ਦੇ ਅਰਥਾਂ ਵਿਚ ਵਰਤਿਆ ਹੈ, ਉਥੇ ਉਨ੍ਹਾਂ ਦੀ ਦੀਨ-ਦਸ਼ਾ ਦਾ ਹੀ ਵਰਣਨ ਕੀਤਾ ਹੈ, ਕੋਈ ਪ੍ਰਸ਼ੰਸ਼ਾ ਜਾਂ ਪੂਜਾ ਕਰਨ ਦੀ ਪ੍ਰੇਰਨਾ ਨਹੀਂ ਕੀਤੀ ਕਿਉਂਕਿ ਗੁਰਮਤਿ ਨਾਮ ਅਭਿਆਸ ਤੇ ਉਪਾਸਨਾ ਇਸ ਸਿਧਾਂਤ 'ਤੇ ਖੜੀ ਹੈ-

ਜੈਸਾ ਸੇਵੈ ਤੈਸੋ ਹੋਇ॥ (ਪੰਨਾ-223)

ਪਰ ਜੋ ਹਸਤੀ ਸੰਕਟ ਵਿਚ ਝੂਰਦੀ, ਅਸਮਰੱਥਾ ਪ੍ਰਗਟਾਉਂਦੀ, ਸਹਾਇਤਾ ਲਈ ਦੂਜੇ ਨੂੰ ਪੁਕਾਰਦੀ, ਮੋਹਾਤੁਰ ਹੋਈ ਵਿਆਕੁਲ ਹੁੰਦੀ ਰੋ-ਕੁਰਲਾ ਰਹੀ ਹੋਵੇ, ਉਸ ਦੀ ਉਪਾਸ਼ਨਾ; ਉਪਾਸ਼ਕ ਨੂੰ ਅਡੋਲਤਾ, ਨਿਰਭੈਤਾ ਤੇ ਸਦੀਵੀ-ਵਿਗਾਸ ਬਖਸ਼ਦੀ, ਸੰਕਟ-ਰਹਿਤ ਅਵਸਥਾ ਅਥਵਾ ਪਰਮ-ਪਦ ਕਿਵੇਂ ਪ੍ਰਦਾਨ ਕਰ ਸਕਦੀ ਹੈ? ਸਲੋਕ ਵਾਰਾਂ ਤੇ ਵਧੀਕ ਸਿਰਲੇਖ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦੋ ਸਲੋਕ, ਜੋ ਅੱਗੇ ਲਿਖੇ ਜਾ ਰਹੇ ਹਨ, ਸ੍ਰੀ ਰਾਮਚੰਦਰ ਦੀ ਜ਼ਿੰਦਗੀ ਵਿਚ ਉਪਰੋਕਤ ਸਧਾਰਨ ਮਨੁੱਖੀ ਕਮਜ਼ੋਰੀਆਂ ਦੇ ਦਰਸ਼ਨ ਕਰਾਉਂਦੇ ਹੋਏ ਦਸਦੇ ਹਨ ਕਿ ਉਹ ਕਰਤਾ ਪੁਰਖ ਵਾਹਿਗੁਰੂ ਦੀ ਬਰਾਬਰੀ ਨਹੀਂ ਕਰ ਸਕਦੇ ਕਿਉਂਕਿ ਕਰਤਾਰ ਸਭ ਕੁਝ ਕਰਨ ਦੀ ਸਮਰੱਥਾ ਵਾਲਾ ਹੈ, ਉਸ ਨੂੰ ਝੂਰਨ ਦੀ ਲੋੜ ਨਹੀਂ:

ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥

ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥

ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥

ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥(25)

ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਨ ਜੋਗੁ॥

ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ॥

ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ॥

ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ॥26॥(ਪੰਨਾ-1412)

ਦੂਜੇ ਸਲੋਕ ਦੇ ਅਰਥ ਅਖੀਰਲੀ ਪੰਗਤੀ ਤੋਂ ਆਰੰਭ ਹੁੰਦੇ ਹਨ ਕਿ ਉਹ ਪਰਮਾਤਮਾ ਤਾਂ ਬੇ-ਮੁਥਾਜ ਹੈ। ਸ੍ਰੀ ਰਾਮਚੰਦਰ ਉਸ ਪਰਮੇਸ਼ਰ ਦੀ ਸਮਤਾ ਨਹੀਂ ਕਰ ਸਕਦਾ ਕਿਉਂਕਿ ਉਸ ਪਾਸੋਂ ਕਿਰਤ ਨਹੀਂ ਮਿਟ ਸਕੀ। ਵੇਖੋ ਸ੍ਰੀ ਰਾਮਚੰਦਰ ਆਪਣੇ ਮਨ ਵਿਚ ਸੀਤਾ ਜੀ ਦੀ ਖਾਤਰ ਦੁਖੀ ਹੋਇਆ। ਜਦੋਂ ਰਣਭੂਮੀ ਵਿਚ ਲਛਮਣ ਬਰਛੀ ਨਾਲ ਮੁਰਛਿਤ ਹੋ ਗਿਆ ਤਦੋਂ ਸ੍ਰੀ ਰਾਮਚੰਦਰ ਨੇ ਹਨੂੰਮਾਨ ਨੂੰ ਯਾਦ ਕੀਤਾ, ਜੋ ਪਰਮਾਤਮਾ ਵੱਲੋ ਬਣੇ ਸੰਜੋਗ ਦੇ ਕਾਰਨ ਸੀ ਰਾਮਚੰਦਰ ਦੀ ਸ਼ਰਨ ਆਇਆ ਸੀ। ਮੂਰਖ ਰਾਵਣ ਵੀ, ਇਹ ਗੱਲ ਨਾ ਸਮਝਿਆ ਕਿ ਇਹ ਸਾਰੇ ਕੰਮ ਪਰਮਾਤਮਾ ਨੇ ਆਪ ਹੀ ਕੀਤੇ ਸਨ।

ਭਗਤ ਤ੍ਰਿਲੋਚਨ ਜੀ ਲਿਖਦੇ ਹਨ ਕਿ ਪਿਛਲਾ ਕੀਤਾ ਕੋਈ ਵੀ ਕਰਮ (ਅਵਤਾਰ-ਪੂਜਾ, ਤੀਰਥ, ਇਸ਼ਨਾਨ ਆਦਿਕ ਦੀ ਰਾਹੀਂ) ਮਿਟਦਾ ਨਹੀਂ ਹੈ, ਇਸ ਲਈ ਮੈਂ ਤਾਂ ਰਮਤ ਰਾਮ ਵਾਹਿਗੁਰੂ ਦਾ ਨਾਮ ਜਪਦਾ ਹਾਂ:

ਪੂਰਬਲੇ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥ ਬਦਤਿ ਤ੍ਰਿਲੋਚਨ ਰਾਮ ਜੀ॥ (ਪੰਨਾ 695)

ਕਿਉਂਕਿ ਸਰੀਰਧਾਰੀ ਸ੍ਰੀ ਰਾਮਚੰਦਰ ਦਾ ਅਤਿ ਨਿਕਟਵਰਤੀ ਸੇਵਕ, ਜਿਸ ਨੂੰ ਪਿਛਲੇ ਕਰਮ ਦੇ ਕਾਰਨ ਹਿਕ ਨਿੱਕੀ ਜਿਹੀ ਕੱਛ ਹੀ ਪਹਿਨਣ ਨੂੰ ਸਾਰੀ ਉਮਰ ਪ੍ਰਾਪਤ ਰਹੀ, ਤਨ ਤੋਂ ਨਗਨ ਹੀ ਰਹੇ, ਜਿਨ੍ਹਾਂ ਸ੍ਰੀ ਰਾਮਚੰਦਰ ਦੀ ਖਾਤਰ ਲੰਕਾ ਦਾ ਕਿਲ੍ਹਾ ਸਾੜਿਆ, ਰਾਵਣ ਦਾ ਬਾਗ ਉਜਾੜਿਆ ਅਤੇ ਸੰਜੀਵਨੀ ਬੂਟੀ ਲਿਆ ਕੇ ਰਾਮਚੰਦਰ ਨੂੰ ਪ੍ਰਸੰਨ ਕੀਤਾ। ਭਗਤ ਤ੍ਰਿਲੋਚਨ ਜੀ ਕਹਿੰਦੇ ਹਨ ਕਿ ਜੇ ਸ੍ਰੀ ਰਾਮਚੰਦਰ ਹਨੂੰਮਾਨ ਦੇ ਕਿਰਤ ਕਰਮ ਨੂੰ ਮਿਟਾ ਨਹੀਂ ਸਕੇ ਤਾਂ ਕਿਸੇ ਹੋਰ ਵੱਲੋ ਉਨ੍ਹਾਂ ਦੀ ਪੂਜਾ ਕਰਕੇ ਕੀ ਆਸ ਰੱਖੀ ਜਾ ਸਕਦੀ ਹੈ, ਹਨੂੰਮਾਨ ਤੋਂ ਵੱਧ ਤਾਂ ਸ੍ਰੀ ਰਾਮਚੰਦਰ ਨੂੰ ਕੋਈ ਪ੍ਰਸੰਨ ਨਹੀਂ ਸੀ ਕਰ ਸਕਦਾ। ਭਗਤ ਜੀ ਦੇ ਇਸ ਭਾਵ ਨੂੰ ਪ੍ਰਗਟਾਉਂਦੇ ਬਚਨ ਹਨ:

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ

ਸਲਿ ਬਿਸਲਿ ਆਣਿ ਤੋਖੀਲੈ ਹਰੀ।।

ਕਰਮ ਕਰਿ ਕਛਉਟੀ ਮਫੀਟਸਿ ਰੀ॥ (ਪੰਨਾ-695)

ਭਗਤ ਨਾਮਦੇਵ ਜੀ ਇਕ ਪਾਂਡੇ ਨੂੰ ਸੰਬੋਧਨ ਕਰਦੇ, ਅਵਤਾਰ ਪੂਜਾ ਤੋਂ ਹੋੜਦੇ ਲਿਖਦੇ ਹਨ:

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥

ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥3॥(ਪੰਨਾ-875)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:

ਰੋਵੈ ਰਾਮੁ ਨਿਕਾਲਾ ਭਇਆ॥

ਸੀਤਾ ਲਖਮਣੁ ਵਿਛੁੜਿ ਗਇਆ॥ (ਪੰਨਾ -953)

ਇਸੇ ਲਈ ਕਬੀਰ ਸਾਹਿਬ ਨੇ ਵਿਸ਼ੇਸ਼ ਤੌਰ 'ਤੇ ਲਿਖਿਆ ਕਿ ਬ੍ਰਾਹਮਣ ਜਨੇਊ ਦੀ ਰਸਮ ਕਰਨ ਉਪਰੰਤ ਰਾਮ ਦੀ ਪੂਜਾ-ਪਾਠ ਦਾ ਉਪਦੇਸ਼ ਦਿੰਦਾ ਹੈ ਪਰ ਰਾਮ-ਰਾਮ ਆਖਣ ਵਿਚ ਫ਼ਰਕ ਪੈ ਜਾਂਦਾ ਹੈ। ਇਸ ਵਿਚ ਭੀ ਇਕ ਗੱਲ ਸਮਝਣ ਵਾਲੀ ਹੈ। ਇਹ ਹੈ ਸਰਬ-ਵਿਆਪੀ ਰਾਮ, ਇਸ ਦਾ ਸਿਮਰਨ ਕਰਨਾ ਮਨੁੱਖ ਮਾਤਰ ਦਾ ਫਰਜ਼ ਹੈ ਪਰ ਇਹੀ ਰਾਮ-ਨਾਮ ਰਾਸਧਾਰੀਏ ਭੀ ਰਾਸਾਂ ਵਿਚ ਸਵਾਂਗ ਬਣਾ ਕੇ ਲੈਂਦੇ ਹਨ ਜੋ ਅਵਤਾਰੀ ਰਾਮ ਹੈ ਤੇ ਰਾਜਾ ਦਸ਼ਰਥ ਦਾ ਪੁੱਤਰ ਹੈ। ਪਾਵਨ ਸਲੋਕ ਹੈ:

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰ।।

ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ।।(ਪੰਨਾ-1374)

ਸੋ ਉਸ ਰਾਮ ਦਾ ਨਾਮ ਜਪਣ ਲਈ ਪ੍ਰੇਰਦੇ ਹਨ ਜਿਹੜਾ ਸਾਰੇ ਜੀਵਾਂ ਵਿਚ ਵਿਆਪਕ ਹੈ; ਦਸ਼ਰਥ ਦੇ ਪੁੱਤਰ, ਸਰੀਰਧਾਰੀ ਰਾਮ ਦਾ ਨਾਮ ਨਹੀਂ ਕਿਉਂਕਿ ਉਸ ਦਾ ਜਾਪ ਤੇ ਪੂਜਾ ਮਨੁੱਖ ਨੂੰ ਪਰਮ-ਪਦ ਪ੍ਰਦਾਨ ਨਹੀਂ ਕਰ ਸਕਦੀ:

ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ।।

ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ।।(ਪੰਨਾ-1374)

(ਗੁਰਮਤਿ ਪ੍ਰਕਾਸ਼ ਤੋਂ ਧੰਨਵਾਦ ਸਹਿਤ)

(ਨੋਟ :- ਇਸ ਲੇਖਕ ਨੂੰ ਮਾਨ ਹੈ ਕਿ ਜਾਚਕ ਜੀ ਨੇ ਦੋ ਸਾਲ ਸ਼ਹੀਦ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਗੁਜ਼ਾਰੇ ਤੇ ਕਲਾਸ ਸਦਾ ਦਰਜ਼ੇ ਉਤੇ ਰਹੇ। ਫੇਰ ਪਹਿਲਾਂ ਪੰਜ ਸਾਲ ਸੈਕਟਰ 19 ਦੇ ਗੁਰਦੁਆਰੇ ਤੇ 4-6 ਸਾਲ ਸਬਜ਼ੀ ਮੰਡੀ ਗੁਰਦੁਆਰੇ ਲੁਧਿਆਣਾ ਬਤੌਰ ਹੈਡ ਗ੍ਰੰਥੀ ਸਫਲ ਸੇਵਾ ਨਿਭਾਈ। ਆਪ ਜੀ ਦੇ ਯੋਗ ਤੇ ਸੁੱਚੇ ਚਾਲਣ ਨੂੰ ਵੇਖ ਕੇ ਗੁਰਦੁਆਰਾ ਬੰਗਲਾ ਸਾਹਿਬ ਤੇ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਸੇਵਾ ਬਖ਼ਸ਼ੀ ਗਈ। ਉਹ 6 ਕੁ ਮਹੀਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਗ੍ਰੰਥੀ ਵੀ ਰਹੇ, ਪਰ ਓਥੋਂ ਨਵੀਂ ਚਲਾਈ ਮਰਯਾਦਾ ਤੋਂ ਨਿਰਾਸ ਹੋ ਕੇ ਅਸਤੀਫ਼ਾ ਦੇ ਗਏ ਤੇ ਸੁਤੰਤਰ ਵਿਚਰ ਕੇ ਸੇਵਾ ਕਰਨ ਦਾ ਮਨ ਬਣਾਇਆ। ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਨੇ ਆਪ ਨੂੰ 'ਆਨਰੇਰੀ ਇੰਟਰਨੈਸ਼ਨਲ ਸਿਖ ਮਿਸ਼ਨਰੀ' ਨਿਯਤ ਕੀਤਾ, ਜੋ ਸੇਵਾ ਉਹ ਅਤਿਯੋਗਤਾ ਨਾਲ ਨਿਭਾ ਰਹੇ ਹਨ।)

**ਅੰਤਿਕਾ - 2**

## ਸਚੁ ਸੁਣਾਇਸੀ ਸਚ ਕੀ ਬੇਲਾ

ਹਥਲੀ ਪੁਸਤਕ ਵਿਚ ਸਾਰਾ ਬਲ ਇਸ ਸੱਚ ਦੀ ਲੱਖਤਾ ਉਪਰ ਦਿੱਤਾ ਗਿਆ ਹੈ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਤਿਗੁਰਾਂ ਵਲੋਂ ਚਲਾਇਆ ਪੰਥ, ਹੋਰ ਮਤਾਂ ਨਾਲੋਂ ਨਿਰਾਲਾ ਵੀ ਹੈ, ਅਤੇ ਵਹਿਮ, ਪਾਖੰਡ, ਕਰਮਕਾਂਡ ਤੇ ਕਾਲਪਨਿਕ, ਮਿਥ, ਪੌਰਾਣਿਕ ਹਸਤੀਆਂ ਦੀ ਹੋਂਦ ਮੰਨਣ ਤੇ ਪੂਜਣ ਤੋਂ ਨਿਰਮਲ ਹੈ, ਆਕੀ ਹੈ। ਇਹ ਇਕ ਤੇ ਕੇਵਲ ਇਕ ਅਕਾਲ ਦੀ ਪੂਜਾ, ਭਗਤੀ ਉਤੇ ਜ਼ੋਰ ਦਿੰਦਾ ਹੈ: ਅਤੇ ਉਸੇ ਨੂੰ ਸਭ ਰਚਨਾ, ਕਾਇਨਾਤ ਦਾ ਕਰਤਾ, ਧਰਤਾ ਤੇ ਹਰਤਾ ਪ੍ਰਵਾਨਦਾ ਹੈ। ਇਸ ਨੂੰ ਆਦਿ ਸਤਿਗੁਰੂ ਜੀ ਸੱਚ-ਧਰਮ ਦੀ ਸੰਗਿਆ ਦਿੱਤੀ ਹੈ, ਅਤੇ ਉਹਨਾਂ ਦੀ ਪੰਜਵੀਂ ਜੋਤ 'ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਧਰਮ ਦੀ। ਪ੍ਰਮਾਣ ਹਾਜ਼ਰ ਹਨ:-

1) ਏਕੋ ਧਰਮੁ ਦ੍ਰਿੜੈ ਸਚੁ ਕੋਈ।।

ਗੁਰਮਤਿ ਪੂਰਾ ਜੁਗਿ ਜੁਗਿ ਸੋਈ।। (ਮ 1, ਪੰਨਾ 1188)

2) ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਾਰੀ,

ਇਕ ਨਾਮ ਧਰਮ।। (ਮ: 5 ਪੰਨਾ 1387)

ਸਤਿਗੁਰੂਆਂ ਦੀ ਪਾਵਨ ਤੇ ਅਨੁਭਵੀ ਦ੍ਰਿਸ਼ਟੀ ਵਿਚ ਕੁਲ ਮਖਲੂਕ ਦਾ ਧਰਮ, ਹਵਾ, ਪਾਣੀ, ਅਗਨੀ ਦੇ ਸੁਭਾ ਅਨੁਸਾਰ, ਇਕ ਹੀ ਹੋ ਸਕਦਾ ਹੈ, ਅਤੇ ਉਹ ਹੈ; 'ਨਾਮ ਅਥਵਾ ਮਨ, ਬਚਨ ਕਰਕੇ ਤਥਾ ਰਿਦਿਓਂ ਸੱਚੇ ਹੋਣਾ।' ਹਾਂ, ਸੰਪ੍ਰਦਾਵਾਂ (ਮਤਾਂ) ਦੀ ਕੁਲ ਗਿਣਤੀ 300 ਮੰਨੀ ਗਈ ਹੈ, ਅਤੇ ਉਪ-ਸੰਪ੍ਰਦਾਵਾਂ ਦੀ ਤਿੰਨ ਹਜ਼ਾਰ। ਇਸ ਲਈ ਗੁਰੂ ਦੇ ਨਿਰਮਲ ਪੰਥ ਅਤੇ ਪ੍ਰੇਮਾ-ਭਗਤੀ ਦੇ 'ਗਾਡੀ ਰਾਹ' ਤੇ ਤੁਰਨ ਵਾਲਾ ਨਾ ਹਿੰਦੂ ਹੈ, ਨਾ ਈਸਾਈ ਹੈ, ਨਾ ਮੁਸਲਮਾਨ ਅਥਵਾ ਹੋਰ ਕਿਸੇ ਮੱਤ ਦਾ ਧਾਰਨੀ। ਉਹ 'ਖਾਲਸਾ' ਹੈ। ਸਾਰਿਆਂ ਨਾਲੋਂ ਵਧੀਕ ਹਿੰਦੂ ਵੀਰ ਹੀ, ਸਿੱਖਾਂ ਨੂੰ ਹਿੰਦੂ ਹੋਣ ਉਤੇ ਵਧੇਰੇ ਜ਼ਿਦ ਕਰਦੇ ਤੇ ਗਲਤ ਬਿਆਨੀਆਂ ਦੇ ਦਾਉ-ਪੇਚ ਖੇਡਦੇ ਹਨ, ਜਦ ਕਿ ਆਰਿਯਾ ਤੇ ਸਨਾਤਨੀ ਵੀ ਵਖਰੇ-ਵਖਰੇ ਸਿਧਾਂਤਾਂ ਦੇ ਧਾਰਨੀ ਹਨ, ਜੇ ਇਕ ਬੁਤ-ਪੂਜ ਹੈ ਤਾਂ ਦੂਸਰਾ ਵੇਦਕ ਧਰਮ ਦਾ ਪੈਰੋਕਾਰ ਤੇ ਬੁੱਤ-ਪੂਜਾ ਦਾ ਵਿਰੋਧੀ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ 'ਨਾਭਾ' ਨੇ ਆਪਣੀ ਛੋਟੀ ਜਿਹੀ ਪੁਸਤਕ ਵਿਚ, ਪ੍ਰਸ਼ਨ ਕਰਤਾ ਹਿੰਦੂ ਵੀਰ ਨੂੰ ਉੱਤਰ ਦੇਂਦਿਆਂ ਹਿੰਦੂ ਮੱਤ ਦੀਆਂ ਮਨੌਤਾਂ ਆਦਿ ਦਾ ਇਉਂ ਜ਼ਿਕਰ ਕੀਤਾ ਹੈ:-

1) ਦੇਵੀ ਦੇਵਤੋਂ ਕੀ ਪੂਜਾ ਕਰਨੀ।

2) ਅਵਤਾਰੋਂ ਕੋ ਈਸਰ ਰੂਪ ਮਾਨ ਕਰ ਉਨ ਮੇਂ ਪੂਰਣ ਭਗਤੀ ਰਖਨੀ।

3) ਵਰਣ (ਜਾਤ-ਪਾਤ) ਔਰ ਆਸ਼੍ਰਮ ਕੀ ਰੀਤੀ ਕੋ ਧਰਮ-ਸ਼ਾਸਤ੍ਰ ਅਨੁਸਾਰ ਕਾਯਮ ਰਖਣਾ।

4) ਬ੍ਰਾਹਮਣੋਂ ਕੋ ਦਾਨ ਦੇਣਾ।

5) ਵੇਦ, ਸ਼ਾਸਤ੍ਰ ਕੀ ਆਗਯਾ ਅਨੁਸਾਰ ਚਲਨਾ।

6) ਸ਼ਕੁਨ (ਸ਼ਗਨ) ਔਰ ਮੁਹੂਰਤ ਆਦਿਕ ਪਰ ਨਿਸ਼ਚਯ ਕਰਨਾ।

7) ਮੂਰਤੀ ਪੂਜਾ ਕਰਨੀ।

8) ਵ੍ਰਤ ਰਖਨੇ ਔਰ 'ਜਨਮ ਅਸ਼ਟਮੀ' ਆਦਿਕ ਕੋ ਈਸ੍ਵਰ ਕੇ ਜਨਮ-ਦਿਨ ਮਾਨ ਕਰ ਉਤਸਵ ਕਰਨਾ।

9) ਸੂਤਕ ਪਾਤਕ ਕੋ ਮਾਨਨਾ।

10) ਚੌਂਕੇ ਮੇਂ ਬੈਠ ਕਰ ਭੋਜਨ ਕਰਨਾ ਔਰ ਧਰਮ ਸ਼ਾਸਤ੍ਰ ਮੇਂ ਵਿਧਾਨ ਕਿਯੇ ਹੁਯੇ ਪਦਾਰਥੋਂ ਕੋ ਖਾਨੇ ਯੋਗਯ ਸਮਝਨਾ।

11) ਤ੍ਰਿਕਾਲ ਸੰਧਿਆ, ਵੇਦ ਵਿਧੀ ਅਨੁਸਾਰ ਕਰਨੀ।

12) ਪਿਤਰੋਂ ਅਰਥ ਸ਼੍ਰਾਧ ਕਰਨਾ।

13) ਗਯਾ ਆਦਿਕ ਤੀਰਥੋਂ ਪਰ ਸਦਗਤੀ ਵਾਸਤੇ ਜਾਨਾ।

14) ਬ੍ਰਾਹਮਣੋਂ ਸੇ ਮੰਤ੍ਰ-ਪ੍ਰਯੋਗ, ਕਾਰਯੋਂ ਕੀ ਸਿੱਧੀ ਕੇ ਲਿਯੇ ਕਰਵਾਨਾ।

15) ਤਿਥੀ ਔਰ ਵਾਰੋਂ ਕੋ ਸ਼ਾਸਤ੍ਰ ਰੀਤੀ ਅਨੁਸਾਰ ਮਾਨਨਾ ਔਰ ਪੂਜਨਾ।

16) ਮੜ੍ਹੀ, ਮਸਾਣੀ ਕਾ ਪੂਜਨ ਕਰਨਾ।

17) ਮ੍ਰਿਤਕ ਪ੍ਰਾਣੀ ਕੀ ਸ਼ਾਸਤ੍ਰ ਰੀਤੀ ਅਨੁਸਾਰ ਪ੍ਰੇਤ ਕ੍ਰਿਯਾ ਕਰਨੀ, ਇਤਿਆਦਿ।

(ਪੁਸਤਕ ਪੰਨਾ 20,21,22)

ਹੁਣ ਸੁਹਿਰਦ ਪਾਠਕ ਜੀ ਆਪ ਨਿਰਣਾ ਕਰ ਸਕਦੇ ਹਨ ਕਿ ਦਸਮ ਗ੍ਰੰਥ ਦੇ ਸੰਬੰਧ ਵਿਚ ਲਿਖੇ ਗਏ ਲੇਖ ਕਿਤਨੇ ਯਥਾਰਥ ਹਨ। ਇਹ ਪੁਸਤਕ 'ਹਮ ਹਿੰਦੂ ਨਹੀ' (ਅਰਥਾਤ ਹਿੰਦੂ, ਮੁਸਲਮਾਨ ਆਦਿਕੋਂ ਸੇ ਭਿੰਨ (ਖਾਲਸਾ) ਹੈ, ਛਾਪਕ-ਖਾਲਸਾ ਪ੍ਰੈਸ, ਮਿਤੀ ਇਕ ਜੇਠ, ਸਾਲ ਨਾਨਕਸ਼ਾਹੀ 429 (ਹੁਣ ਨਾ: ਸੰਮਤ 527 ਹੈ), ਅਜ ਤੋਂ 98 ਸਾਲ ਪਹਿਲਾਂ, ਪਹਿਲੀ ਵੇਰ ਛਪੀ ਸੀ। ਇਹ ਸੌ ਕੁ ਸਫ਼ੇ ਦੀ ਸਾਰੀ ਪੁਸਤਕ ਹੀ ਹਰ ਗੁਰਸਿੱਖ ਲਈ ਵਾਚਣਯੋਗ ਹੈ। ਹਾਂ, ਜਿਹੜੇ ਲੋਕ ਇਹ ਵਾਵੇਲਾ ਕਰਦੇ ਹਨ ਕਿ 'ਹੇਮਕੁੰਟ' ਆਦਿ, ਦੀ ਅਸਲੀਅਤ ਦੱਸਣ ਨਾਲ ਉਨ੍ਹਾਂ ਦੇ ਵਿਸ਼ਵਾਸ ਨੂੰ, ਦਿਲ ਨੂੰ ਠੇਸ ਲਗਦੀ ਹੈ, ਉਹ ਇਹ ਸੋਚਣ ਦੀ ਕਿਰਪਾ ਕਰਨ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ, ਜੁਗਾਂ ਤੋਂ ਵਿਸ਼ਵਾਸ਼ਾਂ ਦਾ, ਉਨ੍ਹਾਂ ਦੇ ਕੇਂਦ੍ਰਾਂ ਤੇ ਪਹੁੰਚ ਕੇ ਵੱਡੀ

ਬੇਬਾਕੀ ਨਾਲ ਖੰਡਨ ਕੀਤਾ, ਤਾਂ ਕੀ ਅਨਮਤੀਆਂ ਦੇ ਵਿਸ਼ਵਾਸ ਨੂੰ ਠੇਸ ਲਗਣ ਦਾ ਖਿਆਲ ਗੁਰੂ ਜੀ ਨੂੰ ਨਾ ਆਇਆ? ਜਾਂ ਉਨ੍ਹਾਂ ਸੱਚੋ-ਸੱਚ ਕਹਿਣ ਤੋਂ ਗੁਰੇਜ਼ ਕੀਤਾ? ਉਨ੍ਹਾਂ ਬੜੀ ਬੇਖ਼ੌਫੀ ਤੇ ਦ੍ਰਿੜਤਾ ਨਾਲ ਨਾਅਰਾ ਮਾਰਿਆ 'ਸੱਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ।'

**- (ਹਰਿਭਜਨ ਸਿੰਘ -ਲੇਖਕ)**

# ਸ਼ੰਕਾ- ਸਮਾਧਾਨ ਤੇ ਪ੍ਰਸ਼ੰਸਾ--ਪੱਤਰ

ਦਾਸਰੇ ਵਲੋਂ ਸ਼ੁੱਧ ਹਿਰਦੇ ਤੇ ਸਤਿਗੁਰੂ ਵੱਲ ਸਨਮੁਖੀ ਮਨੋਬਿਰਤੀ ਨਾਲ, 'ਦਸਮ ਗ੍ਰੰਥ' ਬਾਰੇ ਲਿਖੇ ਲੇਖ 'ਸਪੋਕਸਮੈਨ', 'ਸੀਸ ਗੰਜ' ਤੇ ਹੋਰ ਮੈਗਜ਼ੀਨਾਂ ਵਿਚ ਛਪੇ ਹਨ, ਜਿਨ੍ਹਾਂ ਦੀ ਰੱਜ ਕੇ ਪ੍ਰਸ਼ੰਸਾ ਹੋਈ ਹੈ। ਪ੍ਰਸ਼ੰਸਾ ਦੇ ਨਾਲ ਇਕ ਦੋ ਸ਼ੁੰਕੇ ਵੀ ਆਏ ਹਨ। ਗੁਣਗ੍ਰਾਹਕ ਬਿਰਤੀ ਵਾਲੇ ਗਿਆਨਵਾਨ ਦੇ ਕਿਸੇ ਪ੍ਰਸ਼ਨ ਦਾ ਤਾਂ ਯੋਗ ਉੱਤਰ ਦਿੱਤਾ ਜਾ ਸਕਦਾ ਹੈ, ਪਰ ਅਗਿਆਨੀ ਗਿਆਨਵਾਨ ਦੀ ਤਸੱਲੀ ਕਰਾਉਣੀ ਅਸੰਭਵ ਹੈ।

**ਸ਼ੰਕਾ (ਸਪੋਕਸਮੈਨ, ਜਨਵਰੀ 1996, ਪੰਨਾ 48) :-**

?- ਸ੍ਰ: ਸੁਰਜੀਤ ਸਿੰਘ ਖਾਲਸਾ, ਉਧਮਪੁਰ, ਜੰਮੂ ਲਿਖਦੇ ਹਨ ਕਿ ਸੰਨ 1849 ਵਿਚ ਸਿੱਖ ਸੰਪ੍ਰਦਾ ਵਾਲੇ ਅੰਗ੍ਰੇਜ਼ਾਂ ਦੀ ਸ਼ਹਿ ਉਤੇ 'ਪ੍ਰਿਥਮ ਭਗਉਤੀ ਸਿਮਰ ਕੇ' ਦੀ ਥਾਂ 'ਪ੍ਰਿਥਮ ਅਕਾਲ ਪੁਰਖ ਸਿਮਰਕੇ, ਪ੍ਰਿਥਮ ਸਤਿਨਾਮ ਸਿਮਰਕੇ, ਪ੍ਰਿਥਮ ਵਾਹਿਗੁਰੂ ਸਿਮਰਕੇ' ਅਰਦਾਸ ਵਿਚ ਬੋਲਣਾ ਸ਼ੁਰੂ ਕਰ ਦਿੱਤਾ ਸੀ। ਕੇਵਲ ਅਕਾਲੀ ਬੁੱਢਾ ਦਲ ਨਿਹੰਗ ਸਿੰਘਾਂ ਨੇ 'ਪ੍ਰਿਥਮ ਭਗੌਤੀ ਸਿਮਰਕੇ' ਕਾਇਮ ਰਖਿਆ ਸੀ। ਉਦੋਂ ਨਿਰੰਗ ਸਿੰਘ ਦਸਮੇਸ਼ ਪਿਤਾ ਬਾਰੇ ਪੂਰੀ ਜਾਣਕਾਰੀ ਰੱਖਣ ਵਾਲੇ ਸਨ। ਪਰ ਜਦੋਂ ਡਾ ਸ਼ੇਰ ਸਿੰਘ ਨੇ ਦੁਰਗਾ, ਚੰਡਿਕਾ, ਮਹਾਂਕਾਲ, ਸਰਸਵਤੀ , ਭਵਾਨੀ ਆਦਿ ਨਾਵਾਂ ਦੇ ਗੁਰਬਾਣੀ ਅਨੁਸਾਰ (ਭਗਉਤੀ ਭਗਵੰਤ ਭਗਤਿ ਕਾ ਰੰਗੁ) ਅਰਥ ਕੀਤੇ, ਤਾਂ ਭਗੌਤੀ ਦਾ ਵਿਰੋਧ ਕਰਨ ਵਾਲਿਆਂ ਦੇ ਦੰਦ ਜੁੜ ਗਏ। ਇਸ ਹੋ ਚੁਕੇ ਨਿਰਣੈ ਬਾਰੇ ਵਾਦ ਵਿਵਾਦ ਦੁਬਾਰਾ ਕਿਉਂ ਚੁਕਿਆ ਜਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਚਉਬੀਸ ਅਵਤਾਰਾਂ ਦੀ ਰਚਨਾ ਕੀਤੀ ਹੈ, ਤੇ ਉਹਨਾਂ ਸਾਰਿਆ ਦਾ ਜ਼ਿਕਰ ਬਾਣੀ ਵਿਚ ਮਿਲਦਾ ਹੈ। (ਸੁਰਜੀਤ ਸਿੰਘ ਖਾਲਸਾ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਉਧਮਪੁਰ, ਜੰਮੂ)

**ਉਤਰ :-** ਮੈਂ ਇਕ ਲੇਖ ਵਿਚ ਲਿਖਿਆ ਸੀ ਕਿ ਭਗਉਤੀ ਦੇਵੀ ਦਾ ਨਾਮ ਕਿਤੇ ਵੀ ਗੁਰਬਾਣੀ ਵਿਚ ਨਹੀਂ ਆਉਂਦਾ। ਜੇ ਇਹ ਸਿੱਧ ਹੋ ਜਾਏ ਕਿ ਗੁਰਬਾਣੀ ਵਿਚ ਆਏ ਪਦ 'ਭਗਵਤੀ' ਦਾ ਅਰਥ 'ਭਗੌਤੀ ਦੇਵੀ' ਕਰਨਾ ਸੌ ਫ਼ੀਸਦੀ ਗਲਤ ਹੈ, ਤਾਂ ਡਾ ਸ਼ੇਰ ਸਿੰਘ ਦੀਆਂ ਉਕਤੀਆਂ-ਜੁਗਤੀਆਂ ਤੇ ਮਨਘੜਤ ਅਰਥਾਂ ਦਾ ਸਾਰਾ ਮਹਿਲ ਧੜਮ ਕਰਕੇ ਧਰਤੀ ਤੇ ਡਿੱਗ ਕੇ ਇੱਟ-ਇੱਟ ਹੋ ਜਾਏਗਾ। ਸੋ ਸੁਣੋ! ਸੁਖਮਨੀ ਵਿਚ ਭਗਉਤੀ ਦਾ ਮਤਲਬ ਭਗੌਤੀ ਦੇਵੀ ਨਹੀਂ, ਸਗੋਂ ਪ੍ਰਿੰ ਤੇਜਾ ਸਿੰਘ ਅਨੁਸਾਰ ਇਸ ਪ੍ਰਕਾਰ ਅਰਥ ਹਨ :-

ਭਗਉਤੀ :- (ਪੰਨਾ 274) ਭਗਵਤ ਦਾ ਉਪਾਸ਼ਕ ਭਗਉਤੀ ਉਹ ਹੈ, ਜਿਸ ਨੂੰ ਭਗਵੰਤ (ਹਰੀ) ਦੀ ਭਗਤੀ ਦਾ ਰੰਗ ਚੜਿਆ ਹੋਵੇ। (ਵੇਖੋ ਪੰ: 88 ਦਾ ਫੁਟਨੋਟ)। ਪਹਿਲਾਂ ਭਗਉਤੀ ਬਾਰੇ ਮ:3 (ਪੰਨਾ 88) ਉਤਲੇ ਸਲੋਕ ਵਾਚ ਲਵੋ, ਫੇਰ ਫੁੱਟਨੋਟ ਦਾ ਭਾਵ ਸਪੱਸ਼ਟ ਹੋ ਜਾਵੇਗਾ।

ਸਿਰੀ ਰਾਗ ਕੀ ਵਾਰ

ਮ: 3।। ਸੋ ਭਗਉਤੀ ਜੋ ਭਗਵੰਤੈ ਜਾਣੈ॥

ਗੁਰ ਪਰਸਾਦੀ ਆਪੁ ਪਛਾਣੈ॥

ਜੀਵਤੁ ਮਰੈ ਹਰਿ ਨਾਮੁ ਵਖਾਣੈ॥

ਐਸਾ ਭਗਉਤੀ ਉਤਮੁ ਹੋਇ॥

ਨਾਨਕ ਸਚਿ ਸਮਾਵੈ ਸੋਇ॥2॥

ਮ :3॥ ਅੰਤਰਿ ਕਪਟੁ ਭਗਉਤੀ ਕਹਾਏ॥

ਪਾਖੰਡਿ ਪਾਰਬ੍ਰਹਮੁ ਕਦੇ ਨਾ ਪਾਏ॥

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥

ਬਾਹਰਿ ਮਲ ਧੋਵੈ ਮਨ ਕੀ ਜੂਠਿ ਨ ਜਾਏ।

ਨਾਮੁ ਨ ਚੇਤੈ ਬਹੁ ਕਰਮ ਕਮਾਏ।

ਪੂਰਬ ਲਿਖਿਆ ਸੁ ਮੇਟਣਾ ਨ ਜਾਏ॥

ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ॥3॥(ਪੰ :88)

ਪ੍ਰੋ : ਸਾਹਿਬ ਸਿੰਘ ਜੀ (ਸਟੀਕ ਪੰ : 559) ਉਤੇ ਅਰਥ ਕਰਦੇ ਹਨ :-

ਭਗਉਤੀ-ਵਿਸ਼ਨੂ ਦੇ ਅਵਤਾਰ ਕ੍ਰਿਸ਼ਨ ਦਾ ਭਗਤ ਜੋ ਨੱਚਣ-ਕੁੱਦਣ ਦੇ ਰਾਹੀਂ ਆਪਣੀ ਭਗਤੀ ਜ਼ਾਹਰ ਕਰਦਾ ਹੈ।

ਨੋਟ :- ਗਉੜੀ ਸੁਖਮਨੀ ਦੀ ਨੌਵੀਂ ਪੌੜੀ ਵਿਚ ਜਿਥੇ ਭਗਉਤੀ ਫਿਰਕੇ, ਵਾਲਿਆ ਨੂੰ ਹਰੀ ਦੇ ਸਹੀ ਭਗਤ ਬਣਨ ਦੀ ਪ੍ਰੇਰਨਾ ਹੈ, ਓਥੇ 'ਬੈਸਨੋ ਕੌਣ ਹੈ', ਅਸਲੀ ਪੰਡਿਤੁ ਦੇ ਲੱਛਣ ਦੱਸੇ ਗਏ ਹਨ।

ਸੋ ਇਹ ਹੈ ਪ੍ਰੋ : ਸ਼ੇਰ ਸਿੰਘ ਦਾ ਕ੍ਰਿਸ਼ਮਾ, ਜਿਸ ਨਾਲ ਉਸ ਨੇ ਸੱਚ ਨੂੰ ਝੂਠ ਕਰ ਵਿਖਾਇਆ ਅਤੇ ਗੁਰਬਾਣੀ ਅਨੁਸਾਰ ਅਰਥ ਕਰਨ ਦੀ ਆਪਣੀ ਅਯੋਗਤਾ ਨਾਲ ਸੰਗਤਾਂ ਵਿਚ ਸਦਾ ਲਈ ਭੁਲੇਖਾ ਪੱਕਾ ਕਰ ਦਿੱਤਾ। ਭਾ : ਸੁਰਜੀਤ ਸਿੰਘ ਖਾਲਸਾ ਜੀ! ਗੁਰਬਾਣੀ ਦੇ ਅਰਥਾਂ ਨੂੰ ਘੋਖ ਲਿਆ ਕਰੋ। ਅਗਿਆਨੀ ਗਿਆਨੀ ਸਮਾਜ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਕਾਤਲ ਤਾਂ ਇਕ ਵਾਰ ਜੀਵਨ ਲੈਂਦਾ ਹੈ, ਪਰ ਅਗਿਆਨੀ ਗਲਤ ਉਪਦੇਸ਼ ਦੇ ਕੇ ਜਨਮਾਂ-ਜਨਮਾਂਤਰਾਂ ਦੇ ਗੇੜੇ ਕਢਾਉਂਦਾ ਹੈ।

?- ਸ੍ਰ: ਸੁਰਜੀਤ ਸਿੰਘ ਦਾ ਦੂਜਾ ਸ਼ੰਕਾ ਅਥਵਾ ਪ੍ਰਮਾਣ ਹੈ ਕਿ ਸ੍ਰੀ ਕਲਗੀਧਰ ਸਾਹਿਬ ਨੇ ਚੌਬੀਸ ਅਵਤਾਰ ਲਿਖੇ ਹਨ, ਅਤੇ ਗੁਰਬਾਣੀ ਵਿਚ ਮ :3 ਲਿਖਦੇ ਹਨ ਕਿ "ਤੇਤੀਸ ਕਰੋੜ ਦਾਸ ਤੁਮਾਰੇ।" (ਪਾਠ ਕਰੋੜੀ ਹੈ, ਕਰੋੜ ਨਹੀਂ ਜੀ)।

**ਸਮਾਧਾਨ :-** ਗੁਰੂ ਜੀ ਇਥੇ ਤੇਤੀ ਕਰੋੜ ਦੇਵਤਿਆਂ ਵਿਚ ਆਪਣਾ ਵਿਸ਼ਵਾਸ ਨਹੀਂ ਪ੍ਰਗਟਾਉਂਦੇ, ਸਗੋਂ ਪ੍ਰਭੂ ਦੀ ਵਡੱਤਣ ਦੱਸਣ ਲਈ ਹਿੰਦੂ ਵਿਸ਼ਵਾਸ ਦਾ ਜ਼ਿਕਰ ਕੀਤਾ ਹੈ। ਇਸ ਨੂੰ ਦਾਸ ਨੇ ਲੇਖ "ਗੁਰਬਾਣੀ ਵਿਚ ਆਏ ਪੌਰਾਣਿਕ ਪ੍ਰਮਾਣ" ਵਿਚ ਸਪੱਸ਼ਟ ਕੀਤਾ ਹੈ, ਜੋ ਇਸ ਪੁਸਤਕ ਵਿਚ ਥਾਂ ਸਿਰ ਛਪ ਚੁੱਕਾ ਹੈ। ਦੂਜੇ, ਪ੍ਰੋ : ਸਾਹਿਬ ਸਿੰਘ ਜੀ ਇਸ ਦਾ ਅਰਥ ਕਰਦੇ ਹਨ-"(ਹੇ ਪ੍ਰਭੂ! ਲੋਕਾਂ ਦੇ ਮਿਥੇ ਹੋਏ) ਤੇਤੀ ਕਰੋੜ ਦੇਵਤੇ ਤੇਰੇ ਹੀ ਦਾਸ ਹਨ- ਪ੍ਰਿੰ: ਤੇਜਾ ਸਿੰਘ ਜੀ ਸ਼ਬਦਾਰਥ ਵਿਚ ਅਰਥ ਕਰਦੇ ਹਨ---- "ਤੇਤੀ ਕਰੋੜ ਦੇਵਤੇ (ਜਿਨ੍ਹਾਂ ਨੂੰ ਹਿੰਦੂ ਮੰਨਦੇ ਹਨ) ਤੇਰੇ ਦਾਸ ਹਨ।"

ਹੁਣ ਸ੍ਰ: ਸੁਰਜੀਤ ਸਿੰਘ ਜੀ ਦੱਸੋ ਕਿ ਤੁਹਾਡਾ ਵਿਸ਼ਵਾਸ ਤੇ ਡਾ ਸ਼ੇਰ ਸਿੰਘ ਦੀਆਂ ਚਮਤਕਾਰੀ ਗੱਲਾਂ ਦਰੁਸਤ ਹਨ, ਜਾ ਪੰਥ ਦੇ ਚੋਟੀ ਦੇ ਵਿਦਵਾਨ ? ਕੀ ਤੁਸੀਂ ਬਿਪਰ ਸੰਸਕਾਰ ਪੱਕੇ ਕਰ ਰਹੇ ਹੋ ਜਾਂ ਮੇਰਾ ਛੇੜਿਆ ਵੀਚਾਰ?

## ਸੰਕਾ (ਸਪੋਕਸਮੈਨ, ਸਤੰਬਰ 1995, ਪੰਨਾ -9) :-

?- ਸ੍ਰ : ਰਣਜੀਤ ਸਿੰਘ ਦਿੱਲੀ ਲਿਖਦੇ ਹਨ ਕਿ ਅਗਸਤ 1995 ਦੇ ਸਪੋਕਸਮੈਨ ਅੰਕ ਵਿਚ ਜਰਮਨੀ ਦੇ ਸ੍ਰ: ਪਰਮਜੀਤ ਸਿੰਘ ਦੀ ਇਕ ਚਿੱਠੀ ਪ੍ਰਕਾਸ਼ਤ ਹੋਈ ਹੈ, ਜਿਸ ਵਿਚ ਪ੍ਰਿ: ਹਰਿਭਜਨ ਸਿੰਘ ਦੇ ਲੇਖ ਦੇ ਉੱਤਰ ਵਿਚ ਦਾਅਵਾ ਕੀਤਾ ਗਿਆ ਹੈ ਕਿ 'ਰਾਮ ਕਥਾ ਜੁਗ ਜੁਗ ਅਟਲ' ਵਾਲੇ ਦੋਹਰੇ ਵਿਚ 'ਰਾਮ' ਦਾ ਅਰਥ 'ਰੱਬ' ਜਾਂ ਕਣ ਕਣ ਵਿਚ ਰਮਿਆ ਅਕਾਲਪੁਰਖ ਹੈ। ਗੁਰਬਾਣੀ ਵਿਚ ਰਾਮ ਸ਼ਬਦ ਦਾ ਪ੍ਰਯੋਗ ਠੀਕ ਇਹਨਾਂ ਅਰਥਾਂ ਵਿਚ ਕੀਤਾ ਗਿਆ ਹੈ, ਤੇ ਇਸ ਬਾਰੇ ਕੋਈ ਮਤਭੇਦ ਨਹੀਂ।

**ਪਰਖ**:- ਪਰ 'ਰਾਮ ਕਥਾ ਜੁਗ ਜੁਗ ਅਟਲ' ਵਾਲਾ ਦੋਹਰਾ ਤਾਂ 'ਰਾਮਾਵਤਾਰ' ਨਾਂ ਦੀ ਰਚਨਾ ਵਿਚ ਜਿਵੇਂ ਵਰਤਿਆ ਗਿਆ ਹੈ, ਉਥੇ ਉਸ ਦਾ ਅਰਥ ਕੇਵਲ ਸੀਤਾਪਤੀ ਰਾਮ ਹੈ, ਅਕਾਲ ਪੁਰਖ ਨਹੀਂ। ਉਹ ਰਚਨਾ ਤਾਂ ਰਾਜਾ ਰਾਮਚੰਦਰ ਦੀ ਮਹਿਮਾ ਕਰਨ ਲਈ ਹੀ ਰਚੀ ਗਈ ਸੀ, ਉਸ ਵਿਚ ਰਾਮ ਦਾ ਅਰਥ ਰੱਬ ਕਿਵੇਂ ਹੋ ਸਕਦਾ ਹੈ। 'ਜੁਗ ਜੁਗ ਦੇ ਅਰਥ ਚਾਰ ਜੁਗ ਕਰਨੇ ਵੀ ਭਾਸ਼ਾ -ਗਿਆਨ ਦੇ ਅਸੂਲਾਂ ਨੂੰ ਪੁੱਠੇ ਟੰਗਣਾ ਹੈ। ਆਮ ਬੋਲਚਾਲ ਵਿਚ ਬੱਚਿਆਂ ਨੂੰ ਅਸੀਸ ਦੇਂਦੀਆਂ ਮਾਵਾਂ ਕਹਿੰਦੀਆਂ ਹਨ ਕਿ 'ਜੁਗ ਜੁਗ ਜੀਵੋ'। ਇਸ ਦਾ ਅਰਥ ਇਹ ਨਹੀਂ ਕਿ ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਯੁਗ ਵਿਚ ਜੀਣ ਦੀ ਅਸੀਸ ਦਿੱਤੀ ਜਾ ਰਹੀ ਹੁੰਦੀ ਹੈ। ਇਸ ਦਾ ਅਰਥ ਕੇਵਲ ਲੰਮੀ ਉਮਰ ਦੀ ਕਾਮਨਾ ਹੁੰਦੀ ਹੈ। ਭਾਰਤੀ ਭਾਸ਼ਾਵਾਂ ਵਿਚ ਮਾੜੇ ਅਰਥਾਂ ਵਾਲੇ ਸ਼ਬਦਾਂ ਨੂੰ ਦੋ ਵੇਰ ਉਚਾਰਨ ਦੀ ਰੀਤ ਆਮ ਹੈ। (ਥੋੜਾ-ਥੋੜਾ, ਖੁਸ਼ੀ-ਖੁਸ਼ੀ, ਚੰਗਾ-ਚੰਗਾ, ਬਾਗ-ਬਾਗ ਆਦਿ)। ਇਹ ਦੁਹਰਾਉ ਕਹੀ ਜਾਣ ਵਾਲੀ ਗੱਲ ਨੂੰ ਜ਼ਿਆਦਾ ਵਜਨਦਾਰ ਬਣਾਉਣਾ ਹੈ, ਹੋਰ ਕੁਝ ਨਹੀਂ। ਸ੍ਰ: ਪਰਮਜੀਤ ਸਿੰਘ ਵੱਲੋਂ ਵਕਾਲਤ ਬਹੁਤ ਢਿੱਲੀ ਹੈ, ਤੇ ਮਨ ਨੂੰ ਨਹੀਂ ਭਾਉਂਦੀ। (ਰਣਜੀਤ ਸਿੰਘ ਦਿੱਲੀ)

(ਨੋਟ :- ਸ: ਰਣਜੀਤ ਸਿੰਘ ਜੀ ਦਿੱਲੀ ਨੇ ਸ਼ੰਕਾਵਾਦੀ ਨੂੰ ਸਪੱਸ਼ਟ, ਸਹੀ ਤੇ ਢੁਕਵਾਂ ਉਤਰ ਦਿੱਤਾ ਹੈ। ਧੰਨਵਾਦ) ਇਸ ਸੰਬੰਧ ਵਿਚ ਏਥੇ, ਗੁਰਬਾਣੀ ਦੇ ਆਧਾਰ ਉਤੇ ਹੋਰ ਟੀਕਾ-ਟਿਪਣੀ ਕਰਨ ਦੇ ਹਿੱਤ, ਪੁਸਤਕ ਕੇ ਅੰਤ ਵਿਚ ਅੰਤਿਕਾ ਵਜੋਂ ਸਿੰਘ

ਸਾਹਿਬ ਗਿ: ਜਗਤਾਰ ਸਿੰਘ ਜੀ 'ਜਾਚਕ' (ਇੰਟਰਨੈਸ਼ਨਲ ਸਿੰਘ ਮਿਸ਼ਨਰੀ) ਹੁਰਾਂ ਦਾ ਲੇਖ "ਕਬੀਰ, ਰਾਮ ਕਹਨ ਮਹਿ ਭੇਦੁ ਹੈ" ਛਾਪਿਆ ਜਾ ਰਿਹਾ ਹੈ, ਤਾਂ ਜੋ "ਰਾਮ" ਸ਼ਬਦ ਅਥਵਾ ਹੋਰ ਅਜਿਹੀ ਦੂਹਰੀ ਵਰਤੋਂ ਵਾਲੇ ਸ਼ਬਦਾਂ ਦਾ ਭੁਲੇਖਾ, ਜੋ ਸੰਗਤਾਂ ਨੂੰ ਲਗਦਾ ਹੈ, ਉਹ ਕਤਈ ਤੌਰ ਤੇ ਦੂਰ ਹੋ ਜਾਵੇ। ਵੈਸੇ ਇਹ ਸਲੋਕ ਹੇਠਾਂ ਪੂਰੇ ਤੌਰ ਉਤੇ ਦੇ ਕੇ, ਇਸਦੇ ਸਹੀ ਅਰਥ ਵੀ ਕਰ ਦਿੱਤੇ ਜਾਂਦੇ ਹਨ:

ਕਬੀਰ, ਰਾਮ ਕਹਨ ਮਹਿ ਭੇਦੁ ਹੈ, ਤਾ ਮਹਿ ਏਕ ਬੀਚਾਰੁ।।

ਸੋਈ ਰਾਮੁ ਸਭੈ ਕਹਹਿ, ਸੋਈ ਕਉਤਕਹਾਰ॥ (ਪੰਨਾ 1374)

(ਅਰਥਾਤ, ਕਬੀਰ ਸਾਹਿਬ ਫੁਰਮਾਉਂਦੇ ਹਨ ਕਿ "ਰਾਮ" ਕਹਨ ਅਥਵਾ ਜਪਣ ਵਿਚ ਇਕ ਫ਼ਰਕ ਹੈ, ਇਕ ਅਹਿਮ ਵੀਚਾਰ ਹੈ, ਅਤੇ ਉਹ ਇਹ ਕਿ ਰਾਮ ਸ਼ਬਦ, ਦਸ਼ਰਥ ਪੁੱਤਰ ਰਾਮ ਚੰਦਰ ਜੀ ਸਭੈ ਬੋਲਦੇ ਹਨ, ਪਰ ਓਹੀ ਰਾਮ ਸ਼ਬਦ ਹਰੀ ਪਰਮਾਤਮਾ ਲਈ ਵੀ ਵਰਤਿਆ ਜਾਂਦਾ ਹੈ ਜੋ ਸੰਸਾਰ ਦਾ ਰਚੈਤਾ, ਸਾਰੇ ਕਿਤੇ ਰਮਿਆ ਹੋਇਆ ਅਤੇ ਜਗਤ ਦੇ ਚੋਜ ਕਰਨ ਵਾਲਾ ਹੈ, ਕਾਰ ਚਲਾਉਣ ਵਾਲਾ ਹੈ।)

? – ਪ੍ਰੋਫ਼ੈਸਰ ਦੇਵਿੰਦਰ ਸਿੰਘ "ਵਿਦਿਆਰਥੀ" ਲਿਖਦੇ ਹਨ– "ਪ੍ਰਿੰ: ਹਰਿਭਜਨ ਸਿੰਘ ਦਾ ਲੇਖ ਪੜ ਕੇ ਕਈ ਤਥਾਂ ਬਾਰੇ ਸੇਧ ਮਿਲੀ। ਇਕ ਵੇਰਾਂ ਇੰਜ ਪ੍ਰਤੀਤ ਹੋਇਆ, ਜਿਵੇਂ ਖੁਦ ਪ੍ਰਿੰਸੀਪਲ ਸਾਹਿਬ ਦੇ ਸਾਹਮਣੇ ਬੈਠ ਕੇ ਉਹਨਾਂ ਦੀਆਂ ਪ੍ਰਾਪਤੀਆਂ 'ਚੋਂ ਆਪਣਾ ਹਿੱਸਾ ਚਖ ਰਿਹਾ ਹੋਵਾਂ। ਕੁਝ ਪ੍ਰਸ਼ਨਾਂ ਬਾਰੇ ਪ੍ਰਿੰਸੀਪਲ ਸਾਹਿਬ ਜਾਂ ਹੋਰ ਪਾਠਕ ਵੀ ਚਾਨਣ ਬਖ਼ਸ਼ ਸਕਣ ਤਾਂ ਧੰਨਵਾਦੀ ਹੋਵਾਂਗਾ।

ਪ੍ਰਸ਼ਨ 1 –ਕੀ ਆਪ ਦੀ ਨਜ਼ਰ ਵਿਚੋਂ ਮੀਣਿਆਂ ਦੀਆਂ ਅਵਤਾਰ ਕਥਾਵਾਂ ਲੰਘੀਆਂ ਹਨ? ਇਹ ਕਿਹੋ ਜਿਹਾ ਵਚਿੱਤਰ ਸੰਜੋਗ ਹੈ ਕਿ ਉਹਨਾਂ ਹੀ ਕਥਾਵਾਂ ਦਾ ਕੁਝ ਵਟਿਆ ਹੋਇਆ ਰੂਪ ਹੀ ਦਸਮ ਗ੍ਰੰਥ ਵਿਚ ਵੀ ਜੁੜ ਗਿਆ, ਜਾਂ ਜੋੜ ਲਿਆ ਗਿਆ?

ਉੱਤਰ:– ਮੈਂ ਉਹ ਸਾਹਿਤ ਕਈ ਕਾਰਨਾਂ ਵੱਸ ਘੋਖ ਨਹੀਂ ਸਕਿਆ। ਬ–ਹਰ ਹਾਲ ਦਿੱਤੀ ਸੂਚਨਾ ਬੜੀ ਅਹਮ ਹੈ, ਅਤੇ ਖੋਜ ਤਲਬ ਵੀ। ਹਾਰਦਿਕ ਧੰਨਵਾਦ।

ਪ੍ਰਸ਼ਨ 2 ਕੀ ਆਪ ਦਾ ਵਿਸ਼ਵਾਸ ਹੈ ਕਿ ਦਸਮ ਗ੍ਰੰਥ ਵਿਚ ਸੰਕਲਿਤ ਸਾਰੀ ਬਾਣੀ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਨਹੀਂ? ਉਂਜ ਭਾਈ ਮਨੀ ਸਿੰਘ ਦੇ ਨਾਮ ਤੇ ਪ੍ਰਸਿੱਧ "ਭਗਤ ਰਤਨਾਵਲੀ" ਬਾਰੇ ਸ਼ੰਕੇ ਤਾਂ ਡੂੰਘੇ ਹੋ ਚੁੱਕੇ ਹਨ।

ਉੱਤਰ :– ਦਸਮ ਗ੍ਰੰਥ ਵਿਚਲੀ ਥੋੜੀ ਜਿਹੀ ਉਹ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਉਤੇ ਪੂਰੀ ਉਤਰਦੀ ਹੈ, ਤੇ ਦਸਮੇਸ਼ ਬਾਣੀ ਹੈ, ਨੂੰ ਛੱਡ ਕੇ ਬਾਕੀ ਊਟ ਪਟਾਂਗ, ਪੌਰਾਣਿਕ ਕਥਾ ਕਹਾਣੀਆਂ ਦੇ ਤਰਜ਼ਮੇ ਆਦਿ ਭਾਈ ਮਨੀ ਸਿੰਘ ਨਾਲ ਕਿਸੇ ਤਰ੍ਹਾਂ ਵੀ ਸੰਬੰਧਤ ਨਹੀਂ ਹਨ। ਚਰਿਤ੍ਰੋ ਪਾਖਿਆਨ ਜਿਹੀ ਕਾਮੁਕ, ਲਚਰ ਤੇ ਅਸ਼ਲੀਲ ਲਿਖਤ ਜੋ ਛਾਪੇ ਦੇ ਦਸਮ ਗ੍ਰੰਥ ਦੇ 1428 ਪੰਨਿਆਂ 'ਚੋਂ 615 ਪੰਨੇ (ਫ਼ਾਰਸੀ ਦੀਆਂ 11 ਹਕਾਯਤਾਂ ਦੇ 35 ਪੰਨੇ ਪਾਕੇ) ਬਣਦੀ ਹੈ, ਕਿਸੇ ਤਰ੍ਹਾਂ

ਕਿਸੇ ਪੱਖੋਂ ਸ੍ਰੀ ਗੁਰੂ ਜੀ ਜਾਂ ਭਾਈ ਮਨੀ ਸਿੰਘ ਨਾਲ ਜੋੜਨਾ ਮਹਾਨ ਅਨਰਥ ਤੇ ਸਿੱਖ ਧਰਮ ਨੂੰ ਜਲੀਲ ਕਰਨ ਦੀ ਸਾਜ਼ਿਸ਼ ਹੈ।

ਭਾਈ ਮਨੀ ਸਿੰਘ ਜੀ ਬਾਰੇ ਵਧੇਰੇ ਪ੍ਰਮਾਣੀਕ ਵਾਕਫ਼ੀਅਤ ਪ੍ਰਾਪਤ ਕਰਨ ਲਈ ਮੈਂ, ਡਾ ਰਤਨ ਸਿੰਘ ਜੱਗੀ ਦੇ ਲਿਖੇ" ਦਸਮ ਗ੍ਰੰਥ ਦਾ ਕਰਤ੍ਰਿਤਵ" ਦਾ ਸੰਬੰਧਤ ਹਿੱਸਾ ਵਾਚਣ ਦੀ ਬੇਨਤੀ ਕਰਾਂਗਾ।

3 ਤੀਸਰੇ ਪ੍ਰਸ਼ਨ ਵਿਚ ਆਪ ਜੀ ਵਲੋਂ ਮੇਰੇ ਬਾਰੇ ਪ੍ਰਗਟਾਇਆ ਅਨੁਮਾਨ ਦੁਰੁਸਤ ਹੈ। (ਅਨੁਮਾਨ-ਭਾਈ ਮਨੀ ਸਿੰਘ ਜੀ ਨੂੰ ਦਸਮ ਗ੍ਰੰਥ ਦਾ ਸੰਪਾਦਕ ਮੰਨਣ ਤੇ ਮਾਤਾ ਜੀ ਨੂੰ ਚਿੱਠੀਆਂ ਭੇਜਣ ਦੀ ਗੱਲ ਡਾ: ਰਤਨ ਸਿੰਘ ਜੱਗੀ ਨੇ ਆਪਣੇ ਥੀਸਸ ਵਿਚ ਮਿੱਥ ਮੰਨੀ ਹੈ। ਮਨਮਤੀ, ਪੌਰਾਣਿਕ ਤੇ ਕਾਮੁਕ ਸਾਹਿਤ ਭਾਈ ਮਨੀ ਸਿੰਘ ਜੀ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ!)

4 ਰਿਗਵੇਦ ਵਿਚ ਕ੍ਰਿਸ਼ਨ ਦਾ ਕੋਈ ਜ਼ਿਕਰ ਨਹੀਂ। ਬਾਅਦ ਦੇ ਸਾਹਿਤ ਵਿਚ ਇਕ ਤੋਂ ਵੱਧ ਮੰਦੇ ਚੰਗੇ ਕ੍ਰਿਸ਼ਨ ਮੰਨੇ ਗਏ ਹਨ। ਕ੍ਰਿਸ਼ਨ ਦੀ ਹਸਤੀ ਬਹੁਤ ਬਾਅਦ ਵਿਚ ਸਥਾਪਤ ਕੀਤੀ ਗਈ। ਫੇਰ ਇਸ ਨੂੰ ਵਿਸ਼ਨੂ ਦਾ ਅਵਤਾਰ ਮੰਨ ਲਿਆ ਗਿਆ। ਇਹ ਮਾਮਲਾ ਇਕ ਵਖਰੇ ਲੇਖ ਦਾ ਮੁਥਾਜ ਹੈ।

5 ਸ਼ਿਆਮ ਕਵੀ ਦੇ ਰੋਪੜ ਦਾ ਵਸਨੀਕ ਤੇ ਹੋਰ ਪੁਸਤਕਾਂ ਦਾ ਲੇਖਕ ਹੋਣ ਬਾਰੇ ਡਾ: ਜੱਗੀ ਦੀ ਪੁਸਤਕ "ਦਸਮ ਗ੍ਰੰਥ ਦਾ ਕਰਤ੍ਰਿਤਵ" ਵਾਚੋ।

-(ਹਰਿਭਜਨ ਸਿੰਘ)

## ਪ੍ਰਸ਼ੰਸਾ (ਸਪੋਕਸਮੈਨ , ਜਨਵਰੀ 1996, ਪੰ: 47)

ਦਸੰਬਰ ਅੰਕ ਵਿਚ, ਅਕਾਲੀ ਦਲ ਅਤੇ ਅਕਾਲੀ ਲੀਡਰਾਂ ਬਾਰੇ ਜੋ ਜਾਣਕਾਰੀ ਦਿੱਤੀ ਗਈ ਹੈ, ਉਹ ਬਹੁਤ ਕੀਮਤੀ ਹੈ। ਸ੍ਰ: ਕਪੂਰ ਸਿੰਘ ਦੀ ਪੁਸਤਕ 'ਸਾਚੀ ਸਾਖੀ' ਨੇ ਜੋ ਭੁਲੇਖੇ ਉਤਪੰਨ ਕੀਤੇ ਸਨ, ਉਹ ਵੀ ਦੂਰ ਹੋ ਗਏ। ਤੁਹਾਡੀ ਹਾਂ ਪੱਖੀ ਤੇ ਸੰਤੁਲਿਤ ਪਹੁੰਚ ਬੜੀ ਚੜ੍ਹਦੀ ਕਲਾ ਵਾਲੀ ਹੈ। ਅਤੇ ਤੱਥ ਆਧਾਰਿਤ ਜਾਣਕਾਰੀ ਤਾਂ ਕੋਈ ਭੁਲੇਖਾ ਰਹਿਣ ਹੀ ਨਹੀਂ ਦਿੰਦੀ। ਪਰ ਸ੍ਰ: ਗੁਰਤੇਜ ਸਿੰਘ ਪੰਥ ਦੇ ਅਨਮੋਲ ਹੀਰੇ ਹਨ। ਇਹੋ ਜਿਹੇ ਹੀਰਿਆਂ ਨੂੰ ਸਾਡੇ ਆਪਣਿਆਂ ਨੇ ਹੀ ਰੋਲ ਦਿੱਤਾ ਹੈ। ਪਿਛੇ ਜਿਹੇ ਬਾਬਾ ਠਾਕੁਰ ਸਿੰਘ ਜੀ ਨੇ ਉਹਨਾਂ ਵਿਰੁਧ ਬੜੇ ਹਲਕੀ ਕਿਸਮ ਦੇ ਦੋਸ਼ ਲਾਏ ਹਨ। ਸਿੱਖਾਂ ਨੂੰ ਹੁਣ ਦੁਸ਼ਮਣਾਂ ਨਾਲੋਂ ਜ਼ਿਆਦਾ ਆਪਣਿਆਂ ਤੋਂ ਖ਼ਤਰਾ ਹੈ। ਇਸੇ ਤਰ੍ਹਾਂ ਦਸਮ ਗ੍ਰੰਥ ਦੇ ਮਸਲੇ ਨੂੰ ਲੈ ਕੇ ਅੰਮ੍ਰਿਤਸਰ ਤੋਂ ਛਪਦੇ ਇਕ ਪੰਥਕਪਰਚੇ (ਸੰਤ ਸਿਪਾਹੀ) ਵਿਚ ਪ੍ਰਿੰ: ਹਰਿਭਜਨ ਸਿੰਘ ਜੀ ਦਾ ਬੜੇ ਗਲਤ ਢੰਗ ਨਾਲ ਵਿਰੋਧ ਕੀਤਾ ਜਾ ਰਿਹਾ ਹੈ। ਉਸ ਪਰਚੇ ਵਿਚ ਛਪੀ ਬਹਿਸ ਨੂੰ ਵੇਖ ਕੇ ਦਿਲ ਕਰਦਾ ਹੈ ਕਿ ਸਪੋਕਸਮੈਨ ਵਿਚ ਪ੍ਰਿੰ: ਹਰਿਭਜਨ ਸਿੰਘ ਜੀ ਦੇ ਲੇਖ ਛਪਦੇ ਹੀ ਰਹਿਣ। (ਸ੍ਰ: ਗੁਰਦੀਪ ਸਿੰਘ, ਲੁਧਿਆਣਾ)

## ਪ੍ਰਸ਼ੰਸਾ (ਸਪੋਕਸਮੈਨ, ਫ਼ਰਵਰੀ 1996, ਪੰਨਾ 47)

(1) ਸ੍ਰ: ਹਰਚੰਦ ਸਿੰਘ 'ਸਰਹੰਦੀ' ਲਿਖਦੇ ਹਨ:-

"ਸਪੋਕਸਮੈਨ" ਲੱਖਾਂ ਪਾਠਕਾਂ ਦੇ ਦਿਲਾਂ ਦੀ ਧੜਕਣ ਬਣ ਗਿਆ ਹੈ। ਇਸ ਵਿਚਲੀ ਸਮਗਰੀ ਨਵੀਆਂ ਸੇਧਾਂ ਦੇਣ ਵਾਲੀ ਹੁੰਦੀ ਹੈ। ਹੇਮਕੁੰਟ ਬਾਰੇ ਪ੍ਰਿੰ: ਹਰਿਭਜਨ ਸਿੰਘ ਜੀ ਦਾ ਲੇਖ, ਸ੍ਰੀ ਦਸ਼ਮੇਸ਼ ਪਿਤਾ ਬਾਰੇ ਅਨੇਕ ਭੁਲੇਖੇ ਦੂਰ ਕਰਨ ਵਾਲਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ। ਕੋਈ ਭੀ ਹੋਰ ਰਚਨਾ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਤੇ ਬਾਣੀ ਨਾਲ ਮੇਲ ਨਹੀਂ ਖਾਂਦੀ, ਨੂੰ ਨਕਾਰ ਦੇਂਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਆਪ ਦਸਮ ਗ੍ਰੰਥ ਨੂੰ ਕੋਈ ਮਾਨਤਾ ਨਹੀਂ ਦਿੱਤੀ, ਅਤੇ ਨਾ ਹੀ ਇਹ ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤਕ ਹੋਂਦ ਵਿਚ ਆਇਆ। ਗੁਰਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਭ ਕੁਝ ਹਨ।

ਗੁਰੂ ਜੀ ਨੇ ਤਾਂ ਖਾਲਸੇ ਨੂੰ ਕੇਵਲ ਅਕਾਲ ਪੁਰਖ ਦੀ ਆਰਾਧਨਾ ਕਰਨ ਦਾ ਹੁਕਮ ਦਿੱਤਾ ਹੈ। ਦਸਮ ਗ੍ਰੰਥ ਦੀਆ ਬਹੁਤੀਆਂ ਰਚਨਾਵਾਂ ਤਾਂ ਸਿਖਾਂ ਨੂੰ ਭਰਮ-ਭੁਲੇਖਿਆਂ ਵਿਚ ਪਾਉਣ ਵਾਲੀਆਂ ਹਨ। ਰਚਨਾ ਦਾ ਵੱਡਾ ਭਾਗ ਹਿੰਦੂ ਮਿਥਿਹਾਸ ਹੀ ਹੈ। ਦਸਮ ਗ੍ਰੰਥ ਅਨੁਸਾਰ ਅਕਾਲ ਪੁਰਖ ਨੇ ਗੁਰੂ ਜੀ ਨੂੰ ਕਿਹਾ ਕਿ, "ਅਜੇ ਤੀਕ ਮੇਰਾ ਨਾਮ ਕਿਸੇ ਨੇ ਨਹੀਂ ਜਪਾਇਆ," ਤਾਂ ਕੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਨਾਨਕ ਅਤੇ ਹੋਰ ਗੁਰੂਆਂ ਦੀ ਬਾਣੀ ਪ੍ਰਭੂ-ਭਗਤੀ ਤੋਂ ਸੱਖਣੀ ਹੈ, ਅਤੇ ਕੀ ਭਗਤਾਂ ਸਮੇਤ ਪਹਿਲੇ ਨੌ ਗੁਰੂਆਂ ਨੇ ਅਕਾਲ ਪੁਰਖ ਨਾਲ ਜੋੜਨ ਦਾ ਕੋਈ ਜਤਨ ਨਹੀਂ ਸੀ ਕੀਤਾ? "ਦਸਮ ਗ੍ਰੰਥ" ਅਨੁਸਾਰ ਅਕਾਲ ਪੁਰਖ ਨੇ ਗੁਰੂ ਗੋਬਿੰਦ ਸਿੰਘ ਨੂੰ ਕਿਹਾ:- "ਮੈਂ ਆਪਨਾ ਸੁਤ ਤੋਹਿ ਨਿਵਾਜਾ।" ਤਾਂ ਕੀ ਬਾਕੀ ਦੇ ਗੁਰੂ ਅਤੇ ਸਾਰੀ ਦੁਨੀਆਂ ਦੇ ਲੋਕ ਆਕਲ ਪੁਰਖ ਦੇ ਪੁੱਤਰ ਨਹੀਂ? ਗੁਰਬਾਣੀ ਤਾਂ ਕਹਿੰਦੀ ਹੈ- "ਤੂੰ ਸਾਂਝਾ ਸਾਹਿਬ ਬਾਪ ਹਮਾਰਾ।" ਅਤੇ "ਏਕੁ ਪਿਤਾ ਏਕਸ ਕੇ ਹਮ ਬਾਰਕ।"

ਸੋ ਇਹ ਕਥਾ ਮਿਥਿਹਾਸ ਤੋਂ ਬਿਨਾ ਕੁਝ ਨਹੀਂ, ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਐਨ ਉਲਟ ਪ੍ਰਭਾਵ ਦੇਣ ਵਾਲੀ ਹੈ। ਹੇਮਕੁੰਟ ਦਾ ਅਸਥਾਨ ਗੁਰਸਿੱਖਾਂ ਲਈ ਕੋਈ ਮਹਾਨਤਾ ਨਹੀਂ ਰਖਦਾ, ਕਿਉਂ ਨਾ ਉਨ੍ਹਾਂ ਅਸਥਾਨਾਂ ਦੀ ਧੂੜੀ ਹੀ ਮੱਥੇ ਤੇ ਲਾਈਏ, ਜਿਥੇ ਸੁਚਮੁਚ ਹੀ ਗੁਰੂ ਸਾਹਿਬ ਦੇ ਚਰਨ ਪਏ ਸਨ। ਅਜਿਹੇ ਵਿਦਵਤਾ ਭਰਪੂਰ ਲੇਖ ਸਿੱਖ ਜਗਤ ਨੂੰ ਠੀਕ ਰਾਹ ਪੈਣ ਵਿਚ ਬਹੁਤ ਸਹਾਈ ਹੋਣਗੇ।

(ਹਰਚੰਦ ਸਿੰਘ ਸਰਹਿੰਦ)

2) ਭਾਈ ਗੁਰਸੇਵਕ ਸਿੰਘ ਬਠਿੰਡਾ ਲਿਖਦੇ ਹਨ- ਹੇਮਕੁੰਟ ਬਾਰੇ ਲੇਖ ਵਿਚ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਵਡਮੁੱਲੀ ਜਾਣਕਾਰੀ ਦਿੱਤੀ ਹੈ। ਦਸਮਗ੍ਰੰਥ ਬਾਰੇ ਵੀ ਉਹਨਾਂ ਦੇ ਸਾਰੇ ਲੇਖ ਸਲਾਹੁਣਯੋਗ ਸਨ। ਹੁਣ ਖਾਲਸਾ ਪੰਥ ਦੀ ਤੀਸਰੀ ਜਨਮ ਸ਼ਤਾਬਦੀ ਮਨਾਉਣ ਦੇ ਮੌਕੇ ਸਾਨੂੰ ਸੁਚੇਤ ਹੋ ਕੇ 'ਦਸਮ ਗ੍ਰੰਥ' ਚੋਂ ਕੱਚੀ ਬਾਣੀ ਕੱਢ ਦੇਣੀ ਚਾਹੀਦੀ ਹੈ। 'ਤ੍ਰਿਆ ਚਰਿੱਤਰ' ਤਾਂ ਬੜੀ ਹੀ ਗਲਤ ਰਚਨਾ ਹੈ ਤੇ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦੀ।"

(ਗੁਰਸੇਵਕ ਸਿੰਘ ਬਠਿੰਡਾ)

3) ਸ੍ਰ: ਹਰਪ੍ਰੀਤ ਸਿੰਘ ਬੰਬਈ ਲਿਖਦੇ ਹਨ ਕਿ ਬ੍ਰਾਹਮਣ ਦੁਨੀਆ ਦਾ ਸਭ ਤੋਂ ਚਲਾਕ ਪ੍ਰਚਾਰਕ ਸੀ ਤੇ ਉਸ ਨੂੰ ਪਤਾ ਸੀ ਕਿ ਧਰਮ ਗ੍ਰੰਥਾਂ ਵਿਚ ਆਪਣੀ ਫਿਲਾਸਫੀ ਦੀ ਘੁਸਪੈਠ ਕਿਵੇਂ ਕਰਾਈ ਜਾਣੀ ਚਾਹੀਦੀ ਹੈ। ਗੁਰੂ ਸਾਹਿਬਾਨ ਬ੍ਰਾਹਮਣ ਨੀਤੀ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਇਸ ਲਈ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਉਪਰ ਮੋਹਰ ਲਾ ਦਿੱਤੀ, ਤਾਂ ਕਿ ਬ੍ਰਾਹਮਣ ਕੋਈ ਸ਼ਰਾਰਤ ਨਾ ਕਰ ਸਕੇ। ਦਸਮੇਸ਼ ਪਿਤਾ ਨੇ ਇਸੇ ਲਈ "ਬਿਪਰਨ ਕੀ ਰੀਤ" ਧਾਰਨ ਕਰਨ ਤੋਂ ਖ਼ਬਰਦਾਰ ਕੀਤਾ। "ਦਸਮ ਗ੍ਰੰਥ" ਦਸਾਂ ਗੁਰੂਆਂ ਤੋਂ ਮਗਰੋਂ ਹੋਂਦ ਵਿਚ ਆਇਆ। ਇਸ ਲਈ ਬ੍ਰਾਹਮਣ, ਇਸ ਵਿਚ ਆਪਣੀ ਸ਼ਰਾਰਤ ਘਸੋੜ ਗਿਆ। ਸਿੱਖਾਂ ਨੂੰ ਅਜੇਹਾ ਭੁਲੇਖਾ ਪਾ ਦਿੱਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਪੱਸ਼ਟ ਸੇਧ ਦੇ ਬਾਵਜੂਦ ਕੁਝ ਲੋਕ ਮਿਥਿਹਾਸਕ, ਮਨਘੜਤ ਤੇ ਅਸ਼ਲੀਲ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਕਹੀ ਜਾ ਰਹੇ ਹਨ। ਅਜਿਹੇ ਲੋਕ ਸਾਰਾ ਦਸਮ ਗ੍ਰੰਥ ਆਪਣੀਆਂ ਧੀਆਂ, ਭੈਣਾ ਸਾਹਮਣੇ ਉੱਚੀ ਅਵਾਜ਼ ਵਿਚ ਪੜ੍ਹ ਕੇ ਤਾਂ ਦੇਖਣ। ਬ੍ਰਾਹਮਣ ਦਾ ਜਾਦੂ ਸਿਰ ਤੇ ਇਸ ਤਰ੍ਹਾਂ ਚੜ੍ਹ ਗਿਆ ਹੈ, ਕਿ ਇਹ ਸਿੱਖ ਪੁਰਖ ਸਾਬਤ ਕਰਨ ਲਈ ਉਹ ਦਲੀਲਾਂ ਦਿੰਦੇ ਹਨ ਜੋ ਬ੍ਰਾਹਮਣ ਵੀ ਦੇਣੋ ਹਿਚਕਚਾਏਗਾ। ਗੁਰੂ ਗੋਬਿੰਦ ਸਿੰਘ ਦੇ ਪਿਛਲੇ ਜਨਮ ਬਾਰੇ ਬ੍ਰਾਹਮਣ ਨੇ ਭੁਲੇਖੇ ਪਾਏ ਹਨ। ਗੁਰੂ ਜੀ ਨੇ ਆਪ ਕੁਝ ਨਹੀਂ ਲਿਖਿਆ। ਸਾਨੂੰ ਕੇਵਲ ਉਹੀ ਵੇਖਣਾ ਚਾਹੀਦਾ ਹੈ, ਜੋ ਗੁਰੂ ਗੋਬਿੰਦ ਸਿੰਘ ਤੇ ਬਾਕੀ ਗੁਰੂਆਂ ਨੇ ਇਸ ਜਨਮ ਵਿਚ ਆਪ ਕੀਤਾ ਤੇ ਸਾਨੂੰ ਕਰਨ ਲਈ ਕਿਹਾ। (ਹਰਪ੍ਰੀਤ ਸਿੰਘ, ਬੰਬਈ)

4) ਸ੍ਰ : ਨਰਿੰਦਰਪਾਲ ਸਿੰਘ ਜੀ ਲਿਖਦੇ ਹਨ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ, ਸਿੰਘ ਸਾਹਿਬਾਨ ਤੇ ਦੂਜੇ ਪੰਥ ਦਰਦੀਆਂ ਨੂੰ ਕੋਈ ਅਮਲੀ ਕਦਮ ਚੁਕਣਾ ਚਾਹੀਦਾ ਹੈ। ਗੁਰੂ ਜੀ ਨੇ ਸਪੱਸ਼ਟ ਸਨੇਹਾ ਦਿੱਤਾ ਸੀ ਕਿ ਗੁਰੂ ਦੇ ਸਿੱਖ ਨੇ ਦੇਹਧਾਰੀ ਗੁਰੂ ਦੇ ਨਹੀਂ, ਸਗੋਂ "ਸ਼ਬਦ ਗੁਰੂ" ਦੇ ਲੜ ਲਗਣਾ ਹੈ। ਇਹ ਲੋਕ ਕਿੰਨੇ ਨਿਲੱਜ ਹੋ ਗਏ ਹਨ, ਜਿਨ੍ਹਾਂ ਨੂੰ ਆਪਣੇ ਪਿਤਾ ਦੀ ਇੱਜਤ ਨੂੰ ਹੱਥ ਪਾਉਣ ਲਗਿਆਂ ਵੀ ਸ਼ਰਮ ਨਹੀਂ ਆਉਂਦੀ। ਆਪਣੇ ਰੁਜ਼ਗਾਰ ਲਈ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਨਾਮ ਹੀ ਲਭਿਆ ਸੀ? ਦਸਮ ਗ੍ਰੰਥ ਬਾਰੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਲੇਖ ਜਾਰੀ ਰਖੋ। (ਨਰਿੰਦਰਪਾਲ ਸਿੰਘ, ਚੱਕ ਸੋਮੀਆਂਵਾਲਾ, ਫਿਰੋਜ਼ਪੁਰ, ਸਪੋਕਸਮੈਨ ਦਾ ਲਾਈਫ਼ ਮੈਂਬਰ)

## ਪ੍ਰਸ਼ੰਸਾ ਪੱਤਰ (ਸਪੋਕਸਮੈਨ, ਮਾਰਚ 1996, ਪੰਨਾ 50) :-

1) ਸ੍ਰ: ਇੰਦਰ ਸਿੰਘ ਭਸੀਨ (ਪਠਾਨਕੋਟ) ਲਿਖਦੇ ਹਨ:-

ਜਦ ਦਾ ਇਹ ਗ੍ਰੰਥ ਹੋਂਦ ਵਿਚ ਆਇਆ ਹੈ, ਇਹ ਵਾਦ-ਵਿਵਾਦ ਦੇ ਘੇਰੇ ਵਿਚੋਂ ਬਾਹਰ ਨਹੀਂ ਨਿਕਲਿਆ। ਪੰਥ ਵਿਚ ਕਈ ਵਾਰ ਕੋਸ਼ਿਸ਼ ਹੋਈ ਕਿ ਕੋਈ ਪੱਕਾ ਨਿਰਣਾ ਲਿਆ ਜਾਵੇ, ਪਰ ਕੁਝ ਅੰਧਵਿਸ਼ਵਾਸੀ ਸਿੱਖਾਂ ਨੇ ਹਰ ਵਾਰ ਅਜਿਹਾ ਅੜਿੱਕਾ ਡਾਹਿਆ ਕਿ ਗੱਲ ਕਿਸੇ ਕਿਨਾਰੇ ਨਾ ਲੱਗੀ, ਤੇ ਅੱਜ ਤਕ ਲਟਕ ਰਹੀ ਹੈ। ਹੁਣ ਜਦ ਸਿੱਖਾਂ ਵਿਚ ਜਾਗਰਤੀ ਆ ਗਈ ਹੈ, ਤਾਂ ਸੰਭਾਵਨਾ ਸੀ ਕਿ ਬੁਧੀਜੀਵੀਆਂ ਦੀ ਪੱਧਰ ਤੇ ਕੋਈ ਨਿਰਨਾ ਲੈ ਲਿਆ ਜਾਵੇਗਾ। ਪਰ, ਪ੍ਰਿੰ: ਹਰਿਭਜਨ ਸਿੰਘ ਦੇ

ਬਾ-ਦਲੀਲ ਲੇਖਾਂ ਦੇ ਜੁਆਬ ਵਿਚ ਕਈ ਟਿੱਪਣੀਆਂ ਪੜ ਕੇ ਦੁਖ ਹੁੰਦਾ ਹੈ। **ਨਿਰਣਾ ਸ੍ਰੀ ਮੁੱਖਵਾਕ ਬਾਣੀ ਦਾ ਕਰਨਾ ਹੈ, ਨਾ ਕਿ ਪ੍ਰਿੰ: ਹਰਿਭਜਨ ਸਿੰਘ ਦਾ।** ਉਹਨਾਂ ਪ੍ਰਤੀ ਅਯੋਗ ਸ਼ਬਦ ਵਰਤਣੇ ਬਿਲਕੁਲ ਵਾਜਬ ਨਹੀਂ। ਪੰਥ ਕੋਲ ਕੁਝ ਕੁ ਵਿਦਵਾਨ ਹੀ ਬਾਕੀ ਰਹਿ ਗਏ ਹਨ (ਪ੍ਰਿੰ : ਸਾਹਿਬ ਵੀ ਉਹਨਾਂ 'ਚੋਂ ਇਕ ਹਨ) ਜੋ ਗੁਰਮਤਿ ਚੇਤਨਾ ਉਤੇ ਚਾਨਣਾ ਪਾਉਣ ਦੇ ਸਮਰਥ ਹਨ। ਲੇਖਣੀ ਬਾਰੇ ਬਾਦਲੀਲ ਉੱਤਰ ਦੇਣਾ ਬਣਦਾ ਹੈ। ਜਾਤੀ ਹਮਲਿਆਂ ਵਾਲੀਆਂ ਚਿੱਠੀਆਂ ਛਾਪਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਤੁਸਾਂ ਵਿਸ਼ਾ ਚੰਗਾ ਹੱਥ ਵਿਚ ਲਿਆ ਹੈ, ਵਾਹਿਗੁਰੂ ਸਹਾਈ ਹੋਵੇ।

(ਇੰਦਰ ਸਿੰਘ ਭਸੀਨ, ਪਠਾਨਕੋਟ)

2) ਸ੍ਰ : ਕੰਵਲਜੀਤ ਸਿੰਘ ਜੀ ਪਟਿਆਲਾ ਲਿਖਦੇ ਹਨ ਕਿ ਫਰਵਰੀ ਅੰਕ ਵਿਚ ਡਾ: ਅਵਤਾਰ ਸਿੰਘ, ਸਹਿ-ਐਡੀਟਰ, ਖ਼ਾਲਸਾ ਸਮਾਚਾਰ, ਨਵੀਂ ਦਿੱਲੀ ਨੇ ਪ੍ਰਿੰ : ਸਾਹਿਬ ਦੇ ਇਕ ਕਥਨ ਤੇ ਕਿੰਤੂ ਕਰਦਿਆਂ ਲਿਖਿਆ ਸੀ ਕਿ 885 ਸਫੇ ਉਤੇ ਗੁਰੂ ਗ੍ਰੰਥ ਸਾਹਿਬ ਵਿਚ 'ਮਹਾਂਕਾਲ' ਵਰਣਤ ਹੈ। ਪਰ ਉਹ ਸ਼ਿਵਜੀ ਲਈ ਨਹੀਂ, ਸਗੋਂ ਮੌਤ ਦੇ ਭਿਆਨਕ ਡਰ ਲਈ ਵਰਤਿਆ ਗਿਆ ਹੈ। ਮੇਰੀ ਬੇਨਤੀ ਹੈ ਕਿ ਨਿਰਪੱਖ ਹੋ ਕੇ ਗੁਰੂ ਗ੍ਰੰਥ ਸਾਹਿਬ ਨਾਲ ਮੇਲ ਕੇ ਅਰਥ ਪੜ੍ਹੋ, ਪ੍ਰਿੰ: ਸਾਹਿਬ ਦੇ ਲੇਖ ਸੌ ਫ਼ੀਸਦੀ ਗੁਰਮਤ ਅਨੁਕੂਲ ਹਨ। ਆਪ ਸਿੱਖ ਪੰਥ ਦੇ ਗਿਣੇ-ਚੁਣੇ ਵਿਦਵਾਨਾਂ ਵਿਚੋਂ ਇਕ ਹਨ। ਜਿਸ ਰਚਨਾ ਨੂੰ ਸਾਰਾ ਪ੍ਰਵਾਰ ਆਪਸ ਵਿਚ ਬੈਠ ਕੇ ਪੜ੍ਹ ਨਹੀਂ ਸਕਦਾ, ਉਹ ਗੁਰੂ ਪਿਤਾ ਦੀ ਲਿਖਤ ਕਿਵੇਂ ਹੋ ਸਕਦੀ ਹੈ? (ਕੰਵਲਜੀਤ ਸਿੰਘ, ਪਟਿਆਲਾ)

ਨੋਟ :- ਪ੍ਰੋ: ਸਾਹਿਬ ਸਿੰਘ , ਪ੍ਰਿੰ: ਤੇਜਾ ਸਿੰਘ ਆਦਿ ਵਿਦਵਾਨਾਂ ਨੇ ਵੀ 'ਮਹਾਂਕਾਲ' ਸ਼ਬਦ ਨੂੰ ਸ਼ਿਵਜੀ ਨਾਲ ਨਹੀਂ ਜੋੜਿਆ, ਸਗੋਂ ਭਿਆਨਕ ਮੌਤ ਹੀ ਮੰਨਿਆ ਹੈ, ਜੋ ਆਤਮਕ ਜੀਵਨ ਨੂੰ ਖ਼ਤਮ ਨਹੀਂ ਕਰ ਸਕਦੀ। (ਹਰਿਭਜਨ ਸਿੰਘ)

### ਸਪੋਕਸਮੈਨ ਵੀਕਲੀ ਦਾ ਮਾਸਕ ਅੰਕ ਅਪ੍ਰੈਲ, 1996 (ਪੰਨਾ 24)

### (ਜ) ਦਸਮ ਗ੍ਰੰਥ ਤੇ 'ਹੇਮਕੁੰਟ' ਦਾ ਮਾਮਲਾ:-

1) ਸਭ ਤੋਂ ਮਹਤਵਪੂਰਨ ਵਿਸ਼ਾ 'ਦਸਮ ਗ੍ਰੰਥ' ਦਾ ਸੀ। ਇਹ 'ਗ੍ਰੰਥ' ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹੋਂਦ ਵਿਚ ਆਇਆ ਸੀ ਤੇ ਇਸ ਦੀ ਹੋਂਦ ਵੀ ਕਿਸੇ ਵਿਗਿਆਨਕ ਢੰਗ ਨਾਲ ਨਹੀਂ ਸੀ ਹੋਈ, ਸਗੋਂ ਇਸ ਸ਼ਰਤ ਦੇ ਆਧਾਰ ਤੇ ਹੋਈ ਸੀ ਕਿ ਜੇ ਫਲਾਣੀ ਮੁਹਿੰਮ ਵਿਚ ਸਫਲਤਾ ਹੋ ਗਈ ਤਾਂ ਸਾਰੀ ਉਪਲਬਧ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਦੀ 'ਬਾਣੀ' ਮੰਨ ਕੇ ਜਿਲਦਬੰਦ ਕਰ ਦਿੱਤਾ ਜਾਏਗ, ਤੇ ਜੇ ਸਫਲਤਾ ਨਾ ਮਿਲੀ ਤਾਂ ਨਹੀਂ ਮੰਨਿਆ ਜਾਏਗਾ। ਯਕੀਨਨ 'ਗ੍ਰੰਥ' ਤਿਆਰ ਕਰਨ ਦਾ ਇਹ ਕੋਈ ਚੰਗਾ ਢੰਗ ਨਹੀਂ ਸੀ। ਇਸੇ ਲਈ ਅੱਜ ਤੀਕ ਇਸ ਬਾਰੇ ਬਹਿਸ ਜਾਰੀ ਹੈ। ਕਿਸੇ ਥਾਂ "ਮਸਲੇ ਨੂੰ ਨਾ ਛੇੜੋ", "ਜਿਵੇਂ ਹੈ, ਤਿਵੇਂ ਰਹਿਣ ਦਿਉ" ਦੀ ਸੋਚ ਰਖਣ ਵਾਲਿਆਂ ਦਾ ਪਲੜਾ ਭਾਰੀ ਹੋ ਜਾਂਦਾ ਹੈ ਤੇ ਕਿਸੇ ਥਾਂ ਉਨ੍ਹਾਂ ਦਾ ਜਿਨ੍ਹਾਂ ਕੋਲ ਇਹ ਯਕੀਨ ਕਰਨ ਦੇ ਕਾਫ਼ੀ ਕਾਰਨ ਹਨ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਦੇ ਉਲਟ ਕੋਈ ਰਚਨਾ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਹੋ

ਸਕਦੀ ਤੇ ਕਿਸੇ ਚਤੁਰ ਬ੍ਰਾਹਮਣ ਲੇਖਕ (ਸ਼ਿਆਮ ਕਵੀ) ਨੇ ਗੁਰੂ ਗੋਬਿੰਦ ਸਿੰਘ ਦੇ ਨਾਂ ਨਾਲ ਬੜੀ ਇਤਰਾਜ਼ਯੋਗ ਰਚਨਾ ਸ਼ਰਾਰਤ ਨਾਲ ਜੋੜ ਦਿੱਤੀ ਹੈ, ਜਿਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਇਸ 'ਗ੍ਰੰਥ' ਦੀ ਅੱਧੀ ਤੋਂ ਵੱਧ ਰਚਨਾ ਪ੍ਰਵਾਰ ਦੇ ਜੀਅ ਇਕੱਠੇ ਬੈਠ ਕੇ ਨਹੀਂ ਪੜ੍ਹ ਸਕਦੇ। ਬਾਕੀ ਦੇ ਇਕ ਚੌਥਾਈ ਤੋਂ ਵਧ ਭਾਗ ਵਿਚ ਉਨ੍ਹਾਂ ਦੇਵੀ ਦੇਵਤਿਆਂ ਦੀ ਮਹਿਮਾ ਗਾਇਨ ਕੀਤੀ ਗਈ ਹੈ, ਜਿਨ੍ਹਾਂ ਨੂੰ ਸਿੱਖ ਧਰਮ ਪ੍ਰਵਾਨਗੀ ਹੀ ਨਹੀਂ ਦੇਂਦਾ। ਵਿਚ ਵਿਚ, ਬੜੇ ਗੈਰ-ਵਿਗਿਆਨਕ ਢੰਗਾਂ ਰਾਹੀਂ ਗੁਰੂ ਸਾਹਿਬ ਦੀ ਗੁਰਮਤਿ ਦੇ ਅਸੂਲਾਂ ਨਾਲ ਮੇਲ ਖਾਂਦੀ ਰਚਨਾ ਵੀ ਇਸ ਤਰ੍ਹਾਂ ਦਾਖ਼ਲ ਕੀਤੀ ਹੋਈ ਹੈ ਕਿ ਸਮਝ ਨਹੀਂ ਆਉਂਦੀ, ਅਸਲ ਨੂੰ ਨਕਲ ਨਾਲੋਂ ਕਿਥੇ ਤੇ ਕਿਵੇਂ ਨਿਖੇੜਿਆ ਜਾਏ। ਬਹੁਤ ਦੇਰ ਤੋਂ ਵਿਦਵਾਨ ਲੋਕ ਇਸ ਬਾਰੇ ਬਹਿਸ ਕਰ ਰਹੇ ਸਨ। 'ਸਪੋਕਸਮੈਨ' ਦਾ ਮੱਤ ਸੀ ਕਿ ਵਿਦਵਾਨ ਇਸ ਮਸਲੇ ਨੂੰ 250 ਸਾਲਾਂ ਵਿਚ ਹੱਲ ਨਹੀਂ ਕਰ ਸਕੇ, ਇਸ ਲਈ ਆਮ ਸਿੱਖ ਜਨਤਾ ਨੂੰ ਇਸ ਬਾਰੇ ਜਾਣਕਾਰੀ ਦੇ ਕੇ ਸਹੀ ਹਾਲਾਤ ਤੋਂ ਵਾਕਫ਼ ਕਰਾਇਆ ਜਾਣਾ ਜ਼ਰੂਰੀ ਹੋ ਗਿਆ ਹੈ।

ਸਾਡਾ ਵਿਸ਼ਵਾਸ ਸੀ ਕਿ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਲੇਖਾਂ ਦੇ ਉੱਤਰ ਵਿਚ ਵਧੀਆ ਲੇਖ ਦੂਜੀ ਧਿਰ ਵਲੋਂ ਵੀ ਆਉਣਗੇ। ਦੂਜੀ ਧਿਰ ਵਲੋਂ ਕੇਵਲ ਦੋ ਲੇਖ ਆਹੇ ਹਨ ਪਰ ਦੁਹਾਂ ਵਿਚ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਇਤਰਾਜ਼ਾ ਦਾ ਕੋਈ ਜਵਾਬ ਨਹੀ ਦਿੱਤਾ ਗਿਆ ਸਗੋਂ ਉਸ ਬਾਣੀ ਨੂੰ ਦੁਹਰਾ ਦਿਤਾ ਗਿਆ ਹੈ ਜਿਸ ਨੂੰ ਪ੍ਰਿੰਸੀਪਲ ਹਰਿਭਜਨ ਸਿੰਘ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੰਨਦੇ ਹਨ। ਇਹ ਬਾਣੀ ਦੁਹਰਾ ਕੇ ਲੇਖਕ ਪੁਛਦੇ ਹਨ ਕਿ ਇਹ ਗੁਰੂ ਦੀ ਨਹੀਂ ਤਾਂ ਹੋਰ ਕਿਸ ਦੀ ਹੈ? ਜਿਸ ਭਾਗ ਬਾਰੇ ਕਿਸੇ ਨੂੰ ਵੀ ਕੋਈ ਇਤਰਾਜ ਨਹੀਂ, ਉਸ ਨੂੰ ਚਲ ਰਹੀ ਬਹਿਸ ਦਾ ਹਿੱਸਾ ਬਨਾਉਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ। ਸਵਾਲ ਇਹ ਹੈ ਕਿ 'ਦਸਮ ਗ੍ਰੰਥ' ਦਾ ਬਹੁਤ ਵੱਡਾ ਭਾਗ ਗੁਰੁ ਗੋਬਿੰਦ ਸਿੰਘ ਰਚਿਤ ਨਹੀਂ ਅਤੇ ਜਿਸ ਭਾਗ ਬਾਰੇ ਨਿਸ਼ਠਾਵਾਨ ਸਿੱਖਾਂ ਨੂੰ ਇਤਰਾਜ਼ ਹਨ, ਉਸ ਬਾਰੇ ਕਿਸੇ ਕੋਲ ਗੁਰਮਤਿ ਦੀ ਕਸਵੱਟੀ ਤੇ ਖਰਾ ਉਤਰਨ ਵਾਲਾ ਜਵਾਬ ਹੈ ਕਿ ਨਹੀਂ ? ਜੇ ਹੈ ਤਾਂ ਜ਼ਰੂਰ ਭੇਜੇ। ਸਾਡਾ ਮਨੋਰਥ ਤਾਂ ਸਾਰੇ ਪੰਥ ਅੰਦਰ ਇਕ ਰਾਏ ਕਾਇਮ ਕਰਨਾ ਹੈ। ਜਿਹੜੀ ਧਿਰ ਦਲੀਲ ਦੀ ਥਾਂ ਹਠ ਅਤੇ ਅੜੀ ਦਾ ਸਹਾਰਾ ਲਵੇਗੀ, ਉਸ ਨੂੰ ਅੰਤ ਹਾਰ ਮੰਨਣੀ ਪਵੇਗੀ।

ਇਕ ਦਲੀਲ ਇਹ ਵੀ ਹੈ ਕਿ ਅਕਾਲ ਤਖ਼ਤ ਤੋਂ ਇਸ ਬਾਰੇ ਇਕ ਵਾਰ ਫ਼ੈਸਲਾ ਹੋ ਚੁਕਾ ਹੈ। ਸਾਨੂੰ ਪਤਾ ਹੈ ਕਿ ਗਿਆਨੀ ਭਾਗ ਸਿੰਘ ਦੀ ਪੁਸਤਕ 'ਦਸਮ ਗ੍ਰੰਥ ਨਿਰਣੈ' ਦੇ ਮਾਮਲੇ ਵਿਚ ਫ਼ੈਸਲਾ ਲਿਆ ਗਿਆ ਸੀ ਤੇ ਪੁਸਤਕ ਦੇ ਲੇਖਕ ਨੂੰ ਤਨਖ਼ਾਹ ਲਾਈ ਗਈ ਸੀ। ਪਰ ਸਾਨੂੰ ਇਹ ਵੀ ਪਤਾ ਹੈ ਕਿ ਉਦੋਂ ਇਹ ਫ਼ੈਸਲਾ ਕਿਵੇਂ ਹੋਇਆ ਸੀ। ਸਾਨੂੰ ਇਹ ਭੇਦ ਵੀ ਖੋਲ੍ਹਣਾ ਪਵੇਗਾ ਕਿ ਫ਼ੈਸਲਾ ਇਹ ਹੋਇਆ ਸੀ (ਬਹੁਗਿਣਤੀ ਦਾ) ਕਿ ਪੁਸਤਕ-ਲੇਖਕ ਨੇ ਕੋਈ ਗਲਤੀ ਨਹੀ ਸੀ ਕੀਤੀ, ਪਰ ਮੀਟਿੰਗ ਮਗਰੋਂ ਸਿਆਸੀ ਲੋਕਾਂ ਦੀ ਹਦਾਇਤ ਤੇ ਫ਼ੈਸਲਾ ਬਦਲ ਦਿੱਤਾ ਗਿਆ ਤੇ 'ਹੁਕਮਨਾਮਾ' ਲੇਖਕ ਦੇ ਵਿਰੁਧ ਜਾਰੀ ਕਰ ਦਿੱਤਾ ਗਿਆ। ਉਸ ਮੀਟਿੰਗ ਵਿਚ ਹਾਜ਼ਰ ਵਿਦਵਾਨ ਅਜੇ ਮੌਜੂਦ ਹਨ ਜੋ ਹਲਫ਼ੀਆ ਬਿਆਨ ਦੇ ਕੇ ਕਹਿਣ ਨੂੰ ਤਿਆਰ ਹਨ ਕਿ ਫ਼ੈਸਲਾ ਪੁਸਤਕ ਦੇ ਹਕ ਵਿਚ ਹੋਇਆ ਸੀ, ਪਰ 'ਸਿਆਸਤਦਾਨਾਂ' ਨੇ ਇਸ ਨੂੰ ਬਦਲਵਾ ਦਿੱਤਾ ਸੀ।

ਅਕਾਲ ਤਖ਼ਤ ਨੂੰ ਆਪਣੇ ਫ਼ੈਸਲੇ, ਸਿਆਸਤਦਾਨਾਂ ਦੇ ਦਖਲ ਤੋਂ ਬਗੈਰ ਆਜ਼ਾਦਾਨਾ ਤੌਰ ਤੇ ਲੈਣ ਦੇ ਯੋਗ ਬਨਾਉਣ ਲਈ ਕੀ ਕੀਤਾ ਜਾਏ, ਇਹ ਇਕ ਵਖਰਾ ਮਸਲਾ ਹੈ ਜੋ ਵਿਦਵਾਨਾਂ ਦਾ ਧਿਆਨ ਖਿਚ ਰਿਹਾ ਹੈ। ਇਥੇ ਕੇਵਲ ਏਨਾ ਕਹਿਣਾ ਹੀ ਕਾਫ਼ੀ ਹੈ ਕਿ "ਦਸਮ ਗ੍ਰੰਥ" ਬਾਰੇ ਪਿਛਲਾ ਫ਼ੈਸਲਾ ਅਕਾਲ ਤਖ਼ਤ ਦਾ ਨਹੀਂ, ਸਿਆਸੀ ਲੋਕਾਂ ਦਾ ਫ਼ੈਸਲਾ ਸੀ। 'ਸਪੋਕਸਮੈਨ' ਦੀ ਇੱਛਾ ਹੈ ਕਿ ਨਿਸ਼ਠਾਵਾਨ ਵਿਦਵਾਨਾਂ ਦੀ ਸਹਾਇਤਾ ਨਾਲ, ਆਜ਼ਾਦਾਨਾ ਤੌਰ ਤੇ, ਅਕਾਲ ਤਖ਼ਤ ਅੰਤਮ ਨਿਰਣਾ ਲਵੇ ਜਿਸ ਨੂੰ ਸਾਰਾ ਪੰਥ ਪ੍ਰਵਾਨ ਕਰੇ। ਇਸ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੈ ਕਿ ਸਮੁਚੇ ਪੰਥ ਨੂੰ ਪੂਰੇ ਤੱਥ ਪਤਾ ਹੋਣ ਤੇ ਦੋਹਾਂ ਧਿਰਾਂ ਕੋਲ ਜੋ ਤੱਥਾਂ ਅਤੇ ਦਲੀਲਾਂ ਦੇ ਆਧਾਰ ਤੇ ਕਹਿਣ ਨੂੰ ਕੋਈ ਗੱਲ ਹੈ ਤਾਂ ਲੋਕਾਂ ਸਾਹਮਣੇ ਰੱਖਣ। ਜੋ ਵੀ ਫ਼ੈਸਲਾ ਹੋਵੇ, ਵਿਗਿਆਨਕ ਢੰਗ ਨਾਲ ਹੋਵੇ ਤੇ ਸਭ ਦੇ ਸਾਹਮਣੇ ਹੋਵੇ।

"ਦਸਮ ਗ੍ਰੰਥ" ਦੇ ਨਾਲ ਜੁੜਵਾਂ ਇਕ ਹੋਰ ਮਸਲਾ ਹੈ 'ਹੇਮਕੁੰਟ' ਦਾ। ਜੇ ਦਸਮ ਗ੍ਰੰਥ ਦੀ ਸਾਰੀ ਰਚਨਾ ਗੁਰੂ ਗੋਬਿੰਦ ਸਿੰਘ ਦੀ ਨਹੀਂ ਤਾਂ 'ਹੇਮਕੁੰਟ' ਬਾਰੇ ਵੀ 'ਦਸਮ ਗ੍ਰੰਥ' ਦੀ ਲਿਖਤ ਗਲਤ ਸਾਬਤ ਹੋ ਜਾਂਦੀ ਹੈ। ਇਸ ਲਈ ਦਸਮ ਗ੍ਰੰਥ ਅਤੇ ਹੇਮਕੁੰਟ ਨੂੰ ਇਕੋ ਮਸਲਾ ਸਮਝਣਾ ਚਾਹੀਦਾ ਹੈ। ਜੇ 'ਦਸਮ ਗ੍ਰੰਥ' ਗੁਰੂ ਜੀ ਦੀ ਰਚਨਾ ਨਹੀਂ ਤਾਂ 'ਹੇਮਕੁੰਟ' ਨਾਲ ਜੁੜੀ ਕਥਾ ਵੀ ਗਲਤ ਹੈ। ਜੇ ਦਸਮ ਗ੍ਰੰਥ ਗੁਰੂ ਜੀ ਦੀ ਰਚਨਾ ਹੈ ਤਾਂ 'ਹੇਮਕੁੰਟ' ਵੀ ਗੁਰੂ ਦਾ ਤਪ ਅਸਥਾਨ ਹੈ। ਪਰ ਅਸੀਂ ਫਿਰ ਦੁਹਰਾ ਦਈਏ ਕਿ ਇਹ ਮਸਲਾ ਕੇਵਲ ਸ਼ਰਧਾਵਾਨ, ਸਿਆਣੇ ਵਿਦਵਾਨ ਸਿੱਖਾਂ ਦੇ ਵਿਚਾਰਨ ਵਾਲਾ ਹੈ ਤੇ ਪੰਥ ਦੇ ਭਲੇ ਨੂੰ ਸਾਹਮਣੇ ਰੱਖ ਕੇ, ਕੇਵਲ ਦਲੀਲ ਅਤੇ ਸੱਚ ਦਾ ਸਹਾਰਾ ਲੈ ਕੇ ਨਿਰਣਾ ਕਰਨ ਦੀ ਮੰਗ ਕਰਦਾ ਹੈ।-(ਸਪੋਕਸਮੈਨ ਬਿਊਰੋ)

## 2) 'ਦਸਮ ਗ੍ਰੰਥ' ਵਿਚ ਕੀ ਲਿਖਿਐ ? (ਪੰਨੇ 49-50)

ਫ਼ਰਵਰੀ 1996 (ਸਪੋਕਸਮੈਨ ਅੰਕ) ਵਿਚ ਦਸਮ ਗ੍ਰੰਥ ਸੰਬੰਧੀ ਵਿਚਾਰ (ਕੁਝ ਪਾਠਕਾਂ ਦੀਆਂ ਪ੍ਰਿੰ ਸਾਹਿਬ ਦੇ ਲੇਖਾਂ ਉੱਤੇ ਪ੍ਰਤਿਕਿਰਿਆਵਾਂ) ਪੜ੍ਹੇ ਤੇ ਅਚੰਭਾ ਹੋਇਆ ਕਿ ਸਪੋਕਸਮੈਨ ਵਾਲੇ, ਸ਼ਯਾਮ ਭੱਟ ਦੇ ਇਸ "ਮਹਾਨ ਗ੍ਰੰਥ" ਨੂੰ ਪੜ੍ਹੇ ਬਿਨਾ ਹੀ ਇਸ ਸੰਬੰਧੀ ਨੁਕਤਾਚੀਨੀਆਂ ਛਾਪ ਦੇਂਦੇ ਹਨ। ਜਿਥੋਂ ਤਕ ਪ੍ਰਿੰ ਹਰਿਭਜਨ ਸਿੰਘ ਜੀ ਦਾ ਸੰਬੰਧ ਹੈ ਆਪ ਇਕ ਬਜ਼ੁਰਗ ਵਿਚਾਰਵਾਨ ਹਨ। ਇਸ ਉਮਰ ਵਿਚ ਕਦੀ ਕਦੀ ਕੋਈ ਨਾ ਕੋਈ ਚਿੰਤਾ (ਟੈਨਸ਼ਨ) ਹੋ ਹੀ ਜਾਂਦੀ ਹੈ। ਜੇ ਆਪ ਜੀ ਗਹੁ ਨਾਲ ਇਸ 'ਮਹਾਨ ਗ੍ਰੰਥ' ਨੂੰ ਪੜ੍ਹਦੇ ਤਾਂ ਕਿਸੇ ਬੇਚੈਨੀ ਤੋਂ ਤੰਗ ਨਾ ਹੋਣਾ ਪੈਂਦਾ। ਇਹ ਬੇਚੈਨੀਆਂ ਭਗਵਾਨ ਨੂੰ ਵੀ ਕਈ ਵਾਰੀ ਹੋ ਜਾਦੀਆਂ ਸਨ ਪਰ ਆਪ ਜੀ ਨੇ ਸੰਸਾਰ ਨੂੰ ਇਨ੍ਹਾਂ ਤੋਂ ਬਚਣ ਦਾ ਸੰਦੇਸ਼ ਦਿੱਤਾ ਸੀ। ਪ੍ਰਿੰ ਸਾਹਿਬ ਨੂੰ ਉਹ ਨਜ਼ਰ ਨਹੀਂ ਆਇਆ। ਭਗਵਾਨ ਇਨ੍ਹਾਂ ਤੋਂ ਬਚਣ ਲਈ ਕਈ ਥਾਂਈ ਕਹਿੰਦੇ ਹਨ:-

ਪੋਸਤ ਭਾਂਗ ਅਫ਼ੀਮ ਮੰਗਾਇ,

ਪਿਯੋ ਮਦ, ਸ਼ੋਕ ਬਿਦਾ ਕਰਿ ਡਾਰਿਓ।

-(ਛੰਦ 2115, ਕ੍ਰਿਸ਼ਨ ਅਵਤਾਰ: ਦਸਮ ਗ੍ਰੰਥ, ਪੰਨਾ 522)

(ਪੋਸਤ, ਭੰਗ, ਅਫ਼ੀਮ ਛੱਕ ਕੇ ਤੇ ਸ਼ਰਾਬ ਪੀ ਕੇ ਚਿੰਤਾ ਦੂਰ ਕਰ ਲਉ)

"ਭਗਵਾਨ ਕ੍ਰਿਸ਼ਨ ਦੇ ਮਨ ਵਿਚ ਜਦੋਂ ਵੀ ਕਿਸੇ ਪ੍ਰਕਾਰ ਦਾ ਸ਼ੋਕ (tension) ਉਤਪੰਨ ਹੋਇਆ, ਆਪ ਨੇ (ਦਸਮ ਗ੍ਰੰਥ ਅਨੁਸਾਰ) ਇਹ ਚਾਰੇ ਕੈਫ਼ਾਂ -ਪੋਸਤ ਦੇ ਡੋਡੇ,ਭੰਗ, ਅਫ਼ੀਮ ਤੇ ਸ਼ਰਾਬ ਮੰਗਾ ਕੇ ਖੁਲ੍ਹੇ ਗੱਫੇ ਲਾਏ ਤੇ ਹਰ ਪ੍ਰਕਾਰ ਦਾ ਸ਼ੋਕ ਉਡ-ਪੁਡ ਗਿਆ। ਉਹ ਸਗੋਂ ਗਿਲਾ ਕਰਦੇ ਹਨ ਕਿ ਬ੍ਰਹਮਾ ਨੇ ਜਦੋਂ ਸੱਤਾਂ ਸਮੁੰਦਰਾਂ ਦੀ ਰਚਨਾ ਕੀਤੀ ਤਾਂ ਸ਼ਰਾਬ ਦਾ ਅਠਵਾਂ ਸਮੁੰਦਰ ਬਨਾਉਣਾ ਭੁਲ ਹੀ ਗਏ, ਨਹੀਂ ਤਾਂ ਸ਼ਰਾਬ, ਵਿਸਕੀ ਦੇ ਡਰੰਮਾਂ ਦੇ ਡਰੰਮ ਇਥੋਂ ਹੀ ਭਰੇ ਜਾ ਸਕਦੇ ਸਨ:-

ਕਾਮ ਕਿਯੋ ਬ੍ਰਹਮਾ ਘਟਿ ਕਿਉਂ।" (ਓਹੀ)

ਭਗਵਾਨ ਵੇਲੇ ਕੁਵੇਲੇ ਇਹ ਨੁਸਖ਼ਾ ਆਮ ਵਰਤਦੇ ਸਨ:

ਪੋਸਤ ਭਾਂਗ ਅਫ਼ੀਮ ਘਨੇ ਮਦ,

ਪੀਵਨ ਕੇ ਤਿਨ ਕਾਜ ਮੰਗਾਯੋ। (ਦਸਮ ਗ੍ਰੰਥ, ਪੰ 521)

ਦਸਮ ਗ੍ਰੰਥ ਵਿਚ ਕਾਮਦੇਵ ਦੇ ਸੰਬੰਧ ਵਿਚ ਬੜਾ ਕੁਝ ਕਿਹਾ ਗਿਆ ਹੈ। ਗਵਾਲਣਾਂ ਉਤੇ ਜਦੋਂ ਇਸ ਮਹਾਨ ਦੇਵ ਦਾ ਪੂਰਾ ਪੂਰਾ ਪ੍ਰਭਾਵ ਹੋ ਗਿਆ ਤਾਂ ਉਹ ਆਪਣੇ ਪਤੀਆਂ ਨੂੰ ਵੀ ਭੁਲ ਗਈਆਂ ਤੇ ਉਹਨਾਂ ਨੂੰ ਠੁਕਰਾ ਕੇ :-

"ਤਜ ਕੈ ਅਪਨੇ ਭਰਤਾ, ਹਮਰੀ ਮਤਿ ਕਾਨ੍ਹ ਜੂ! ਊਪਰਿ ਤੋਹਿ ਰਮੀ। ਅਤਿ ਹੀ ਤਨ ਕਾਮ ਕਰਾ ਉਪਜੀ, ਤੁਮ ਕੌ ਪਿਖਏ ਨਹਿ ਜਾਤ ਛਮੀ।" (ਕ੍ਰਿਸ਼ਨ ਅਵਤਾਰ, ਛੰਦ 471) (ਦਸਮ ਗ੍ਰੰਥ, ਪੰਨਾ 314)

(ਅਸੀਂ ਆਪਣੇ ਪਤੀਆਂ ਨੂੰ ਤਿਆਗ ਕੇ ਆ ਗਈਆਂ ਹਾਂ, ਕਿਉਂਕਿ ਸਾਡੀ ਮਤਿ 'ਤੇ ਕਾਮਦੇਵ ਨੇ ਪਰਦਾ ਪਾ ਦਿੱਤਾ ਹੈ, ਤੇ ਸਾਡਾ ਮਨ ਕਾਨਹਾ (ਕ੍ਰਿਸ਼ਨ) ਨੇ ਰਮਾ ਲਿਆ ਹੈ। ਸਾਡੇ ਮਨ ਵਿਚ ਅੰਤਾਂ ਦੀ ਕਾਮਵਾਸਨਾ ਉਪਜ ਪਈ ਹੈ। ਕ੍ਰਿਸ਼ਨ ਨੂੰ ਦੇਖ ਕੇ ਇਹ ਇੱਛਾ (ਕਾਮਕ੍ਰਿਯਾ ਕਰਨ ਦੀ) ਛਮਦੀ (ਦਬਦੀ) ਨਹੀਂ।

ਸ਼ਯਾਮ ਕਵੀ ਦੇ ਰਚੇ ਹੋਏ ਦਸਮ ਗ੍ਰੰਥ ਦਾ ਇਹ ਉਪਦੇਸ਼ ਵੀ ਪੱਛਮ ਵਿਚ ਚੰਗੀ ਤਰ੍ਹਾਂ ਪ੍ਰਚਲਤ ਹੋ ਸਕਦਾ ਹੈ।

ਦਸਮ ਗ੍ਰੰਥ ਮੂਰਤੀ-ਪੂਜਾ ਤੇ ਦੇਵੀ-ਪੂਜਾ ਤੇ ਬੜਾ ਜ਼ੋਰ ਦੇਂਦਾ ਹੈ, ਖ਼ਾਸ ਕਰਕੇ ਅੱਠ ਭੁਜਾਂ ਵਾਲੀ ਚੰਡੀ ਦੇਵੀ ਤਾਂ ਰੱਬ ਦਾ ਰੂਪ ਹੈ। ਰੱਬ ਦੀ ਤਾਂ ਇਕ ਵੀ ਭੁਜਾ ਨਜ਼ਰ ਨਹੀਂ ਆਉਂਦੀ, ਪਰ ਦੇਵੀ ਦੀਆਂ ਅੱਠੇ ਭੁਜਾਂ ਸਪੱਸ਼ਟ ਹਨ।

'ਲੈ ਅਪਨੇ ਕਰ ਜੋ ਮਿਟਿਆ, ਤਿਹ ਥਾਪ ਕਹੈ ਮੁਖ ਤੇ ਜੁ ਭਵਾਨੀ। ਪਾਇ ਪਰੈਂ ਤਿਹਕੇ ਹਿਤ ਸੋ, ਕਰਿ ਕੋਟਿ ਪ੍ਰਨਾਮ ਕਹੈ ਇਹ ਬਾਨੀ। ਪੂਜਤ ਹੈਂ ਇਹ ਤੇ ਹਮ ਤੋ, ਤੁਮ ਦੇਹੁ ਵਹੈ ਜਿਯ ਮੈ ਹਮ ਠਾਨੀ। ਹਵੈ ਹਮਰੋ ਭਰਤਾ ਹਰਿਜੀ, ਮੁਖਿ ਸੁੰਦਰ ਹੈ ਜਿਹ ਕੋ ਸਸਿ ਸਾਨੀ।" (ਕ੍ਰਿਸ਼ਨ ਅਵਤਾਰ, ਛੰਦ 243, ਦਸਮ ਗ੍ਰੰਥ, ਪੰਨਾ 284)

(ਆਪਣੇ ਹੱਥਾਂ ਵਿਚ (ਜਮਨਾ ਜੀ ਦੀ ਪਵਿੱਤਰ) ਮਿੱਟੀ ਲੈ ਕੇ ਉਸ ਦੀ ਦੇਵੀ

ਬਣਾਈ ਤੇ ਹਰ ਇਕ ਨੇ ਆਪਣੀ ਵੱਖ ਵੱਖ ਦੇਵੀ ਦੀ ਸਥਾਪਨਾ ਕੀਤੀ ਤੇ ਮੂੰਹੋਂ ਵੀ ਕਿਹਾ ਕਿ ਇਹ ਭਵਾਨੀ ਦੇਵੀ ਹੈ। ਤੇ ਫਿਰ ਬੁੱਤ ਦੇ ਪੈਰਾਂ ਵਿਚ ਪੈ ਗਈਆਂ ਤੇ ਉਸ ਨੂੰ ਕਰੋੜ ਕਰੋੜ ਵਾਰੀ ਪ੍ਰਣਾਮ ਕੀਤਾ ਤੇ ਕਹਿਣ ਲੱਗੀਆਂ ਕਿ ਅਸੀਂ, ਹੇ ਦੇਵੀ! ਤੈਨੂੰ ਇਸ ਲਈ ਪੂਜਦੀਆਂ ਹਾਂ ਕਿ ਤੂੰ ਉਹੀ ਵਰ ਦੇਂਦੀ ਹੈਂ ਜੋ ਕੁਝ ਸਾਡੇ ਮਨ ਵਿਚ ਹੋਵੇ।ਅਸੀਂ ਤੈਨੂੰ ਕਹਿੰਦੀਆਂ ਹਾਂ ਕਿ ਸਾਡਾ ਪਤੀ ਤਾਂ ਕ੍ਰਿਸ਼ਨ ਹੈ ਕਿਉਂਕਿ ਉਹ ਚੰਨ ਵਰਗਾ ਸੁੰਦਰ ਹੈ।)

ਫੇਰ ਦੇਵੀ ਮਾਤਾ ਦੇ ਬੁੱਤ ਨੂੰ, ਜਗਤ ਮਾਤਾ ਨੂੰ, ਕਵੀ ਇੰਜ ਯਾਦ ਕਰਦਾ ਹੈ:

"ਤੁਹੀ ਸੁੰਭ ਨੈਸੁੰਭ ਹੰਤੀ ਭਵਾਨੀ। ਤੁਹੀ ਚਉਦਹੂੰ ਲੋਕ ਕੀ ਜੋਤਿ ਜਾਨੀ।"

(ਛੰਦ 423, ਕ੍ਰਿਸ਼ਨ ਅਵਤਾਰ; ਦਸਮ ਗ੍ਰੰਥ ਪੰਨਾ 309), "ਤੁਮੀ ਬਾਵਨੀ ਹਵੈ ਤਿਨੋਂ ਲੋਕ ਮਾਪੇ।" (ਛੰਦ 431, ਓਹੀ)

(ਐ ਭਵਾਨੀ! ਤੂੰ ਹੀ ਸ਼ੁੰਭ ਤੇ ਨਿਸ਼ੁੰਭ ਦੈਂਤ ਮਾਰਨ ਵਾਲੀ ਹੈਂ। ਤੂੰ ਹੀ ਚੌਦ੍ਹਾਂ ਲੋਕਾਂ (ਦੁਨੀਆਂ) ਦੀ ਜੋਤ ਹੈਂ। ਤੂੰ ਹੀ ਵਾਮਨ (ਅਵਤਾਰ) ਬਣ ਕੇ ਤਿੰਨੇ ਲੋਕ ਮਾਪੇ।)

ਇਨ੍ਹਾਂ ਤਿੰਨ੍ਹਾਂ ਪੰਗਤੀਆਂ ਵਿਚ ਪੁਰਾਣਾਂ ਵਲ ਇਸ਼ਾਰਾ ਹੈ। ਪੁਰਾਣਾਂ ਅਨੁਸਾਰ ਤੇ ਉਸੇ ਤਰ੍ਹਾਂ ਦਸਮ ਗ੍ਰੰਥ ਵਿਚ ਵੀ ਚੰਡੀ ਦੇਵੀ ਨੇ ਸ਼ੁੰਭ ਤੇ ਨਿਸ਼ੁੰਭ ਦੈਂਤਾਂ ਨੂੰ ਮਾਰਿਆ। ਉਹ ਕੌਣ ਸਨ? ਕਦੋਂ ਤੇ ਕਿਥੇ ਮਾਰੇ ਗਏ? ਇਹ ਪਤਾ ਨਹੀਂ। ਇਤਿਹਾਸ ਵਿਚ ਤਾਂ ਹਲਾਕੂ, ਕੁਝ ਤੁਰਕ, ਬਾਬਰ, ਔਰੰਗਜ਼ੇਬ ਤੇ ਹਿਟਲਰ ਵਗੈਰਾ ਦੈਂਤਾਂ ਦਾ ਹੀ ਜ਼ਿਕਰ ਹੈ।

ਚੌਦ੍ਹਾਂ ਲੋਕ ਕਿਹੜੇ ਹਨ? ਪੁਰਾਣ ਕੁਝ ਹਾਸੋ-ਹੀਣੇ ਨਾਂ ਦਸਦੇ ਹਨ। ਜ਼ਮੀਨ ਤੋਂ ਉਤੇ ਭੂਰਲੋਕ, ਭੁਵਰਲੋਕ, ਸਵਰਲੋਕ, ਮਹਰਲੋਕ, ਜਨਲੋਕ, ਤਪੋਲੋਕ, ਬ੍ਰਹਮਲੋਕ। ਅਤੇ ਜ਼ਮੀਨ ਤੋਂ ਥੱਲੇ- ਅਤਲ, ਵਿਤਲ, ਸਤਲ, ਰਸਾਤਲ, ਤਲਾਤਲ, ਮਹਾਤਲ, ਪਾਤਾਲ। ਪੁਰਾਣ ਮਾਤ ਲੋਕ ਨੂੰ ਭੁਲ ਹੀ ਗਏ। ਇਸ ਤਰ੍ਹਾਂ ਤਾਂ 15 ਲੋਕ ਬਣਦੇ ਸਨ ਪਰ ਉਹ 14 ਲੋਕ ਹੀ ਲਿਖ ਗਏ। ਉਨ੍ਹਾਂ ਇਹ ਨਾਂ ਕਿਥੋਂ ਲਏ? ਇਹ ਸਾਰੀਆਂ ਫ਼ਾਲਤੂ ਗੱਲਾਂ ਹਨ। ਗੁਰੂ ਨਾਨਕ ਨੇ ਤਾਂ ਕਿਹਾ ਸੀ:

"ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ।"

ਅਰਥਾਤ ਲੱਖਾਂ ਜਾਂ ਕਰੋੜਾਂ ਹੀ ਥਲਵੀਆਂ ਧਰਤੀਆਂ, ਤੇ ਲੱਖਾਂ-ਕਰੋੜਾਂ ਉਤਲੀਆਂ।

ਦਸਮ ਗ੍ਰੰਥ ਵਿਚ ਥਾਂ ਥਾਂ ਚੌਦਾਂ ਲੋਕਾਂ ਦਾ ਜ਼ਿਕਰ ਆਉਂਦਾ ਹੈ, ਜਿਸ ਦੀ ਕੋਈ ਬੁਨਿਆਦ ਨਹੀਂ। ਕਾਸਮਾਲੋਜੀ ਤੇ ਐਸਟਰਾਨੋਮੀ ਵਿਚ ਕੋਈ ਥਾਂ ਨਹੀਂ ਜਿਥੇ ਇਕ ਵੀ ਅਜਿਹਾ ਲੋਕ ਹੋਵੇ। ਕੋਈ ਵੀ ਲੋਕ ਯੂਰੀ ਗੈਗਰੀਨ ਨੂੰ ਤੇ ਹੋਰ ਐਸਟ੍ਰੋਨਾਟਾਂ ਨੂੰ ਨਜ਼ਰ ਨਹੀਂ ਆਇਆ, ਪਰ ਦਸਮ ਗ੍ਰੰਥ ਵਿਚ ਉਹ ਲੋਕ ਪਾਏ ਜਾਂਦੇ ਹਨ।

ਦਸਮ ਗ੍ਰੰਥ ਵਿਚ ਕਈ ਹੋਰ ਉਪਦੇਸ਼ ਮੌਜੂਦ ਹਨ। ਰਾਮ ਜੀ ਜਦੋਂ ਆਪਣੇ ਪੁੱਤਰਾਂ ਕੋਲੋਂ ਹਾਰ ਕੇ, ਮਰ ਕੇ ਤੇ ਫਿਰ ਜੀ ਕੇ ਅਯੁਧਿਆ ਪੁਜਦੇ ਹਨ ਤਾਂ, ਉਥੇ 'ਦਸ

ਹਜ਼ਾਰ ਦੱਸ ਸਾਲ' ਰਾਜ ਕਰਦੇ ਹਨ (ਰਾਮਾਇਣ ਨੂੰ ਲਿਖਿਆਂ ਤੇ ਰਾਮ ਨੂੰ ਜੰਮਿਆਂ ਅਜੇ ਮਸਾਂ 4000 ਸਾਲ ਹੀ ਹੋਏ ਹਨ)। ਉਹ ਰਾਜ ਲਈ ਕਈ ਵਿਧੀਆਂ ਵਰਤਦੇ ਹਨ; ਜਿਵੇਂ:-

"ਬਹੁ ਬਿਧਿ ਕਰੋ ਰਾਜ ਕੋ ਸਾਜਾ। ਦੇਸ ਦੇਸ ਕੇ ਜੀਤੇ ਰਾਜਾ।

ਸਾਮ, ਦਾਮ ਅਰੁ ਦੰਡ ਸੁਭੇਦਾ। ਜਿਹ ਬਿਧ ਹੁਤੀ ਸ਼ਾਸਨ ਬੇਦਾ।

(ਛੰਦ 837, ਰਾਮ ਅਵਤਾਰ, ਦਸਮ ਗ੍ਰੰਥ, ਪੰਨਾ 252)

ਕਈ ਤਰਕੀਬਾਂ ਨਾਲ ਬੜਾ ਲੰਮਾ ਚਿਰ (10,010 ਸਾਲ) ਤਕ ਰਾਜ ਕੀਤਾ। ਉਨ੍ਹਾਂ ਕਈ ਵਿਧੀਆਂ ਅਪਨਾਈਆਂ, ਕਈ ਰਾਜਿਆਂ ਨੂੰ ਬਿਨਾ ਕਸੂਰ ਹੀ ਲੜ ਕੇ ਜਿਤ ਲਿਆ। ਜਦੋਂ ਵੈਰੀ ਨੂੰ ਸ਼ਕਤੀਸ਼ਾਲੀ ਸਮਝਿਆ, ਉਸ ਦੀ ਸ਼ਰਨ ਲੈ ਲਈ। ਜਿਥੇ ਲੋੜ ਪਈ ਮਾਇਆ ਦੇ ਕੇ ਵੈਰੀਆਂ ਦੇ ਆਦਮੀ ਆਪਣੇ ਅਧੀਨ ਕਰ ਲਏ। ਜਿਥੇ ਮੁਨਾਸਬ ਸਮਝਿਆ ਮਾਰ ਮਾਰ ਕੇ ਮੁਖ਼ਾਲਫ਼ਾਂ ਨੂੰ ਸਿੱਧਾ ਕਰ ਲਿਆ ਤੇ ਕਈ ਥਾਂ ਭੇਦ ਪੈਦਾ ਕਰਕੇ ਵਿਰੋਧੀਆਂ ਵਿਚ ਫੁਟ ਪੁਆ ਕੇ ਉਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ, ਜਿਵੇਂ ਬਾਲੀ ਤੇ ਬਿਭੀਸ਼ਣ ਦੀ ਦਸ਼ਾ ਵਿਚ। (ਇਹ ਸਾਰੀਆਂ ਵਿਧੀਆਂ ਤਾਂ ਸਾਡੇ ਦੇਸ਼ ਵਿਚ ਵਰਤੀਆਂ ਹੀ ਜਾ ਰਹੀਆਂ ਹਨ। ਇਸ ਲਈ ਦਸਮ ਗ੍ਰੰਥ ਤੋਂ ਬੇਮੁਖ ਹੋਣ ਦੀ ਲੋੜ ਨਹੀ!)

ਕਠਨਾਈ ਇਹ ਹੈ ਕਿ ਪ੍ਰਿੰ ਸਾਹਿਬ ਬ੍ਰਿਧ ਹਨ। ਭੰਗ, ਪੋਸਤ ਅਫ਼ੀਮ ਤੇ ਸ਼ਰਾਬ ਨੂੰ ਹੱਥ ਨਹੀਂ ਲਾਂਦੇ, ਸਾਰੀ ਆਯੂ ਗੁਰਸਿੱਖ ਰਹੇ ਤੇ ਅਨੁਚਿਤ ਕੰਮਾ ਵਲ ਧਿਆਨ ਹੀ ਨਾ ਗਿਆ। ਦੇਵੀ ਪੂਜਾ ਦੇ ਸਖ਼ਤ ਖਿਲਾਫ਼ ਰਹੇ, ਚੌਦ੍ਹਾਂ ਲੋਕਾਂ ਦੀਆਂ ਸੀਮਾਵਾਂ ਤੋਂ ਦੂਰ ਰਹੇ। ਉਹਨਾਂ ਹੁਣ ਕਾਹਨੂੰ ਦੇਵੀ ਦੇ ਮੰਦਰ ਜਾ ਕੇ ਦਸਮ ਗ੍ਰੰਥ (ਸ਼ਿਆਮ ਦੀ ਰਚਨਾ) ਕੋਲ ਖਲੋ ਕੇ ਮੁਆਫ਼ੀ ਮੰਗਣੀ ਹੈ? (ਗੌਰਤਲਬ ਹੈ ਕਿ ਫ਼ਰਵਰੀ, 1996 ਦੇ ਸਪੋਕਸਮੈਨ ਅੰਕ ਵਿਚ ਕਿਸੇ 'ਦਸਮ ਗ੍ਰੰਥ ਦੇ ਮੁੱਦਈ' ਦੀ ਚਿੱਠੀ ਛਪੀ ਸੀ ਕਿ ਪ੍ਰਿੰਸੀਪਲ ਸਾਹਿਬ ਨੂੰ ਦਸਮ ਗ੍ਰੰਥ ਦੀ ਨੁਕਤਾਚੀਨੀ ਦੇ ਪ੍ਰਾਸਚਿਤ ਵਜੋਂ 'ਦਸਮ ਗ੍ਰੰਥ' ਤੋਂ ਮਾਫ਼ੀ ਮੰਗ ਲੈਣੀ ਚਾਹੀਦੀ ਹੈ।)

ਜਿਹੜੇ ਸੱਜਣ ਉਪਰੋਕਤ ਗੱਲਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਣ ਦਾ ਪਾਪ ਕਰਨਾ ਚਾਹੁੰਦੇ ਹਨ, ਕਰੀ ਜਾਣ; ਪਰ ਕੋਈ ਸੱਚਾ ਸਿੱਖ ਤਾਂ ਇਹਨਾਂ ਨੂੰ ਗੁਰੂ ਦੀ ਲਿਖਤ ਨਹੀਂ ਮੰਨ ਸਕਦਾ। (ਸ੍ਰ: ਦੀਵਾਨ ਸਿੰਘ, 3069, ਫ਼ੇਜ਼ 7 ਮੁਹਾਲੀ)

ਪ੍ਰਸ਼ੰਸਾ ਪੱਤਰ (ਸਪੋਕਸਮੈਨ, ਅਪ੍ਰੈਲ 1996, ਪੰਨੇ 45-46) :-

1) ਜਿਥੇ ਰੂੜੀਵਾਦੀ ਸਾਰੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਦਸਦੇ ਹਨ, ਉਥੇ ਪੜ੍ਹੇ ਲਿਖੇ ਲੋਕ ਇਸ ਤੇ ਸ਼ੰਕਾ ਪ੍ਰਗਟ ਕਰ ਰਹੇ ਹਨ। ਡਾ ਰਤਨ ਸਿੰਘ ਜੱਗੀ ਨੇ ਆਪਣੀ ਪੁਸਤਕ ਵਿਚ ਬੜੇ ਵਿਸਥਾਰ ਨਾਲ ਕਵਿਤਾ, ਭਾਸ਼ਾ, ਉਦੇਸ਼ ਆਦਿ ਦੇ ਪੱਖਾਂ ਤੋਂ ਘੋਖ ਕੇ ਕੇਵਲ ਜਾਪ ਸਾਹਿਬ, ਅਕਾਲ ਉਸਤਤਿ, ਸਵੱਯੇ ਆਦਿ ਨੂੰ ਹੀ ਗੁਰੂ ਜੀ ਦੀ ਬਾਣੀ ਮੰਨਿਆ ਹੈ।

ਜਿਸ ਕੌਮ ਦਾ ਗੁਰੂ ਹੀ ਗਿਆਨ ਹੋਵੇ ਅਤੇ ਉਹ ਗਿਆਨ ਜਿਸ ਨੂੰ ਸੰਪਾਦਿਤ

ਕਰ ਕੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਉਚੇ ਆਸਣ ਤੇ ਰਖਿਆ ਹੋਵੇ, ਅਤੇ ਗੁਰੂ ਗੋਬਿੰਦ ਸਿੰਘ ਜੀ ਜਿਸ ਨੂੰ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਦੇ ਕੇ ਜਾਣ, ਉਸ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਜ਼ਰਾ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਮਿਲਾ ਕੇ ਤਾਂ ਵੇਖੋ । ਇਕ ਰਾਮ ਦੀ ਗੱਲ ਕਹਿੰਦਾ ਹੈ, ਦੂਜਾ ਕਾਮ ਦੀ । ਇਕ ਵਿੱਚ ਸੰਤੋਖ ਦਾ ਉਪਦੇਸ਼ ਹੈ, ਦੂਜੇ ਵਿੱਚ ਲੋਭ ਦਾ । ਕੀ ਅਜੇ ਵੀ ਅਸੀਂ ਹਠਧਰਮੀ ਤੇ ਕਾਇਮ ਰਹਿਣਾ ਹੈ ਕਿ ਸਾਰਾ ਦਸਮ ਗ੍ਰੰਥ ਗੁਰੂ ਦੀ ਰਚਨਾ ਹੈ ?

ਜਿਹੜੇ ਸੱਜਣ ਧਮਕੀਆਂ ਦੇਣ ਤੇ ਉਤਰ ਆਏ ਹਨ (ਮਾਰਚ ਅੰਕ), ਉਨ੍ਹਾਂ ਨੂੰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਕਿਸੇ ਵੀ ਰਚਨਾ ਵਿਚ ਜੇ ਗੁਰਬਾਣੀ ਦੇ ਉਲਟ ਕੋਈ ਗੱਲ ਲਿਖੀ ਹੋਈ ਹੈ, ਤਾਂ ਉਹ ਗੁਰੂ ਦੀ ਬਾਣੀ ਨਹੀਂ ਹੋ ਸਕਦੀ। ਗੁੱਸੇ ਨਾਲ ਨਹੀਂ, ਠਰੰਮੇ ਨਾਲ ਜਾਣਨ ਦੀ ਕੋਸ਼ਿਸ਼ ਕਰੋਗੇ ਤਾਂ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਦੀ ਰੋਸ਼ਨੀ ਵਿਚ ਠੀਕ ਗਲਤ ਦਾ ਗਿਆਨ ਸਹਿਜੇ ਹੀ ਹੋ ਜਾਏਗਾ।

(ਮਨਦੀਪ ਸਿੰਘ, ਪਟਿਆਲਾ)

(2) ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਲੇਖ ਪੜ੍ਹ ਕੇ ਗੁਰਮਤਿ ਬਾਰੇ ਸਹੀ ਜਾਣਕਾਰੀ ਮਿਲਦੀ ਹੈ, ਅਤੇ ਅੰਨ੍ਹੀ ਸ਼ਰਧਾ ਤੋਂ ਪੱਲਾ ਛੁਟਦਾ ਹੈ। ਪਰ ਕਈ ਵੀਰ ਪ੍ਰਿੰਸੀਪਲ ਸਾਹਿਬ ਦੇ ਲੇਖਾਂ ਦੀ ਆਲੋਚਨਾ ਕਰਦੇ ਹੋਏ ਉਨ੍ਹਾਂ ਲਈ ਮਾੜੇ ਸ਼ਬਦਾਂ ਦਾ ਪ੍ਰਯੋਗ ਵੀ ਕਰਦੇ ਹਨ। ਸੱਚ ਇਹ ਹੈ ਕਿ ਮਤਿ ਪ੍ਰਿੰਸੀਪਲ ਸਾਹਿਬ ਦੀ ਨਹੀਂ, ਉਨ੍ਹਾਂ ਵੀਰਾਂ ਦੀ ਘੱਟ ਹੈ ਜੋ ਉਹਨਾਂ ਦੇ ਲੇਖਾਂ ਨੂੰ ਗੁਰਬਾਣੀ ਦੇ ਚਾਨਣ ਵਿਚ ਘੋਖਣ ਦੀ ਬਜਾਏ ਅੰਨ੍ਹੀ ਸ਼ਰਧਾ ਦੇ ਹਨੇਰੇ ਵਿਚ ਪੜ੍ਹਨ ਦਾ ਯਤਨ ਕਰਦੇ ਹਨ– (ਗੁਰਨਾਮ ਸਿੰਘ ਚੱਕ ਸੋਮੀਆਵਾਲਾ, ਫ਼ਿਰੋਜ਼ਪੁਰ)

(3) ਪ੍ਰਿੰਸੀਪਲ ਹਰਭਜਨ ਸਿੰਘ ਜੀ ਦੁਆਰਾ ਲਿਖੇ ਵਿਚਾਰ ਸਪਸ਼ਟ, ਸਹੀ ਅਤੇ ਪ੍ਰਸ਼ੰਸਾਯੋਗ ਹਨ। ਉਹਨਾਂ ਦੇ ਵਿਚਾਰਾਂ ਨੂੰ ਅਪਨਾਉਣ ਨਾਲ ਪੰਥ ਦਾ ਬਹੁਤ ਭਲਾ ਹੋ ਸਕਦਾ ਹੈ। ਈਮਾਨਦਾਰੀ ਨਾਲ ਸੱਚ ਖੋਜਣ ਦਾ ਯਤਨ ਕੀਤਾ ਜਾਵੇ ਤਾਂ ਸਾਰੇ ਵਾਦ–ਵਿਵਾਦ ਅੰਤ ਠੀਕ ਟਿਕਾਣੇ ਤੇ ਪਹੁੰਚਾ ਦੇਂਦੇ ਹਨ। (ਨਰਿੰਦਰ ਸਿੰਘ, ਖਰਿਆਰ ਰੋਡ, ਉੜੀਸਾ)

4) ਬਚਿੱਤਰ ਨਾਟਕ ਬਾਰੇ ਵਿਵਾਦ ਹਾਸੋਹੀਣਾ ਹੈ। ਪ੍ਰਿੰਸੀਪਲ ਹਰਭਜਨ ਸਿੰਘ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ ਹਨ, ਜੋ ਦਲੀਲ–ਭਰਪੂਰ ਢੰਗ ਰਾਹੀਂ ਠੀਕ ਅਗਵਾਈ ਦੇ ਰਹੇ ਹਨ। ਇਸ ਤੋਂ ਪਹਿਲਾਂ ਡਾ ਰਤਨ ਸਿੰਘ ਜੱਗੀ, ਡਾ ਕਰਤਾਰ ਸਿੰਘ ਬਾੜੀ, ਸ: ਸ਼ਮਸ਼ੇਰ ਸਿੰਘ ਅਸ਼ੋਕ (ਖੋਜ ਵਿਭਾਗ ਸ਼੍ਰੋ ਗੁ ਪ੍ਰ ਕਮੇਟੀ), ਗਿ: ਭਾਗ ਸਿੰਘ ਜੀ ਅਤੇ ਹੋਰ ਵਿਦਵਾਨ ਇਨ੍ਹਾਂ ਹੀ ਲੀਹਾਂ ਤੇ ਵਧੀਆ ਅਗਵਾਈ ਦੇਂਦੇ ਰਹੇ ਹਨ। ਬਚਿੱਤਰ ਨਾਟਕ ਦੀ ਸਾਰੀ ਰਚਨਾ ਦਸਮ ਪਿਤਾ ਦੀ ਨਹੀਂ ਮੰਨੀ ਜਾ ਸਕਦੀ। ਇੰਜ ਲਗਦਾ ਹੈ ਕਿ ਅਸਹਿਮਤੀ ਪ੍ਰਗਟ ਕਰਨ ਵਾਲਿਆਂ ਨੇ ਦਸਮ ਗ੍ਰੰਥ ਦਾ ਧਿਆਨ ਪੂਰਵਕ ਪਾਠ ਨਹੀਂ ਕੀਤਾ। ਹੁਣ ਚੰਗਾ ਹੋਵੇ ਜੇ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨਾਂ ਦੀ ਸਹਾਇਤਾ ਨਾਲ ਅਕਾਲ ਤਖ਼ਤ ਵਲੋਂ ਇਸ ਬਾਰੇ ਅੰਤਮ ਨਿਰਣਾ ਲੈ ਲਿਆ ਜਾਵੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ (ਜਾਪ ਸਾਹਿਬ, ਅਕਾਲ ਉਸਤਤ ਆਦਿ) ਵਖਰੀ

ਛਾਪ ਦਿਤੀ ਜਾਵੇ। ਸੋਨੇ ਦੀਆਂ ਪਾਲਕੀਆਂ ਤੇ ਕਲਸ਼ਾਂ ਨਾਲੋਂ ਗੁਰਮਤਿ ਦੀ ਸੋਝੀ ਦੇਣ ਵਾਲਾ ਸਾਹਿਤ, ਵਿਸ਼ੇਸ਼, ਤੌਰ ਤੇ ਬਚਿਆਂ ਅਤੇ ਨੌਜੁਆਨਾਂ ਲਈ, ਕਈ ਭਾਸ਼ਾਵਾਂ ਵਿਚ ਛਾਪ ਕੇ ਵੰਡਣ ਦਾ ਤੁਰਤ ਉਪਰਾਲਾ ਕਰਨਾ ਚਾਹੀਦਾ ਹੈ। (ਮਨਮੋਹਨ ਸਿੰਘ ਪ੍ਰਿੰਸੀਪਲ (ਰਿਟਾ), ਦਿੱਲੀ)

(5) ਪ੍ਰਿੰਸੀਪਲ ਹਰਭਜਨ ਸਿੰਘ ਦੁਆਰਾ 'ਦਸਮ ਗ੍ਰੰਥ' ਬਾਰੇ ਦਿੱਤੀ ਜਾਣਕਾਰੀ ਸ਼ਲਾਘਾਯੋਗ ਹੈ। ਪ੍ਰਿੰਸੀਪਲ ਸਾਹਿਬ ਦੇ ਇਸ ਉਦਮ ਲਈ ਸਹੀ ਸੋਝੀ ਰਖਣ ਵਾਲੇ ਪੰਥਦਰਦੀ ਉਹਨਾਂ ਦੇ ਸ਼ੁਕਰਗੁਜ਼ਾਰ ਹਨ। 'ਸਪੋਕਸਮੈਨ' ਨੇ ਪ੍ਰਿੰਸੀਸਲ ਸਾਹਿਬ ਦੇ ਲੇਖਾਂ ਨੂੰ ਥਾਂ ਦੇ ਕੇ ਸਾਡਾ ਪਿਆਰ ਜਿੱਤ ਲਿਆ ਹੈ। ਆਸ ਹੈ ਆਉਣ ਵਾਲੇ ਸਮੇਂ ਵਿਚ ਸਾਰੇ ਪੰਥਕ ਮਸਲਿਆਂ ਬਾਰੇ 'ਸਪੋਕਸਮੈਨ' ਇਸ ਤਰ੍ਹਾਂ ਹੀ ਨਿਧੜਕ ਹੋ ਕੇ ਅਗਵਾਈ ਦੇਂਦਾ ਰਹੇਗਾ। (ਨਰਿੰਦਰ ਸਿੰਘ ਬਾਰਾਮੂਲਾ, ਕਸ਼ਮੀਰ)।

(6) ਬਹੁਤੇ ਸਿੱਖਾਂ ਨੂੰ ਇਹ ਪਤਾ ਹੀ ਨਹੀਂ ਕਿ 'ਦਸਮ ਗ੍ਰੰਥ' ਵਿਚ ਹੈ ਕੀ, ਤੇ ਇਸ ਦੇ ਅਰਥ ਕੀ ਹਨ। ਅਜਿਹੇ ਸਿੱਖਾਂ ਵਿਚੋਂ ਇਕ ਮੈਂ ਵੀ ਸੀ। 'ਸਪੋਕਸਮੈਨ' ਅਤੇ ਪ੍ਰਿੰਸੀਪਲ ਹਰਭਜਨ ਸਿੰਘ ਦੇ ਅਸੀਂ ਰਿਣੀ ਹਾਂ ਜਿਨ੍ਹਾਂ ਨੇ ਸਾਨੂੰ ਪੂਰਾ ਗਿਆਨ ਦਿੱਤਾ ਹੈ। ਇਕ ਵਾਰ ਇਕ ਹਿੰਦੂ ਸੱਜਣ ਬੜੇ ਵਿਅੰਗਮਈ ਢੰਗ ਨਾਲ ਦਸਮ ਗ੍ਰੰਥ ਬਾਰੇ ਬੋਲ ਰਿਹਾ ਸੀ, ਤੇ ਉਹ ਗੁਰੂ ਗੋਬਿੰਦ ਸਿੰਘ ਜੀ ਉਪਰ ਵਿਅੰਗ ਕਸ ਰਿਹਾ ਸੀ। ਉਹ 'ਦਸਮ ਗ੍ਰੰਥ' ਦੀ ਕਵਿਤਾ ਪੜ੍ਹ ਕੇ ਉਸ ਦੀ ਵਿਆਖਿਆ ਕਰ ਰਿਹਾ ਸੀ ਜੋ ਕਿ ਕਾਮੁਕ ਤੇ ਅਸ਼ਲੀਲ ਸੀ। ਇਹ ਸਭ ਸੁਣਨਾ ਮੇਰੀ ਬਰਦਾਸ਼ਤ ਤੋਂ ਬਾਹਰ ਸੀ ਪਰ ਅਗਿਆਨਤਾ ਕਾਰਨ ਮੈਂ ਕੁਝ ਨਾ ਬੋਲ ਸਕਿਆ। ਮੈਨੂੰ ਲਗਦਾ ਸੀ ਜਿਵੇਂ ਮੇਰੀ ਛਾਤੀ ਵਿਚ ਕਿਸੇ ਨੇ ਛੁਰਾ ਖੋਭ ਦਿੱਤਾ ਹੋਵੇ। ਪ੍ਰਿੰਸੀਪਲ ਹਰਭਜਨ ਸਿੰਘ ਨੇ ਸਾਨੂੰ ਜਾਣਕਾਰੀ ਦੇ ਕੇ ਹਰ ਪੰਥ-ਵਿਰੋਧੀ ਹਮਲੇ ਦਾ ਟਾਕਰਾ ਕਰਨ ਦੀ ਯੋਗਤਾ ਬਖ਼ਸ਼ੀ ਹੈ ਜਿਸ ਲਈ ਅਸੀਂ ਉਹਨਾਂ ਦੇ ਧੰਨਵਾਦੀ ਹਾਂ। (ਰਾਮ ਸਿੰਘ, ਰੋਪੜ)

(ਸਪੋਕਸਮੈਨ ਤੋਂ ਧੰਨਵਾਦ ਸਹਿਤ)

**ਪ੍ਰੰਸ਼ਸਾ ਪੱਤਰ** (ਮਿਤੀ 2-4-1996)

ਪਰਮ ਸਤਿਕਾਰਯੋਗ ਪ੍ਰਿੰ: ਹਰਿਭਜਨ ਸਿੰਘ ਜੀ

ਵਾਹਿਗੁਰੂ ਜੀ ਕਾ ਖਾਲਸਾ!

ਵਾਹਿਗੁਰੂ ਜੀ ਕੀ ਫਤਹਿ!

ਸ੍ਰੀ ਮਾਨ ਜੀ,

ਬੇਨਤੀ ਹੈ ਜੀ ਕਿ ਆਪ ਜੀ ਨੂੰ ਧਰਮ ਪ੍ਰਚਾਰ ਕਮੇਟੀ ਦਾ ਮੈਂਬਰ ਬਣਾਏ ਜਾਣ ਦੀ ਬਹੁਤ -2 ਵਧਾਈ ਹੋਵੇ ਜੀ। ਆਪ ਜੈਸੀ ਮਹਾਨ ਵਿਦਵਾਨ ਸ਼ਖਸੀਅਤ ਦਾ 'ਧਰਮ ਪ੍ਰਚਾਰ ਕਮੇਟੀ' ਦਾ ਮੈਂਬਰ ਬਣਾਇਆ ਜਾਣਾ ਸਿੱਖ ਕੌਮ ਲਈ ਬਹੁਤ ਮਾਣ ਵਾਲੀ ਗੱਲ ਹੈ ਜੀ। ਆਪ ਜੀ ਦਾ ਲੇਖ "ਮਹਾਂਕਾਲ" ਬਾਰੇ ਸਪੋਕਸਮੈਨ ਪੰਜਾਬੀ ਵਿਚ

ਪੜ੍ਹ ਕੇ ਬਹੁਤ ਖੁਸ਼ੀ ਹੋਈ ਕਿ ਆਪ ਜੀ ਨੇ ਬੜੀ ਮਿਹਨਤ ਤੇ ਖੋਜ ਨਾਲ ਸਿੱਖ ਕੌਮ ਅਤੇ ਡੇਰੇਦਾਰ ਵਿਦਵਾਨਾਂ ਦੇ ਭੁਲੇਖੇ ਦੂਰ ਕਰਨ ਦਾ ਸੁਚੱਜਾ ਯਤਨ ਕੀਤਾ ਹੈ ਜੀ। ਗੁ: ਪ੍ਰ: ਦੇ ਸਤੰਬਰ 95 ਦੇ ਪਰਚੇ ਵਿਚ "ਅਵਤਾਰਵਾਦ ਤੇ ਗੁਰਮਤਿ" ਬਹੁਤ ਪ੍ਰਭਾਵਸ਼ਾਲੀ ਤੇ ਭਰਮਤੋੜੂ ਲੇਖ ਸੀ। ਬਹੁਤ-2 ਧੰਨਵਾਦੀ ਹਾਂ ਜੀ।

ਇਕ ਹੋਰ ਬੇਨਤੀ ਹੈ ਜੀ ਕਿ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਤੋਂ ਰੇਡੀਓ ਤੇ ਪ੍ਰਸਾਰਨ ਸਮੇਂ ਇਕ ਰਾਗੀ ਬਾਰ-ਬਾਰ ਇਹ ਇਲਫ਼ਾਜ਼ ਦੂਹਰਾ ਰਿਹਾ ਸੀ ਕਿ "ਛਤਰੀ ਕਾ ਪੂਤ ਹੂੰ ਬਾਹਮਣ ਕਾ ਨਾਹਿੰ" ਐਸੀ ਹਲਕੀ ਸ਼ਬਦਾਵਲੀ ਦਸ਼ਮੇਸ਼ ਪਿਤਾ ਜੀ ਦੀ ਨਹੀਂ ਹੋ ਸਕਦੀ, ਜੋ ਫੁਰਮਾਣ ਕਰਦੇ ਹਨ ਕਿ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।" ਉਪਰੋਕਤ ਕਿਸਮ ਦੀ ਸ਼ਬਦਾਵਲੀ ਦਾ ਕੀਰਤਨ ਪ੍ਰਚਾਰ ਵਰਨ-ਆਸ਼ਰਮ ਅਤੇ ਜਾਤ ਪਾਤ ਨੂੰ ਹੀ ਮਾਨਤਾ ਤੇ ਬੜ੍ਹਾਵਾ ਦੇਂਦਾ ਹੈ ਜੀ। ਇਸ ਬਾਰੇ ਵੀ ਆਪ ਜੀ ਵਲੋਂ ਰਾਗੀਆਂ ਨੂੰ ਪ੍ਰੇਰਨਾ ਕਰਨ ਦੀ ਲੋੜ ਹੈ ਜੀ। ਸਿੱਖ ਸਟੇਜ ਤੋਂ ਐਸੇ ਇਲਫ਼ਾਜ਼ ਨਾ ਪ੍ਰਚਾਰਨ ਜੋ ਸਿੱਖੀ ਆਸ਼ੇ ਦੇ ਵਿਰੁਧ ਹਨ ਜੀ। ਭਰਮ-ਤੋੜੂ ਖੋਜ-ਭਰਪੂਰ ਲੇਖ ਲਿਖਣ ਬਾਰੇ ਫਿਰ ਆਪ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ ਜੀ।

ਬਲਵੰਤ ਸਿੰਘ 'ਬਲਵੰਤ', ਪ੍ਰਚਾਰਕ

ਫੇਰ ਗੁਰਦਾਰਾ ਤਪ ਅਸਥਾਨ

ਪਿੰਡ ਤੇ ਡਾਕਖਾਨਾ ਦੇਹਲਾਂ, ਜ਼ਿਲਾ- ਊਨਾ (ਹਿ ਪ੍ਰਦੇਸ਼)

## ਅੰਤਿਕਾ - 4

# ਕੁਝ ਚਰਿਤ੍ਰੋਪਖਯਾਨ ਬਾਰੇ

ਭਾਈ ਕਾਹਨ ਸਿੰਘ (ਨਾਭਾ) ਨੇ ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਜਦ ਦਸਮ ਗ੍ਰੰਥ ਦਾ ਸੈਂਚਾ ਪਰਖ-ਪੜਚੋਲ ਲਈ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਦਵਾਨਾਂ ਦੀ ਸਭਾ ਵਿਚ ਪੁੱਜਾ ਤਾਂ ਚਾਰ-ਪੰਜ ਰਾਵਾਂ ਸਨ। ਸਭ ਤੋਂ ਪ੍ਰਬਲ ਰਾਏ ਇਹ ਸੀ ਕਿ ਘੱਟ ਤੋਂ ਘੱਟ 'ਚਰਿਤ੍ਰੋਪਖਯਾਨ' ਤੇ ਫ਼ਾਰਸੀ ਦੀਆਂ ਗਿਆਰਾ ਹਕਾਯਤਾਂ ਦੇ ਪ੍ਰਸੰਗ ਦਸਮ ਗ੍ਰੰਥ 'ਚੋਂ ਕੱਢ ਦਿਤੇ ਜਾਣ। ਕੁਝ ਸਾਲ ਹੋਏ ਭਾਈ ਸੰਤੋਖ ਸਿੰਘ, ਕੋਠੀ ਨੰ: 23, ਸੈਕਟਰ -8, ਚੰਡੀਗੜ੍ਹ ਨੇ 1973, ਵਿਚ ਇਕ ਟ੍ਰੈਕਟ ਲਿਖਿਆ ਤੇ ਪੰਥ ਨੂੰ ਅਪੀਲ ਕੀਤੀ ਕਿ 200 ਸਾਲ ਤੋਂ ਦਸਮ ਗ੍ਰੰਥ ਦੇ ਨਿਰਣੈ ਦਾ ਅਹਿਮ ਕੰਮ ਵਿਚੇ ਲਟਕ ਰਿਹਾ ਤੇ ਪੰਥ ਨੂੰ ਹਾਨੀ ਪਹੁੰਚਾ ਰਿਹਾ ਹੈ। ਇਸ ਦਾ ਦੋ ਟੂਕ ਨਿਰਣੈ ਕਰਾਇਆ ਜਾਵੇ ਕਿ ਦਸਮ ਗੁਰੂ ਜੀ ਦੀ ਮੁਖਵਾਕ ਬਾਣੀ ਕਿਹੜੀ ਹੈ ਅਤੇ ਮਨਮਤੀ ਕਵੀਆਂ ਦੀ ਕਿਹੜੀ? ਇਸ ਸੰਬੰਧ ਵਿਚ ਪੁੱਛ ਵਜੋਂ ਇਕ ਪੱਤਰ ਸ਼੍ਰੋਮਣੀ ਗੁ ਪ੍ਰ ਕਮੇਟੀ ਨੂੰ ਪਾਇਆ ਕਿ "ਚਰਿਤ੍ਰੋਪਖਯਾਨ" ਕਿਸ ਦੀ ਕਿਰਤ ਹੈ? ਇਸ ਦਾ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ,ਅੰਮ੍ਰਿਤਸਰ ਅਤੇ ਜੱਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਰਾਏ ਨਾਲ, ਸ੍ਰ: ਗੁਰਬਖ਼ਸ਼ ਸਿੰਘ ਜੀ, ਮੀਤ ਸਕੱਤਰ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ 3 ਅਗਸਤ, 1973 ਨੂੰ ਉੱਤਰ ਦਿੱਤਾ ਗਿਆ ਕਿ, "ਚਰਿਤ੍ਰੋਪਖਯਾਨ" ਜੋ ਦਸਮ ਗ੍ਰੰਥ ਵਿਚ ਅੰਕਿਤ ਹੈ, ਇਹ ਦਸ਼ਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆ ਦਾ ਉਤਾਰਾ ਹੈ।"

ਫੇਰ, ਇਸ ਦਰਦ ਤੇ ਸੋਜ਼ ਭਰਿਆ ਦਿੱਲ ਰੱਖਣ ਵਾਲੇ ਗੁਰਸਿੱਖ ਨੇ ਇਕ ਟ੍ਰੈਕਟ ਲਿਖਿਆ, ਜਿਸ ਵਿਚ 75 ਦੇ ਕਰੀਬ ਚਰਿਤ੍ਰਾਂ 'ਚੋਂ ਸੰਖੇਪ ਨਮੂਨੇ ਛਾਪੇ: ਜਿਨ੍ਹਾਂ ਤੋਂ ਲਿਖਾਰੀ ਦੀਆਂ ਕਾਮੁਕ ਰੁਚੀਆਂ ਤੇ ਨਸ਼ਿਆਂ ਦੇ ਸ਼ੌਕ ਦੀ ਸਾਫ਼ ਝਲਕ ਪੈਂਦੀ ਹੈ। ਇਸ ਤੋਂ ਸੁਹਿਰਦ ਪਾਠਕ ਨੂੰ ਸੂਰਜਵੱਤ ਰੌਸ਼ਨ ਹੋ ਜਾਵੇਗਾ ਕਿ 1428 ਵਿਚੋਂ 615 ਪੰਨੇ ਵਾਲੀ ਤ੍ਰਿਆ ਚਰਿੱਤਰਾਂ ਦੀ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ (ਦਸਵੇਂ ਗੁਰੂ ਨਾਨਕ) ਜੀ ਦੀ ਨਹੀਂ ਹੋ ਸਕਦੀ। ਅਵੱਸ਼ ਹੀ ਕਿਸੇ ਵਾਮਮਾਰਗੀ ਸ਼ਾਕਤ ਕਵੀ ਦੀ ਹੈ ਅਤੇ ਅੰਦਰਲੀ ਗਵਾਹੀ ਤੋਂ ਵੀ ਸਾਬਤ ਹੁੰਦਾ ਹੈ ਕਿ ਇਹ 'ਸ਼ਯਾਮ' ਕਵੀ ਦੀ ਰਚਨਾ ਹੈ।

ਚਰਿਤ੍ਰ 119 ਤੇ 402 ਵਿਚ ਬੇਸ਼ਰਮੀ ਤੇ ਨੰਗੇ ਬਿਆਨ ਦੀ ਹਦ ਹੋ ਜਾਂਦੀ ਹੈ। 119 ਵੇਂ 'ਚੋਂ, ਇਕ ਛਪੀ ਪੁਸਤਕ ਤੋਂ ਇਕ ਟੂਕ ਲਈ ਗਈ ਹੈ:-

"ਇਕ ਰੁਦ੍ਰਕਲਾ ਅਥਵਾ ਤੰਤ੍ਰਕਲਾ ਰਾਜ ਕੰਨਿਆ, ਇਕ ਰਾਜਕੁਮਾਰ ਨੂੰ ਘਰ ਬੁਲਾਉਂਦੀ ਹੈ। ਭੋਗ ਸਮੇਂ ਉਸ ਦੀ ਮਾਤਾ ਜੰਤ੍ਰਕਲਾ ਆ ਜਾਂਦੀ ਹੈ। ਤੰਤ੍ਰਕਲਾ ਛੇਤੀ-ਛੇਤੀ ਆਪਣੇ ਮਿੱਤਰ ਦੀ ਦਾੜ੍ਹੀ ਕੇਸਾਂ ਤਕ, ਰੋਮਨਾਸ਼ਕ ਪਾਊਡਰ ਨਾਲ ਦੂਰ ਕਰਕੇ, ਕੁੜੀਆਂ ਵਾਲੇ ਬਸਤਰ ਪਵਾਉਂਦੀ ਹੋਈ, ਮਾਂ ਨੂੰ ਆਪਣੀ ਧਰਮ ਦੀ ਭੈਣ ਕਰਕੇ ਦਸਦੀ ਹੈ। ਇਕ ਪਾਲਕੀ ਲੈ ਕੇ ਬਾਜ਼ਾਰ ਜਾਂਦੀ ਹੈ ਤੇ ਮਿੱਤਰ ਨਾਲ ਪਾਲਕੀ ਵਿਚ ਹੀ ਪਰਦੇ ਹੇਠਾਂ ਕਰਕੇ, ਭੋਗ ਕਰਦੀ ਤੇ ਹੁਲਾਰੇ ਲੈਂਦੀ ਹੈ।"

ਹੁਣ ਦੱਸੋ ਜਿਹੜਾ ਗੁਰਦੇਵ ਰੋਮਾਂ ਦੀ ਬੇਅਦਬੀ ਕਰਨ ਵਾਲੇ ਨੂੰ ਪਤਿਤ ਦਸਦਾ

ਹੈ: ਉਹ ਰੋਮਨਾਸ਼ਕ ਪਾਊਡਰ ਰਾਹੀਂ ਰੋਮਹੀਣ ਕਰਨ ਵਾਲੇ ਚਰਿਤ੍ਰ ਲਿਖਣ ਦਾ ਕਿਵੇਂ ਹਾਮੀ ਹੋ ਸਕਦਾ ਹੈ।

ਚਰਿਤ੍ਰ ਨੰ: 402 ਦੀ ਬੇਹਯਾਈ, ਕਾਮੁਕਤਾ, ਅਸ਼ਲੀਲਤਾ ਆਦਿ ਇਤਨੀਆਂ ਨੰਗੀਆਂ ਹਨ ਕਿ ਅਜੇਹਾ ਸੋਚਣ ਵਾਲਾ, ਲਿਖਣ ਵਾਲਾ, ਪੜ੍ਹਨ ਵਾਲਾ ਇਨਸਾਨ ਸ਼ਰਮ ਨਾਲ ਪਾਣੀ-ਪਾਣੀ ਹੋ ਜਾਏਗਾ, ਪਰ ਕਈ ਵਿਦਵਾਨ ਸਿੱਖ, ਯੂਨੀਵਰਸਿਟੀਆਂ ਦੇ ਧਾਰਮਕ-ਅਧਿਐਨ  ਮੁਖੀ (ਹੈਡ) ਇਸ ਨੂੰ ਦਸਮੇਸ਼ ਬਾਣੀ ਸਿਧ ਕਰਨ ਦਾ ਮਹਾਨ ਅਨਰਥ ਕਰਦੇ ਹਨ। ਹੁਣ ਦਿਲ ਤੇ ਪੱਥਰ ਰਖ ਕੇ ਵਾਚੋ ਕੁਝ ਟੂਕਾਂ :-

"ਚਿੰਜੀ ਸ਼ਹਿਰ ਦੇ ਰਾਜੇ ਚਿੰਗਸ ਸੈਨ ਨੂੰ ਇਕ ਜਵਾਨ ਕੁੜੀ 'ਸਦਾਕੁੰਵਰੀ' ਘਰ ਬੁਲਾ ਕੇ ਕਾਮ ਵਾਸ਼ਨਾ ਅਧੀਨ ਹੱਥ ਜੋੜਦੀ ਤੇ ਪੈਰੀਂ ਡਿਗਦੀ ਹੋਈ ਤਰਲੇ ਲੈਂਦੀ ਹੈ, ਪਰ ਰਾਜਾ ਨਹੀਂ ਮੰਨਦਾ, ਤਾਂ ਸਹੇਲੀਆਂ ਰਾਹੀਂ ਉਸ ਦੀਆਂ ਬਾਹਵਾਂ ਜਕੜ ਕੇ ਪੱਗ ਲਹਾ ਕੇ ਉਸ ਦੇ ਸਿਰ ਵਿਚ 700 ਜੁੱਤੀਆਂ ਮਾਰਨ ਉਪਰੰਤ ਦਮ ਦਿਵਾ ਕੇ 900 ਜੁੱਤੀਆਂ ਹੋਰ ਮਾਰੀਆਂ।... 1600 ਜੁੱਤੀਆਂ ਝੱਲਣ ਪਿਛੋਂ ਰਾਜਾ ਭੋਗ ਲਈ ਤਿਆਰ ਹੋ ਗਿਆ।

"ਪੋਸਤ ਭੰਗ ਅਫ਼ੀਮ ਖਿਲਾਏ। ਆਸਨ ਤਾਂ ਤਰ ਦਿਓ ਬਣਾਏ।
ਚੁੰਬਨ ਰਾਏ ਅਲਿੰਗਨ ਲਏ। ਲਿੰਗ ਦੇਤ ਤਿਹ ਭਗ ਮੋ ਭਏ।(24)
ਭਗ ਮੋ ਲਿੰਗ ਦਿਯੋ ਰਾਜਾ ਜਬ। ਰੁਚਿ ਉਪਜੀ ਤਰਨੀ ਕੇ ਜਿਯ ਤਬ।
ਲਪਟਿ ਲਪਟਿ ਆਸਨ ਤਰ ਗਈ। ਚੁੰਬਨ ਕਰਤ ਭੂਪਨ ਕੇ ਭਈ। (25)
ਗਹਿ ਗਹਿ ਤਿਹ ਕੋ ਗਰੇ ਲਗਾਵਾ। ਆਸਨ ਸੌ ਆਸਨਹਿ ਛੁਹਾਵਾ।
ਅਧਰਨ ਸੌ ਦੋਊ ਅਧਰ ਲਗਾਈ। ਦੁਹੂ ਕੁਚਨ ਸੌ ਕੁਚਨ ਮਿਲਾਈ।(26)
ਇਹ ਬਿਧਿ ਭੋਗ ਕਿਯਾ ਰਾਜਾ ਤਨ। ਜਿਹ ਬਿਧਿ ਰੁਚਾ ਚੰਚਲਾ ਕੇ ਮਨ।
ਬਹੁਰੌ ਰਾਵ ਬਿਦਾ ਕਰਿ ਦਿਯੋ।। ਅਨਤ ਦੇਸ ਕੋ ਮਾਰਗ ਲਿਯੋ। (27)
(ਰਾਜਾ ਭੋਗ ਕਰਾਉਣ ਉਪ੍ਰੰਤ ਸ਼ਰਮ ਦੇ ਮਾਰੇ ਦੇਸ਼ ਹੀ ਛੱਡ ਗਿਆ।)

ਨੋਟ :- 1 ਚਾਰ-ਪੰਜ ਸਾਲ ਹੋਏ ਮੈਂ ਸ੍ਰੀ ਹਜ਼ੂਰ ਸਾਹਿਬ ਦਰਸ਼ਨ ਕਰਨ ਤੇ ਲੈਕਚਰ ਦੇਣ ਗਿਆ। ਸ਼੍ਰੋਮਣੀ ਕਮੇਟੀ ਦਾ ਮੇਰਾ ਇਕ ਸਾਥੀ ਭਾਈ ਅਮਰੀਕ ਸਿੰਘ ਕੁਮਾਰ ਬੋਰਡ ਦਾ ਸਕੱਤਰ ਸੀ। ਹਜ਼ੂਰ ਸਾਹਿਬ ਜੀ ਦੇ ਪਾਠ ਤੇ ਭੋਗ ਦੀ ਮਰਯਾਦਾ ਉਪਰੰਤ ਅਸੀਂ (ਸਕੱਤਰ ਸਾਹਿਬ, ਮੀਤ ਗ੍ਰੰਥੀ ਸਾਹਿਬ, ਭਾਈ ਕਰਮ ਸਿੰਘ ਆਦਿ) ਪੰਜ ਕੁ ਸਿੰਘ ਬਾਹਰ ਖੜੇ ਸਾਂ। ਗੁਰਦੁਆਰੇ ਅਖੰਡ ਪਾਠ ਦੀ ਆਵਾਜ਼ ਆ ਰਹੀ ਸੀ। ਮੈਂ ਸਹਿਵਨ ਪੁਛਿਆ ਕਿ ਇਹ ਅਖੰਡ ਪਾਠ 'ਦਸਮ ਗ੍ਰੰਥ' ਦਾ ਹੋ ਰਿਹਾ ਹੈ (ਜਿਸ ਦੀ ਕੀਮਤ 1150 ਰੁਪੈ ਦੇ ਕਰੀਬ ਹੈ)? ਉੱਤਰ ਮਿਲਿਆ -ਜੀ ਹਾਂ।

ਪੁੱਛ :- ਚਰਿਤ੍ਰੋਪਖਯਾਨ ਦਾ ਪਾਠ ਵੀ ਏਵੇਂ ਉਚੀ ਬੋਲ ਕੇ ਕੀਤਾ ਜਾਂਦਾ ਹੈ?

ਉੱਤਰ :- ਨਹੀਂ ਪਾਠ ਸਹਿਜੇ ਕੀਤਾ ਜਾਂਦਾ ਹੈ, ਤਾਂ ਜੋ ਸੰਗਤਾ ਨਾ ਸੁਣ ਸਕਣ।

ਪੁੱਛ :– ਜੇ ਕਿਤ ਭੋਗ ਉਪ੍ਰੰਤ ਵਾਕ ਕਿਸੇ ਚਰਿਤ੍ਰ 'ਚੋਂ ਨਿਕਲ ਆਵੇ ਤਾਂ?

ਉੱਤਰ :– ਅਸੀਂ ਨਿਸ਼ਾਨੀਆਂ ਰਖੀਆਂ ਹੋਈਆਂ ਹਨ। ਓਥੋਂ ਹੀ ਵਾਕ ਲੈਂਦੇ ਹਾਂ।

ਨੋਟ :–2 ਜਦ ਕੋਈ ਵੀਰ ਦਸਮ ਗ੍ਰੰਥ ਉਤੇ ਬਹਿਸ ਕਰਨ ਦਾ ਹਟ ਕਰੇ ਤਾਂ ਮੈਂ ਉਸ ਨੂੰ ਇਕ ਹੀ ਬੇਨਤੀ ਕਰਿਆ ਕਰਦਾ ਹਾਂ ਕਿ ਉਹ ਮਾਈਆਂ, ਬੀਬੀਆਂ ਮਰਦਾ ਦੀ ਸਾਂਝੀ ਸੰਗਤ ਵਿਚ ਪੰਜ–ਦਸ ਚਰਿਤ੍ਰਾਂ ਦਾ ਸੰਗਤ ਨੂੰ ਸਮਝਾ ਕੇ ਪਾਠ ਕਰ ਦੇਣ, ਤਾਂ ਮੈਂ ਉਹਨਾਂ ਦੇ ਵੀਚਾਰਾਂ ਦਾ ਹਾਮੀ ਹੋ ਜਾਵਾਂਗਾ। ਉਹ ਇਸ ਸ਼ਰਤ ਤੋਂ ਨੱਠ ਜਾਂਦਾ ਤੇ ਹਾਰ ਮੰਨ ਲੈਂਦਾ ਜਾਂ ਚੁਪ ਕਰਕੇ ਉਠ ਕੇ ਚਲਾ ਜਾਂਦਾ ਹੈ।

ਜਿਸ ਰਚਨਾ ਦਾ ਪਾਠ ਤੁਸੀਂ ਸਾਂਝੀ ਸੰਗਤ ਵਿਚ ਨਹੀਂ ਕਰ ਸਕਦੇ, ਉਸ ਨੂੰ ਨਾਨਕ–ਰੂਪ, ਗੋਬਿੰਦ–ਰੂਪ, ਕਲਗੀਆਂ ਵਾਲੇ, ਪਾਤਸ਼ਾਹਾਂ ਦੇ ਪਾਤਸ਼ਾਹ ਦੇ ਨਾਂ ਨਾਲ ਕਿਉਂ ਜੋੜਦੇ ਹੋ ਅਤੇ ਸਾਰਾ ਦਸਮ ਗ੍ਰੰਥ ਉਹਨਾਂ ਦੀ ਰਚਨਾ ਦਸ ਕੇ ਉਹਨਾਂ ਦੇ ਮੂੰਹ ਪਾਉਣ ਦਾ ਅਨਰਥ, ਪਾਪ ਕਿਉ ਕਰਦੇ ਹੋ? ਵਾਹ! ਕੈਸਾ ਸਿਲਾ ਤੇ ਕ੍ਰਿਤਗਿਅਤਾ ਹੈ ਉਹਨਾਂ ਦੇ ਅਦੁੱਤੀ ਉਪਕਾਰਾਂ ਦੀ? ਵਾਹਿਗੁਰੂ ਸੁਮਤ ਬਖ਼ਸ਼ੇ!

ਸ੍ਰੀ ਦਸ਼ਮੇਸ਼ ਦੇ ਚਰਨਾਂ ਦੀ ਧੂੜ

ਹਰਿਭਜਨ ਸਿੰਘ